**Listing and Selling Homes From San Jose to Sacramento**



JASSI GILL *Broker/Owner*
Ph:510-304-9292
**Refinance Now** @ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified *Insurance Agent*
Global Green INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

**Mann Insurance Brokers Inc.**
4123 Dyer St., #230, Union City, CA 94587

**Buy/Sell Real Estate in Bay Area**
Call: Jaideep Singh
Ph: 510-565-5250
Email: jaideeprealtor@gmail.com
I can help you every step of the way. No Pressure, No Obligation.



DRE#02021283
Fluent in Punjabi and Hindi.



Twentieth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 24, June 15, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਜਾਬ ਕਾਂਗਰਸ ਵਿਚ ਫਿਰ ਖਾਨਾਜੰਗੀ

## ਨਵਜੋਤ ਸਿੰਘ ਸਿੱਧੂ ਨਾਲ ਰੇੜਕਾ ਵਧਿਆ




**ਚੰਡੀਗੜ੍ਹ:** ਲੋਕ ਸਭਾ ਚੋਣਾਂ ਪਿਛੋਂ ਪੰਜਾਬ ਕਾਂਗਰਸ ਵਿਚ ਵੱਡੀ ਹਿਲਜੁਲ ਸ਼ੁਰੂ ਹੋ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਮੰਤਰੀਆਂ ਦੇ ਵਿਭਾਗ ਬਦਲਣ ਦਾ ਮਸਲਾ ਕਾਫੀ ਭਖ ਗਿਆ ਹੈ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਸੁਲਗ ਰਹੀ ਅੱਗ ਹੁਣ ਭਾਂਬੜ ਬਣ ਗਈ ਹੈ। ਕੈਪਟਨ ਵਲੋਂ ਮੰਤਰੀਆਂ ਦੇ ਵਿਭਾਗਾਂ ਵਿਚ ਕੀਤੇ ਫੇਰਬਦਲ ਲਈ ਅਪਣਾਏ ਮਾਪਦੰਡਾਂ ਬਾਰੇ ਵੀ ਸਵਾਲ ਉਠਾਏ ਜਾ ਰਹੇ ਹਨ। ਉਧਰ, ਕੈਪਟਨ ਦੀ ਇਸ ਕਾਰਵਾਈ ਖਿਲਾਫ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੋਰਚਾ ਖੋਲ੍ਹ ਦਿੱਤਾ ਹੈ ਅਤੇ ਦਿੱਲੀ ਕਾਂਗਰਸ ਹਾਈਕਮਾਨ ਤੱਕ ਪਹੁੰਚ ਕੀਤੀ ਹੈ। ਯਾਦ ਰਹੇ ਕਿ ਕੈਪਟਨ ਨੇ ਚੋਣਾਂ ਤੋਂ ਪਹਿਲਾਂ ਕਿਹਾ ਸੀ ਕਿ ਜਿਨ੍ਹਾਂ ਮੰਤਰੀਆਂ/ਵਿਧਾਇਕਾਂ ਨੇ ਆਪਣੇ ਇਲਾਕੇ ਵਿਚ ਮਾੜੀ ਕਾਰਗੁਜ਼ਾਰੀ ਦਿਖਾਈ, ਉਹ ਸਜ਼ਾ ਦੇ ਹੱਕਦਾਰ ਹੋਣਗੇ।

ਹੁਣ ਨਵਜੋਤ ਸਿੱਧੂ ਦਾ ਵਿਭਾਗ ਸ਼ਹਿਰੀ ਹਲਕਿਆਂ ਵਿਚ ਮਾੜੀ ਕਾਰਗੁਜ਼ਾਰੀ ਦੇ ਆਧਾਰ 'ਤੇ ਬਦਲ ਦਿੱਤਾ ਗਿਆ ਤੇ ਉਨ੍ਹਾਂ ਨੂੰ ਘੱਟ ਅਹਿਮੀਅਤ ਵਾਲਾ ਬਿਜਲੀ ਵਿਭਾਗ ਦੇ ਦਿੱਤਾ ਹੈ। ਇਸ ਦੇ ਨਾਲ ਓਮ ਪ੍ਰਕਾਸ਼ ਸੋਨੀ ਅਤੇ ਅਰੁਣਾ ਚੌਧਰੀ ਕੋਲੋਂ ਅਹਿਮ ਵਿਭਾਗ ਸਿੱਖਿਆ ਅਤੇ ਟਰਾਂਸਪੋਰਟ ਵਾਪਸ ਲਏ ਹਨ। ਉਂਜ, ਪੰਜ ਮੰਤਰੀਆਂ ਜਿਨ੍ਹਾਂ ਦੇ ਹਲਕਿਆਂ ਤੋਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਪਛੜ ਗਈ ਸੀ, ਉਨ੍ਹਾਂ ਵਿਚੋਂ ਦੋ ਨੂੰ ਹੁਣ ਵੱਡੇ ਵਿਭਾਗ ਦੇ ਕੇ ਉਨ੍ਹਾਂ ਦੇ ਮਾਣ ਸਨਮਾਨ ਵਿਚ ਵਾਧਾ ਕੀਤਾ ਗਿਆ ਹੈ। ਇਨ੍ਹਾਂ ਵਿਚ ਵਿਜੈਇੰਦਰ ਸਿੰਗਲਾ ਅਤੇ ਰਾਣਾ ਗੁਰਮੀਤ ਸਿੰਘ ਸੋਢੀ ਸ਼ਾਮਲ ਹਨ। ਸਿੰਗਲਾ ਨੂੰ ਪਹਿਲੇ ਵਿਭਾਗ ਨਾਲੋਂ ਵੱਡਾ, ਸਿੱਖਿਆ ਵਿਭਾਗ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਜਿਨ੍ਹਾਂ ਦੇ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਪਛੜ ਗਈ, ਉਨ੍ਹਾਂ ਨੂੰ ਇਸ 'ਸਜ਼ਾ' ਤੋਂ ਬਾਹਰ ਰੱਖਿਆ ਗਿਆ। ਵਿਭਾਗ ਬਦਲਣਾ ਭਾਵੇਂ ਮੁੱਖ ਮੰਤਰੀ ਦਾ ਅਧਿਕਾਰ ਖੇਤਰ ਹੈ ਪਰ ਇਸ ਬਾਰੇ ਦਬਵੀਂ ਸੁਰ ਵਿਚ ਆਵਾਜ਼ਾਂ ਉਠਣ ਲੱਗੀਆਂ ਹਨ; ਖਾਸ ਕਰਕੇ ਜਿਨ੍ਹਾਂ ਦੇ ਪਰ ਕੁਤਰੇ ਗਏ ਹਨ, ਉਹ ਅੰਦਰਖਾਤੇ ਅਜਿਹੇ ਨੁਕਤੇ ਉਠਾ ਰਹੇ ਹਨ ਪਰ ਅਜੇ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੇ।

ਕੈਪਟਨ ਅਤੇ ਸਿੱਧੂ ਵਿਚਾਲੇ ਪਿਛਲੇ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਵੀ ਸਿੱਧੂ ਨੇ ਕੈਪਟਨ ਦੀ ਦੁਖਦੀ ਰਗ ਉਤੇ ਹੱਥ ਰੱਖ ਦਿੱਤਾ ਸੀ। ਸਿੱਧੂ ਨੇ ਵਾਰ-ਵਾਰ ਕਾਂਗਰਸ ਅਤੇ ਬਾਦਲਾਂ ਦੇ ਗੱਠਜੋੜ ਵੱਲ ਇਸ਼ਾਰਾ ਕੀਤਾ। ਇਥੋਂ ਤੱਕ ਕਿ ਵੋਟਾਂ ਵਾਲੇ ਦਿਨ ਵੀ ਮੀਡੀਆ ਸਾਹਮਣੇ ਖੁੱਲ੍ਹ ਕੇ ਆਖ ਦਿੱਤਾ ਕਿ ਕਾਂਗਰਸ ਦਾ ਨੁਕਸਾਨ ਕਰਨ ਵਾਲਿਆਂ ਨੂੰ ਸਬਕ ਸਿਖਾ ਦਿਓ। ਮੰਨਿਆ ਜਾ ਰਿਹਾ ਹੈ ਕਿ ਸਿੱਧੂ ਦਾ ਇਸ਼ਾਰਾ ਕੈਪਟਨ ਵੱਲ ਸੀ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਸਣੇ ਹੋਰ ਸਿਆਸੀ ਧਿਰਾਂ ਇਹ ਦੋਸ਼ ਲਾਉਂਦੀਆਂ ਰਹੀਆਂ ਹਨ ਕਿ ਚੋਣਾਂ ਸਮੇਂ ਅਕਾਲੀ ਤੇ ਕਾਂਗਰਸੀ ਰਲ ਜਾਂਦੇ ਹਨ ਤੇ ਆਪਸ 'ਚ ਸਮਝੌਤਾ ਕਰਕੇ ਸੀਟਾਂ ਦੀ ਵੰਡ ਕਰਦੇ ਹਨ।

ਇਨ੍ਹਾਂ ਚੋਣਾਂ ਵਿਚ ਵੀ ਇਹ ਮੁੱਦਾ ਜ਼ੋਰ ਸ਼ੋਰ ਨਾਲ ਚੁੱਕਿਆ ਗਿਆ ਸੀ ਅਤੇ ਸਿੱਧੂ ਨੇ ਬਲਦੀ ਉਤੇ ਤੇਲ ਪਾ ਦਿੱਤਾ। ਉਂਜ, ਸਿੱਧੂ ਜੋੜੇ ਦਾ ਕੈਪਟਨ ਉਤੇ ਇਹ ਕੋਈ ਪਹਿਲਾ ਹੱਲਾ ਨਹੀਂ ਸੀ। ਇਸ ਤੋਂ ਪਹਿਲਾਂ ਵੀ ਸਿੱਧੂ ਨੇ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਖ ਦਿੱਤਾ ਸੀ ਕਿ ਉਨ੍ਹਾਂ ਦੇ ਕੈਪਟਨ ਤਾਂ ਰਾਹੁਲ ਗਾਂਧੀ ਹਨ, ਅਮਰਿੰਦਰ ਸਿੰਘ ਨਹੀਂ। ਇਸ ਪਿੱਛੋਂ ਕਾਫੀ ਵਿਵਾਦ ਖੜ੍ਹਾ ਹੋਇਆ ਸੀ। ਦੂਜੇ ਪਾਸੇ ਇਸ ਗੱਲ ਦੀ ਵੀ ਚਰਚਾ ਜ਼ੋਰਾਂ 'ਤੇ ਹੈ ਕਿ ਮੁੱਖ ਮੰਤਰੀ ਵਲੋਂ ਕਈ ਮੰਤਰੀਆਂ ਦੇ ਵਿਭਾਗ ਬਦਲ ਕੇ ਇਹ ਸੰਦੇਸ਼ ਦਿੱਤਾ ਹੈ ਕਿ ਪੰਜਾਬ 'ਚ ਕਾਂਗਰਸ ਦੇ ਕੈਪਟਨ ਸਿਰਫ ਉਹ ਹਨ। ਮੰਤਰੀਆਂ ਦੇ ਤਬਾਦਲਿਆਂ ਮੌਕੇ ਕੈਪਟਨ ਵਲੋਂ ਪਸ਼ੂ ਪਾਲਣ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਤਾਂ ਸਿਹਤ ਮੰਤਰੀ ਬਣਾ ਕੇ ਬਾਗੋ-ਬਾਗ ਕਰ ਦਿੱਤਾ ਗਿਆ, ਉਥੇ ਨਵਜੋਤ ਸਿੰਘ ਸਿੱਧੂ ਤੋਂ ਸਥਾਨਕ ਸਰਕਾਰ ਦਾ ਮਹਿਕਮਾ ਵਾਪਸ ਲੈ ਕੇ ਉਨ੍ਹਾਂ ਨੂੰ ਨਾਰਾਜ਼ ਕਰ ਦਿੱਤਾ ਗਿਆ।

ਇਥੇ ਇਹ ਗੱਲ ਵੀ ਕਾਫੀ ਦਿਲਚਸਪ ਹੈ ਕਿ ਕੈਬਨਿਟ


*(ਬਾਕੀ ਸਫਾ 6 ਉਤੇ)*


# ਸ਼ਿਲੌਂਗ ਦੇ ਸਿੱਖਾਂ 'ਤੇ ਉਜਾੜੇ ਦੀ ਤਲਵਾਰ ਮੁੜ ਲਟਕੀ


**ਚੰਡੀਗੜ੍ਹ:** ਮੇਘਾਲਿਆ ਦੀ ਰਾਜਧਾਨੀ ਸ਼ਿਲੌਂਗ ਵਿਚ ਪਿਛਲੇ 200 ਸਾਲਾਂ ਤੋਂ ਵਸਦੇ ਸਿੱਖਾਂ ਨੂੰ ਉਥੋਂ ਹਟਾਉਣ ਲਈ ਸਰਕਾਰੀ ਤੰਤਰ ਹਰ ਹੀਲਾ ਵਰਤਣ ਉਤੇ ਆ ਗਿਆ ਹੈ। ਪਿਛਲੇ ਹਫਤੇ ਪ੍ਰਸ਼ਾਸਨ ਨੇ ਸਿੱਖਾਂ ਦੇ ਘਰਾਂ ਅੱਗੇ ਨੋਟਿਸ ਚਿਪਕਾ ਦਿੱਤੇ ਸਨ ਕਿ ਉਹ ਜ਼ਮੀਨ ਸਬੰਧੀ ਦਸਤਾਵੇਜ਼ ਦਿਖਾਉਣ ਜਾਂ ਫਿਰ ਇਲਾਕਾ ਖਾਲੀ ਕਰ ਦੇਣ। ਹੁਣ ਇਕ ਅਤਿਵਾਦੀ ਜਥੇਬੰਦੀ ਨੇ ਧਮਕੀ ਦੇ ਦਿੱਤੀ ਹੈ ਜਿਸ ਕਾਰਨ ਸਿੱਖਾਂ ਵਿਚ ਸਹਿਮ ਹੈ।


ਤਾਜ਼ਾ ਘਟਨਾਵਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਸਰਗਰਮੀ ਦਿਖਾਈ ਜਾ ਰਹੀ ਹੈ। ਕਮੇਟੀ ਨੇ ਇਸ ਮਾਮਲੇ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦਖਲ ਦੇਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਸ਼ਿਲੌਂਗ ਆਪਣਾ ਵਫਦ ਵੀ ਭੇਜਣ ਦਾ ਫੈਸਲਾ ਕੀਤਾ ਹੈ ਜੋ ਹਾਲਾਤ ਦਾ ਜਾਇਜ਼ਾ ਲਵੇਗਾ। ਯਾਦ ਰਹੇ ਕਿ ਸ਼ਿਲੌਂਗ ਦੀ ਅਤਿਵਾਦੀ ਜਥੇਬੰਦੀ ਐਚ.ਐਨ.ਐਲ.ਸੀ. (ਹਾਇਨੀਟਰੇਪ ਨੈਸ਼ਨਲ ਲਿਬਰੇਸ਼ਨ ਕੌਂਸਲ) ਨੇ ਲੰਘੇ ਦਿਨੀਂ ਇਥੇ ਹਰੀਜਨ ਕਾਲੋਨੀ ਵਿਚ ਵਸਦੇ ਸਿੱਖਾਂ ਨੂੰ ਧਮਕੀ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਸ਼ਿਲੌਂਗ ਮਿਊਂਸਪਲ ਬੋਰਡ ਦੀ ਕਾਰਵਾਈ ਸਬੰਧੀ ਅਦਾਲਤ ਤੱਕ ਪਹੁੰਚ ਕੀਤੀ ਤਾਂ ਜਥੇਬੰਦੀ ਸਖਤ ਕਾਰਵਾਈ ਕਰੇਗੀ।

ਇਹ ਧਮਕੀ ਭਰਿਆ ਪੱਤਰ ਮੇਘਾਲਿਆ ਦੇ ਅਖਬਾਰਾਂ ਵਿਚ ਵੀ ਪ੍ਰਕਾਸ਼ਿਤ ਹੋਇਆ ਸੀ। ਉਥੇ ਵੱਸਦੇ ਸਿੱਖਾਂ ਨੂੰ ਉਜਾੜਨ ਲਈ ਇਹ ਕੋਈ ਪਹਿਲੀ ਕੋਸ਼ਿਸ਼ ਨਹੀਂ। ਪਿਛਲੇ ਸਾਲ ਮਈ 'ਚ ਇਲਾਕੇ ਅੰਦਰ ਦੋ ਗੁੱਟਾਂ ਵਿਚਕਾਰ ਟਕਰਾਓ ਮਗਰੋਂ ਮਹੀਨੇ ਤੋਂ ਵੱਧ ਸਮੇਂ ਲਈ ਕਰਫਿਊ ਲਗਾਉਣਾ ਪਿਆ ਸੀ। ਪਿਛਲੇ ਹਫਤੇ ਸ਼ਿਲੌਂਗ ਮਿਊਂਸਪਲ ਬੋਰਡ (ਐਸ.ਐਮ.ਬੀ.) ਦੇ ਅਧਿਕਾਰੀਆਂ ਨੇ ਇਨ੍ਹਾਂ ਸਿੱਖਾਂ ਨੂੰ ਨੋਟਿਸ ਸੌਂਪ ਦਿੱਤੇ। ਨੋਟਿਸ ਜਾਰੀ ਕਰਨ ਤੋਂ ਪਹਿਲਾਂ ਪੰਜਾਬੀ ਲੇਨ 'ਚ ਦਫਾ 144 ਲਾਗੂ ਕਰ ਦਿੱਤੀ ਗਈ, ਕਿਉਂਕਿ ਖੁਫੀਆ ਰਿਪੋਰਟਾਂ ਮਿਲੀਆਂ ਸਨ ਕਿ ਇਲਾਕੇ ਅੰਦਰ ਗੜਬੜ ਹੋ ਸਕਦੀ ਹੈ।


*(ਬਾਕੀ ਸਫਾ 6 ਉਤੇ)*






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

ੴ ਸਤਿਗੁਰ ਪ੍ਰਸਾਦਿ॥

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥


## ਗੁਰਦੁਆਰਾ ਸਾਹਿਬ, ਸੈਨ ਹੋਜੇ ਦੇ ਬਾਨੀਆਂ ਵਿਚੋਂ ਇਕ ਅਤੇ ਪ੍ਰਬੰਧਕ ਕਮੇਟੀ ਦੇ ਕਈ ਸਾਲ ਪ੍ਰਧਾਨ ਰਹਿ ਚੁਕੇ




ਗੁਰਦੁਆਰਾ ਸੈਨ ਹੋਜੇ ਦੀ ਸ਼ਾਨਦਾਰ ਇਮਾਰਤ

# ਸ. ਬਲਵੰਤ ਸਿੰਘ ਚਾਹਲ ਦੀ ਯਾਦ ਵਿਚ

# ਪਾਠ ਦਾ ਭੋਗ ਅਤੇ ਕੀਰਤਨ



ਸ. ਬਲਵੰਤ ਸਿੰਘ ਚਾਹਲ

## 15 ਜੂਨ 2019, ਸਨਿਚਰਵਾਰ

*ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ*

ਸਵਰਗੀ ਸ. ਬਲਵੰਤ ਸਿੰਘ ਚਾਹਲ ਦੀ ਯਾਦ ਵਿਚ ਗੁਰਦੁਆਰਾ ਸੈਨ ਹੋਜੇ ਦੀ ਪ੍ਰਬੰਧਕ ਕਮੇਟੀ, ਸੈਨ ਹੋਜੇ ਇਲਾਕੇ ਦੀਆਂ ਸੰਗਤਾਂ ਅਤੇ ਚਾਹਲ ਪਰਿਵਾਰ ਵਲੋਂ ਸਾਧਾਰਨ ਪਾਠ ਦਾ ਅਰੰਭ 10 ਜੂਨ 2019 ਨੂੰ ਬਾਅਦ ਦੁਪਹਿਰ 3 ਵਜੇ ਅਰੰਭ ਹੋ ਚੁਕਾ ਹੈ, ਜਿਸ ਦਾ ਭੋਗ ਅਤੇ ਕੀਰਤਨ 15 ਜੂਨ 2019, ਸਨਿਚਰਵਾਰ ਨੂੰ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ ਹੋਣਗੇ।

## ਸੰਗਤਾਂ ਨੂੰ ਭੋਗ ਅਤੇ ਕੀਰਤਨ ਸਮੇਂ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

## ਬੇਨਤੀ ਕਰਤਾ: ਪ੍ਰਬੰਧਕ ਕਮੇਟੀ, ਸਿੱਖ ਗੁਰਦੁਆਰਾ ਸੈਨ ਹੋਜੇ

**3636 Gurdwara Ave. San Jose CA. 95148**

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900



PERSONAL INJURY ATTORNEYS

## LAW OFFICES OF MANPREET S. BAINS
## LAW OFFICES OF WILLIAM E. WEISS

AN ASSOCIATION OF LAW FIRMS



**Offering Joint Representation at No Additional Cost**

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
**$4,000,000 Settlement for Motor Vehicle Accident**
**$10,100,000 Confidential Settlement for Motorcycle/Truck Accident**
**$4,200,000 Judgment for Premises Liability/Assault**
*Past Performance Not a Guarantee of Future Results

Personal Injury matters are time sensitive!

For a free consultation, please call **(510) 474-0028**
E-mail: **BainsWeiss@gmail.com**

Serving the Bay Area and Beyond • Offices in San Francisco and Union City



# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਖਾੜਕੂਵਾਦ ਦੇ ਦੌਰ 'ਚ ਮਾਰੇ ਗਏ ਲੋਕਾਂ ਦੀ ਗਿਣਤੀ ਦਾ ਨਹੀਂ ਕੋਈ ਰਿਕਾਰਡ

**ਚੰਡੀਗੜ੍ਹ:** ਸਾਕਾ ਨੀਲਾ ਤਾਰਾ ਦੇ 35 ਸਾਲ ਬੀਤ ਜਾਣ 'ਤੇ ਵੀ ਪੰਜਾਬ 'ਚ 1978 ਤੋਂ 1993 ਤੱਕ ਮਾਰੇ ਗਏ ਲੋਕਾਂ ਦੀ ਗਿਣਤੀ ਬਾਰੇ ਕੋਈ ਅਧਿਕਾਰਤ ਰਿਕਾਰਡ ਨਹੀਂ ਹੈ। ਪੰਜਾਬ ਪੁਲਿਸ ਕੋਲ ਵੀ ਅਜਿਹੇ ਅੰਕੜੇ ਨਹੀਂ ਹਨ ਜਿਨ੍ਹਾਂ ਤੋਂ ਪਤਾ ਲੱਗ ਸਕੇ ਕਿ ਪੰਜਾਬ ਦੇ ਖੂਨੀ ਦੌਰ ਨੇ ਕਿੰਨੇ ਲੋਕਾਂ ਦੀ ਜਾਨ ਦੀ ਬਲੀ ਲਈ।

ਆਰ.ਟੀ.ਆਈ. ਐਕਟਿਵਿਸਟ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਦੀ ਵਰਤੋਂ ਕਰਕੇ ਪੰਜਾਬ 'ਚ 1 ਅਪ੍ਰੈਲ 1978 ਤੋਂ 31 ਮਈ 1984 (ਨਿਰੰਕਾਰੀ ਕਾਂਡ ਤੋਂ ਲੈ ਕੇ ਸਾਕਾ ਨੀਲਾ ਤਾਰਾ ਹੋਣ ਤੋਂ ਇਕ ਦਿਨ ਪਹਿਲਾਂ ਤੱਕ) ਅਤੇ ਫਿਰ 1993 ਤੱਕ ਮਾਰੇ ਗਏ ਆਮ ਲੋਕਾਂ, ਖਾੜਕੂਆਂ, ਪੁਲਿਸ ਅਤੇ ਸੁਰੱਖਿਆ ਬਲਾਂ ਦੇ ਜਵਾਨਾਂ ਦੀ ਗਿਣਤੀ ਸਾਹਮਣੇ ਲਿਆਉਣ ਲਈ ਕੀਤੇ ਗਏ ਯਤਨਾਂ ਨੂੰ ਵੀ ਬੂਰ ਨਹੀਂ ਪਿਆ।



ਪਰਵਿੰਦਰ ਸਿੰਘ ਕਿੱਤਣਾ ਨੇ ਦੱਸਿਆ ਕਿ ਉਸ ਵੱਲੋਂ ਡਾਇਰੈਕਟਰ ਜਨਰਲ ਆਫ ਪੁਲਿਸ ਅਤੇ ਲਗਭਗ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਤੋਂ ਸੂਚਨਾ ਅਧਿਕਾਰ ਤਹਿਤ 1978 ਤੋਂ 1993 ਤੱਕ ਪੰਜਾਬ 'ਚ ਖਾੜਕੂਆਂ/ ਅਤਿਵਾਦੀਆਂ ਹੱਥੋਂ ਮਾਰੇ ਗਏ ਲੋਕਾਂ ਦੀ ਗਿਣਤੀ ਹਰੇਕ ਸਾਲ ਦੀ ਅਲੱਗ-ਅਲੱਗ ਮੰਗੀ ਸੀ। ਉਸ ਸਮੇਂ ਦੌਰਾਨ ਫ਼ੌਜ, ਸੁਰੱਖਿਆ ਦਸਤਿਆਂ ਅਤੇ ਪੰਜਾਬ ਪੁਲਿਸ ਦੁਆਰਾ ਮਾਰੇ ਗਏ ਖਾੜਕੂਆਂ/ਅਤਿਵਾਦੀਆਂ ਦੀ ਸੂਚੀ, ਪੁਲਿਸ ਮੁਕਾਬਲਿਆਂ 'ਚ ਮਾਰੇ ਗਏ ਵਿਅਕਤੀਆਂ/ ਖਾੜਕੂਆਂ ਦੀ ਗਿਣਤੀ, ਉਕਤ ਸਮੇਂ ਦੌਰਾਨ ਲਾਪਤਾ ਹੋਏ ਵਿਅਕਤੀਆਂ ਦੀ ਸੂਚੀ ਅਤੇ ਗਿਣਤੀ ਅਤੇ ਬਰਾਮਦ ਹੋਈਆਂ ਅਣਪਛਾਤੀਆਂ ਲਾਸ਼ਾਂ ਦੀ ਗਿਣਤੀ ਵੀ ਮੰਗੀ ਗਈ ਸੀ। ਇਸ ਬਾਰੇ ਬਹੁਤੇ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਨੇ ਸੂਚਨਾ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਪਰਵਿੰਦਰ ਸਿੰਘ ਵਲੋਂ ਪੰਜਾਬ ਰਾਜ ਸੂਚਨਾ ਅਧਿਕਾਰ ਕਮਿਸ਼ਨ ਦੇ ਚਾਰ ਜ਼ਿਲ੍ਹਾ ਮੁਖੀਆਂ ਦੇ ਦਫਤਰਾਂ ਖਿਲਾਫ ਸ਼ਿਕਾਇਤ ਕੀਤੀ ਗਈ ਤਾਂ ਦੋ ਕਮਿਸ਼ਨਰਾਂ ਨੇ ਸੂਚਨਾ ਨਾ ਦੇਣ ਨੂੰ ਉਚਿਤ ਦੱਸਿਆ। ਇਕ ਕਮਿਸ਼ਨਰ ਨੇ ਸਿਰਫ ਮ੍ਰਿਤਕਾਂ ਦੀ ਗਿਣਤੀ ਦੱਸਣ ਨੂੰ ਕਹਿ ਦਿੱਤਾ ਅਤੇ ਚੌਥੇ ਕਮਿਸ਼ਨਰ ਨੇ ਕੇਸ ਦੁਬਾਰਾ ਵਿਚਾਰਨ ਲਈ ਸਬੰਧਿਤ ਦਫਤਰ ਨੂੰ ਹੀ ਭੇਜ ਦਿੱਤਾ ਸੀ। ਹਾਲਾਂਕਿ ਅੰਮ੍ਰਿਤਸਰ ਦਿਹਾਤੀ ਅਤੇ ਗੁਰਦਾਸਪੁਰ ਦੇ ਪੁਲਿਸ ਮੁਖੀਆਂ ਨੇ ਸੂਚਨਾ ਉਪਲਬਧ ਕਰਵਾ ਦਿੱਤੀ ਸੀ, ਜਿਸ ਮੁਤਾਬਿਕ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ 'ਚ 1978 ਤੋਂ 1993 ਤੱਕ 166 ਆਮ ਨਾਗਰਿਕ ਤੇ 24 ਖਾੜਕੂ ਮਾਰੇ ਗਏ ਸਨ। ਦੱਸਣਯੋਗ ਹੈ ਕਿ ਅੰਮ੍ਰਿਤਸਰ ਸ਼ਹਿਰ ਅਤੇ ਇਸ ਦੇ ਨਾਲ ਲੱਗਦਾ ਇਲਾਕਾ ਹੁਣ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਅਧੀਨ ਆ ਚੁੱਕਾ ਹੈ, ਇੱਥੋਂ ਦੀ ਸੂਚਨਾ ਨਹੀਂ ਮਿਲ ਸਕੀ। ਗੁਰਦਾਸਪੁਰ ਜ਼ਿਲ੍ਹੇ 'ਚ 1 ਅਪ੍ਰੈਲ 1978 ਤੋਂ 31 ਮਈ 1984 ਤੱਕ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਤੱਕ 31 ਵਿਅਕਤੀ ਖਾੜਕੂਆਂ ਹੱਥੋਂ ਮਾਰੇ ਗਏ ਸਨ।

ਅਗਲੇ ਸਾਲਾਂ ਦੀ ਸੂਚਨਾ ਪੁਲਿਸ ਵੱਲੋਂ ਨਹੀਂ ਦਿੱਤੀ ਗਈ। ਪਰਵਿੰਦਰ ਸਿੰਘ ਕਿੱਤਣਾ ਦਾ ਕਹਿਣਾ ਹੈ ਕਿ ਸੂਚਨਾ ਮੰਗਣ ਦਾ ਮਕਸਦ ਇਹ ਸੱਚ ਸਾਹਮਣੇ ਲਿਆਉਣਾ ਸੀ ਕਿ ਅਸਲ 'ਚ ਦਹਿਸ਼ਤ ਦੇ ਦੌਰ ਦੌਰਾਨ ਕਿੰਨੇ ਲੋਕ ਮਾਰੇ ਗਏ ਸਨ, ਕਿਉਂਕਿ ਅੱਜ ਤੱਕ ਲੋਕ ਆਪੋ ਆਪਣੀ ਗਿਣਤੀ ਦੱਸ ਰਹੇ ਹਨ। ਪੰਜਾਬ 'ਚ ਮਾਰੇ ਗਏ ਲੋਕਾਂ ਦੀ ਗਿਣਤੀ ਸਬੰਧੀ ਅਧਿਕਾਰਤ ਤੌਰ 'ਤੇ ਅੰਕੜੇ ਦੱਸਣੇ ਚਾਹੀਦੇ ਹਨ ਤਾਂ ਜੋ ਅਸਲ ਸਥਿਤੀ ਸਪੱਸ਼ਟ ਹੋ ਸਕੇ।

# ਖਾੜਕੂਵਾਦ ਸਮੇਂ ਪਰਿਵਾਰ ਦੇ 6 ਜੀਅ ਲਾਪਤਾ ਮਾਮਲੇ 'ਚ ਪੁਲਿਸ ਨੂੰ ਝਟਕਾ

**ਤਾਰਨ ਤਾਰਨ:** ਸੁਪਰੀਮ ਕੋਰਟ ਨੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ, ਉਨ੍ਹਾਂ ਦੇ ਤਿੰਨ ਭਰਾਵਾਂ, ਸਾਲਾ ਤੇ ਉਸ ਦੇ ਲੜਕੇ ਨੂੰ ਖਾੜਕੂਵਾਦ ਸਮੇਂ ਤਰਨ ਤਾਰਨ ਪੁਲਿਸ ਵੱਲੋਂ ਚੁੱਕ ਕੇ ਲਾਪਤਾ ਕਰਨ ਦੇ ਸੀ.ਬੀ.ਆਈ. ਦੇ ਮਾਮਲੇ 'ਚ ਪੁਲਿਸ ਅਧਿਕਾਰੀਆਂ ਨੂੰ ਵੱਡਾ ਝਟਕਾ ਦਿੰਦਿਆਂ ਹੁਕਮ ਜਾਰੀ ਕੀਤੇ ਹਨ ਕਿ ਪੁਲਿਸ ਕਰਮਚਾਰੀ ਕਾਨੂੰਨੀ ਪ੍ਰਕਿਰਿਆ 'ਚ ਗਲਤ ਢੰਗ ਅਪਣਾ ਕੇ ਇਸ ਕੇਸ ਨੂੰ ਲੰਮਾ ਖਿੱਚ ਰਹੇ ਹਨ।

ਪੁਲਿਸ ਅਧਿਕਾਰੀਆਂ ਖਿਲਾਫ ਸੀ.ਬੀ.ਆਈ. ਵੱਲੋਂ ਦਰਜ ਕੀਤੇ ਇਸ ਕੇਸ ਨੂੰ ਖਾਰਜ ਕਰਵਾਉਣ ਲਈ ਉਸ ਸਮੇਂ ਦੇ ਡੀ.ਐਸ.ਪੀ. ਗੁਰਮੀਤ ਸਿੰਘ ਤੇ ਹੋਰਨਾਂ ਵੱਲੋਂ ਪਾਈ ਗਈ ਰਿੱਟ ਨੂੰ ਖਾਰਜ ਕਰਦਿਆਂ ਅਹਿਮ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਵੱਲੋਂ ਇਸ ਮਾਮਲੇ 'ਚ 20 ਸਾਲ ਹੋਣ 'ਤੇ ਵੀ ਹੇਠਲੀਆਂ ਅਦਾਲਤਾਂ 'ਚ ਕੇਸ ਦੀ ਸੁਣਵਾਈ ਨਾ ਹੋਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਸੀ.ਬੀ.ਆਈ. ਅਦਾਲਤ ਨੂੰ ਹਦਾਇਤ ਕੀਤੀ ਹੈ ਕਿ ਇਸ ਮਾਮਲੇ ਦੀ ਰੋਜ਼ਾਨਾ ਸੁਣਵਾਈ ਕਰੇ ਅਤੇ ਕੋਸ਼ਿਸ਼ ਕੀਤੀ ਜਾਵੇ ਕਿ ਇਸ ਅਹਿਮ ਕੇਸ ਦਾ ਫੈਸਲਾ 8 ਮਹੀਨੇ 'ਚ ਕਰ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਇਸ ਤੱਥ ਨੂੰ ਬਹੁਤ ਹੈਰਾਨੀਜਨਕ ਦੱਸਿਆ ਕਿ ਪਿਛਲੇ 20 ਸਾਲ 'ਚ ਸਿਰਫ ਕੇਸ ਨੂੰ ਖਤਮ ਕਰਵਾਉਣ ਲਈ ਹੀ ਪੁਲਿਸ ਅਧਿਕਾਰੀਆਂ ਵੱਲੋਂ ਪਟੀਸ਼ਨਾਂ ਪਾਈਆਂ ਜਾ ਰਹੀਆਂ ਹਨ, ਜਿਸ ਦਾ ਮਕਸਦ ਸਿਰਫ ਕੇਸ ਨੂੰ ਲਮਕਾਉਣਾ ਹੈ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਇਸ ਕੇਸ ਦੀ ਸੁਣਵਾਈ ਦੌਰਾਨ ਕੇਸ 'ਚ ਨਾਮਜ਼ਦ ਵਿਅਕਤੀਆਂ ਦੀ ਕਿਸੇ ਵੀ ਪਟੀਸ਼ਨ 'ਤੇ ਸਟੇਅ ਨਾ ਦਿੱਤਾ ਜਾਵੇ। ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਨਵੀਨ ਸਿਨਹਾ ਦੇ ਆਧਾਰਿਤ ਬੈਂਚ ਨੇ ਹੁਕਮ ਜਾਰੀ ਕਰਦਿਆਂ ਇਸ ਫੈਸਲੇ ਦੀ ਕਾਪੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਸੀ.ਬੀ.ਆਈ. ਦੀ ਅਦਾਲਤ ਨੂੰ ਵੀ ਭੇਜ ਕੇ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ 'ਤੇ ਸੀ.ਬੀ.ਆਈ. ਦੀ ਅਦਾਲਤ ਮੋਹਾਲੀ ਵਲੋਂ ਦੋ ਜੁਲਾਈ ਤੋਂ ਲਗਾਤਾਰ ਕੇਸ ਦੀ ਸੁਣਵਾਈ ਕੀਤੇ ਜਾਣ ਦੀਆਂ ਤਰੀਕਾਂ ਵੀ ਜਾਰੀ ਕਰ ਦਿੱਤੀਆਂ ਹਨ। ਸੀ.ਬੀ.ਆਈ. ਵਲੋਂ ਇਸ ਕੇਸ 'ਚ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕਰਕੇ ਉਸ ਦਾ ਚਲਾਣ ਸੀ.ਬੀ.ਆਈ. ਦੀ ਅਦਾਲਤ 'ਚ ਪੇਸ਼ ਕਰ ਦਿੱਤਾ ਗਿਆ ਸੀ ਪਰ ਸਾਲ 2000 ਤੋਂ 2016 ਤੱਕ ਹਾਈਕੋਰਟ ਤੇ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ 'ਚ ਨਾਮਜ਼ਦ ਪੁਲਿਸ ਮੁਲਾਜ਼ਮਾਂ ਦੀਆਂ ਪਟੀਸ਼ਨਾਂ 'ਤੇ ਸਟੇਅ




ਹੋਣ ਕਰਕੇ ਕੋਈ ਸੁਣਵਾਈ ਨਹੀਂ ਹੋ ਸਕੀ ਤੇ ਇਹ ਕੇਸ ਤਰੀਕਾਂ ਤੱਕ ਹੀ ਸੀਮਤ ਰਹਿ ਗਿਆ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ 6 ਜੂਨ ਨੂੰ ਸੀ.ਬੀ.ਆਈ. ਅਦਾਲਤ 'ਚ ਇਸ ਕੇਸ ਦੀ ਫਿਰ ਤੋਂ ਸੁਣਵਾਈ ਸ਼ੁਰੂ ਹੋਈ ਤੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਦੀ ਪਤਨੀ ਸੁਰਜੀਤ ਕੌਰ ਦੀ ਇਸ ਕੇਸ 'ਚ ਅਦਾਲਤ ਨੇ ਗਵਾਹੀ ਦੇ ਬਿਆਨ ਕਲਮਬਦ ਕੀਤੇ ਹਨ।

ਇਸ ਸਬੰਧੀ ਭਾਈ ਸਤਨਾਮ ਸਿੰਘ ਕੰਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾੜਕੂਵਾਦ ਦੇ ਸਮੇਂ ਅਗਸਤ 1992 'ਚ ਉਸ ਦੇ ਚਾਚਾ ਕੇਸਰ ਸਿੰਘ ਨੂੰ ਤਰਨ ਤਾਰਨ ਪੁਲਿਸ ਵਲੋਂ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤਾ ਗਿਆ। ਫਿਰ ਉਸ ਦੇ ਦੂਸਰੇ ਚਾਚਾ ਗੁਰਦੇਵ ਸਿੰਘ ਨੂੰ ਉੱਤਰ ਪ੍ਰਦੇਸ਼ ਤੋਂ ਅਤੇ ਉਸ ਦੇ ਪਿਤਾ ਮੇਜਾ ਸਿੰਘ ਨੂੰ ਗੇਟ ਦੀ ਕਾਰ ਸੇਵਾ ਕਰਦਿਆਂ ਪੁਲਿਸ ਨੇ ਚੁੱਕ ਲਿਆ। ਪੁਲਿਸ ਵੱਲੋਂ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਨੂੰ ਪੇਸ਼ ਕਰਵਾਉਣ ਲਈ ਉਨ੍ਹਾਂ ਦੇ ਪਰਿਵਾਰ ਉੱਪਰ ਦਬਾਅ ਬਣਾਇਆ ਗਿਆ ਅਤੇ ਉਸ ਦੇ ਪਿਤਾ ਅਤੇ ਚਾਚਿਆਂ ਉੱਪਰ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਬਾਅਦ ਉਸ ਸਮੇਂ ਦੇ ਐਸ.ਪੀ. ਆਪ੍ਰੇਸ਼ਨ ਰਹੇ ਖੂਬੀ ਰਾਮ ਅਤੇ ਉਸ ਦੇ ਪੀ.ਏ. ਸੁਖਦੇਵ ਰਾਜ ਜੋਸ਼ੀ ਅਤੇ ਹੋਰਨਾਂ ਨੇ ਬਾਬਾ ਚਰਨ ਸਿੰਘ ਦੇ ਸਾਲੇ ਗੁਰਮੇਜ ਸਿੰਘ ਅਤੇ ਉਸ ਦੇ ਲੜਕੇ ਬਲਵਿੰਦਰ ਸਿੰਘ ਨੂੰ ਪਿੰਡ ਸਖੀਰੇ ਤੋਂ ਚੁੱਕ ਲਿਆ।

ਭਾਈ ਸਤਨਾਮ ਸਿੰਘ ਕੰਡਾ ਅਨੁਸਾਰ ਤਰਨਤਾਰਨ ਪੁਲਿਸ ਵਲੋਂ ਸੀ.ਆਈ.ਏ. ਸਟਾਫ ਅਤੇ ਹੋਰਨਾਂ ਥਾਣਿਆਂ 'ਚ ਸਾਰਿਆਂ ਨੂੰ ਰੱਖ ਕੇ ਤਸ਼ੱਦਦ ਜਾਰੀ ਰੱਖਿਆ। ਉਨ੍ਹਾਂ ਇਹ ਵੀ ਦੱਸਿਆ ਕਿ ਅਪ੍ਰੈਲ 1993 'ਚ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ ਜੋ ਕਿ ਕਰੀਬ 35 ਗੁਰਦੁਆਰਿਆਂ ਦੀ ਸੇਵਾ ਕਰ ਰਹੇ ਸਨ ਨੂੰ ਆਖਰ ਪੁਲਿਸ ਕੋਲ ਪੇਸ਼ ਕਰਵਾਉਣ ਜਾਂਦੇ ਸਮੇਂ ਪੁਲਿਸ ਨੇ ਤਰਨ ਤਾਰਨ ਦੀਆਂ ਰਸੂਲਪੁਰ ਨਹਿਰਾਂ ਤੋਂ ਚੁੱਕ ਲਿਆ। ਪੁਲਿਸ ਵੱਲੋਂ ਬਾਬਾ ਚਰਨ ਸਿੰਘ, ਉਨ੍ਹਾਂ ਦੇ ਭਰਾ ਕੇਸਰ ਸਿੰਘ, ਬਾਬਾ ਮੇਜਾ ਸਿੰਘ, ਗੁਰਦੇਵ ਸਿੰਘ, ਗੁਰਮੇਜ ਸਿੰਘ ਅਤੇ ਗੁਰਮੇਜ ਸਿੰਘ ਦੇ ਲੜਕੇ ਬਲਵਿੰਦਰ ਸਿੰਘ ਨੂੰ ਭਾਰੀ ਤਸ਼ੱਦਦ ਕਰਕੇ ਮਾਰ ਦਿੱਤਾ ਗਿਆ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਖੁਰਦ ਬੁਰਦ ਕਰ ਦਿੱਤਾ ਗਿਆ।

ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿਚ ਦੋ ਮਈ 1997 ਨੂੰ ਕੇਸ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ ਸੀ ਅਤੇ ਉਸ ਸਮੇਂ ਦੇ ਤਰਨ ਤਾਰਨ ਦੇ ਐਸ.ਐਸ.ਪੀ. ਅਜੀਤ ਸਿੰਘ ਸੰਧੂ, ਡੀ.ਐਸ.ਪੀ. ਗੁਰਮੀਤ ਸਿੰਘ ਰੰਧਾਵਾ, ਇੰਸ: ਸੂਬਾ ਸਿੰਘ ਸਰਹੰਦ, ਏ.ਐਸ.ਆਈ. ਸੂਬਾ ਸਿੰਘ, ਸੁਖਦੇਵ ਰਾਜ ਜੋਸ਼ੀ ਸਮੇਤ ਹੋਰ ਪੁਲਿਸ ਅਧਿਕਾਰੀਆਂ ਦੇ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਪਰ ਪੁਲਿਸ ਅਧਿਕਾਰੀਆਂ ਵੱਲੋਂ ਸੁਣਵਾਈ ਰੋਕਣ ਲਈ ਅਦਾਲਤਾਂ ਵਿਚ ਇਸ ਕੇਸ ਨੂੰ ਖਾਰਜ ਕਰਨ ਦੀਆਂ ਰਿੱਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਇਹ ਕੇਸ ਦੀ ਸੁਣਵਾਈ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਦੌਰਾਨ ਰੁਕੀ ਹੋਈ ਹੈ। ਉਧਰ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਫਸੋਸ ਜ਼ਰੂਰ ਹੈ ਕਿ ਦੇਸ਼ ਦੀ ਨਿਆਂਪਾਲਿਕਾ ਵਲੋਂ ਇਸ ਅਹਿਮ ਕੇਸ ਬਾਰੇ ਦਿੱਤਾ ਗਿਆ ਫੈਸਲਾ ਦੇਰ ਨਾਲ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਪੁਲਿਸ ਮੁਲਾਜ਼ਮ ਆਪਣੀ ਨੌਕਰੀਆਂ ਦੌਰਾਨ ਤਰੱਕੀਆਂ ਤੇ ਮੈਡਲਾਂ ਦਾ ਅਨੰਦ ਮਾਣਦੇ ਰਹੇ ਤੇ ਇਨਸਾਫ ਦਾ ਰਾਹ ਦੇਖਦਿਆਂ ਕਈ ਉਨ੍ਹਾਂ ਦੇ ਪਰਿਵਾਰਕ ਮੈਂਬਰ ਰੱਬ ਨੂੰ ਵੀ ਪਿਆਰੇ ਹੋ ਗਏ। ਭਾਈ ਸਤਨਾਮ ਸਿੰਘ ਕੰਡਾ ਨੇ ਇਹ ਵੀ ਕਿਹਾ ਕਿ ਪੁਲਿਸ ਵਲੋਂ ਇਸ ਕੇਸ ਸਬੰਧੀ ਹਰ ਤਰ੍ਹਾਂ ਦੇ ਹਥਕੰਡੇ ਅਪਣਾਏ ਜਾ ਰਹੇ ਹਨ।

## *6 ਜੂਨ ਨੂੰ 'ਕਾਲਾ ਦਿਨ' ਕਰਾਰ ਦੇਣ 'ਤੇ ਇਤਰਾਜ਼*


**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ 6 ਜੂਨ ਨੂੰ ਕਾਲਾ ਦਿਹਾੜਾ ਦੱਸਣ 'ਤੇ ਸਖਤ ਇਤਰਾਜ਼ ਪ੍ਰਗਟ ਕਰਦਿਆਂ ਦਲ ਖਾਲਸਾ ਨੇ ਕਿਹਾ ਕਿ ਅਸਲ ਵਿਚ 6 ਜੂਨ 1984 ਦਾ ਦਿਨ ਜੁਝਾਰੂ ਵਿਚਾਰਧਾਰਾ ਅਤੇ ਖਾਲਸਾ ਰਾਜ ਦੇ ਸੰਕਲਪ ਦੀ ਪੁਨਰ-ਸੁਰਜੀਤੀ ਦਾ ਦਿਹਾੜਾ ਸੀ, ਜਿਸ ਨੇ ਸੁੱਤੀ ਕੌਮ ਨੂੰ ਹਲੂਣਾ ਦਿੱਤਾ।

ਕਾਰਜਕਾਰੀ ਜਥੇਦਾਰ ਵੱਲੋਂ ਇਸ ਦਿਨ ਨੂੰ ਕਾਲਾ ਦਿਨ ਕਰਾਰ ਦਿੱਤੇ ਜਾਣ 'ਤੇ ਸਖਤ ਪ੍ਰਤੀਕਰਮ ਦਿੰਦਿਆਂ ਦਲ ਖਾਲਸਾ ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਥੇਦਾਰ 6 ਜੂਨ ਨੂੰ ਖਾਲਿਸਤਾਨ ਸੰਘਰਸ਼ ਦਿਹਾੜਾ, ਸ਼ਹੀਦੀ ਜਾਂ ਘੱਲੂਘਾਰਾ ਦਿਹਾੜਾ ਤਾਂ ਆਖ ਸਕਦੇ ਹਨ ਪਰ ਕਾਲਾ ਦਿਨ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਉਪਰੋਕਤ ਦਿਹਾੜੇ ਨੂੰ ਕਾਲਾ ਦਿਨ ਦੱਸ ਕੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਪਿੱਛੇ ਕੰਮ ਕਰਦੀ ਸੋਚ ਅਤੇ ਭਾਵਨਾ ਨੂੰ ਛੁਟਿਆਇਆ ਹੈ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗਾ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨ ਦਾ ਸੁੰਦਰੀਕਰਨ

**ਫਿਰੋਜ਼ਪੁਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ 550ਵੇਂ ਜਨਮ ਸ਼ਤਾਬਦੀ ਦੇ ਸਮਾਗਮਾਂ ਦੇ ਮੱਦੇਨਜ਼ਰ ਰੇਲਵੇ ਵਿਭਾਗ ਵੀ ਗੁਰੂ ਸਾਹਿਬ ਨੂੰ ਸਮਰਪਿਤ ਹੋ ਕਰੋੜਾਂ ਰੁਪਏ ਖਰਚ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨ ਦਾ ਅਤਿ ਸੁੰਦਰੀਕਰਨ ਜਾ ਰਿਹਾ ਹੈ ਜਿਸ 'ਚ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਯਾਤਰੂਆਂ ਨੂੰ ਸ਼ਾਨਦਾਰ ਸੇਵਾਵਾਂ ਦੇਣ ਲਈ ਢੁਕਵੇਂ ਪ੍ਰਬੰਧ ਕਰਨ ਦੇ ਨਾਲ-ਨਾਲ ਲੈਸ ਕਰਕੇ ਪਲੇਟ ਫਾਰਮਾਂ ਦੀ ਵੀ ਦਸ਼ਾ ਸੁਧਾਰੀ ਜਾ ਰਹੀ ਹੈ। ਸਮਾਗਮਾਂ ਦੌਰਾਨ ਸਫਾਈ ਵਿਵਸਥਾ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ।

ਇਸ ਸਬੰਧੀ ਡੀ.ਆਰ.ਐਮ. ਫਿਰੋਜ਼ਪੁਰ ਮੰਡਲ ਰਾਜੇਸ਼ ਅਗਰਵਾਲ ਨੇ ਦੱਸਿਆ ਕਿ ਨਿਰਮਾਣ ਕਾਰਜ ਸ਼ੁਰੂ ਹੋ ਚੁੱਕੇ ਹਨ। ਗੁਰੂ ਸਾਹਿਬ ਦੇ ਫਲਸਫ਼ੇ ਨੂੰ ਦਰਸਾਉਂਦਾ ਇਕ ਸੁੰਦਰ ਕੰਪਲੈਕਸ ਤਿਆਰ ਕੀਤਾ ਜਾ ਰਿਹਾ ਹੈ ਜਿਸ 'ਚ



ਗੁਰੂ ਸਾਹਿਬ ਵਲੋਂ ਤੇਰਾਂ-ਤੇਰਾਂ ਤੋਲਣ ਵਾਲੇ ਫਲਸਫੇ ਨੂੰ ਹੂਬਹੂ ਪ੍ਰਗਟਾਉਂਦਾ ਇਕ ਇਮਾਰਤੀ ਕੰਪਲੈਕਸ ਵੀ ਉਸਾਰਿਆ ਜਾ ਰਿਹਾ ਹੈ। ਜਿਸ 'ਚ ਆਉਣ ਵਾਲੇ ਯਾਤਰੂਆਂ ਨੂੰ ਠਹਿਰਨ, ਸਾਮਾਨ ਰੱਖਣ ਅਤੇ ਬੈਠਣ ਲਈ ਅਤਿ ਦਰਜੇ ਦੇ ਪ੍ਰਬੰਧ ਕੀਤੇ ਜਾਣੇ ਹਨ ਤਾਂ ਜੋ ਸੁਲਤਾਨਪੁਰ ਲੋਧੀ ਛੋਟਾ ਰੇਲਵੇ ਸਟੇਸ਼ਨ ਹੋਣ ਦੇ ਬਾਵਜੂਦ ਵੀ ਯਾਤਰੂਆਂ ਨੂੰ ਕੋਈ ਸਮੱਸਿਆ ਨਾ ਆਵੇ।

ਇਸੇ ਅਧੀਨ ਹੀ ਯਾਤਰੀਆਂ ਨੂੰ ਡੀ.ਐਮ.ਯੂ. ਅਤੇ ਐਕਸਪ੍ਰੈੱਸ ਥੋੜ੍ਹੀ-ਥੋੜ੍ਹੀ ਦੇਰ ਬਾਅਦ ਚੱਲਣ ਅਤੇ ਆਉਣ ਵਾਲੀਆਂ ਗੱਡੀਆਂ 'ਤੇ ਚੜ੍ਹਨ ਉੱਤਰਨ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਲਈ ਵੀ ਪਲੇਟਫਾਰਮਾਂ ਨੂੰ ਉੱਚਾ ਅਤੇ ਲੰਬਾ ਕਰਕੇ ਲੋੜੀਂਦੀਆਂ ਪਾਣੀ ਆਦਿ ਸਮੂਹ ਸੁਵਿਧਾਵਾਂ ਨਾਲ ਪੰਜ ਹਜ਼ਾਰ ਦੇ ਕਰੀਬ ਯਾਤਰੀ ਠਹਿਰ ਸਕਣਗੇ। ਕੰਪਲੈਕਸ ਅੰਦਰ ਤੇਰਾ ਕਮਰੇ ਬਣਾਏ ਜਾਣਗੇ ਜੋ ਗੁਰੂ ਸਾਹਿਬ ਦੇ ਤੇਰਾਂ-ਤੇਰਾਂ ਫਲਸਫ਼ੇ ਨੂੰ ਦਰਸਾਉਂਦੇ ਹੋਣਗੇ। ਇਸੇ ਤਰ੍ਹਾਂ ਯਾਤਰੂਆਂ ਨੂੰ ਉੱਥੇ ਠਹਿਰਨ, ਵਿਸ਼ਰਾਮ ਕਰਨ ਦੀ ਸੁਵਿਧਾ ਅਤੇ ਸਮੇਂ ਅਨੁਸਾਰ ਹਰ ਤਰ੍ਹਾਂ ਦੀ ਜਾਣਕਾਰੀ ਵੀ ਮਿਲੇਗੀ। ਸਮਾਗਮਾਂ ਸਮੇਂ ਟ੍ਰੈਫਿਕ ਵਧਣ ਦੇ ਮੱਦੇਨਜ਼ਰ ਰੇਲਵੇ ਵੱਲੋਂ ਸੁਲਤਾਨਪੁਰੀ ਲੋਧੀ 'ਚ ਪੈਂਦੇ ਰੇਲਵੇ ਫਾਟਕਾਂ ਨੂੰ ਹਟਾ ਕੇ ਦੋ ਰੇਲਵੇ ਅੰਡਰ ਬ੍ਰਿਜ ਵੀ ਬਣਾਏ ਜਾ ਰਹੇ ਹਨ। ਸਮਾਗਮ 'ਚ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਪਹੁੰਚਣ ਵਾਲੇ ਸ਼ਰਧਾਲੂ ਦੇ ਮੱਦੇਨਜ਼ਰ ਵਿਸ਼ੇਸ਼ ਗੱਡੀਆਂ ਵੀ ਚਲਾਈਆਂ ਜਾਣਗੀਆਂ। ਉਨ੍ਹਾਂ ਦਾਅਵਾ ਕੀਤਾ ਕਿ ਰੇਲਵੇ ਅਕਤੂਬਰ ਮਹੀਨੇ ਤੱਕ ਸਾਰੇ ਪ੍ਰਬੰਧ ਮੁਕੰਮਲ ਕਰ ਲਵੇਗਾ।

# ਫੌਜੀ ਹਮਲੇ ਦੇ ਸ਼ਹੀਦਾਂ ਦੀ ਪੱਕੀ ਸੂਚੀ ਤਿਆਰ ਕਰਨ ਲਈ ਹੰਭਲਾ ਮਾਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਲੋਕਾਂ ਦੀ ਹੁਣ ਤੱਕ ਕੋਈ ਵੀ ਪੱਕੀ ਸੂਚੀ ਨਹੀਂ ਬਣੀ ਹੈ। ਇਸ ਵਾਰ ਸ਼ਹੀਦੀ ਸਮਾਗਮ ਸਮੇਂ ਇਸ ਦੀ ਪੱਕੀ ਸੂਚੀ ਤਿਆਰ ਕਰਨ ਦੀ ਮੰਗ ਉਭਰੀ ਹੈ। ਇਹ ਮੰਗ ਸਾਬਕਾ ਫੈਡਰੇਸ਼ਨ ਆਗੂ ਜਸਬੀਰ ਸਿੰਘ ਘੁੰਮਣ ਨੇ ਕੀਤੀ ਹੈ, ਜੋ ਕਿ ਜੋਧਪੁਰ ਬੰਦੀਆਂ ਵਿਚ ਸ਼ਾਮਲ ਸਨ।

ਸ੍ਰੀ ਘੁੰਮਣ ਨੇ 6 ਜੂਨ ਨੂੰ ਸ੍ਰੀ ਅਕਾਲ ਤਖਤ ਵਿਖੇ ਕਰਵਾਏ ਸਮਾਗਮ ਦੌਰਾਨ ਇਹ ਮੰਗ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲ ਰੱਖੀ ਸੀ ਅਤੇ ਮਗਰੋਂ ਉਹ ਇਸ ਸਬੰਧੀ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਮਿਲੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ 35 ਸਾਲ ਬੀਤਣ ਮਗਰੋਂ ਵੀ ਲੋਕਾਂ ਨੂੰ ਇਹ ਜਾਣਕਾਰੀ ਨਹੀਂ ਹੈ ਕਿ ਫੌਜੀ ਹਮਲੇ ਸਮੇਂ ਇਥੇ ਕਿੰਨੇ ਲੋਕ ਸ਼ਹੀਦ ਹੋਏ ਸਨ। ਇਸ ਕਰਕੇ ਹੁਣ ਇਸ ਸਬੰਧੀ ਦਸਤਾਵੇਜ਼ਾਂ ਨੂੰ ਜਨਤਕ ਕਰਨ ਤੋਂ ਇਲਾਵਾ ਸ਼ਹੀਦ ਹੋਏ ਲੋਕਾਂ ਦੀ ਪੱਕੀ ਸੂਚੀ ਤਿਆਰ ਹੋਣੀ ਚਾਹੀਦੀ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਉਹ ਇਹ ਸੂਚੀ ਅਗਲੇ ਵਰ੍ਹੇ ਤੱਕ ਤਿਆਰ ਕਰਨ ਲਈ ਯਤਨ ਕਰਨਗੇ। ਜ਼ਿਕਰਯੋਗ ਹੈ ਕਿ ਇਸ ਸਬੰਧੀ ਦਲ ਖਾਲਸਾ ਜਥੇਬੰਦੀ ਵੱਲੋਂ ਇਕ ਡਾਇਰੈਕਟਰੀ ਤਿਆਰ ਕੀਤੀ ਗਈ ਹੈ, ਜਿਸ ਵਿਚ ਹੁਣ ਤੱਕ 220 ਵਿਅਕਤੀਆਂ ਦੇ ਨਾਂ, ਫੋਟੋਆਂ ਅਤੇ ਵੇਰਵੇ ਸ਼ਾਮਲ ਕੀਤੇ ਗਏ ਹਨ। ਇਸੇ ਤਰ੍ਹਾਂ ਦਮਦਮੀ ਟਕਸਾਲ ਵੱਲੋਂ ਇਸ ਸਬੰਧੀ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਲਗਭਗ 900 ਵਿਅਕਤੀਆਂ ਦੀ ਇਕ ਸੂਚੀ ਤਿਆਰ ਕੀਤੀ ਗਈ ਹੈ, ਜਿਸ ਵਿਚੋਂ ਉਨ੍ਹਾਂ ਨੂੰ 60 ਤੋਂ 65 ਫੀਸਦ ਸ਼ਹੀਦਾਂ ਦੇ ਵੇਰਵੇ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਵੀ 450 ਸ਼ਹੀਦ ਹੋਏ ਲੋਕਾਂ ਦੇ ਨਾਂਵਾਂ ਦੀ ਇਕ ਸੂਚੀ ਲੱਗੀ ਹੋਈ ਹੈ।

## *ਪਰਵਾਸੀ ਪੰਜਾਬੀ ਦੀ ਜਹਾਜ਼ 'ਚ ਮੌਤ*

**ਨਡਾਲਾ:** ਪਿੰਡ ਲੱਖਣ ਕੇ ਪੱਡਾ (ਕਪੂਰਥਲਾ) ਦੇ 60 ਸਾਲਾ ਪ੍ਰਪਿੰਦਰਪਾਲ ਸਿੰਘ ਪੱਡਾ ਦੀ ਅਮਰੀਕਾ ਤੋਂ ਭਾਰਤ ਪਰਤਦਿਆਂ ਜਹਾਜ਼ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਬ੍ਰਹਮਜੋਤ ਸਿੰਘ ਪੱਡਾ ਨੇ ਦੱਸਿਆ ਕਿ ਉਸ ਦੇ ਪਿਤਾ ਪ੍ਰਪਿੰਦਰਪਾਲ ਤੇ ਮਾਤਾ ਪ੍ਰਭਦੀਪ ਕੌਰ 4 ਜੂਨ ਨੂੰ ਵਾਸ਼ਿੰਗਟਨ ਤੋਂ ਏਅਰ ਇੰਡੀਆ ਦੀ ਫਲਾਈਟ ਰਾਹੀਂ ਨਵੀਂ ਦਿੱਲੀ ਆ ਰਹੇ ਸਨ ਪਰ ਪੰਜ ਕੁ ਘੰਟਿਆਂ ਬਾਅਦ ਉਨ੍ਹਾਂ ਨੂੰ ਬੇਚੈਨੀ ਹੋਈ ਤੇ ਛਾਤੀ ਵਿਚ ਦਰਦ ਉੱਠਿਆ। ਇਸ ਦੌਰਾਨ ਜਹਾਜ਼ ਦੇ ਅਮਲੇ ਨੇ ਆਕਸੀਜਨ ਲਗਾਈ ਤੇ ਦਵਾਈ ਦਿੱਤੀ। ਅਮਲੇ ਨੇ ਉਨ੍ਹਾਂ ਨੂੰ ਇੰਗਲੈਂਡ ਉਤਰਨ ਦੀ ਪੇਸ਼ਕਸ਼ ਵੀ ਦਿੱਤੀ, ਉਸ ਦੇ ਪਿਤਾ ਨੇ ਕਿਹਾ ਕਿ ਉਹ ਦਿੱਲੀ ਹੀ ਉਤਰਨਗੇ ਪਰ 2 ਘੰਟਿਆਂ ਬਾਅਦ ਫਿਰ ਤਕਲੀਫ ਹੋਣੀ ਸ਼ੁਰੂ ਹੋ ਗਈ ਤੇ ਉਨ੍ਹਾਂ ਦੀ ਮੌਤ ਹੋ ਗਈ।

# ਮੋਦੀ ਲਹਿਰ ਨੇ ਅਕਾਲੀ-ਭਾਜਪਾ ਗੱਠਜੋੜ ਲਈ ਵਧਾਈਆਂ ਚੁਣੌਤੀਆਂ

**ਚੰਡੀਗੜ੍ਹ:** ਲੋਕ ਸਭਾ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ 303 ਸੀਟਾਂ 'ਤੇ ਮਿਲੀ ਜਿੱਤ ਅਤੇ ਪੰਜਾਬ ਵਿਚ ਅਕਾਲੀ ਦਲ ਦੀ ਕਮਜ਼ੋਰ ਸਥਿਤੀ ਦੇ ਕਾਰਨ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨੇ ਸੂਬੇ ਵਿਚ ਹਿੱਸੇਦਾਰੀ ਵਧਾਉਣ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਕਮਲ ਸ਼ਰਮਾ ਵੱਲੋਂ ਆਉਣ ਵਾਲੇ ਸਮਿਆਂ ਵਿਚ ਵੱਧ ਸੀਟਾਂ ਦੀ ਮੰਗ ਨੇ ਅਕਾਲੀ-ਭਾਜਪਾ ਗੱਠਜੋੜ ਲਈ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ।

ਭਾਜਪਾ ਦਾ ਦਾਅਵਾ ਹੈ ਕਿ ਨਰਿੰਦਰ ਮੋਦੀ ਦੇ ਪ੍ਰਭਾਵ ਕਾਰਨ ਸ਼ਹਿਰੀ ਵੋਟ ਨੇ ਅਕਾਲੀ ਦਲ ਨੂੰ ਕੁਝ ਥਾਵਾਂ 'ਤੇ ਹਾਰ ਤੋਂ ਬਚਾਇਆ ਹੈ ਅਤੇ ਹਰਸਿਮਰਤ ਕੌਰ ਦੀ ਜਿੱਤ ਵਿਚ ਵੀ ਉਸ ਦੀ ਭੂਮਿਕਾ ਅਹਿਮ ਹੈ। ਅਕਾਲੀ ਦਲ ਦੀ ਬੁਨਿਆਦੀ ਦਿਹਾਤੀ ਤੇ ਪੰਥਕ ਵੋਟ ਨੂੰ ਖੋਰਾ ਲੱਗਿਆ ਹੈ। ਇਸ ਗੱਲ ਨੂੰ ਅਕਾਲੀ ਦਲ ਦੇ ਸੀਨੀਅਰ ਆਗੂ ਵੀ ਸਵੀਕਾਰ ਕਰ ਰਹੇ ਹਨ। ਅਕਾਲੀ ਦਲ ਦੇ ਅੰਦਰ ਵੀ ਇਕ ਹਿੱਸਾ ਭਾਰਤੀ ਜਨਤਾ ਪਾਰਟੀ ਨਾਲ ਕੀਤੇ ਗਏ ਗੱਠਜੋੜ ਸਬੰਧੀ ਅਲੱਗ ਰਾਇ ਰੱਖਦਾ ਹੈ। ਅਕਾਲੀ-ਭਾਜਪਾ ਗੱਠਜੋੜ ਦਾ ਮੌਜੂਦਾ ਸਰੂਪ 1996 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਸਾਹਮਣੇ ਆਇਆ ਸੀ। ਉਸ ਵਕਤ ਭਾਜਪਾ ਇਕੱਲੀ ਵੱਡੀ ਪਾਰਟੀ ਸੀ ਪਰ ਸ਼ਿਵ ਸੈਨਾ ਤੋਂ ਬਿਨਾ ਕੋਈ ਵੀ ਖੇਤਰੀ ਪਾਰਟੀ ਇਸ ਦੇ ਫਿਰਕੂ ਤਰਜ਼ ਦੇ ਏਜੰਡੇ ਕਰਕੇ ਇਸ ਨਾਲ ਗੱਠਜੋੜ ਕਰਨ ਲਈ ਤਿਆਰ ਨਹੀਂ ਸੀ। ਅਕਾਲੀ ਦਲ ਨੇ ਉਸ ਵਕਤ ਕੇਂਦਰ ਵਿਚ ਸਰਕਾਰ ਬਣਾਉਣ ਲਈ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦਿੱਤੀ।

ਇਹ ਹਮਾਇਤ ਅੱਜ ਤੱਕ ਜਾਰੀ ਹੈ। ਮੋੜਵੇਂ ਰੂਪ ਵਿਚ ਅਟੱਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਜੋੜੀ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਬਿਨਾ ਸ਼ਰਤ ਹਮਾਇਤ ਦਿੰਦੀ ਰਹੀ। ਇਸੇ



ਕਰਕੇ ਭਾਜਪਾ ਦੇ ਸੂਬਾਈ ਆਗੂਆਂ ਦੀਆਂ ਸ਼ਿਕਾਇਤਾਂ ਦੀ ਕੇਂਦਰੀ ਪੱਧਰ ਉਤੇ ਕਦੇ ਕੋਈ ਸੁਣਵਾਈ ਨਹੀਂ ਹੋਈ। ਸੁਖਬੀਰ ਬਾਦਲ ਦੇ ਸਰਕਾਰ ਵਿਚ ਸ਼ਕਤੀਸ਼ਾਲੀ ਹੋਣ ਦੇ ਦੌਰਾਨ ਭਾਜਪਾ ਦੇ ਸਥਾਨਕ ਆਗੂ ਕੇਂਦਰੀ ਆਗੂਆਂ ਕੋਲ ਸ਼ਿਕਾਇਤਾਂ ਕਰਦੇ ਰਹੇ ਪਰ ਕੋਈ ਫਾਇਦਾ ਨਾ ਹੋਇਆ। ਸਮਾਂ ਬੀਤਣ ਨਾਲ ਭਾਜਪਾ ਦੇ ਪੁਰਾਣੇ ਆਗੂ ਸਿਆਸੀ ਦ੍ਰਿਸ਼ ਤੋਂ ਲਾਂਭੇ ਹੋ ਗਏ, ਅਕਾਲੀ ਦਲ ਵਿਚ ਵੀ ਪ੍ਰਕਾਸ਼ ਸਿੰਘ ਬਾਦਲ ਦਾ ਦੌਰ ਗੁਜ਼ਰ ਚੁੱਕਾ ਹੈ। ਪ੍ਰਕਾਸ਼ ਸਿੰਘ ਬਾਦਲ ਦੁਆਰਾ ਅਕਾਲੀ-ਭਾਜਪਾ ਦੇ ਰਿਸ਼ਤੇ ਦੇ ਅਟੁੱਟ ਹੋਣ ਵਾਲੀ ਦਲੀਲ ਪਹਿਲਾਂ ਜਿੰਨੀ ਵਜ਼ਨਦਾਰ ਰਹਿਣ ਦੀ ਸੰਭਾਵਨਾ ਨਹੀਂ। ਰਾਜਸੀ ਮਾਹਿਰਾਂ ਅਨੁਸਾਰ ਕਿਉਂਕਿ ਭਾਜਪਾ ਨੇ ਦੇਸ਼ ਦੀ ਵੱਡੀ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਸੱਤਾ ਦੀ ਹਿੱਸੇਦਾਰੀ ਤੋਂ ਲਗਭਗ ਬਾਹਰ ਕਰ ਦਿੱਤਾ ਹੈ, ਇਸ ਲਈ ਇਨਸਾਫ ਕਰਨ ਦੀ ਦਾਅਵੇਦਾਰੀ ਨੂੰ ਸਿੱਧ ਕਰਨ ਲਈ ਭਾਜਪਾ ਅਕਾਲੀ ਦਲ ਨਾਲ ਆਪਣਾ ਗੱਠਜੋੜ ਬਣਾਈ ਰੱਖੇਗੀ। 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਵਿਚ ਤਰੇੜਾਂ ਉਸ ਵਕਤ ਵੀ ਉੱਭਰੀਆਂ ਸਨ ਜਦੋਂ ਸੁਖਬੀਰ ਸਿੰਘ ਬਾਦਲ ਨੇ ਸਰਹੱਦ ਤੋਂ ਨਸ਼ਾ ਆਉਣ ਦੀ ਦਲੀਲ ਦਿੰਦਿਆਂ ਧਰਨੇ ਦੇਣ ਦਾ ਐਲਾਨ ਕੀਤਾ ਸੀ। ਇਸੇ ਮੌਕੇ ਕਈ ਸਿੱਖ ਆਗੂਆਂ ਦੇ ਭਾਜਪਾ ਵਿਚ ਜਾਣ ਦੀ ਚਰਚਾ ਵੀ ਜ਼ੋਰ ਫੜ ਰਹੀ ਸੀ। ਹਾਲ ਦੀ ਘੜੀ ਗੱਠਜੋੜ ਤਾਂ ਜਾਰੀ ਰਹੇਗਾ ਪਰ ਗੱਠਜੋੜ ਅੰਦਰ ਸ਼ਕਤੀਆਂ ਦਾ ਸਮਤੋਲ ਬਦਲਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੇ ਦਿਹਾਤੀ ਖੇਤਰ ਵਿਚ ਵੋਟ ਬੈਂਕ ਨੂੰ ਖੋਰਾ ਲੱਗਣ ਦੇ ਮਾਮਲੇ ਨੂੰ ਖਤਰੇ ਦੀ ਘੰਟੀ ਮੰਨਿਆ ਜਾ ਰਿਹਾ ਹੈ। ਇਹ ਮੁੱਦਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਭਾਰੂ ਰਿਹਾ ਸੀ ਤੇ ਪਾਰਟੀ ਦੇ ਸੀਨੀਅਰ ਆਗੂਆਂ ਨੇ ਦਿਹਾਤੀ ਖੇਤਰ ਵਿਚ ਅਧਾਰ ਮਜ਼ਬੂਤ ਕਰਨ ਲਈ ਕਦਮ ਚੁੱਕਣ 'ਤੇ ਜ਼ੋਰ ਦਿੱਤਾ। ਹਾਲਾਂਕਿ ਅਕਾਲੀ ਦਲ ਵੱਲੋਂ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਕਾਲੀ-ਭਾਜਪਾ ਗੱਠਜੋੜ ਵੱਲੋਂ ਸੰਸਦੀ ਚੋਣਾਂ ਦੌਰਾਨ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦਿਖਾਈ ਗਈ ਹੈ ਤੇ 35 ਵਿਧਾਨ ਸਭਾ ਹਲਕਿਆਂ ਵਿਚ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਪਛਾੜ ਦਿੱਤਾ ਗਿਆ ਜਦਕਿ 2017 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਗੱਠਜੋੜ ਪਾਰਟੀਆਂ ਨੇ 18 ਹਲਕਿਆਂ 'ਚ ਜਿੱਤ ਹਾਸਲ ਕੀਤੀ ਸੀ। ਪਾਰਟੀ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਦਿਹਾਤੀ ਖੇਤਰ ਵਿਚੋਂ ਵੋਟ ਬੈਂਕ ਨੂੰ ਖੋਰਾ ਲੱਗਣ ਦਾ ਮਾਮਲਾ ਚਿੰਤਾਜਨਕ ਹੈ।

## ਨਵਾਂ ਪੰਜਾਬ ਪਾਰਟੀ ਵੱਲੋਂ ਪੰਜਾਬ ਪੱਖੀ ਪਾਰਟੀ ਬਣਾਉਣ ਦਾ ਸੱਦਾ

**ਪਟਿਆਲਾ:** ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ ਨੇ ਐਲਾਨ ਕੀਤਾ ਹੈ ਕਿ ਬਾਕੀ ਸੂਬਿਆਂ ਦੀਆਂ ਖੇਤਰੀ ਪਾਰਟੀਆਂ ਅਤੇ ਜਮਹੂਰੀਅਤ ਪੱਖੀ ਦੇਸ਼-ਵਿਆਪੀ ਪਾਰਟੀਆਂ ਨਾਲ ਮਿਲ ਕੇ ਭਾਰਤ ਨੂੰ ਜਮਹੂਰੀ ਲੀਹਾਂ 'ਤੇ ਪਾ ਕੇ 'ਫੈਡਰਲ ਭਾਰਤ' ਬਣਾਉਣ ਲਈ ਯਤਨ ਕੀਤਾ ਜਾਵੇਗਾ ਜਿਸ ਲਈ ਉਨ੍ਹਾਂ ਨੌਜਵਾਨਾਂ, ਔਰਤਾਂ, ਦਲਿਤਾਂ, ਸਿੱਖ, ਹਿੰਦੂ, ਮੁਸਲਮਾਨ, ਪੱਛੜੇ ਭਾਈਚਾਰਿਆਂ ਦੇ ਪੰਜਾਬ ਦਰਦੀਆਂ ਨੂੰ ਇਕਮੁੱਠ ਹੋ ਕੇ ਨਵਾਂ ਪੰਜਾਬ ਸਿਰਜਣ ਦਾ ਸੱਦਾ ਦਿੱਤਾ ਹੈ। ਨਵਾਂ ਪੰਜਾਬ ਪਾਰਟੀ ਦੇ ਪ੍ਰਧਾਨ ਜਗਦੇਵ ਸਿੰਘ ਗਰੇਵਾਲ ਨੇ ਪੰਜਾਬ ਪੱਖੀ ਸਿਆਸੀ ਧਿਰਾਂ ਨੂੰ ਸੱਦਾ ਦਿੱਤਾ ਕਿ ਪੰਜਾਬ ਪੱਖੀ ਸਿਆਸੀ ਪ੍ਰੋਗਰਾਮ ਬਣਾ ਕੇ ਪੰਜਾਬ ਹਿਤੂ ਪਾਰਟੀ ਬਣਾਉਣ ਵੱਲ ਅੱਗੇ ਵਧਣ। ਉਨ੍ਹਾਂ ਪਿਛਲੀ ਭਾਜਪਾ ਸਰਕਾਰ 'ਤੇ ਵਾਅਦੇ ਪੂਰੇ ਨਾ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਪਾਰਟੀ ਨੇ ਆਪਣੇ ਹੀ ਦੇਸ਼ ਵਾਸੀਆਂ ਨੂੰ ਰਾਸ਼ਟਰ ਵਿਰੋਧੀ ਦਾ ਦਰਜਾ ਦੇਣ ਦਾ ਰਾਹ ਫੜ ਲਿਆ ਹੈ।

# ਚੋਣਾਂ 'ਚ ਹਾਰ ਪਿੱਛੋਂ ਖਹਿਰਾ ਨੂੰ ਆਈ ਪੰਜਾਬ ਦੇ ਮਸਲਿਆਂ ਦੀ ਯਾਦ

**ਜਲੰਧਰ:** ਪੰਜਾਬ ਏਕਤਾ ਪਾਰਟੀ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ, ਜ਼ਿਲ੍ਹਾ ਪ੍ਰਧਾਨਾਂ ਤੇ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਪ੍ਰਧਾਨਾਂ ਦੀ ਮੀਟਿੰਗ ਨੇ ਲੰਬੀ ਵਿਚਾਰ ਤੋਂ ਬਾਅਦ ਐਲਾਨ



ਕੀਤਾ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਉੱਪਰ ਪੰਜਾਬ ਦੇ ਬਣਦੇ ਹੱਕ ਦੇ ਮੁੱਦੇ ਨੂੰ ਲੈ ਕੇ ਆਵਾਜ਼ ਬੁਲੰਦ ਕੀਤੀ ਜਾਵੇਗੀ ਅਤੇ 16 ਨਵੰਬਰ 2016 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਹੋਰਨਾਂ ਰਾਜਾਂ ਨੂੰ ਜਾਂਦੇ ਦਰਿਆਈ ਪਾਣੀਆਂ ਦਾ ਮੁਆਵਜ਼ਾ (ਰਿਐਲਟੀ) ਲੈਣ ਲਈ ਬਿੱਲ ਭੇਜਣ ਤੇ ਰਕਮ ਵਸੂਲਣ ਲਈ ਕਾਰਵਾਈ ਕਰਨ ਉਪਰ ਜ਼ੋਰ ਦਿੱਤਾ ਜਾਵੇਗਾ।

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਚੋਣ ਨਤੀਜਿਆਂ ਦੀ ਸਮੀਖਿਆ ਕਰਦਿਆਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਪੰਜਾਬ ਜਮਹੂਰੀ ਗੱਠਜੋੜ 'ਚ ਸ਼ਾਮਿਲ ਤਿੰਨ ਧਿਰਾਂ ਪੰਜਾਬ ਏਕਤਾ ਪਾਰਟੀ, ਬੈਂਸ ਭਰਾ ਤੇ ਡਾ: ਧਰਮਵੀਰ ਗਾਂਧੀ ਦੇ ਗਰੁੱਪ ਨੇ ਵੱਖਰੇ-ਵੱਖਰੇ ਚੋਣ ਨਿਸ਼ਾਨ ਉੱਪਰ ਚੋਣ ਲੜੀ ਤੇ ਇਸ ਦੇ ਸਮੁੱਚੀ ਚੋਣ ਮੁਹਿੰਮ ਉੱਪਰ ਮਾੜਾ ਪ੍ਰਭਾਵ ਰਿਹਾ।

ਮੀਟਿੰਗ 'ਚ ਫੈਸਲਾ ਕੀਤਾ ਕਿ ਤਿੰਨਾਂ ਗਰੁੱਪਾਂ ਨੂੰ ਇਕ ਵਿਧਾਨ, ਇਕ ਪ੍ਰਧਾਨ ਤੇ ਇਕ ਨਿਸ਼ਾਨ ਹੋਣ ਲਈ ਪਾਰਟੀ ਵੱਲੋਂ ਜਲਦੀ ਇਕ ਛੋਟੀ ਕਮੇਟੀ ਗਠਿਤ ਕੀਤੀ ਜਾਵੇਗੀ। ਇਹ ਕਮੇਟੀ ਅਕਾਲੀ ਦਲ ਟਕਸਾਲੀ ਨਾਲ ਵੀ ਏਕਤਾ ਲਈ ਗੱਲਬਾਤ ਚਲਾਏਗੀ। ਉਨ੍ਹਾਂ ਕਿਹਾ ਕਿ 'ਆਪ' ਨਾਲ ਗਠਜੋੜ ਬਣਾ ਕੇ ਚੱਲਣ ਦਾ ਯਤਨ ਕਰਾਂਗੇ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਪੰਜਾਬ ਦੇ ਦਰਿਆਵਾਂ ਦੀ ਸਫਾਈ ਤੇ ਵਾਤਾਵਰਨ ਦੀ ਸ਼ੁੱਧਤਾ ਲਈ ਲੁਧਿਆਣਾ ਵਿਚੋਂ ਲੰਘਦੇ ਬੁੱਢਾ ਨਾਲੇ ਤੋਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਮੀਟਿੰਗ ਵਿਚ ਖਹਿਰਾ ਧੜੇ ਨਾਲ ਪਹਿਲਾਂ ਖੜ੍ਹੇ 7 ਵਿਧਾਇਕਾਂ ਵਿਚੋਂ ਸਿਰਫ ਮਾਸਟਰ ਬਲਦੇਵ ਸਿੰਘ ਤੇ ਜਗਦੇਵ ਸਿੰਘ ਕਮਾਲੂ ਹੀ ਹਾਜ਼ਰ ਹੋਏ।

# ਪੰਜਾਬ ਖੇਡ ਯੂਨੀਵਰਸਿਟੀ ਆਰਡੀਨੈਂਸ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਦੀ ਹੋਈ ਬੈਠਕ 'ਚ ਪਟਿਆਲਾ ਵਿਖੇ ਪੰਜਾਬ ਸਪੋਰਟਸ ਯੂਨੀਵਰਸਿਟੀ ਦੀ ਸਥਾਪਤੀ ਨੂੰ ਪ੍ਰਵਾਨਗੀ ਦਿੰਦਿਆਂ ਪੰਜਾਬ ਸਪੋਰਟਸ ਯੂਨੀਵਰਸਿਟੀ ਆਰਡੀਨੈਂਸ 2019 ਨੂੰ ਮਨਜ਼ੂਰ ਕਰਕੇ ਯੂਨੀਵਰਸਿਟੀ ਦੀ ਸਥਾਪਨਾ ਲਈ ਰਾਹ ਪੱਧਰਾ ਕਰ ਦਿੱਤਾ। ਆਰਡੀਨੈਂਸ ਜਾਰੀ ਹੋਣ ਨਾਲ ਹੁਣ ਯੂਨੀਵਰਸਿਟੀ ਦੀ ਸਥਾਪਨਾ ਦੇ ਨਾਲ-ਨਾਲ ਯੂਨੀਵਰਸਿਟੀ ਦੇ ਚਾਂਸਲਰ ਅਤੇ ਦੂਜੇ ਵਿਭਾਗ ਆਦਿ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਮੰਤਰੀ ਮੰਡਲ ਵਲੋਂ ਮੋਹਾਲੀ ਵਿਖੇ ਮੈਡੀਕਲ ਕਾਲਜ ਦੀ ਸਥਾਪਨਾ ਲਈ 994 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਉਕਤ ਕਾਲਜ ਲਈ 23 ਏਕੜ ਜ਼ਮੀਨ ਪ੍ਰਾਪਤ ਕਰ ਲਈ ਗਈ ਹੈ ਅਤੇ ਇਸ ਕਾਲਜ 'ਚ 100 ਐਮ.ਬੀ.ਬੀ.ਐਸ. ਦੀਆਂ ਸੀਟਾਂ ਰੱਖੀਆਂ ਜਾਣਗੀਆਂ।

ਰਾਜ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਉਕਤ ਅਸਾਮੀਆਂ ਸਿਰਜਣ ਨਾਲ ਪਹਿਲੇ ਸਾਲ 25 ਕਰੋੜ ਅਤੇ 5ਵੇਂ ਸਾਲ ਤੱਕ 41 ਕਰੋੜ ਦਾ ਖਜਾਨੇ 'ਤੇ ਵਾਧੂ ਬੋਝ ਪਵੇਗਾ ਅਤੇ ਇਸ ਕਾਲਜ ਲਈ ਕੇਂਦਰ ਵਲੋਂ 60 ਫੀਸਦੀ ਅਤੇ ਸੂਬਾ ਸਰਕਾਰ ਵਲੋਂ 40 ਫੀਸਦੀ ਗ੍ਰਾਂਟ ਦਿੱਤੀ ਜਾਵੇਗੀ, ਜਦੋਂਕਿ ਪ੍ਰੋਜੈਕਟ 'ਤੇ ਕੁੱਲ ਖਰਚਾ 189 ਕਰੋੜ ਦਾ ਹੋਵੇਗਾ ਅਤੇ ਭਾਰਤ ਸਰਕਾਰ ਵਲੋਂ ਆਪਣੇ ਹਿੱਸੇ 'ਚੋਂ 102 ਕਰੋੜ ਰੁਪਏ ਦੀ ਰਾਸ਼ੀ ਜਾਰੀ




ਕੀਤੀ ਜਾ ਚੁੱਕੀ ਹੈ। ਮੰਤਰੀ ਮੰਡਲ ਵਲੋਂ ਪ੍ਰਾਈਵੇਟ ਮੈਡੀਕਲ ਸੰਸਥਾਵਾਂ ਦੇ ਫੀਸ ਢਾਂਚੇ ਅਤੇ ਦੂਜੀਆਂ ਸਮੱਸਿਆਵਾਂ ਨੂੰ ਘੋਖਣ ਲਈ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ ਅਤੇ ਚਰਨਜੀਤ ਸਿੰਘ ਚੰਨੀ 'ਤੇ ਅਧਾਰਿਤ 3 ਮੈਂਬਰੀ ਕਮੇਟੀ ਦੇ ਗਠਨ ਦਾ ਫੈਸਲਾ ਕੀਤਾ ਗਿਆ। ਉਕਤ ਕਮੇਟੀ ਰਾਜ ਦੀਆਂ ਨਿੱਜੀ ਖੇਤਰ ਦੀਆਂ ਮੈਡੀਕਲ ਸੰਸਥਾਵਾਂ ਦੇ ਫੀਸ ਢਾਂਚੇ ਨੂੰ ਤਰਕਸੰਗਤ ਕਰਨ ਅਤੇ ਇਨ੍ਹਾਂ ਸੰਸਥਾਵਾਂ ਦੇ ਕੰਮ ਕਾਜ ਵਿਚ ਸੁਧਾਰ ਲਿਆਉਣ ਲਈ ਸੁਝਾਅ ਦੇਵੇਗੀ। ਮੰਤਰੀ ਮੰਡਲ ਵਲੋਂ ਪੰਜਾਬ ਦੇ ਹੁਨਰ ਵਿਕਾਸ ਮਿਸ਼ਨ ਦਾ ਰਾਜ ਦੇ ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ 'ਚ ਰਲੇਵਾਂ ਕਰਨ ਸਬੰਧੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦਿੱਤੀ।

ਮੁੱਖ ਮੰਤਰੀ ਵੱਲੋਂ ਰਾਜ 'ਚ ਰੁਜ਼ਗਾਰ ਉਤਪਤੀ ਅਤੇ ਰੁਜ਼ਗਾਰ 'ਚ ਸਿਖਲਾਈ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ ਵਿਭਾਗ ਨੂੰ ਮਜ਼ਬੂਤ ਕੀਤੇ ਜਾਣ 'ਤੇ ਜ਼ੋਰ ਦਿੱਤਾ ਗਿਆ ਤਾਂ ਜੋ ਘਰ-ਘਰ ਰੁਜ਼ਗਾਰ ਮਿਸ਼ਨ ਦੇ ਪ੍ਰੋਗਰਾਮ ਨੂੰ ਪੂਰੀ ਕਾਮਯਾਬੀ ਮਿਲ ਸਕੇ। ਮੰਤਰੀ ਮੰਡਲ ਨੇ ਰਾਜ ਵਿਚ ਵਿਕਾਸ ਦੀ ਰਫਤਾਰ ਨੂੰ ਤੇਜ ਕਰਨ ਅਤੇ ਮੁਲਾਜ਼ਮਾਂ ਦੀ ਅਖੰਡਤਾ ਅਤੇ ਕਾਰਗੁਜ਼ਾਰੀ ਸਬੰਧੀ ਮਾਪਦੰਡ ਨਿਰਧਾਰਤ ਕਰਨ ਦਾ ਵੀ ਫੈਸਲਾ ਲਿਆ। ਇਹ ਵੀ ਫੈਸਲਾ ਲਿਆ ਕਿ ਵੱਖ-ਵੱਖ ਵਿਭਾਗ ਮਿਥੇ ਟੀਚਿਆਂ ਅਨੁਸਾਰ ਕੰਮ ਕਰਨਗੇ ਅਤੇ ਵਿਕਾਸ ਦੇ ਟੀਚਿਆਂ ਲਈ 4 ਸਾਲਾ ਰਾਜਨੀਤਕ ਕਾਰਜ ਯੋਜਨਾ ਨਿਰਧਾਰਤ ਹੋਵੇਗੀ।

# ਲੋਕ ਸਭਾ ਚੋਣਾਂ: 610 ਪਾਰਟੀਆਂ ਨਹੀਂ ਜਿੱਤ ਸਕੀਆਂ ਇਕ ਵੀ ਸੀਟ

**ਨਵੀਂ ਦਿੱਲੀ:** ਦੇਸ਼ ਵਿਚਲੀਆਂ ਕੁੱਲ 610 ਪਾਰਟੀਆਂ ਜਿਨ੍ਹਾਂ ਵਿਚ ਵਧੇਰੇ ਕਰਕੇ ਖੇਤਰੀ ਅਤੇ ਛੋਟੀਆਂ ਰਾਜਸੀ ਪਾਰਟੀਆਂ ਸ਼ਾਮਲ ਹਨ, ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਕ ਵੀ ਸੀਟ ਨਹੀਂ ਜਿੱਤ ਸਕੀਆਂ। 530 ਪਾਰਟੀਆਂ ਦਾ ਵੋਟ ਫੀਸਦੀ ਹਿੱਸਾ ਵੀ ਸਿਫਰ ਰਿਹਾ ਹੈ।



ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਕੁੱਲ 13 ਪਾਰਟੀਆਂ ਅਜਿਹੀਆਂ ਹਨ, ਜਿਨ੍ਹਾਂ ਨੇ ਇਕ-ਇਕ ਸੀਟ ਜਿੱਤ ਕੇ ਲੋਕ ਸਭਾ ਵਿਚ ਖਾਤਾ ਖੋਲ੍ਹਿਆ ਹੈ। ਇਨ੍ਹਾਂ ਤੋਂ ਇਲਾਵਾ ਜੋ ਪਾਰਟੀਆਂ ਲੋਕ ਸਭਾ ਵਿਚ ਖਾਤਾ ਵੀ ਨਹੀਂ ਖੋਲ੍ਹ ਸਕੀਆਂ, ਉਨ੍ਹਾਂ ਵਿਚ ਮੁੱਖ ਤੌਰ ਉਤੇ ਫਾਰਵਰਡ ਬਲਾਕ, ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.), ਜੰਮੂ ਅਤੇ ਕਸ਼ਮੀਰ ਡੈਮੋਕਰੇਟਿਕ ਪਾਰਟੀ, ਰਾਸ਼ਟਰੀਆ ਜਨਤਾ ਦਲ ਅਤੇ ਪੀ.ਐਮ.ਕੇ. ਪ੍ਰਮੁੱਖ ਹਨ। ਇਸ ਵਾਰ ਦੇਸ਼ ਦੀਆਂ 37 ਪਾਰਟੀਆਂ ਲੋਕ ਸਭਾ ਵਿਚ ਆਪਣੀ ਹਾਜ਼ਰੀ ਲਵਾਉਣ ਵਿਚ ਕਾਮਯਾਬ ਹੋਈਆਂ ਹਨ। ਇਨ੍ਹਾਂ ਵਿਚੋਂ ਇਕੱਲੀ ਭਾਜਪਾ 303 ਸੀਟਾਂ ਜਿੱਤ ਗਈ ਹੈ ਅਤੇ ਕਾਂਗਰਸ ਨੂੰ 52 ਸੀਟਾਂ ਮਿਲੀਆਂ ਹਨ।

ਲੋਕ ਸਭਾ ਚੋਣਾਂ ਵਿਚ ਜਿਨ੍ਹਾਂ ਪਾਰਟੀਆਂ ਨੇ ਸਿਰਫ ਇਕ-ਇਕ ਸੀਟ ਜਿੱਤੀ ਹੈ, ਉਨ੍ਹਾਂ ਵਿਚ ਆਮ ਆਦਮੀ ਪਾਰਟੀ ਵੀ ਸ਼ਾਮਲ ਹੈ, ਜਿਸ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਪੰਜਾਬ ਦੇ ਸੰਗਰੂਰ ਲੋਕ ਸਭਾ ਹਲਕੇ ਤੋਂ ਦੂਜੀ ਵਾਰ ਜਿੱਤਣ ਵਿਚ ਕਾਮਯਾਬ ਹੋਏ ਹਨ। ਇਸ ਸਾਲ ਛੇ ਕੌਮੀ ਪਾਰਟੀਆਂ ਜਿਨ੍ਹਾਂ ਦੇ ਵਿਚ ਭਾਜਪਾ, ਕਾਂਗਰਸ, ਬਸਪਾ, ਸੀ.ਪੀ.ਆਈ., ਸੀ.ਪੀ.ਐਮ. ਅਤੇ ਐਨ.ਸੀ.ਪੀ. ਸ਼ਾਮਲ ਹਨ, ਨੇ ਕੁੱਲ 375 ਸੀਟਾਂ ਜਿੱਤੀਆਂ ਹਨ ਜਦੋਂ ਕਿ ਸਾਲ 2014 ਵਿਚ ਇਨ੍ਹਾਂ ਪਾਰਟੀਆਂ ਨੇ 342 ਸੀਟਾਂ ਜਿੱਤੀਆਂ ਸਨ।

# ਕੇਂਦਰ ਵੱਲੋਂ ਪੰਜਾਬ ਨੂੰ 'ਸਰਟੀਫਿਕੇਟ ਆਫ ਅਚੀਵਮੈਂਟ'

**ਚੰਡੀਗੜ੍ਹ:** ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਵਿਸ਼ਵ ਖੁਰਾਕ ਸੁਰੱਖਿਆ ਦਿਵਸ ਮੌਕੇ ਪੰਜਾਬ ਨੂੰ 'ਸਰਟੀਫਿਕੇਟ ਆਫ ਅਚੀਵਮੈਂਟ' ਨਾਲ ਨਿਵਾਜਿਆ ਹੈ।

ਫੂਡ ਸੇਫਟੀ ਤੇ ਡਰੱਗ ਪ੍ਰਬੰਧਨ ਪੰਜਾਬ ਦੇ ਕਮਿਸ਼ਨਰ ਕਾਹਨ ਸਿੰਘ ਪੰਨੂ ਨੇ ਨਵੀਂ ਦਿੱਲੀ ਵਿਚ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਸਰਟੀਫਿਕੇਟ ਪ੍ਰਾਪਤ ਕਰਨ ਮਗਰੋਂ ਦੱਸਿਆ ਕਿ ਪੰਜਾਬ ਨੂੰ ਇਹ ਸਰਟੀਫਿਕੇਟ ਪਹਿਲੀ ਅਪਰੈਲ, 2018 ਤੋਂ 31 ਮਾਰਚ, 2019 ਦੌਰਾਨ ਸਟੇਟ ਫੂਡ ਸੇਫਟੀ ਇੰਡੈਕਸ (ਐਸ.ਐਫ.ਐਸ.ਆਈ.) ਵਿਚ ਫੂਡ ਸੇਫਟੀ ਸਬੰਧੀ ਵੱਖ-ਵੱਖ ਮਾਪਦੰਡਾਂ ਅਨੁਸਾਰ ਚੰਗੀ ਕਾਰਗੁਜ਼ਾਰੀ ਕਰਨ ਵਾਲਿਆਂ ਵਿਚੋਂ ਇਕ ਸੂਬਾ ਹੋਣ ਕਰਕੇ ਮਿਲਿਆ ਹੈ।

ਪੰਜਾਬ ਵਿਚ ਖੁਰਾਕੀ ਵਸਤਾਂ ਵਿਚ ਵਧ ਰਹੀ ਮਿਲਾਵਟ ਨਾਲ ਨਜਿੱਠਣ ਲਈ ਸੂਬਾ 'ਮਿਸ਼ਨ ਤੰਦਰੁਸਤ ਪੰਜਾਬ' ਤਹਿਤ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਪਿਛਲੇ ਇਕ ਸਾਲ ਦੌਰਾਨ ਭੋਜਨ ਵਪਾਰ ਨਾਲ ਜੁੜੀਆਂ 10,000 ਤੋਂ ਵੱਧ ਥਾਵਾਂ 'ਤੇ ਛਾਪੇ ਮਾਰੇ ਗਏ ਹਨ। ਮਿਲਾਵਟਖੋਰੀ ਕਰਨ ਵਾਲਿਆਂ ਨੂੰ 1.50 ਕਰੋੜ ਰੁਪਏ ਦੇ ਜੁਰਮਾਨੇ ਕੀਤੇ ਹਨ ਅਤੇ ਇਕ ਕਰੋੜ ਦੀ ਕੀਮਤ ਵਾਲੇ ਘਟੀਆ ਜਾਂ ਮਿਲਾਵਟੀ ਖੁਰਾਕ ਪਦਾਰਥਾਂ ਨੂੰ ਨਸ਼ਟ ਕੀਤਾ ਜਾ ਚੁੱਕਾ ਹੈ। ਇਸ ਦੇ ਨਾਲ ਹੀ ਭੋਜਨ ਵਪਾਰ ਨਾਲ ਜੁੜੇ 25000 ਦੇ ਕਰੀਬ ਦੁਕਾਨਦਾਰਾਂ ਨੂੰ ਨਿੱਜੀ ਸਫਾਈ, ਸਵੱਛਤਾ ਅਤੇ ਖੁਰਾਕੀ ਮਾਪਦੰਡਾਂ ਸਬੰਧੀ ਸਿਖਲਾਈ ਵੀ ਦਿੱਤੀ ਹੈ। ਹਰ ਰੋਜ਼ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦਾਂ ਦੀ ਜਾਂਚ ਮੋਬਾਈਲ ਵੈਨਾਂ ਰਾਹੀਂ ਕੀਤੀ ਜਾਂਦੀ ਹੈ। ਸੈਂਪਲਾਂ ਦੀ ਹੋਰ ਸੁਚੱਜੇ ਢੰਗ ਨਾਲ ਜਾਂਚ ਕਰਨ ਲਈ ਸਟੇਟ ਫੂਡ ਲੈਬ ਨੂੰ 15 ਕਰੋੜ ਦੀ ਲਾਗਤ ਨਾਲ ਅੱਪਗ੍ਰੇਡ ਕੀਤਾ ਜਾ ਚੁੱਕਾ ਹੈ।



ਇਸੇ ਦੌਰਾਨ ਮਿਸ਼ਨ ਤੰਦਰੁਸਤ ਪੰਜਾਬ ਦੀ ਪੂਰੀ ਟੀਮ ਨੂੰ ਵਧਾਈ ਦਿੰਦਿਆਂ ਫੂਡ ਸੇਫਟੀ ਤੇ ਡਰੱਗ ਪ੍ਰਬੰਧਨ ਪੰਜਾਬ ਦੇ ਕਮਿਸ਼ਨਰ ਸ੍ਰੀ ਪੰਨੂ ਨੇ ਕਿਹਾ ਕਿ ਲੋਕਾਂ ਦੀ ਚੰਗੀ ਸਿਹਤ ਤੇ ਭਲਾਈ ਹੀ ਸਰਕਾਰ ਦਾ ਮੁੱਖ ਟੀਚਾ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਥਕ ਮਸਲਿਆਂ ਵੱਲ ਪਰਤਿਆ ਅਕਾਲੀ ਦਲ

**ਚੰਡੀਗੜ੍ਹ:** ਵਿਧਾਨ ਸਭਾ ਤੋਂ ਬਾਅਦ ਲੋਕ ਸਭਾ ਚੋਣਾਂ ਵਿਚ ਵੀ ਵੱਡੀ ਹਾਰ ਮਗਰੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੰਥਕ ਮੁੱਦਿਆਂ ਵੱਲ ਮੁੜਨਾ ਸ਼ੁਰੂ ਹੋ ਗਿਆ ਹੈ। ਅਕਾਲੀ ਦਲ ਮੁੜ ਸਿਆਸਤ ਦੇ ਤਾਰ ਜੂਨ 1984 ਵਿਚ ਵਾਪਰੇ ਆਪ੍ਰੇਸ਼ਨ ਬਲੂ ਸਟਾਰ ਤੇ ਸਿੱਖ ਕਤਲੇਆਮ ਨਾਲ ਜੋੜ ਰਿਹਾ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪਿਛਲੇ ਦਿਨੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮਿਲ ਕੇ ਆਪ੍ਰੇਸ਼ਨ ਬਲੂ ਸਟਾਰ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਅਕਾਲੀ ਦਲ ਵੱਲੋਂ ਇਹ ਮੰਗ ਬਕਾਇਦਾ ਸ਼੍ਰੋਮਣੀ ਕਮੇਟੀ ਤੋਂ ਵੀ ਕਰਵਾਈ ਹੈ।

ਇਸ ਤੋਂ ਇਲਾਵਾ ਅਕਾਲੀ ਦਲ ਆਪ੍ਰੇਸ਼ਨ ਬਲੂ ਸਟਾਰ ਵੇਲੇ ਭਾਰਤੀ ਫੌਜ ਵੱਲੋਂ ਗਾਇਬ ਕੀਤੇ ਲਾਇਬ੍ਰੇਰੀ ਦੇ ਇਤਿਹਾਸਕ ਖਜ਼ਾਨੇ ਨੂੰ ਵਾਪਸ ਕਰਾਉਣ ਲਈ ਵੀ ਚਾਰਾਜੋਈ ਕਰ ਰਿਹਾ ਹੈ। ਇਸ ਬਾਰੇ ਵੀ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਗਈ ਹੈ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਲਈ ਵੀ ਅਕਾਲੀ ਦਲ ਸਰਗਰਮ ਹੋਇਆ ਹੈ। ਇਸ ਤਰ੍ਹਾਂ ਅਕਾਲੀ ਦਲ ਨੇ ਪੰਥਕ ਮੁੱਦਿਆਂ ਵੱਲ ਮੁੜਨ ਦੀ ਰਣਨੀਤੀ ਘੜੀ ਹੈ। ਉਧਰ, ਸ਼੍ਰੋਮਣੀ ਕਮੇਟੀ ਜੂਨ 1984 ਦੇ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਇਲਾਵਾ 37 ਹੋਰ ਗੁਰਦੁਆਰਿਆਂ ਵਿਚ ਵੀ ਯਾਦਗਾਰ ਬਣਾਉਣ ਜਾ ਰਹੀ ਸੀ। ਇਨ੍ਹਾਂ ਗੁਰਦੁਆਰਿਆਂ ਵਿਚ ਵੀ ਜਾਨੀ-ਮਾਲੀ ਨੁਕਸਾਨ ਹੋਇਆ ਸੀ। ਅਹਿਮ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਨੇ ਕਈ ਦਹਾਕਿਆਂ ਤੱਕ ਇਸ ਬਾਰੇ ਰਿਕਾਰਡ ਹੀ ਇਕੱਠਾ ਨਹੀਂ ਕੀਤਾ। ਹੁਣ ਇਕ ਸਬ ਕਮੇਟੀ ਬਣਾਈ ਜਾਵੇਗੀ। ਇਹ ਇਨ੍ਹਾਂ ਗੁਰਦੁਆਰਿਆਂ ਵਿਚ ਹੋਏ ਨੁਕਸਾਨ ਦੇ ਵੇਰਵੇ ਇਕੱਠੇ ਕਰੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਖੁਦ ਮੰਨਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸ਼ਹੀਦੀ ਯਾਦਗਾਰ ਸਥਾਪਤ ਕੀਤੀ ਜਾ ਚੁੱਕੀ ਹੈ ਪਰ ਇਨ੍ਹਾਂ 37 ਗੁਰਦੁਆਰਿਆਂ ਵਿਚ ਹੁਣ ਤੱਕ ਕੁਝ ਨਹੀਂ ਕੀਤਾ ਗਿਆ।

ਦਰਅਸਲ ਪਿਛਲੇ ਕੁਝ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਪੰਥਕ ਮਸਲਿਆਂ ਤੋਂ ਦੂਰ ਹੀ ਰਿਹਾ ਹੈ। ਸ਼੍ਰੋਮਣੀ ਕਮੇਟੀ ਉਪਰ ਅਕਾਲੀ ਦਲ ਦਾ ਹੀ ਕਬਜ਼ਾ ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੇ ਵੀ ਅਕਾਲੀ ਦਲ ਦੀ ਸਿਆਸੀ ਲੀਹ 'ਤੇ ਚੱਲਦਿਆਂ ਇਨ੍ਹਾਂ ਪੰਥਕ ਮੁੱਦਿਆਂ ਤੋਂ ਦੂਰੀ ਬਣਾਈ ਰੱਖੀ। ਹੁਣ ਸਿੱਖਾਂ ਦੇ ਵੱਡੇ ਹਿੱਸੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸ਼੍ਰੋਮਣੀ ਕਮੇਟੀ ਖਿਲਾਫ ਰੋਸ ਹੈ। ਇਸ ਕਰਕੇ ਅਕਾਲੀ ਦਲ ਨੇ ਮੁੜ ਪੰਥਕ ਮੁੱਦਿਆਂ ਵੱਲ ਮੁੜਨ ਦਾ ਫੈਸਲਾ ਕੀਤਾ ਹੈ ਕਿਉਂਕਿ ਇਸ ਹਥਿਆਰ ਨਾਲ ਹੀ ਕਾਂਗਰਸ ਨੂੰ ਟੱਕਰਿਆ ਜਾ ਸਕਦਾ ਹੈ।

# ਸਰਕਾਰ ਦੀ ਨਾਲਾਇਕੀ ਕਾਰਨ ਜ਼ਿੰਦਗੀ ਦੀ ਜੰਗ ਹਾਰਿਆ ਫਤਿਹਵੀਰ

**ਸੰਗਰੂਰ:** ਜ਼ਿਲ੍ਹੇ ਦੀ ਤਹਿਸੀਲ ਸੁਨਾਮ ਦੇ ਪਿੰਡ ਭਗਵਾਨਪੁਰਾ ਦਾ ਦੋ ਸਾਲਾ ਮਾਸੂਮ ਫਤਿਹਵੀਰ ਸਰਕਾਰ ਤੇ ਪ੍ਰਸ਼ਾਸਨ ਦੀ ਨਾਲਾਇਕੀ ਦੀ ਭੇਟ ਚੜ੍ਹ ਗਿਆ। ਇਹ ਬੱਚਾ ਖੇਡਦਾ ਹੋਇਆ ਘਰ ਨੇੜੇ 120 ਫੁੱਟ ਡੂੰਘਾਈ 'ਤੇ ਬੋਰ ਵਿਚ ਫਸ ਗਿਆ ਸੀ। ਪਰ 6 ਦਿਨ ਤੱਕ ਇਸ ਬੱਚੇ ਨੂੰ ਬਾਹਰ ਨਾ ਕੱਢਿਆ ਗਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ।

ਫਤਿਹਵੀਰ ਮਾਪਿਆਂ ਦਾ ਇਕਲੌਤਾ ਪੁੱਤ ਸੀ। ਹੁਣ ਪਰਿਵਾਰ ਦਾ ਸਰਕਾਰ ਨਾਲ ਡਾਢਾ ਗਿਲਾ ਹੈ। ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਸੀ ਕਿ 6 ਜੂਨ ਨੂੰ ਇਹ ਬੱਚਾ ਬੋਰ ਵਿਚ ਡਿੱਗਾ ਸੀ ਤੇ 10 ਜੂਨ ਨੂੰ ਇਸ ਦਾ ਜਨਮ ਦਿਨ ਸੀ ਪਰ ਬਚਾਅ ਟੀਮ ਇਸ ਬੱਚੇ ਤੱਕ ਪਹੁੰਚ ਹੀ ਨਾ ਸਕੀ। ਬਚਾਅ ਕੰਮਾਂ ਵਿਚ ਐਨ.ਡੀ.ਆਰ.ਐਫ. ਦੀ ਵੀ ਮਦਦ ਲਈ ਗਈ ਸੀ ਪਰ ਉਹ ਬੱਚੇ ਤੱਕ ਪੁੱਜਣ ਦੀ ਥਾਂ ਹੋਰ ਹੀ ਪਾਸੇ ਟੋਆ ਪੁੱਟਦੀ ਰਹੀ ਤੇ ਆਖਰ ਨਾਕਾਮ ਰਹਿਣ ਉਤੇ ਬੱਚੇ ਨੂੰ ਕੁੰਡੀਆਂ ਪਾ ਕੇ ਬੁਰੀ ਹਾਲਤ ਵਿਚ ਕੱਢਿਆ ਗਿਆ। ਸੁਸਤ ਚਾਲ ਨਾਲ ਚੱਲੇ ਬਚਾਅ ਕਾਰਜਾਂ ਕਾਰਨ ਲੋਕਾਂ ਦਾ ਪ੍ਰਸ਼ਾਸਨ ਖਿਲਾਫ ਰੋਹ ਭੜਕ ਗਿਆ, ਜਿਸ ਕਾਰਨ ਸਰਕਾਰ ਖਿਲਾਫ ਰੋਸ ਮੁਜ਼ਾਹਰੇ ਕੀਤੇ ਗਏ।

# 'ਆਪ' ਨੇ ਬਾਗੀਆਂ ਨੂੰ ਨੇੜੇ ਲਾਉਣ ਲਈ ਘੜੀ ਰਣਨੀਤੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਕਾਰਨ ਪੰਜਾਬ ਇਕਾਈ ਦਾ ਢਾਂਚਾ ਭੰਗ ਨਹੀਂ ਕੀਤਾ ਜਾਵੇਗਾ ਅਤੇ ਪਾਰਟੀ ਵਿਚ ਬੂਥ ਤੋਂ ਲੈ ਕੇ ਸੂਬਾ ਪੱਧਰ ਤੱਕ ਨਵੀਂ ਰੂਹ ਫੂਕੀ ਜਾਵੇਗੀ। ਦੱਸਣਯੋਗ ਹੈ ਕਿ ਬਾਗੀ ਧਿਰ ਦੇ ਆਗੂ ਤੇ ਵਿਧਾਇਕ ਕੰਵਰ ਸੰਧੂ ਨੇ ਕਿਹਾ ਸੀ ਕਿ 'ਆਪ' ਦਾ ਬਾਗੀ ਧੜਾ ਪੰਜਾਬ ਇਕਾਈ ਨੂੰ ਭੰਗ ਕਰਕੇ ਨਵੇਂ ਸਿਰਿਉਂ ਸਿਆਸੀ ਢਾਂਚਾ ਬਣਾਉਣ ਦੀ ਸ਼ਰਤ 'ਤੇ ਹੀ ਪਾਰਟੀ ਨਾਲ ਏਕਤਾ ਕਰ ਸਕਦਾ ਹੈ। ਕੋਰ ਕਮੇਟੀ ਦੀ ਮੀਟਿੰਗ ਵਿਚ ਏਕਤਾ ਦੀ ਚੱਲੀ ਗੱਲਬਾਤ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਸੁਖਪਾਲ ਸਿੰਘ ਖਹਿਰਾ ਨੂੰ ਛੱਡ ਕੇ ਬਾਕੀ ਬਾਗੀ ਵਿਧਾਇਕਾਂ ਨੂੰ ਪਾਰਟੀ ਨਾਲ ਜੋੜਨ ਲਈ ਯਤਨ ਜਾਰੀ ਹਨ। ਇਸ ਮੌਕੇ ਸੰਕੇਤ ਦਿੱਤਾ ਕਿ 2-3 ਬਾਗੀ ਵਿਧਾਇਕਾਂ ਨੂੰ ਵਾਪਸ ਪਾਰਟੀ ਵਿਚ ਲਿਆਉਣ ਦੀ ਗੱਲ ਚੱਲ ਰਹੀ ਹੈ। ਮੀਟਿੰਗ ਵਿਚ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਸਮੇਤ ਪੰਜ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਤੇ ਅਮਨ ਅਰੋੜਾ ਅਤੇ ਤਿੰਨ ਮਹਿਲਾ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ, ਸਰਵਜੀਤ ਕੌਰ ਮਾਣੂੰਕੇ ਤੇ ਰੁਪਿੰਦਰ ਕੌਰ ਰੂਬੀ ਹਾਜ਼ਰ ਨਹੀਂ ਹੋਏ। ਦੱਸਣਯੋਗ ਹੈ ਕਿ ਸ੍ਰੀ ਸੰਧਵਾਂ ਪਿਛਲੇ ਸਮੇਂ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸੱਦੀ ਗਈ ਮੀਟਿੰਗ ਵਿਚ ਵੀ ਸ਼ਾਮਲ ਨਹੀਂ ਹੋਏ ਸਨ।

ਮੀਟਿੰਗ ਵਿਚ ਲੋਕ ਸਭਾ ਚੋਣਾਂ ਵਿਚ ਹੋਈ ਹਾਰ 'ਤੇ ਮੰਥਨ ਕੀਤਾ ਗਿਆ ਸੀ। ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਪਾਰਟੀ ਦੇ ਹਾਰੇ ਉਮੀਦਵਾਰਾਂ ਨਾਲ ਇਕੱਲੇ-ਇਕੱਲੇ ਤੌਰ 'ਤੇ ਮੀਟਿੰਗਾਂ ਕਰਕੇ ਹਾਰ ਦੇ ਕਾਰਨਾਂ ਦੀ ਜਾਣਕਾਰੀ ਹਾਸਲ ਕੀਤੀ। ਉਮੀਦਵਾਰਾਂ ਦੀ ਫੀਡਬੈਕ 'ਤੇ ਆਧਾਰਿਤ ਵਿਸਥਾਰ ਰੀਵਿਊ ਰਿਪੋਰਟ ਸ੍ਰੀ ਕੇਜਰੀਵਾਲ ਨੂੰ ਸੌਂਪੀ ਜਾਵੇਗੀ।

# ਨਸ਼ਿਆਂ ਨੂੰ ਠੱਲ੍ਹਣ ਲਈ ਗੰਭੀਰ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲੋਕ ਸਭਾ ਚੋਣਾਂ ਤੋਂ ਬਾਅਦ ਸੂਬੇ ਵਿਚ ਪਸਰੇ ਨਸ਼ਿਆਂ ਦੇ ਪ੍ਰਕੋਪ ਤੋਂ ਚਿੰਤਤ ਹਨ। ਇਸ ਕਾਰਨ ਉਨ੍ਹਾਂ ਵੱਲੋਂ ਚੋਣਾਂ ਤੋਂ ਬਾਅਦ ਨਸ਼ਿਆਂ ਦੇ ਮੁੱਦੇ 'ਤੇ ਲੜੀਵਾਰ ਕਈ ਕਦਮ ਚੁੱਕੇ ਜਾ ਰਹੇ ਹਨ। ਮੁੱਖ ਮੰਤਰੀ ਨੇ ਇਸੇ ਕੜੀ ਤਹਿਤ ਐਨ.ਡੀ.ਪੀ.ਐਸ. ਐਕਟ 1985 ਤਹਿਤ ਸਰਕਾਰੀ ਮੁਲਾਜ਼ਮਾਂ ਅਤੇ ਸੂਹ ਦੇਣ ਵਾਲਿਆਂ ਲਈ ਪੁਰਸਕਾਰ ਨੀਤੀ ਤਿਆਰ ਕੀਤੀ ਹੈ। ਇਸ ਦਾ ਉਦੇਸ਼ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਣਾ ਹੈ, ਜਿਸ ਦੀ ਪ੍ਰਗਤੀ 'ਤੇ ਮੁੱਖ ਮੰਤਰੀ ਵੱਲੋਂ ਨਿੱਜੀ ਤੌਰ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਇਸ ਸਕੀਮ ਲਈ ਨਵੇਂ ਗਠਿਤ ਕੀਤੇ ਗਏ ਸਲਾਹਕਾਰੀ ਗਰੁੱਪ ਦੇ ਮੁਖੀ ਵੀ ਹਨ। ਦਰਅਸਲ ਕੈਪਟਨ ਵੱਲੋਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਸੂਬੇ 'ਚੋਂ ਨਸ਼ਿਆਂ ਨੂੰ ਚਾਰ ਹਫਤਿਆਂ ਵਿਚ ਖਤਮ ਕਰਨ ਦੀ ਖਾਧੀ ਸਹੁੰ ਨੂੰ ਲੋਕ ਸਭਾ ਚੋਣਾਂ ਵਿਚ ਵੀ ਵਿਰੋਧੀ ਧਿਰਾਂ ਨੇ ਮੁੱਖ ਮੁੱਦਾ ਬਣਾਇਆ ਸੀ। ਇਸ ਤੋਂ ਇਲਾਵਾ ਨਸ਼ਿਆਂ ਨਾਲ ਨੌਜਵਾਨਾਂ ਦੀਆਂ ਨਿਰੰਤਰ ਹੋ ਰਹੀਆਂ ਮੌਤਾਂ ਕਾਰਨ ਵੀ ਸਰਕਾਰ 'ਤੇ ਸਵਾਲ ਉੱਠ ਰਹੇ ਹਨ। ਚੋਣਾਂ ਦੌਰਾਨ ਕਈ ਥਾਈਂ ਲੋਕਾਂ ਨੇ ਸ਼ਰੇਆਮ ਵਿਕ ਰਹੇ ਨਸ਼ਿਆਂ ਦੀਆਂ ਵੀਡੀਓਜ਼ ਵਾਇਰਲ ਕਰਕੇ ਸਰਕਾਰ ਨੂੰ ਠਿੱਠ ਕੀਤਾ ਸੀ। ਇਸ ਤੋਂ ਇਹ ਪ੍ਰਭਾਵ ਵੀ ਗਿਆ ਸੀ ਕਿ ਜੇਕਰ ਆਮ ਲੋਕਾਂ ਨੂੰ ਨਸ਼ਾ ਸਪਲਾਈ ਕਰਨ ਵਾਲਿਆਂ ਬਾਰੇ ਪਤਾ ਹੈ ਤਾਂ ਫਿਰ ਪੁਲਿਸ ਕਿਹੜੀ ਦੁਨੀਆਂ ਵਿਚ ਰਹਿ ਰਹੀ ਹੈ।

# ਇਨਾਮੀ ਗੈਂਗਸਟਰ ਅਕਸ਼ੈ ਪਹਿਲਵਾਨ ਗ੍ਰਿਫਤਾਰ

**ਰੂਪਨਗਰ:** ਰੂਪਨਗਰ ਪੁਲਿਸ ਨੇ ਹਰਿਆਣਾ ਦੇ ਹੱਤਿਆਵਾਂ ਅਤੇ ਹਾਈਵੇਅ ਡਕੈਤੀਆਂ ਦੇ ਅਨੇਕਾਂ ਮਾਮਲਿਆਂ ਵਿਚ ਲੋੜੀਂਦੇ ਇਨਾਮੀ ਗੈਂਗਸਟਰ ਅਕਸ਼ੈ ਪਹਿਲਵਾਨ ਉਰਫ ਕਾਲੀ ਨੂੰ ਗ੍ਰਿਫਤਾਰ ਕੀਤਾ ਹੈ। ਅਕਸ਼ੈ ਪਹਿਲਵਾਨ ਨੂੰ ਨੂਰਪੁਰਬੇਦੀ ਇਲਾਕੇ ਦੇ ਪਿੰਡ ਢਾਹਾਂ ਦੇ ਖੇਤਾਂ ਵਿਚੋਂ ਦੁਵੱਲੀ ਗੋਲੀਬਾਰੀ ਮਗਰੋਂ ਕਾਬੂ ਕੀਤਾ ਗਿਆ।

ਉਸ ਦੇ ਕਬਜ਼ੇ ਵਿਚੋਂ 32 ਬੋਰ ਦੇ ਤਿੰਨ ਪਿਸਤੌਲ ਅਤੇ ਗੋਲੀ ਸਿੱਕਾ ਬਰਾਮਦ ਹੋਇਆ ਹੈ। 19 ਸਾਲਾ ਅਕਸ਼ੈ ਹਰਿਆਣਾ ਦੇ ਸੋਨੀਪਤ ਇਲਾਕੇ ਦੇ ਪਿੰਡ ਪਾਲਟਾ ਦਾ ਰਹਿਣ ਵਾਲਾ ਹੈ ਤੇ ਹੱਤਿਆ ਦੇ 15 ਅਤੇ ਹਾਈਵੇਅ ਡਕੈਤੀਆਂ ਦੇ 20 ਮਾਮਲਿਆਂ ਵਿਚ ਚੰਡੀਗੜ੍ਹ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿਚ ਲੋੜੀਂਦਾ ਸੀ। ਉਸ ਦੇ ਸਿਰ 'ਤੇ ਹਰਿਆਣਾ ਪੁਲਿਸ ਨੇ ਚਾਰ ਲੱਖ ਰੁਪਏ ਅਤੇ ਰਾਜਸਥਾਨ ਪੁਲਿਸ ਨੇ 10 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। ਉਹ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਤਿੰਨ ਖ਼ਤਰਨਾਕ ਗਰੋਹਾਂ ਨਾਲ ਜੁੜਿਆ ਹੋਇਆ ਹੈ। ਸਤੰਬਰ, 2015 ਵਿਚ ਉਹ ਸੋਨੀਪਤ ਵਿਚ ਤਿੰਨ ਕਤਲ ਕੇਸਾਂ 'ਚ 18 ਮਹੀਨਿਆਂ ਲਈ ਜੇਲ੍ਹ ਗਿਆ ਸੀ। ਨਾਬਾਲਗ ਹੋਣ ਕਾਰਨ ਉਹ 2017 ਤੋਂ ਜ਼ਮਾਨਤ 'ਤੇ ਸੀ। ਜੇਲ੍ਹ ਤੋਂ ਬਾਹਰ ਆਉਣ ਮਗਰੋਂ ਉਹ ਦਿੱਲੀ ਸਥਿਤ ਸੋਨੀਪਤ ਦੇ ਰਾਜੂ ਬਿਸੌਦੀ ਨਾਂ ਦੇ ਗੈਂਗਸਟਰ ਨਾਲ ਜੁੜਿਆ ਤੇ 3 ਕਤਲ, ਲੁੱਟ ਅਤੇ ਫਿਰੌਤੀ ਦੇ ਮਾਮਲਿਆਂ ਵਿਚ ਸ਼ਾਮਲ ਹੋਇਆ।

# ਸਿੱਧੂ ਨੂੰ ਪੀ. ਡੀ. ਏ. ਵਲੋਂ ਮੁੱਖ ਮੰਤਰੀ ਉਮੀਦਵਾਰ ਦੀ ਪੇਸ਼ਕਸ਼

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਮੌਜੂਦਾ ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਅਪੀਲ ਕੀਤੀ ਕਿ ਜੇਕਰ ਉਹ ਕਾਂਗਰਸ ਪਾਰਟੀ ਤੇ ਮੰਤਰੀ ਪਦ ਛੱਡ ਕੇ ਪੀ.ਡੀ.ਏ. ਦਾ ਸਾਥ ਦੇਣ ਦਾ ਐਲਾਨ ਕਰਦੇ ਹਨ ਤਾਂ ਪੀ.ਡੀ.ਏ. ਵੱਲੋਂ ਉਨ੍ਹਾਂ ਨੂੰ 2022 ਦੀ ਵਿਧਾਨ ਸਭਾ ਚੋਣ ਲਈ ਮੁੱਖ ਮੰਤਰੀ ਦਾ ਉਮੀਦਵਾਰ ਬਣਾਇਆ ਜਾਵੇਗਾ।

ਬੈਂਸ ਨੇ ਇਹ ਪੇਸ਼ਕਸ਼ ਗਿੱਲ ਰੋਡ 'ਤੇ ਲੋਕ ਸਭਾ ਚੋਣਾਂ 'ਚ ਸਾਥ ਦੇਣ ਵਾਲੇ ਆਗੂਆਂ, ਵਰਕਰਾਂ ਤੇ ਵੋਟਰਾਂ ਦਾ ਧੰਨਵਾਦ ਕਰਨ ਲਈ ਬੁਲਾਈ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੀ ਮੌਜੂਦਾ ਕਾਂਗਰਸ ਸਰਕਾਰ ਲੋਟੂਆਂ ਦਾ ਟੋਲਾ ਹੈ ਅਤੇ 99 ਫੀਸਦੀ ਲੋਟੂਆਂ ਨੂੰ ਨਵਜੋਤ ਸਿੰਘ ਸਿੱਧੂ ਦੀ ਇਮਾਨਦਾਰੀ ਰਾਸ ਨਹੀਂ ਆਈ ਅਤੇ ਇਹੋ ਕਾਰਨ ਹੈ ਕਿ ਸਿੱਧੂ ਨੂੰ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਬੈਂਸ ਨੇ ਇਹ ਵੀ ਕਿਹਾ ਕਿ ਸਿੱਧੂ ਨੂੰ ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਪੰਜਾਬ ਜਮਹੂਰੀ ਗਠਜੋੜ ਉਨ੍ਹਾਂ ਦੇ ਨਾਲ ਹੈ ਅਤੇ ਉਹ ਆਉਣ ਅਤੇ ਪੀ.ਡੀ.ਏ. ਦੀ ਵਾਗਡੋਰ ਸੰਭਾਲਣ, 2022 ਲਈ ਮੁੱਖ ਮੰਤਰੀ ਦੀ ਕੁਰਸੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਹੈ। ਉਨ੍ਹਾਂ ਲੋਕ ਇਨਸਾਫ ਪਾਰਟੀ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਪਾਰਟੀ ਦੇ ਪ੍ਰਧਾਨਾਂ ਸਮੇਤ ਹੋਰਨਾਂ ਆਗੂਆਂ ਦਾ ਲੋਕ ਸਭਾ ਚੋਣਾਂ ਦੌਰਾਨ ਸਾਥ ਦੇਣ ਲਈ ਧੰਨਵਾਦ ਕੀਤਾ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰ ਬਰ ਤਿਆਰ ਰਹਿਣ ਦਾ ਸੱਦਾ ਦਿੰਦੇ ਹੋਏ ਹੁਣ ਤੋਂ ਹੀ ਉਨ੍ਹਾਂ ਨੂੰ ਮੈਦਾਨ 'ਚ ਡਟ ਜਾਣ ਦੀ ਅਪੀਲ ਕੀਤੀ।

# ਪੰਜਾਬ ਕਾਂਗਰਸ 'ਚ ਫਿਰ ਖਾਨਾਜੰਗੀ

*(ਸਫਾ ਇਕ ਦੀ ਬਾਕੀ)*

ਮੰਤਰੀ ਵਿਜੈਇੰਦਰ ਸਿੰਗਲਾ ਜਿਨ੍ਹਾਂ ਦੇ ਇਲਾਕੇ 'ਚੋਂ ਕਾਂਗਰਸੀ ਉਮੀਦਵਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ ਨੇ ਹਲਕਾ ਸੰਗਰੂਰ 'ਚ ਜਿੱਤ ਦਾ ਝੰਡਾ ਗੱਡ ਦਿੱਤਾ, ਇਸ ਦੇ ਬਾਵਜੂਦ ਕੈਪਟਨ ਵਲੋਂ ਸਿੰਗਲਾ ਨੂੰ ਇਨਾਮ ਵਜੋਂ ਸਿੱਖਿਆ ਮੰਤਰੀ ਬਣਾ ਦਿੱਤਾ ਗਿਆ ਜੋ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੂੰ ਵੀ ਪਚ ਨਹੀਂ ਆ ਰਿਹਾ।

ਵੱਡੀ ਗਿਣਤੀ ਕਾਂਗਰਸੀ ਆਗੂਆਂ ਦਾ ਗਿਲਾ ਹੈ ਕਿ ਜੇਕਰ ਲੋਕ ਸਭਾ ਉਮੀਦਵਾਰਾਂ ਦੇ ਹਾਰਨ 'ਤੇ ਵੀ ਸਬੰਧਤ ਇਲਾਕੇ ਦੇ ਮੰਤਰੀਆਂ ਨੂੰ ਇਨਾਮ ਹੀ ਮਿਲਣੇ ਸਨ ਤਾਂ ਕੈਪਟਨ ਵਲੋਂ ਮੰਤਰੀਆਂ ਤੇ ਵਿਧਾਇਕਾਂ ਦੀ ਜ਼ਿੰਮੇਵਾਰੀ ਤੈਅ ਕਰਨ ਵਾਲਾ ਬਿਆਨ ਦਿੱਤਾ ਹੀ ਕਿਉਂ ਗਿਆ? ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਹਲਕੇ ਸਮੇਤ, ਵਿਜੈਇੰਦਰ ਸਿੰਗਲਾ, ਰਾਣਾ ਗੁਰਮੀਤ ਸਿੰਘ ਸੋਢੀ, ਸ਼ਾਮ ਸੁੰਦਰ ਅਰੋੜਾ ਅਤੇ ਅਰੁਣਾ ਚੌਧਰੀ ਆਪਣੇ ਹਲਕਿਆਂ 'ਚੋਂ ਕਾਂਗਰਸੀ ਉਮੀਦਵਾਰਾਂ ਨੂੰ ਜਿਤਾਉਣ 'ਚ ਅਸਫਲ ਰਹੇ। ਇਨ੍ਹਾਂ ਮੰਤਰੀਆਂ 'ਚੋਂ ਸਿਰਫ ਅਰੁਣਾ ਚੌਧਰੀ ਤੋਂ ਹੀ ਟਰਾਂਸਪੋਰਟ ਮਹਿਕਮਾ ਵਾਪਸ ਲਿਆ ਗਿਆ ਹੈ ਜਦਕਿ ਵਿਜੈਇੰਦਰ ਸਿੰਗਲਾ ਨੂੰ ਸਿੱਖਿਆ ਵਿਭਾਗ ਅਤੇ ਰਾਣਾ ਸੋਢੀ ਨੂੰ ਪਰਵਾਸੀ ਭਾਰਤੀਆਂ ਦਾ ਵਿਭਾਗ ਜੋ ਪਹਿਲਾਂ ਮੁੱਖ ਮੰਤਰੀ ਕੋਲ ਸੀ, ਦੇ ਦਿੱਤਾ ਗਿਆ।

# ਸ਼ਿਲੌਂਗ ਦੇ ਸਿੱਖਾਂ 'ਤੇ ਉਜਾੜੇ ਦੀ ਤਲਵਾਰ ਮੁੜ ਲਟਕੀ

*(ਸਫਾ ਇਕ ਦੀ ਬਾਕੀ)*

ਦੱਸਣਯੋਗ ਹੈ ਕਿ ਤਕਰੀਬਨ 200 ਸਾਲ ਪਹਿਲਾਂ ਅੰਗਰੇਜ਼ ਕੰਮ ਕਰਾਉਣ ਲਈ ਇਥੇ ਇਨ੍ਹਾਂ ਪੰਜਾਬੀਆਂ ਨੂੰ ਲੈ ਕੇ ਆਏ ਸਨ ਤੇ ਉਸ ਸਮੇਂ ਤੋਂ ਇਹ ਇਥੇ ਵਸੇ ਹੋਏ ਹਨ ਪਰ ਹੁਣ ਇਥੇ ਜ਼ਮੀਨ ਮਾਫੀਆ ਦੇ ਦਬਾਅ ਹੇਠ ਸਰਕਾਰ ਇਨ੍ਹਾਂ ਲੋਕਾਂ ਦੇ ਉਜਾੜੇ ਉਤੇ ਤੁਲੀ ਹੋਈ ਹੈ। ਇਹ ਮਾਮਲਾ ਅਦਾਲਤ ਵਿਚ ਵੀ ਹੈ ਪਰ ਇਨ੍ਹਾਂ ਪੰਜਾਬੀਆਂ ਉਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਅਦਾਲਤੀ ਕਾਰਵਾਈ ਤੋਂ ਪਿੱਛੇ ਹਟ ਜਾਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਸਰਕਾਰਾਂ ਦੀ ਨਾਲਾਇਕੀ ਕਾਰਨ ਦਰਿਆਵਾਂ ਦੀ ਧਰਤੀ ’ਤੇ ਪਿਆ ਸੋਕਾ

**ਚੰਡੀਗੜ੍ਹ:** ਪਾਕਿਸਤਾਨ ਨੂੰ ਪਾਣੀ ਨਾ ਦੇਣ ਦਾ ਦਾਅਵਾ ਕਰਨ ਵਾਲੇ ਕੇਂਦਰੀ ਮੰਤਰੀਆਂ ਦੇ ਹੁਕਮਾਂ ਦੇ ਉਲਟ ਪਾਣੀ ਜਮ੍ਹਾ ਰੱਖਣ ਵਾਲੇ ਡੈਮ ਨੱਕੋ-ਨੱਕ ਭਰਨ ਦਾ ਫਾਇਦਾ ਪੰਜਾਬ ਦੇ ਕਿਸਾਨਾਂ ਨੂੰ ਨਾ ਦੇ ਕੇ ਹਜ਼ਾਰਾਂ ਕਿਊਸਿਕ ਪਾਣੀ ਹਰ ਰੋਜ਼ ਪਾਕਿਸਤਾਨ ਭੇਜਿਆ ਜਾ ਰਿਹਾ ਹੈ।

ਪੰਜਾਬ ‘ਚ 55 ਹਜ਼ਾਰ ਹੈਕਟੇਅਰ ਕਿੰਨੂ ਦੇ ਬਾਗਾਂ ਹੇਠਲਾ ਰਕਬਾ ਤੇ 4 ਲੱਖ ਹੈਕਟੇਅਰ ਨਰਮੇ ਹੇਠਲਾ ਰਕਬਾ ਪਾਣੀ ਦੀ ਘਾਟ ਕਾਰਨ ਸੜ ਸੁੱਕ ਰਿਹਾ ਹੈ। ਸਰਕਾਰਾਂ ਦੀ ਉਕਤ ਯੋਜਨਾ ਲੋਕਾਂ ਦੀ ਸਮਝੋ ਬਾਹਰ ਹੈ ਕਿ ਪੰਜਾਬ ਦਾ ਕਿਸਾਨ ਪਾਣੀ ਨੂੰ ਤਰਸ ਰਿਹਾ ਹੈ ਪਰ ਸਰਕਾਰ ਕੁਝ ਦਿਨਾਂ ਤੋਂ ਲੱਖਾਂ ਕਿਊਸਿਕ ਪਾਣੀ ਰੋਜ਼ਾਨਾ ਬੇਰੋਕ-ਟੋਕ ਪਾਕਿਸਤਾਨ ਵੱਲ ਭੇਜ ਰਹੀ ਹੈ, ਜਿਸ ਨੂੰ ਲੈ ਕੇ ਪੰਜਾਬ ਦਾ ਕਿਸਾਨ ਪਰੇਸ਼ਾਨੀ ਦੇ ਆਲਮ ‘ਚ ਹੈ। ਦੱਸਣਯੋਗ ਹੈ ਕਿ ਪਹਾੜੀ ਖੇਤਰ ‘ਚ ਭਾਰੀ ਬਾਰਸ਼ਾਂ ਤੇ ਅਤਿ ਦੀ ਪੈ ਰਹੀ ਗਰਮੀ ਕਾਰਨ ਗਲੇਸ਼ੀਅਰ ਪਿਘਲਣ ਕਾਰਨ ਡੈਮਾਂ ‘ਚ ਪਾਣੀ ਦਾ ਪੱਧਰ ਦਿਨੋ-ਦਿਨ ਵਧ ਰਿਹਾ ਹੈ। 1690 ਫੁੱਟ ਤੱਕ ਪਾਣੀ ਦੀ ਸਮਰੱਥਾ ਵਾਲੇ ਭਾਖੜਾ ਡੈਮ ‘ਚ ਪਾਣੀ ਦਾ ਪੱਧਰ 1610.98 ਫੁੱਟ ਨਾਪਿਆ ਗਿਆ, ਜਿਥੇ ਪਹਾੜਾਂ ‘ਚੋਂ 27760 ਕਿਊਸਿਕ ਪਾਣੀ ਦੀ ਆਮਦ ਸੀ, ਜਿਥੋਂ ਕਰੀਬ 35 ਹਜ਼ਾਰ ਕਿਊਸਿਕ ਪਾਣੀ ਹੇਠਾਂ ਛੱਡਿਆ ਗਿਆ।

1423 ਫੁੱਟ ਤੱਕ ਪਾਣੀ ਜਮ੍ਹਾ ਰੱਖਣ ਦੀ ਸਮਰੱਥਾ ਵਾਲੇ ਪੌਂਗ ਡੈਮ ‘ਚ ਪਾਣੀ ਦਾ ਪੱਧਰ 1333.70 ਫੁੱਟ ਨਾਪਿਆ ਗਿਆ, ਜਿਥੇ 3393 ਕਿਊਸਿਕ ਪਾਣੀ ਆ ਰਿਹਾ ਸੀ ਤੇ 8004 ਕਿਊਸਿਕ ਹੇਠਾਂ ਛੱਡਿਆ ਜਾ ਰਿਹਾ ਸੀ। ਰਣਜੀਤ ਸਾਗਰ ਡੈਮ ‘ਤੇ ਪਾਣੀ ਦਾ ਪੱਧਰ 514.95 ਮੀਟਰ ਨਾਪਿਆ ਗਿਆ, ਜਿਥੇ ਪਾਣੀ ਦੀ ਆਮਦ 9653 ਕਿਊਸਿਕ ਅਤੇ 15773 ਕਿਊਸਿਕ ਹੇਠਾਂ ਛੱਡਿਆ ਜਾ ਰਿਹਾ ਸੀ।

ਰੋਪੜ ਹੈੱਡ ਵਰਕਸ ‘ਤੇ ਪਾਣੀ ਦੀ ਆਮਦ 20720 ਕਿਊਸਿਕ ਸੀ, ਜਿਥੋਂ ਹੇਠਾਂ 15420 ਕਿਊਸਿਕ ਪਾਣੀ ਛੱਡਿਆ ਗਿਆ। ਹਰੀਕੇ ਹੈੱਡ ਵਰਕਸ ‘ਤੇ ਬਿਆਸ ਅਤੇ ਸਤਲੁਜ ਦਰਿਆਵਾਂ ਰਾਹੀਂ 33134 ਕਿਊਸਿਕ ਪਾਣੀ ਦੀ ਆਮਦ ਨਾਪੀ ਗਈ, ਜਿਥੋਂ ਇੰਦਰਾ ਗਾਂਧੀ ਅਤੇ ਫਿਰੋਜ਼ਪੁਰ ਫੀਡਰ ਨਹਿਰ ‘ਚ ਪਾਣੀ ਛੱਡਣ ਤੋਂ ਇਲਾਵਾ 13999 ਕਿਊਸਿਕ ਪਾਣੀ ਸਤਲੁਜ ਦਰਿਆ ‘ਚ ਹੇਠਾਂ ਵੱਲ ਛੱਡਿਆ ਗਿਆ। ਹੁਸੈਨੀਵਾਲਾ ਹੈੱਡ ਵਰਕਸ ਉਤੇ ਪਹੁੰਚ ਰਿਹਾ 14 ਹਜ਼ਾਰ ਦੇ ਕਰੀਬ ਕਿਊਸਿਕ ਪਾਣੀ ਨੂੰ ਸਾਂਭਣ ਦੀ ਸਿੰਚਾਈ ਵਿਭਾਗ ਕੋਲ ਸਮਰੱਥਾ ਨਾ ਹੋਣ ਕਰਕੇ ਅਤੇ ਨਹਿਰਾਂ ਦੀ ਬੰਦੀ ਹੋਣ ਕਰਕੇ ਸਾਰਾ ਪਾਣੀ ਪਾਕਿਸਤਾਨ ਵੱਲ ਪਿਛਲੇ ਕੁਝ ਦਿਨਾਂ ਤੋਂ ਦਿਨ-ਰਾਤ ਭੇਜਿਆ ਜਾ ਰਿਹਾ ਹੈ, ਜਿਸ ਦਾ ਸਿੱਧਾ ਨੁਕਸਾਨ ਮਾਲਵੇ ਦੇ ਨਰਮਾ, ਬਾਗਾਂ ਆਦਿ ਫਲੀਦਾਰ ਫਸਲਾਂ ਹੇਠਾਂ ਰਕਬਾ ਲਿਆਉਣ ਵਾਲੇ ਹਜ਼ਾਰਾਂ ਕਿਸਾਨਾਂ ਤੋਂ ਇਲਾਵਾ ਲੱਖਾਂ ਏਕੜ ਰਕਬੇ ‘ਚ ਝੋਨਾ ਲਗਾਉਣ ਦੀ ਤਿਆਰੀ ਕਰੀ ਬੈਠੇ ਲੱਖਾਂ ਕਿਸਾਨਾਂ ਨੂੰ ਹੈ, ਜਿਨ੍ਹਾਂ ਨੂੰ 13 ਜੂਨ ਤੋਂ ਬਾਅਦ ਲੱਖਾਂ ਰੁਪਏ ਦਾ ਡੀਜ਼ਲ ਫੂਕ ਧਰਤੀ ਹੇਠੋਂ ਪਾਣੀ ਕੱਢ ਖੇਤ ਸਿੰਜਣੇ ਪੈਣੇ ਹਨ।

ਕਿਸਾਨਾਂ ਦੇ ਖੇਤਾਂ ਤੱਕ ਪਾਣੀ ਪੁੱਜਦਾ ਕਰਨ ਲਈ ਕੱਢੀਆਂ ਗਈਆਂ ਨਹਿਰਾਂ ਤੇ ਵਾਧੂ ਪਾਣੀ ਦੀ ਮਾਰ ਤੋਂ ਬਚਾਉਣ ਲਈ ਕੱਢੇ ਗਏ ਸੇਮ ਨਾਲਿਆਂ ਦੀ ਸਫਾਈ ਦਾ ਪੰਜਾਬ ਸਰਕਾਰ ਦੇ ਸਿੰਚਾਈ ਵਿਭਾਗ ਨੇ ਉੱਕਾ ਫਿਕਰ ਨਹੀਂ ਕੀਤਾ। ਉਕਤ ਕੰਮ ਹੁਣ ਪੰਚਾਇਤਾਂ ਰਾਹੀਂ ਮਨਰੇਗਾ ਮਜ਼ਦੂਰਾਂ ਹਵਾਲੇ ਕੀਤਾ ਹੋਇਆ ਹੋਣ ਕਰਕੇ ਝੋਨਾ ਲਗਾਏ ਜਾਣ ਦੀ ਸਰਕਾਰ ਵੱਲੋਂ ਤੈਅ ਕੀਤੀ ਤਰੀਕ 13 ਜੂਨ ਸਿਰ ‘ਤੇ ਆ ਜਾਣ ਦੇ ਬਾਵਜੂਦ ਵੀ ਬਹੁਤੇ ਮਾਈਨਰਾਂ ਦੀ ਮੁਕੰਮਲ ਸਫਾਈ ਨਹੀਂ ਹੋਈ। ਹੋਰ ਤਾਂ ਹੋਰ ਹੁਸੈਨੀਵਾਲਾ ਹੈੱਡ ਵਰਕਸ ‘ਤੇ ਪਾਣੀ ਜਮ੍ਹਾ ਕਰਕੇ ਉਥੋਂ ਨਿਕਲਦੀਆਂ ਗੰਗ ਕੈਨਾਲ ਅਤੇ ਈਸਟਰਨ ਮੰਡਲ ਫਿਰੋਜ਼ਪੁਰ ਨਹਿਰਾਂ ਦੀ ਵੀ ਮੁਕੰਮਲ ਮੁਰੰਮਤ ਨਹੀਂ ਕੀਤੀ ਗਈ। ਗੰਗ ਕੈਨਾਲ ਜਿਸ ਦਾ ਪਾਣੀ ਰਾਜਸਥਾਨ ਤੱਕ ਜਾਂਦਾ ਹੈ, ਅੰਦਰ ਵੱਡੇ ਪੱਧਰ ‘ਤੇ ਕਲਾਲੀ ਭਰੀ ਪਈ ਹੈ, ਜਿਸ ਦੀ ਸਫਾਈ ਕਰਵਾਉਣਾ ਕੰਮ ਸਿੰਚਾਈ ਵਿਭਾਗ ਦਾ ਹੈ। ਹੋਰ ਤਾਂ ਹੋਰ ਹਰੀਕੇ ਹੈੱਡ ਵਰਕਸ ਤੋਂ ਨਿਕਲਦੀਆਂ ਇੰਦਰਾ ਗਾਂਧੀ ਫੀਡਰ, ਸਰਹੰਦ ਕੈਨਾਲ, ਫਿਰੋਜ਼ਪੁਰ ਫੀਡਰ ਨਹਿਰ ਜੋ 30 ਹਜ਼ਾਰ ਕਿਊਸਿਕ ਪਾਣੀ ਲਿਜਾਉਣ ਦੀ ਸਮਰੱਥਾ ਰੱਖਦੀਆਂ ਹਨ, ਦੀ ਪਟੜੀ ਖਸਤਾ, ਨਹਿਰਾਂ ਦੀਆਂ ਦੀਵਾਰਾਂ ਟੁੱਟੀਆਂ, ਉਪਰੋਂ ਝਾੜ ਬੂਟ ਨਹਿਰ ‘ਚ ਵੱਡੀ ਪੱਧਰ ‘ਤੇ ਉੱਗੇ ਹੋਣ ਕਰਕੇ ਮਸਾਂ 1800 ਕਿਊਸਿਕ ਪਾਣੀ ਹੀ ਲਿਜਾ ਰਹੀਆਂ ਹਨ, ਜੋ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਹਜ਼ਾਰਾਂ ਕਿਸਾਨਾਂ ਦੇ ਹੱਕਾਂ ‘ਤੇ ਡਾਕਾ ਹੈ।

## ਹਜ਼ਾਰ ਏਕੜ ਰਕਬੇ ਨੂੰ ਮਾਈਕਰੋ ਸਿੰਜਾਈ ਹੇਠ ਲਿਆਏਗਾ ਪੰਜਾਬ

**ਚੰਡੀਗੜ੍ਹ:** ਪਾਣੀ ਪ੍ਰਬੰਧਨ ਦੇ ਟੀਚੇ ਵਜੋਂ ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਉਹ ਮੌਜੂਦਾ ਸੀਜ਼ਨ ਵਿਚ ਹਜ਼ਾਰ ਏਕੜ ਵਿਚ ਲੱਗੀ ਮੱਕੀ ਲਈ ਮਾਈਕਰੋ-ਸਿੰਜਾਈ ਦਾ ਪ੍ਰਚਾਰ ਪਾਸਾਰ ਕਰੇਗੀ। ਸਾਲ 2019 ਵਿਚ ਸਰਕਾਰ ਨੇ ਡੇਢ ਲੱਖ ਹੈਕਟੇਅਰ ਰਕਬੇ ਨੂੰ ਇਸ ਤਕਨੀਕ ਨਾਲ ਸਿੰਜਣ ਦਾ ਫੈਸਲਾ ਕੀਤਾ ਹੈ। ਇਸ ਰਕਬੇ ਵਿਚੋਂ ਹਜ਼ਾਰ ਏਕੜ ਵਿਚ ਲੱਗੀ ਮੱਕੀ ਦੀ ਮਾਈਕਰੋ ਸਿੰਜਾਈ ਕੀਤੀ ਜਾਵੇਗੀ। ਤੰਦਰੁਸਤ ਪੰਜਾਬ ਮਿਸ਼ਨ ਦੇ ਡਾਇਰੈਕਟਰ ਕੇ.ਐੱਸ.ਪੰਨੂ ਨੇ ਕਿਹਾ ਕਿ 900 ਏਕੜ ਲਈ ਜ਼ਮੀਨ ਅਧਾਰਿਤ ਡਰਿੱਪ ਪ੍ਰਣਾਲੀ ਨਾਲ ਸਿੰਜਾਈ ਹੋਵੇਗੀ ਜਦੋਂਕਿ ਬਾਕੀ ਬਚਦੇ ਰਕਬੇ ਲਈ ਸਬ ਸਰਫੇਸ ਅਧਾਰਿਤ ਡਰਿੱਪ ਪ੍ਰਣਾਲੀ ਇਸਤੇਮਾਲ ਵਿਚ ਲਿਆਂਦੀ ਜਾਵੇਗੀ। ਮਿੱਟੀ ਬਾਰੇ ਪ੍ਰਮੁੱਖ ਮੁੱਖ ਕੰਜ਼ਰਵੇਟਰ ਧਰਮਿੰਦਰ ਕੁਮਾਰ ਨੇ ਕਿਹਾ ਕਿ ਡਰਿੱਪ ਸਿੰਜਾਈ ਤਕਨੀਕ ਨਾਲ ਨਾ ਸਿਰਫ ਪਾਣੀ ਬਚਾਉਣ ਵਿਚ ਮਦਦ ਮਿਲੇਗੀ ਬਲਕਿ ਫਸਲ ਦਾ ਝਾੜ ਵੀ ਵਧੇਗਾ। ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਨੇ ਕਿਹਾ ਕਿ ਉਨ੍ਹਾਂ ਮੱਕੀ-ਕਣਕ-ਮੂੰਗ ਦੇ ਚੱਕਰ ਦੌਰਾਨ ਸਬ-ਸਰਫੇਸ ਡਰਿੱਪ ਸਿੰਜਾਈ ਤਕਨੀਕ ਦਾ ਸਫਲ ਤਜਰਬਾ ਕੀਤਾ ਸੀ ਤੇ ਇਸ ਨੂੰ ਵੱਡੇ ਪੱਧਰ ‘ਤੇ ਪ੍ਰਮੋਟ ਕਰਨ ਦੀ ਲੋੜ ਹੈ।

## Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸ਼ੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ ‘ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 20-23

### ਲੜਕੀ ਦੀ ਲੋੜ ਹੈ

Wanted suitable beautiful girl from USA or Canada for Canadian citizen boy, 29 years, 5'-10", double bachelor in IT. Good job with CWB bank. Girl on visitor visa can also considered. Pl. contact with photo, email: chandi.avtar@yahoo.com or Ph: 780-200-8082 24-27

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6’-1”, currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com

## ਸੁਗੰਧਾ ਦਾਤੇ ਨੂੰ ਸਾਰੇਗਾਮਾਪਾ ਲਿਟਿਲ ਚੈਂਪਸ ਖਿਤਾਬ

**ਮੁੰਬਈ:** ਇਕ ਨਿੱਜੀ ਚੈਨਲ ਵੱਲੋਂ ਕਰਵਾਏ ਗਏ ਸੰਗੀਤਕ ਪ੍ਰੋਗਰਾਮ ਸਾਰੇਗਾਮਾਪਾ ਲਿਟਿਲ ਚੈਂਪਸ 2019 ਦਾ ਖਿਤਾਬ 14 ਸਾਲਾ ਸੁਗੰਧਾ ਨੇ ਜਿੱਤਿਆ। ਉਸ ਨੇ ਗ੍ਰੈਂਡ ਫਿਨਾਲੇ ‘ਚ ਆਯੂਸ਼ ਕੇ.ਸੀ., ਮੁਹੰਮਦ ਫੈਜ਼, ਅਨੁਸ਼ਕਾ ਪਾਤਰਾ, ਪ੍ਰੀਤਮ ਅਚਾਰਿਆ ਤੇ ਆਸਥਾ ਦਾਸ ਨੂੰ ਹਰਾ ਕੇ ਇਹ ਜਿੱਤ ਹਾਸਲ ਕੀਤੀ। ਉਸ ਦਾ 5 ਲੱਖ ਦੇ ਇਨਾਮ ਤੇ ਟਰਾਫੀ ਨਾਲ ਸਨਮਾਨ ਕੀਤਾ ਗਿਆ।


**Wanted Workers**

Need workers for Restaurant and Gas stations In Eureka, CA.

*Housing and food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

*ਰਿਹਾਇਸ਼ ਅਤੇ ਖਾਣਾ ਮੁਫਤ*

Call, Gurpreet Singh Sohal

Ph: 707-498-9325

redwoodpetroleum@gmail.com


23-26

**Prince’s Barber Shop**

37477 Fremont Blvd, suite C, Fremont, CA 94536

*Men & Children’s Hair Cut*

*Threading
*Men’s Facials
*Custom Designing
*Line-ups
*Custom Text
*Hair Coler
*Shave & Mundan
*Head Massage



ਫੁੱਲ ਟਾਈਮ ਬਾਰਬਰ ਦੀ ਲੋੜ ਹੈ

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605

www.princebarbershop.com

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ ’ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਪੰਜ ਪੁਲਿਸ ਅਫਸਰਾਂ ਖਿਲਾਫ ਕੇਸ ਚਲਾਉਣ ਲਈ ਹਰੀ ਝੰਡੀ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਜਾਂਚ ਟੀਮ ਵੱਲੋਂ ਦੋਸ਼ੀਆਂ ਵਜੋਂ ਨਾਮਜ਼ਦ ਕੀਤੇ ਗਏ ਪੰਜ ਪੁਲਿਸ ਅਧਿਕਾਰੀਆਂ ਖਿਲਾਫ ਪੰਜਾਬ ਦੇ ਗ੍ਰਹਿ ਵਿਭਾਗ ਨੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਨਿਯਮਾਂ ਮੁਤਾਬਕ ਸਰਕਾਰੀ ਅਧਿਕਾਰੀਆਂ ਖਿਲਾਫ ਮੁਕੱਦਮਾ

## ਕੋਟਕਪੂਰਾ ਕਾਂਡ

ਚਲਾਉਣ ਤੋਂ ਪਹਿਲਾਂ ਸਬੰਧਤ ਵਿਭਾਗ ਦੀ ਮਨਜ਼ੂਰੀ ਲਾਜ਼ਮੀ ਸੀ ਅਤੇ ਗ੍ਰਹਿ ਵਿਭਾਗ ਨੇ ਇਕ ਦਿਨ ਪਹਿਲਾਂ ਹੀ ਵਿਸ਼ੇਸ਼ ਜਾਂਚ ਟੀਮ ਨੂੰ ਇਹ ਮਨਜ਼ੂਰੀ ਦੇ ਦਿੱਤੀ ਸੀ।

ਜਾਂਚ ਟੀਮ ਨੇ ਗ੍ਰਹਿ ਵਿਭਾਗ ਦਾ ਹੁਕਮ ਅਦਾਲਤ ਨੂੰ ਸੌਂਪ ਦਿੱਤਾ। ਗ੍ਰਹਿ ਵਿਭਾਗ ਨੇ ਪੰਜਾਬ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਐਸ.ਪੀ. ਪਰਮਜੀਤ ਸਿੰਘ ਪੰਨੂ, ਐਸ.ਪੀ. ਬਲਜੀਤ ਸਿੰਘ ਸਿੱਧੂ ਅਤੇ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਖਿਲਾਫ ਮੁਕੱਦਮਾ ਚਲਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ। ਜਾਂਚ ਟੀਮ ਨੇ ਇਹ ਮਨਜ਼ੂਰੀ ਡੀ.ਜੀ.ਪੀ. ਦਫਤਰ ਰਾਹੀਂ ਗ੍ਰਹਿ ਵਿਭਾਗ ਤੋਂ ਹਾਸਲ ਕੀਤੀ ਹੈ। ਮਨਜ਼ੂਰੀ ਪੱਤਰ ਵਿਚ ਲਿਖਿਆ ਹੈ ਕਿ ਜਾਂਚ ਟੀਮ ਵੱਲੋਂ ਹੁਣ ਤੱਕ ਕੀਤੀ ਗਈ ਪੜਤਾਲ ਤੋਂ ਗ੍ਰਹਿ ਵਿਭਾਗ ਇਸ ਗੱਲੋਂ ਸੰਤੁਸ਼ਟ ਹੈ ਕਿ ਉਕਤ ਪੁਲਿਸ ਅਫਸਰਾਂ ਖਿਲਾਫ ਮੁਕੱਦਮਾ ਚਲਾਉਣ ਲਈ ਜਾਂਚ ਟੀਮ ਨੇ ਲੋੜੀਂਦੇ ਸਬੂਤ ਤੇ ਗਵਾਹ ਰਿਕਾਰਡ 'ਤੇ ਲਿਆਂਦੇ ਹਨ।

ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਦੋਸ਼ੀ ਨਾਮਜ਼ਦ ਕੀਤੇ ਗਏ ਐਸ.ਪੀ. ਪਰਮਜੀਤ ਸਿੰਘ ਪੰਨੂ ਨੂੰ ਸਥਾਨਕ ਸੈਸ਼ਨ ਜੱਜ ਹਰਪਾਲ ਸਿੰਘ ਨੇ ਪੇਸ਼ਗੀ ਜ਼ਮਾਨਤ ਦੇਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਇਸ ਮਾਮਲੇ ਵਿਚ ਸਿਟੀ ਕੋਟਕਪੂਰਾ ਦੇ ਸਾਬਕਾ ਐਸ.ਐਚ.ਓ ਗੁਰਦੀਪ ਸਿੰਘ ਪੰਧੇਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਜਦੋਂ ਕਿ ਕੋਟਕਪੂਰਾ ਦੇ ਸਾਬਕਾ ਡੀ.ਐਸ.ਪੀ. ਬਲਜੀਤ ਸਿੰਘ ਸਿੱਧੂ ਦੀ ਜ਼ਮਾਨਤ 'ਤੇ ਸੁਣਵਾਈ 10 ਜੂਨ ਤੱਕ ਮੁਲਤਵੀ ਕਰ ਦਿੱਤੀ। ਜਾਂਚ ਟੀਮ ਵੱਲੋਂ ਚਲਾਨ ਪੇਸ਼ ਕਰਨ ਤੋਂ ਬਾਅਦ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਇਲਾਕਾ ਮੈਜਿਸਟਰੇਟ ਏਕਤਾ ਉੱਪਲ ਦੀ ਅਦਾਲਤ ਵਿਚ ਪੇਸ਼ ਹੋਏ।

# ਸਿੱਖ ਕਤਲੇਆਮ: 12 ਦੋਸ਼ੀਆਂ ਵਿਰੁਧ ਦੋਸ਼ ਤੈਅ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਵਿਚ ਪਰਿਵਾਰ ਦੇ ਸੱਤ ਜੀਅ ਗੁਆ ਚੁੱਕੇ ਸਰਦੂਲ ਸਿੰਘ ਨੂੰ ਉਦੋਂ ਨਿਆਂ ਮਿਲਣ ਦੀ ਆਸ ਬੱਝੀ ਹੈ ਜਦੋਂ ਕੜਕੜਡੂਮਾ ਅਦਾਲਤ ਨੇ 12 ਦੋਸ਼ੀਆਂ ਖਿਲਾਫ ਦੋਸ਼ ਤੈਅ ਕੀਤੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਜੱਜ ਜਗਦੀਸ਼ ਕੁਮਾਰ ਦੀ ਕੜਕੜਡੂਮਾ ਅਦਾਲਤ ਵੱਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਪਰਿਵਾਰ ਦੇ ਸੱਤ ਜੀਆਂ ਦੇ ਕਤਲ ਦੇ ਦੋਸ਼ ਹੇਠ 12 ਜਣਿਆਂ ਖਿਲਾਫ ਦੋਸ਼ ਤੈਅ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਨਾਲ ਪਰਿਵਾਰ ਦੇ ਇਕੋ-ਇਕ ਬਚੇ ਮੈਂਬਰ ਸਰਦੂਲ ਸਿੰਘ ਨੂੰ 35 ਸਾਲਾਂ ਬਾਅਦ ਇਨਸਾਫ ਮਿਲਣ ਦੀ ਆਸ ਬੱਝੀ ਹੈ।

ਕੇਸ ਦਾ ਵੇਰਵਾ ਦਿੰਦਿਆਂ ਸ੍ਰੀ ਕਾਹਲੋਂ ਨੇ ਦੱਸਿਆ ਕਿ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ 1984 ਵਿਚ ਦਿੱਲੀ 'ਚ ਹੋਏ ਸਿੱਖ ਕਤਲੇਆਮ ਦੌਰਾਨ ਯਮੁਨਾਪਾਰ ਛੱਜੂ ਕਲੋਨੀ ਦੇ ਬਾਬਰਪੁਰ, ਸ਼ਾਹਦਰਾ ਇਲਾਕੇ ਵਿਚ ਸਰਦੂਲ ਸਿੰਘ ਦੇ ਪਰਿਵਾਰ ਦੇ ਸੱਤ ਜੀਆਂ, ਜਿਨ੍ਹਾਂ ਵਿਚ ਉਸ ਦੇ ਮਾਪੇ, ਭਰਾ ਅਤੇ ਚਾਰ ਭੈਣਾਂ ਸ਼ਾਮਲ ਸਨ, ਨੂੰ ਮਿੱਟੀ ਦਾ ਤੇਲ ਪਾ ਕੇ ਜਿਊਂਦਾ ਸਾੜ ਦਿੱਤਾ ਗਿਆ ਸੀ। ਇਸ ਘਟਨਾ ਦੌਰਾਨ ਸਰਦੂਲ ਸਿੰਘ ਨੇ ਭੱਜ ਕੇ ਪੁਰਾਣੀ ਇਮਾਰਤ ਵਿਚ ਲੁਕ ਕੇ ਆਪਣੀ ਜਾਨ ਬਚਾਈ ਸੀ। ਉਨ੍ਹਾਂ ਦੱਸਿਆ ਕਿ ਸਰਦੂਲ ਸਿੰਘ 12 ਨਵੰਬਰ 1984 ਨੂੰ ਥਾਣਾ ਸ਼ਾਹਦਰਾ ਵਿਚ ਸ਼ਿਕਾਇਤ ਦਰਜ ਕਰਵਾਉਣ ਲਈ ਗਿਆ ਸੀ ਪਰ ਉਥੋਂ ਦੇ ਐੱਸ.ਆਈ. ਤੁਲਸੀ ਰਾਮ ਨੇ




ਕਥਿਤ ਦੋਸ਼ੀਆਂ ਵਰਿੰਦਰ ਸਿੰਘ ਅਤੇ ਹੋਰਾਂ ਨੂੰ ਥਾਣੇ ਬੁਲਾਇਆ ਤਾਂ ਵਰਿੰਦਰ ਕੋਲ ਹਥਿਆਰ ਸੀ। ਮੁਲਜ਼ਮਾਂ ਨੇ ਐਸ.ਆਈ. ਨਾਲ ਮਿਲ ਕੇ ਸਰਦੂਲ ਸਿੰਘ ਨੂੰ ਧਮਕਾ ਕੇ ਦਸਤਖਤ ਕਰਵਾ ਲਏ ਸਨ ਕਿ ਉਸ ਦੀ ਕੋਈ ਸ਼ਿਕਾਇਤ ਨਹੀਂ ਹੈ।

ਇਸ ਪਿਛੋਂ 19 ਸਤੰਬਰ 1985 'ਚ ਸਰਦੂਲ ਸਿੰਘ ਨੇ ਜਸਟਿਸ ਰੰਗਾਨਾਥ ਕਮਿਸ਼ਨ ਕੋਲ ਆਪਣਾ ਹਲਫੀਆ ਬਿਆਨ ਦਿੱਤਾ ਸੀ, ਜਿਸ ਤਹਿਤ ਕਮਿਸ਼ਨ ਦੀ ਸਿਫਾਰਸ਼ 'ਤੇ 1991 ਵਿਚ 12 ਕਥਿਤ ਦੋਸ਼ੀਆਂ ਵਿਰੁੱਧ ਐਫ.ਆਈ.ਆਰ. ਦਰਜ ਹੋਈ ਸੀ। ਇਸ ਦੇ ਬਾਵਜੂਦ ਦੋਸ਼ੀਆਂ ਵਿਰੁੱਧ ਕਾਰਵਾਈ ਨਹੀਂ ਕੀਤੀ ਗਈ ਸੀ। ਇਥੋਂ ਤੱਕ ਕਿ ਪੁਲਿਸ ਨੇ ਚਲਾਨ ਵੀ ਪੇਸ਼ ਨਹੀਂ ਕੀਤਾ ਸੀ। ਸ੍ਰੀ ਕਾਹਲੋਂ ਨੇ ਦੱਸਿਆ ਕਿ 2015 ਵਿਚ ਕੇਂਦਰ ਸਰਕਾਰ ਵੱਲੋਂ ਬਣਾਈ ਐਸ.ਆਈ.ਟੀ. ਨੇ ਜਾਂਚ ਦੌਰਾਨ ਇਨ੍ਹਾਂ ਕਾਤਲਾਂ ਵਿਰੁੱਧ ਚਲਾਨ ਪੇਸ਼ ਕਰਵਾ ਕੇ ਕਾਰਵਾਈ ਵਿਚ ਤੇਜ਼ੀ ਲਿਆਂਦੀ, ਜਿਸ ਕਾਰਨ ਦੋਸ਼ੀਆਂ ਵਿਰੁਧ ਦੋਸ਼ ਤੈਅ ਹੋਏ ਹਨ ਤੇ 35 ਸਾਲਾਂ ਪਿਛੋਂ ਨਿਆਂ ਮਿਲਣ ਦੀ ਆਸ ਬੱਝੀ ਹੈ। ਅਗਲੀ ਸੁਣਵਾਈ 29, 30 ਤੇ 31 ਅਗਸਤ ਨੂੰ ਹੋਵੇਗੀ।

# ਸਾਕਾ ਨੀਲਾ ਤਾਰਾ: 37 ਗੁਰਦੁਆਰਿਆਂ ਵਿਚ ਯਾਦਗਾਰਾਂ ਬਣਾਉਣ ਦਾ ਫੈਸਲਾ

**ਅੰਮ੍ਰਿਤਸਰ:** ਜੂਨ 1984 ਦੇ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਇਲਾਵਾ ਜਿਨ੍ਹਾਂ ਹੋਰ 37 ਗੁਰਦੁਆਰਿਆਂ ਵਿਚ ਜਾਨੀ-ਮਾਲੀ ਨੁਕਸਾਨ ਹੋਇਆ ਸੀ, ਵਿਖੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਯਾਦ ਨੂੰ ਰੂਪਮਾਨ ਕਰਨ ਦਾ ਫੈਸਲਾ ਲਿਆ ਗਿਆ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ ਹੈ। ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਪ੍ਰਬੰਧਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ।

ਮੀਟਿੰਗ ਦੇ ਵੇਰਵਿਆਂ ਬਾਰੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਫੈਸਲਾ ਲਿਆ ਹੈ ਕਿ ਸਾਕਾ ਨੀਲਾ ਤਾਰਾ ਸਮੇਂ ਜਿਨ੍ਹਾਂ 37 ਗੁਰਦੁਆਰਿਆਂ ਵਿਚ ਜਾਨੀ-ਮਾਲੀ ਨੁਕਸਾਨ ਹੋਇਆ ਸੀ, ਵਿਖੇ ਵੀ ਯਾਦ ਸਥਾਪਤ ਕੀਤੀ ਜਾਵੇਗੀ। ਇਸ ਸਬੰਧੀ ਸਬ-ਕਮੇਟੀ ਬਣਾਈ ਜਾਵੇਗੀ, ਜੋ ਇਨ੍ਹਾਂ ਗੁਰਦੁਆਰਿਆਂ ਵਿਚ ਹੋਏ ਨੁਕਸਾਨ ਦੇ ਵੇਰਵੇ ਇਕੱਠੇ ਕਰੇਗੀ ਅਤੇ ਇਸ ਨੂੰ ਰੂਪਮਾਨ ਕਰਨ ਬਾਰੇ ਵੀ ਸੁਝਾਅ ਦੇਵੇਗੀ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸ਼ਹੀਦੀ ਯਾਦਗਾਰ ਸਥਾਪਤ ਕੀਤੀ ਜਾ ਚੁੱਕੀ ਹੈ ਪਰ ਇਨ੍ਹਾਂ ਗੁਰਦੁਆਰਿਆਂ ਵਿਚ ਹੁਣ ਤੱਕ ਇਸ ਸਬੰਧੀ ਕੁਝ ਨਹੀਂ ਕੀਤਾ ਗਿਆ।

ਵੇਰਵਿਆਂ ਮੁਤਾਬਕ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਤੋਂ ਇਲਾਵਾ ਜਿਨ੍ਹਾਂ 37 ਗੁਰਦੁਆਰਿਆਂ ਨੂੰ ਫੌਜੀ ਹਮਲੇ ਸਮੇਂ ਨਿਸ਼ਾਨਾ ਬਣਾਇਆ ਗਿਆ ਸੀ, ਵਿਖੇ ਵੀ ਜਾਨੀ-ਮਾਲੀ ਨੁਕਸਾਨ ਹੋਇਆ ਸੀ। ਪਟਿਆਲਾ ਦੇ ਗੁਰਦੁਆਰੇ ਵਿਚ 17 ਵਿਅਕਤੀ ਫੌਜੀ ਹਮਲੇ ਦਾ ਨਿਸ਼ਾਨਾ ਬਣੇ ਸਨ। ਇਸੇ ਤਰ੍ਹਾਂ ਮੁਕਤਸਰ, ਤਰਨ ਤਾਰਨ, ਫਗਵਾੜਾ, ਬੰਗਾ, ਬਟਾਲਾ ਤੇ ਹੋਰ ਗੁਰਦੁਆਰਿਆਂ ਵਿਚ ਵੀ ਜਾਨੀ-ਮਾਲੀ ਨੁਕਸਾਨ ਹੋਇਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਜਾਨੀ-ਮਾਲੀ ਨੁਕਸਾਨ ਦੇ ਵੇਰਵੇ ਇਕੱਠੇ ਕਰ ਕੇ ਇਸ ਨੂੰ ਇਨ੍ਹਾਂ ਗੁਰਦੁਆਰਿਆਂ ਵਿਚ ਇਤਿਹਾਸ ਦੇ ਰੂਪ ਵਿਚ ਦਰਸਾਇਆ ਜਾ ਸਕਦਾ ਹੈ। ਮੀਟਿੰਗ ਵਿਚ ਫਤਹਿਗੜ੍ਹ ਸਾਹਿਬ ਵਿਖੇ ਮੁਕਾਬਲਾ ਪ੍ਰੀਖਿਆਵਾਂ ਲਈ ਕੋਚਿੰਗ ਸੈਂਟਰ ਖੋਲ੍ਹਣ ਦਾ ਫੈਸਲਾ ਲਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਚ ਆਈ.ਏ.ਐਸ, ਆਈ.ਪੀ.ਐਸ, ਪੀ.ਸੀ.ਐਸ. ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਕੇਂਦਰ ਖੋਲ੍ਹਿਆ ਜਾਵੇਗਾ। ਸਿੱਖ ਮਾਰਸ਼ਲ ਆਰਟ ਗਤਕਾ ਦੀ ਸਿਖਲਾਈ ਵਾਸਤੇ ਗਤਕਾ ਅਕੈਡਮੀ ਸਥਾਪਤ ਕੀਤੀ ਜਾਵੇਗੀ। ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਗ ਲੱਗਣ ਨਾਲ ਦੁਕਾਨਾਂ ਸੜਨ ਦੀ ਵਾਪਰੀ ਘਟਨਾ ਦੇ ਸਬੰਧੀ ਸ਼੍ਰੋਮਣੀ ਕਮੇਟੀ ਨੇ ਸਬ ਕਮੇਟੀ ਬਣਾਉਣ ਦਾ ਫੈਸਲਾ ਲਿਆ ਹੈ, ਜਿਸ ਦੀ ਰਿਪੋਰਟ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਦੁਕਾਨਦਾਰਾਂ ਨੂੰ ਸਹਾਇਤਾ ਦਿੱਤੀ ਜਾਵੇਗੀ।

# ਕੈਲੰਡਰ ਵਿਵਾਦ: ਸ਼ਹੀਦੀ ਪੁਰਬ ਮਨਾਉਣ ਲਈ ਨਾ ਮਿਲੇ ਵੀਜ਼ੇ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚੱਲਦਿਆਂ ਇਸ ਵਾਰ ਵੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਭੇਜੇ ਜਾਣ ਵਾਲੇ ਜਥੇ ਨੂੰ ਪਾਕਿਸਤਾਨੀ ਸਫਾਰਤਖਾਨੇ ਨੇ ਵੀਜ਼ੇ ਨਹੀਂ ਦਿੱਤੇ, ਜਿਸ ਕਾਰਨ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਭੇਜ ਸਕੀ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇਥੇ ਗੁਰਦੁਆਰਾ ਰਾਮਸਰ ਵਿਖੇ ਸ਼ਰਧਾ ਨਾਲ ਮਨਾਇਆ ਗਿਆ ਹੈ ਜਦੋਂਕਿ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼ਹੀਦੀ ਦਿਹਾੜਾ 16 ਜੂਨ ਨੂੰ ਮਨਾਇਆ ਜਾਣਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਗਈ ਹੈ ਅਤੇ ਉਸ ਮੁਤਾਬਕ ਹੀ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਦਿਹਾੜੇ ਮਨਾਏ ਜਾਂਦੇ ਹਨ ਜਦੋਂਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਹੋਈ ਹੈ। ਸ਼੍ਰੋਮਣੀ ਕਮੇਟੀ ਵਲੋਂ ਭਾਰਤ ਸਰਕਾਰ ਰਾਹੀਂ ਪਾਕਿਸਤਾਨੀ ਸਫਾਰਤਖਾਨੇ ਕੋਲ ਲਗਭਗ 80 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਸਨ। ਸ਼੍ਰੋਮਣੀ ਕਮੇਟੀ ਨੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਸੱਤ ਜੂਨ ਨੂੰ ਸ਼ਹੀਦੀ ਦਿਹਾੜਾ ਮਨਾਉਣ ਲਈ 4 ਜਾਂ 5 ਜੂਨ ਨੂੰ ਜਥਾ ਭੇਜਣ ਵਾਸਤੇ ਪ੍ਰਵਾਨਗੀ ਮੰਗੀ ਸੀ। ਮਿਲੇ ਵੇਰਵਿਆਂ ਮੁਤਾਬਕ ਪਾਕਿਸਤਾਨੀ ਸਫਾਰਤਖਾਨੇ ਨੇ ਇਸ ਮੁਤਾਬਕ ਵੀਜ਼ੇ ਨਹੀਂ ਦਿੱਤੇ ਹਨ ਅਤੇ 14 ਜੂਨ ਵਾਸਤੇ ਵੀਜ਼ੇ ਲੈਣ ਲਈ ਆਖਿਆ ਸੀ।


ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸ਼ਹੀਦੀ ਦਿਹਾੜੇ ਦੀਆਂ



ਤਰੀਕਾਂ ਵਿਚ ਅੰਤਰ ਹੋਣ ਕਾਰਨ ਪਾਕਿਸਤਾਨੀ ਸਫਾਰਤਖਾਨੇ ਵਲੋਂ 14 ਜੂਨ ਵਾਸਤੇ ਵੀਜ਼ੇ ਦਿੱਤੇ ਜਾ ਰਹੇ ਸਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਹ ਸ਼ਹੀਦੀ ਦਿਹਾੜਾ ਸ੍ਰੀ ਅਕਾਲ ਤਖਤ ਦੇ ਆਦੇਸ਼ਾਂ ਮੁਤਾਬਕ 7 ਜੂਨ ਨੂੰ ਮਨਾਇਆ ਗਿਆ ਹੈ ਅਤੇ ਉਸ ਮੁਤਾਬਕ ਹੀ ਵੀਜ਼ੇ ਮੰਗੇ ਗਏ ਸਨ। ਇਸ ਮੁਤਾਬਕ ਵੀਜ਼ੇ ਨਾ ਮਿਲਣ 'ਤੇ ਸ਼੍ਰੋਮਣੀ ਕਮੇਟੀ ਨੇ ਸਿੱਖ ਸ਼ਰਧਾਲੂਆਂ ਦਾ ਜੱਥਾ ਨਾ ਭੇਜਣ ਦਾ ਫੈਸਲਾ ਕੀਤਾ ਹੈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ ਨੂੰ ਆ ਰਹੀ ਬਰਸੀ 'ਤੇ 27 ਜੂਨ ਨੂੰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਭੇਜਿਆ ਜਾਵੇਗਾ।

# ਸੈਲਾਨੀਆਂ ਦੀ ਪਹਿਲੀ ਪਸੰਦ ਬਣਿਆ ਸ੍ਰੀ ਆਨੰਦਪੁਰ ਸਾਹਿਬ

**ਸ੍ਰੀ ਆਨੰਦਪੁਰ ਸਾਹਿਬ:** ਜੂਨ ਮਹੀਨੇ 'ਚ ਹੋਈਆਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕੁਦਰਤੀ ਸੁਹੱਪਣ ਨਾਲ ਭਰਪੂਰ ਤੇ ਸ਼ਿਵਾਲਿਕ ਦੀਆਂ ਰਮਣੀਕ ਪਹਾੜੀਆਂ 'ਚ ਵਸਦੇ ਸ੍ਰੀ ਆਨੰਦਪੁਰ ਸਾਹਿਬ ਦਾ ਖਿੱਤਾ ਦੇਸ਼ ਤੋਂ ਆਉਂਦੇ ਸੈਲਾਨੀਆਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਰੋਜ਼ਾਨਾ 15 ਤੋਂ 20 ਹਜ਼ਾਰ ਸੈਲਾਨੀ ਇਸ ਖਿੱਤੇ ਦਾ ਰੁਖ ਕਰ ਰਹੇ ਹਨ।



ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਸਰਹੱਦੀ ਇਲਾਕੇ 'ਚ ਵਸਦੇ ਤਖਤ ਕੇਸਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ, ਨੈਣਾ ਦੇਵੀ, ਨੰਗਲ-ਭਾਖੜਾ ਤੇ ਰਾਏਪੁਰ ਮੈਦਾਨ ਵਿਚ ਸ਼ਰਧਾਲੂਆਂ ਤੇ ਸੈਲਾਨੀਆਂ ਦਾ ਜਮਾਵੜਾ ਦਿਨੋਂ ਦਿਨ ਵਧਦਾ ਹੀ ਜਾ ਰਿਹਾ ਹੈ। ਪ੍ਰਾਪਤ ਅੰਕੜੇ ਸਪਸ਼ਟ ਕਰਦੇ ਹਨ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਸੈਲਾਨੀ ਹੁਣ ਇਥੇ ਆਉਣਾ ਵਧੇਰੇ ਪਸੰਦ ਕਰਦੇ ਹਨ। ਤਖਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਨੇ ਦੱਸਿਆ ਕਿ ਜਦੋਂ ਤੋਂ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਈਆਂ ਹਨ, ਉਦੋਂ ਤੋਂ ਹੀ ਸ਼ਰਧਾਲੂਆਂ ਦੀ ਆਮਦ ਵਿਚ ਜ਼ਿਕਰਯੋਗ ਵਾਧਾ ਹੋਇਆ ਹੈ। ਹਾਲਾਂਕਿ ਸ਼੍ਰੋਮਣੀ ਕਮੇਟੀ ਸ਼ਰਧਾਲੂਆਂ ਦੀ ਗਿਣਤੀ ਨਹੀਂ ਕਰਦੀ ਪਰ ਇਕ ਅਨੁਮਾਨ ਮੁਤਾਬਕ 15 ਤੋਂ 20 ਹਜ਼ਾਰ ਸ਼ਰਧਾਲੂ ਰੋਜ਼ਾਨਾ ਨਤਮਸਤਕ ਹੋਣ ਲਈ ਆ ਰਹੇ ਹਨ ਤੇ ਲਗਭਗ ਸਾਰੀਆਂ ਹੀ ਸਰਾਵਾਂ ਵਿਚ ਲਗਾਤਾਰ ਪੂਰੀ ਬੁਕਿੰਗ ਚੱਲ ਰਹੀ ਹੈ।

ਇਸੇ ਤਰ੍ਹਾਂ ਜੇਕਰ ਵਿਰਾਸਤ-ਏ-ਖਾਲਸਾ ਦੀ ਗੱਲ ਕੀਤੀ ਜਾਵੇ ਤਾਂ ਉਥੇ ਵੀ ਦਿੱਲੀ, ਕਰਨਾਟਕਾ, ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ, ਪੱਛਮੀ ਬੰਗਾਲ ਸਣੇ ਸਮੁੱਚੇ ਦੇਸ਼ ਦੇ ਸੈਲਾਨੀਆਂ ਦੀ ਆਮਦ ਜਾਰੀ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਸੈਲਾਨੀਆਂ ਦੀ ਆਮਦ ਦੁੱਗਣੀ ਹੋ ਗਈ ਹੈ ਤੇ ਡੈਮ ਵੇਖਣ ਲਈ ਜਾਣ ਵਾਲੇ ਪਰਮਿਟਾਂ ਦੀ ਗਿਣਤੀ 400 ਤੱਕ ਪਹੁੰਚ ਜਾਂਦੀ ਹੈ। ਜਦਕਿ ਉਤਰ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ, ਕੀਰਤਪੁਰ ਸਾਹਿਬ ਵਿਚ ਸਥਿਤ ਦਰਗਾਹ ਬਾਬਾ ਬੁੱਢਣ ਸ਼ਾਹ, ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਵੀ ਸ਼ਰਧਾਲੂਆਂ ਦੀ ਆਮਦ ਹਜ਼ਾਰਾਂ ਦੀ ਗਿਣਤੀ ਵਿਚ ਲਗਾਤਾਰ ਬਰਕਰਾਰ ਹੈ।

# ਜਥੇਦਾਰ ਵੱਲੋਂ ਸੰਦੇਸ਼ ਜਾਰੀ ਨਾ ਕਰਨ ਉਤੇ ਪੰਥਕ ਹਲਕਿਆਂ 'ਚ ਛਿੜੀ ਨਵੀਂ ਚਰਚਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਨਾਏ ਗਏ ਘੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਕਰੀਬ ਢਾਈ ਦਹਾਕਿਆਂ ਤੋਂ ਚੱਲੀ ਆਉਂਦੀ ਰਵਾਇਤ ਅਨੁਸਾਰ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਨਾ ਕੀਤੇ ਜਾਣ ਨੇ ਪੰਥਕ ਹਲਕਿਆਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ।

ਘੱਲੂਘਾਰਾ ਸਮਾਗਮ ਮੌਕੇ ਜਗਤਾਰ ਸਿੰਘ ਮੁੱਖ ਗ੍ਰੰਥੀ ਵੱਲੋਂ ਹੁਕਮਨਾਮਾ ਲਏ ਜਾਣ ਬਾਅਦ ਜਥੇਦਾਰ ਦੁਆਰਾ ਸੰਦੇਸ਼ ਪੜ੍ਹਨ ਦਾ ਸਮਾਂ ਆਇਆ ਤਾਂ ਜਥੇਦਾਰ ਹਰਪ੍ਰੀਤ ਸਿੰਘ ਨੇ ਖੁਦ ਹੀ ਮਾਈਕ ਫੜ ਕੇ ਕੋਈ ਲਿਖਤੀ ਸੰਦੇਸ਼ ਦੇਣ ਦੀ ਥਾਂ ਸੰਗਤ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੋ ਤਿੰਨ ਮਿੰਟਾਂ ਦੇ ਸੰਬੋਧਨ ਦੌਰਾਨ ਘੱਲੂਘਾਰੇ ਦੀ ਗੱਲ ਘੱਟ ਕੀਤੀ ਤੇ ਸਿੱਖ ਨੌਜਵਾਨਾਂ ਦੇ ਵਿਦੇਸ਼ ਜਾਣ ਤੇ ਵੱਧ ਤੋਂ ਵੱਧ ਪੜ੍ਹਾਈ ਕੀਤੇ ਜਾਣ ਪ੍ਰਤੀ ਚਿੰਤਾ ਵਧੇਰੇ ਜ਼ਾਹਰ ਕੀਤੀ। ਜਦੋਂ ਤੱਕ ਸਮਾਗਮ 'ਚ ਬੈਠੀ ਸੰਗਤ ਤੇ ਗਰਮਖਿਆਲੀਆਂ ਨੂੰ ਪਤਾ ਚੱਲਦਾ ਕਿ ਜਥੇਦਾਰ ਬੋਲ ਰਹੇ ਹਨ ਉਦੋਂ ਤੱਕ ਉਨ੍ਹਾਂ ਆਪਣੀ ਗੱਲ ਸਮਾਪਤ ਕਰ ਦਿੱਤੀ। ਬਾਅਦ 'ਚ ਸਕੱਤਰੇਤ ਵਿਖੇ ਸਿੰਘ ਸਾਹਿਬ ਨੇ ਜਦੋਂ ਮੀਡੀਆ ਦੇ ਰੂ-ਬਰੂ ਹੁੰਦਿਆਂ ਕੌਮ ਦੇ ਨਾਂ ਆਪਣਾ ਸੰਦੇਸ਼ ਪੜ੍ਹਿਆ ਤਾਂ ਪੱਤਰਕਾਰਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੰਦੇਸ਼ ਨਾ ਪੜ੍ਹੇ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਜੋ ਦੋ ਗੱਲਾਂ ਸੰਗਤ ਨਾਲ ਸਾਂਝੀਆਂ ਕੀਤੀਆਂ ਸਨ ਇਹ ਸੰਦੇਸ਼ ਉਸੇ ਦਾ ਹੀ ਵਿਸਥਾਰ ਹੈ। ਉਨ੍ਹਾਂ ਕਿਹਾ ਕਿ ਸੰਦੇਸ਼ ਭਾਵੇਂ ਇਕ ਘੰਟੇ ਦਾ ਹੋਵੇ ਜਾਂ ਤੁਸੀਂ ਇਕ ਮਿੰਟ 'ਚ ਸਮੇਟ ਲਵੋ ਤੁਹਾਡੇ 'ਤੇ ਨਿਰਭਰ ਕਰਦਾ ਹੈ।

# ਬੀਬੀ ਗੁਰਦੀਪ ਕੌਰ ਮਾਨ ਦਾ ਦਿਹਾਂਤ

**ਫਰਿਜ਼ਨੋ (ਬਿਊਰੋ):** ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਮੋਹਰੀ ਆਗੂ ਅਤੇ ਪੰਜਾਬ ਵਿਚ ਭਾਈਚਾਰੇ ਦੀਆਂ ਸਮਾਜਕ ਤੇ ਰਾਜਨੀਤਕ ਸਰਗਰਮੀਆਂ



ਵਿਚ ਸਰਗਰਮ ਰਹੇ ਸ. ਜਸਵੰਤ ਸਿੰਘ ਮਾਨ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੀ ਸੁਪਤਨੀ ਬੀਬੀ ਗੁਰਦੀਪ ਕੌਰ ਮਾਨ ਲੰਘੀ 7 ਜੂਨ ਨੂੰ ਅਕਾਲ ਚਲਾਣਾ ਕਰ ਗਏ। ਉਹ ਪਿਛੋਂ ਜਿਲਾ ਮੁਕਤਸਰ ਸਾਹਿਬ ਦੇ ਪਿੰਡ ਦਿਉਣਖੇੜਾ ਤੋਂ ਸਨ।

ਉਹ ਆਪਣੇ ਪਿਛੇ ਪਤੀ ਜਸਵੰਤ ਸਿੰਘ ਮਾਨ ਤੋਂ ਇਲਾਵਾ ਇਕ ਪੁੱਤਰ, ਚਾਰ ਧੀਆਂ ਅਤੇ ਭਰਿਆ ਪਰਿਵਾਰ ਛੱਡ ਗਏ ਹਨ, ਜੋ ਅਮਰੀਕਾ, ਕੈਨੇਡਾ ਤੇ ਭਾਰਤ ਵਿਚ ਰਹਿੰਦਾ ਹੈ। ਘਰ-ਪਰਿਵਾਰ ਦੀ ਵੱਡੀ ਜ਼ਿੰਮੇਵਾਰੀ ਮਾਤਾ ਗੁਰਦੀਪ ਕੌਰ ਨੇ ਆਪਣੇ ਮੋਢਿਆਂ ਉਤੇ ਲਈ ਹੋਈ ਸੀ। ਬੀਬੀ ਗੁਰਦੀਪ ਕੌਰ ਘਰ ਆਏ ਹਰ ਸੱਜਣ ਨੂੰ ਬੜੇ ਚਾਅ ਨਾਲ ਮਿਲਦੇ ਸਨ।

ਸਵਰਗੀ ਗੁਰਦੀਪ ਕੌਰ ਮਾਨ ਦਾ ਅੰਤਿਮ ਸਸਕਾਰ 15 ਜੂਨ, ਸਨਿਚਰਵਾਰ ਨੂੰ ਸ਼ਾਂਤ ਭਵਨ (4800 ਈਸਟ ਕਲੈਟਨ ਐਵੇਨਿਊ), ਫਾਊਲਰ ਵਿਖੇ ਸਵੇਰੇ 11 ਤੋਂ ਦੁਪਹਿਰ ਇਕ ਵਜੇ ਹੋਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 4 ਵਜੇ ਤੀਕ ਗੁਰਦੁਆਰਾ ਸਿੱਖ ਸੈਂਟਰ ਆਫ ਪੈਸੇਫਿਕ ਕੋਸਟ, ਸੈਲਮਾ ਵਿਖੇ ਹੋਣਗੇ।

# ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਟੈਕਸ ਅਧਿਕਾਰੀ ਜਬਰੀ ਸੇਵਾਮੁਕਤ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਦਰਜਨ ਦੇ ਕਰੀਬ ਟੈਕਸ ਅਧਿਕਾਰੀਆਂ ਨੂੰ ਜਬਰੀ ਸੇਵਾਮੁਕਤ ਕਰ ਦਿੱਤਾ ਹੈ। ਇਹ ਅਧਿਕਾਰੀ ਰਿਸ਼ਵਤਖੋਰੀ, ਫਿਰੌਤੀ ਮੰਗਣ ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰੇ ਹੋਏ ਸਨ। ਇਹ 12 ਸੀਨੀਅਰ ਅਧਿਕਾਰੀ ਮੁੱਖ ਕਮਿਸ਼ਨਰ, ਪ੍ਰਿੰਸੀਪਲ ਕਮਿਸ਼ਨਰ ਤੇ ਆਮਦਨ ਕਰ ਕਮਿਸ਼ਨਰ ਰੈਂਕ ਦੇ ਹਨ। ਇਨ੍ਹਾਂ ਵਿਚ ਇੰਡੀਅਨ ਰੈਵੇਨਿਊ ਸਰਵਿਸਿਜ਼ ਦੇ ਅਧਿਕਾਰੀ ਵੀ ਸ਼ਾਮਲ ਹਨ। ਜਬਰੀ ਸੇਵਾਮੁਕਤ ਕੀਤੇ ਜਾਣ ਵਾਲਿਆਂ ਵਿਚ ਸ਼ਾਮਲ ਜੁਆਇੰਟ ਕਮਿਸ਼ਨਰ (ਆਈ.ਟੀ.) ਅਸ਼ੋਕ ਅਗਰਵਾਲ 1999 ਤੋਂ 2014 ਤੱਕ ਮੁਅੱਤਲ ਵੀ ਰਹਿ ਚੁੱਕੇ ਹਨ।

# ਚੋਣ ਵਾਅਦੇ: ਕੈਪਟਨ ਨੇ ਮੋਦੀ ਸਰਕਾਰ 'ਤੇ ਲਾਈ ਟੇਕ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਸਰੀ ਪਾਰੀ ਸ਼ੁਰੂ ਹੁੰਦਿਆਂ ਹੀ ਖਤੋ-ਖਿਤਾਬਤ ਸ਼ੁਰੂ ਕਰ ਦਿੱਤੀ ਹੈ। ਲਿਖੀਆਂ ਚਿੱਠੀਆਂ ਵਿਚ ਨਸ਼ਿਆਂ ਦੇ ਮੁੱਦੇ ਉਤੇ ਕੌਮੀ ਨੀਤੀ ਬਣਾਉਣ, ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਅਤੇ ਫਸਲੀ ਬੀਮਾ ਨੀਤੀ ਵਿਚ ਪੰਜਾਬ ਦੀ ਲੋੜ ਅਨੁਸਾਰ ਸੋਧ ਕਰਨ ਸਮੇਤ ਕਈ ਮੁੱਦਿਆਂ ਨੂੰ ਛੋਹਿਆ ਗਿਆ ਹੈ।

ਪੰਜਾਬ ਤੋਂ ਅਕਾਲੀ-ਭਾਜਪਾ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਉਤੇ ਸਵਾਲ ਉਠਾ ਰਹੇ ਹਨ ਕਿ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ ਅਤੇ ਵਾਅਦੇ ਪੂਰੇ ਕਰਨ ਦੀ ਜ਼ਿੰਮੇਵਾਰੀ ਵੀ ਕੈਪਟਨ ਸਰਕਾਰ ਨੂੰ ਖੁਦ ਉਠਾਉਣੀ ਚਾਹੀਦੀ ਹੈ ਜਦੋਂਕਿ ਪੰਜਾਬ ਸਰਕਾਰ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਪੂਰੇ ਕਰਨ ਦਾ ਰਾਹ ਕੇਂਦਰ ਸਰਕਾਰ ਰਾਹੀਂ ਲੱਭ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਕੇਵਲ ਸੰਸਥਾਗਤ ਕਰਜ਼ਾ ਹੀ 90 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਬਣਦਾ ਹੈ। ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਮੁਤਾਬਕ ਅਜੇ ਤੱਕ 44 ਸੌ ਕਰੋੜ ਰੁਪਏ ਦੇ ਕਰੀਬ ਕਰਜ਼ਾ ਹੀ ਮੁਆਫ ਕੀਤਾ ਗਿਆ ਹੈ। ਬਾਕੀ ਦੇ ਕਰਜ਼ੇ ਦੀ ਮੁਆਫੀ ਲਈ ਕੇਂਦਰ ਦੇ ਸਹਿਯੋਗ ਦੀ ਮੰਗ ਕੀਤੀ ਗਈ ਹੈ। ਕਾਂਗਰਸ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਵਾਅਦਿਆਂ ਅਤੇ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ। ਹਾਲਾਂਕਿ ਆਰਥਿਕ ਮਾਹਰਾਂ ਦਾ ਤਰਕ ਹੈ ਕਿ ਕੇਂਦਰ ਸਰਕਾਰ ਦੇ ਆਮਦਨ ਦੇ ਸਰੋਤ ਬਹੁਤ ਵੱਡੇ ਹਨ। ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀ ਕਰ ਰਹੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਬਾਂਹ ਫੜਨਾ ਕੇਂਦਰੀ ਸਰਕਾਰ ਦੀ ਸੰਵਿਧਾਨਕ, ਕਾਨੂੰਨੀ ਅਤੇ ਇਖਲਾਕੀ ਜ਼ਿੰਮੇਵਾਰੀ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਸਹੁੰ ਚੁੱਕ ਕੇ ਪੰਜਾਬ ਨੂੰ ਚਾਰ ਹਫਤਿਆਂ ਵਿਚ ਨਸ਼ਿਆਂ ਤੋਂ ਮੁਕਤ ਕਰਨ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਕਾਂਗਰਸ ਸਰਕਾਰ ਹੁਣ ਇਹ ਮੁੱਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਉਠਾ ਕੇ ਹੱਲ ਭਾਲ ਰਹੀ ਹੈ। ਦੂਜੇ ਪਾਸੇ, 'ਆਪ' ਨੇ ਵੀ ਕੈਪਟਨ ਨੂੰ ਪੱਤਰ ਲਿਖ ਕੇ ਜਿਥੇ ਉਨ੍ਹਾਂ ਵੱਲੋਂ ਸ੍ਰੀ ਮੋਦੀ ਨੂੰ ਲਿਖੇ ਪੱਤਰ ਦੀ ਸ਼ਲਾਘਾ ਕੀਤੀ ਹੈ, ਉਥੇ ਮੁੱਖ ਮੰਤਰੀ ਨੂੰ ਨਸ਼ੇ ਖਤਮ ਕਰਨ ਲਈ ਗੁਰ ਵੀ ਦੱਸੇ ਹਨ।

ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਟੈਕਸ ਦੀਆਂ ਰਿਆਇਤਾਂ ਦਿੰਦਿਆਂ ਅਤੇ ਵੱਖ ਵੱਖ ਫਸਲਾਂ ਦੇ ਸਮਰਥਨ ਮੁੱਲ ਤੈਅ ਕਰਦਿਆਂ ਸੂਬਿਆਂ ਨੂੰ ਨਹੀਂ ਪੁੱਛਦੀ। ਫਸਲੀ ਬੀਮਾ ਯੋਜਨਾ ਦੇ ਸਾਹਮਣੇ ਆਏ ਤੱਥ ਹੈਰਾਨ ਕਰਨ ਵਾਲੇ ਹਨ। ਕੰਪਨੀਆਂ ਨੇ ਤਾਂ ਅਰਬਾਂ ਰੁਪਏ ਕਮਾ ਲਏ ਪਰ ਕਿਸਾਨਾਂ ਨੂੰ ਫਸਲਾਂ ਦੀ ਤਬਾਹੀ ਦਾ ਮੁਆਵਜ਼ਾ ਬਹੁਤ ਘੱਟ ਮਿਲਿਆ। ਪਿੰਡ ਦੀ ਬਜਾਇ ਏਕੜ ਨੂੰ ਆਧਾਰ ਮੰਨ ਕੇ ਬੀਮਾ ਕੀਤੇ ਬਿਨਾ ਕਿਸਾਨ ਨੂੰ ਲਾਭ ਹੋਣ ਦੀ ਸੰਭਾਵਨਾ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿਚ ਸਹਿਕਾਰੀ ਸੰਘਵਾਦ ਲਾਗੂ ਕਰਨ ਦੀ ਗੱਲ ਕੀਤੀ ਸੀ। ਸਹਿਕਾਰੀ ਸੰਘਵਾਦ ਕੇਵਲ ਕਹਿਣ ਵਿਚ ਨਹੀਂ, ਬਲਕਿ ਅਮਲ ਵਿਚ ਲਾਗੂ ਕਰਨਾ ਜ਼ਰੂਰੀ ਹੈ।

# ਸਮਾਜ ਸੇਵੀ ਦਿਆਲ ਸ਼ਰਮਾ ਦਾ ਦੇਹਾਂਤ

**ਫਰਿਜ਼ਨੋ (ਬਿਊਰੋ):** ਇਥੋਂ ਦੇ ਉਘੇ ਸਮਾਜ ਸੇਵੀ ਦਿਆਲ ਸ਼ਰਮਾ 65 ਸਾਲ ਦੀ ਉਮਰ ਭੋਗ ਕੇ ਅਚਾਨਕ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਪਿਛਲਾ ਪਿੰਡ ਮੂੰਨੇ, ਜਿਲਾ ਜਲੰਧਰ ਸੀ। ਉਹ ਆਪਣੇ ਪਿੱਛੇ ਪਤਨੀ, ਤਿੰਨ ਬੇਟੇ ਤੇ ਇੱਕ ਬੇਟੀ ਛੱਡ ਗਏ ਹਨ।



ਸਵਰਗੀ ਦਿਆਲ ਸ਼ਰਮਾ ਦਾ ਅੰਤਿਮ ਸੰਸਕਾਰ ਲੰਘੀ 2 ਜੂਨ ਨੂੰ ਟੈਂਕਲਰ ਫਿਊਨਰਲ ਚੈਪਲ, ਫਰਿਜ਼ਨੋ ਵਿਖੇ ਕੀਤਾ ਗਿਆ। ਉਪਰੰਤ ਭੋਗ ਗੁਰਦੁਆਰਾ ਨਾਨਕਸਰ, ਚੈਰੀ ਰੋਡ ਫਰਿਜ਼ਨੋ ਵਿਖੇ ਪਾਇਆ ਗਿਆ। ਪਰਿਵਾਰ ਨਾਲ ਸੰਪਰਕ ਵਿਕਰਾਂਤ ਸ਼ਰਮਾ ਫੋਨ: 559-284-1307 ਜਾਂ ਰੋਹਿਤ ਸ਼ਰਮਾ ਨਾਲ ਫੋਨ: 559-285-1717 ਰਾਹੀਂ ਕੀਤਾ ਜਾ ਸਕਦਾ ਹੈ।


# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

***Grand Opening***
***Special Price for Truck Wash***

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.982.9996**

FAX: 209.982.9997

www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਪੰਜਾਬ ਦਾ ਉਜਾੜਾ

***ਜਸਵੰਤ ਸਿੰਘ ਜ਼ਫਰ ਬੁਨਿਆਦੀ ਰੂਪ ਵਿਚ ਇੰਜੀਨੀਅਰ ਹੈ, ਪਰ ਸਾਹਿਤ ਦੇ ਖੇਤਰ ਵਿਚ ਉਸ ਦੀ ਪਛਾਣ ਸ਼ਾਇਰ ਅਤੇ ਵਾਰਤਕ ਲੇਖਕ ਵਜੋਂ ਹੈ। ਉਸ ਨੇ ਆਮ ਰਵਾਇਤ ਤੋਂ ਹਟ ਕੇ ਵੱਖ-ਵੱਖ ਮੁੱਦਿਆਂ ਬਾਰੇ ਗੱਲਾਂ ਛੇੜੀਆਂ ਹਨ। ਇਸ ਦੀ ਤਾਜ਼ਾ ਮਿਸਾਲ ਉਨ੍ਹਾਂ ਦਾ ਇਹ ਲੇਖ ਹੈ, ਜਿਸ ਵਿਚ ਉਨ੍ਹਾਂ ਨੇ ਪੰਜਾਬ ਨੂੰ ਘੁਣ ਵਾਂਗ ਖਾ ਰਹੇ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਵੱਲ ਉਂਗਲ ਬਹੁਤ ਦਲੇਰੀ ਨਾਲ ਕੀਤੀ ਹੈ। ਹਾਲ ਹੀ ਵਿਚ ਉਨ੍ਹਾਂ ਦਾ ਨਾਟਕ 'ਬੁੱਢਾ ਦਰਿਆ' ਛਪਿਆ ਹੈ, ਜਿਸ ਵਿਚ ਪ੍ਰਦੂਸ਼ਣ ਦਾ ਮਸਲਾ ਛੋਹਿਆ ਗਿਆ ਹੈ। ਉਂਜ ਇਹ ਨਾਟਕ ਸਿਰਫ ਪ੍ਰਦੂਸ਼ਣ ਬਾਰੇ ਹੀ ਨਹੀਂ, ਅਸਲ ਵਿਚ ਉਨ੍ਹਾਂ ਦੀ ਹਰ ਰਚਨਾ ਬਹੁ-ਪਰਤੀ ਹੁੰਦੀ ਹੈ। -ਸੰਪਾਦਕ***

ਪੰਜਾਬ ਦੀ ਧਰਤੀ ਪੱਧਰੀ ਅਤੇ ਜ਼ਰਖੇਜ਼ ਹੈ, ਹਰ ਇਕ ਇੰਚ ਉਪਜਾਊ ਹੈ। ਜਿੰਨੀ ਤਰ੍ਹਾਂ ਦੇ ਫੁੱਲ, ਫਲ ਅਤੇ ਫਸਲਾਂ ਇਥੇ ਉਗਾਈਆਂ ਜਾ ਸਕਦੀਆਂ ਹਨ, ਓਨੀਆਂ ਦੁਨੀਆਂ ਦੀ ਹੋਰ ਕਿਸੇ ਧਰਤੀ 'ਤੇ ਨਹੀਂ ਉਗਾਈਆਂ ਜਾ ਸਕਦੀਆਂ। ਏਨਾ ਖੁੱਲ੍ਹਾ ਪਾਣੀ ਵੀ ਸ਼ਾਇਦ ਹੀ ਧਰਤੀ ਦੇ ਕਿਸੇ ਹੋਰ ਖਿੱਤੇ ਨੂੰ ਨਸੀਬ ਹੋਵੇ। ਹਿਮਾਲਾ ਪਰਬਤ ਤੋਂ ਪੰਜਾਬ ਵਿਚ ਦਾਖਲ ਹੋਣ ਸਮੇਂ ਦਰਿਆਵਾਂ ਦਾ ਪਾਣੀ ਹੁੰਦਾ ਵੀ ਬਿਲਕੁਲ ਸਾਫ ਅਤੇ ਸ਼ੁੱਧ ਹੈ। ਇਸ ਧਰਤੀ ਦੇ ਸਾਰੇ ਮੌਸਮ ਹਰ ਤਰ੍ਹਾਂ ਦੇ ਕੰਮ ਧੰਦੇ ਕਰਨ ਲਈ ਅਨੁਕੂਲ ਹਨ। ਗਰਮੀ, ਸਰਦੀ ਅਤੇ ਬਰਸਾਤ ਦੇ ਬਾਵਜੂਦ ਸਾਰਾ ਸਾਲ ਅਤੇ ਚੌਵੀ ਘੰਟੇ ਲੋਕ ਕੰਮ ਕਰ ਸਕਦੇ ਹਨ।

ਪੰਜਾਬੀ ਲੋਕ ਮਿਹਨਤੀ ਵੀ ਬਹੁਤ ਹਨ, ਬੁੱਧੀ ਅਤੇ ਸਰੀਰਕ ਤੌਰ 'ਤੇ ਨਰੋਏ ਹਨ। ਵਿਰਾਸਤੀ ਵਿਚਾਰਧਾਰਕ ਅਮੀਰੀ ਦੇ ਨਾਲ ਨਾਲ



ਹਰ ਨਵੇਂ ਖਿਆਲ ਅਤੇ ਤਕਨਾਲੋਜੀ ਦਾ ਸਵਾਗਤ ਕਰਨ ਵਾਲੇ ਪੰਜਾਬੀ ਤਰੱਕੀ ਪਸੰਦ, ਅਗਾਂਹਵਧੂ ਅਤੇ ਭਵਿਖ ਦੇ ਵੱਡੇ ਸੁਪਨੇ ਲੈਣ ਵਾਲੇ

**ਜਸਵੰਤ ਸਿੰਘ ਜ਼ਫਰ**
ਫੋਨ: +91-96461-18209

ਹਨ। ਇਥੇ ਹਰ ਕਿੱਤੇ, ਕਲਾ ਅਤੇ ਹੁਨਰ ਦੇ ਜਾਣਕਾਰ ਮਿਲਦੇ ਹਨ। ਔਰਤਾਂ ਵੀ ਬੰਦਿਆਂ ਨਾਲੋਂ ਘੱਟ ਕੰਮ ਕਰਨ ਵਾਲੀਆਂ ਨਹੀਂ।

ਫਿਰ ਪੰਜਾਬ ਨੂੰ ਕਿਹੜੇ ਕੀੜੇ ਪਏ ਹੋਏ ਹਨ, ਜਿਨ੍ਹਾਂ ਕਰਕੇ ਪੰਜਾਬ ਦੁਨੀਆਂ ਦਾ ਸਭ ਤੋਂ ਸੋਹਣਾ, ਅਮੀਰ ਅਤੇ ਖੁਸ਼ਹਾਲ ਖਿੱਤਾ ਨਹੀਂ ਬਣ ਸਕਿਆ? ਸਾਰਾ ਕੁਝ ਵਧੀਆ ਹੋਣ ਦੇ ਬਾਵਜੂਦ ਇਹ ਏਨਾ ਨਿਘਾਰ ਮੁਖੀ ਕਿਉਂ ਹੈ? ਇਸ ਦੇ ਬਾਸ਼ਿੰਦੇ ਆਪਣੀ ਧਰਤੀ ਨੂੰ ਏਨੀ ਤੇਜ਼ੀ ਨਾਲ ਛੱਡ ਕੇ ਦੌੜ ਕਿਉਂ ਰਹੇ ਹਨ? ਪੰਜਾਬ ਨੂੰ ਅੱਗੇ



ਵਧਾਉਣ ਦੀ ਥਾਂ ਪੰਜਾਬੀ ਸਿਰਫ ਖੁਦਕੁਸ਼ੀ ਜਾਂ ਹਿਜਰਤ ਕਰਨ ਦੀ ਸੋਚਣ ਜੋਗੇ ਕਿਉਂ ਰਹਿ ਗਏ ਹਨ?

ਮੈਂ ਪੰਜਾਬ ਦੇ ਸੈਂਕੜੇ ਇੰਜੀਨੀਅਰਾਂ ਨੂੰ ਜਾਣਦਾਂ, ਜੋ ਇਧਰੋਂ ਇੰਜੀਨੀਅਰਿੰਗ ਦੀਆਂ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਛੱਡ ਕੇ ਅਮਰੀਕਾ, ਕੈਨੇਡਾ, ਆਸਟਰੇਲੀਆ ਜਾਂ ਹੋਰ ਵਿਕਸਿਤ ਦੇਸ਼ਾਂ ਵਿਚ ਬਤੌਰ ਇੰਜੀਨੀਅਰ ਕੰਮ ਕਰਦੇ ਹਨ। ਬਹੁਤ ਸਾਰੇ ਡਾਕਟਰ ਇਧਰੋਂ ਡਾਕਟਰੀ ਛੱਡ ਬਾਹਰਲੇ ਮੁਲਕਾਂ ਦੇ ਕਾਮਯਾਬ ਡਾਕਟਰ ਬਣੇ ਹੋਏ ਹਨ। ਪੰਜਾਬੀ ਵਿਗਿਆਨੀਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਆਪਣੇ ਖੇਤਰਾਂ ਵਿਚ ਨਾਮਣਾ ਖੱਟਿਆ ਹੈ। ਇਧਰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਾਉਂਦੇ ਰਹੇ ਕਈ ਅਧਿਆਪਕ ਹੁਣ ਵਿਕਸਿਤ ਦੇਸ਼ਾਂ ਦੇ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾਉਂਦੇ ਹਨ।

ਅਨੇਕਾਂ ਪੰਜਾਬੀ ਗਾਇਕਾਂ, ਸੰਗੀਤਕਾਰਾਂ, ਚਿੱਤਰਕਾਰਾਂ, ਫੋਟੋਗ੍ਰਾਫਰਾਂ ਅਤੇ ਮੀਡੀਆ ਕਰਮੀਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਆਪੋ ਆਪਣੇ ਖੇਤਰ ਵਿਚ ਬਹੁਤ ਨਾਮ ਅਤੇ ਨਾਵਾਂ ਕਮਾਇਆ ਹੈ। ਬਹੁਤ ਸਾਰੇ ਪੰਜਾਬੀ ਕਿਸਾਨਾਂ ਦੇ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਿਚ ਵੱਡੇ ਵੱਡੇ ਖੇਤੀ ਫਾਰਮ ਅਤੇ ਬਾਗ ਹਨ। ਕਈ ਪੰਜਾਬੀ ਵਪਾਰੀਆਂ ਨੇ ਬਾਹਰ ਜਾ ਕੇ ਆਪਣੇ ਵਪਾਰਕ ਅਦਾਰੇ ਸਥਾਪਤ ਕੀਤੇ ਹਨ। ਆਪਣੀ ਜਾਣ-ਪਛਾਣ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਪੰਜਾਬ ਦੇ ਕਿਸਾਨ, ਵਪਾਰੀ, ਇੰਜੀਨੀਅਰ, ਡਾਕਟਰ, ਵਿਗਿਆਨੀ, ਯੋਜਨਾਕਾਰ, ਅਧਿਆਪਕ ਅਤੇ ਹੋਰ ਕਿੱਤਾਕਾਰ ਤੇ ਹੁਨਰਮੰਦ ਵਿਕਸਿਤ ਦੇਸ਼ਾਂ ਦੀ ਤਰੱਕੀ ਵਿਚ ਆਪਣਾ ਹਿੱਸਾ ਪਾ ਰਹੇ ਹਨ।



ਦੂਜੇ ਸ਼ਬਦਾਂ ਵਿਚ ਪੰਜਾਬ ਦੇ ਗੁਣੀ ਕਿੱਤਾਕਾਰ ਅਤੇ ਹੁਨਰਮੰਦ ਪੰਜਾਬ ਨੂੰ ਦੁਨੀਆਂ ਦਾ ਸਭ ਤੋਂ ਵਿਕਸਿਤ ਖਿੱਤਾ ਬਣਾਉਣ ਦੀ ਯੋਗਤਾ ਰੱਖਦੇ ਹਨ, ਪਰ ਉਨ੍ਹਾਂ ਦੇ ਅਜਿਹਾ ਕਰਨ ਲਈ ਪੰਜਾਬ 'ਚ ਲੋੜੀਂਦਾ ਮਾਹੌਲ ਗੈਰਹਾਜ਼ਰ ਹੈ। ਫਿਰ ਓਹੀ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਨੂੰ ਉਹ ਕਿਹੜੇ ਕੀੜੇ ਪਏ ਹਨ, ਜਿਨ੍ਹਾਂ ਪੰਜਾਬ ਦੇ ਸੰਘਰਸ਼, ਤਰੱਕੀ ਅਤੇ ਚੜ੍ਹਦੀ ਕਲਾ ਦੇ ਜਜ਼ਬੇ ਨੂੰ ਚੂਸ ਕੇ ਇਸ ਨੂੰ ਆਰਥਕ, ਮਾਨਸਿਕ ਅਤੇ ਆਤਮਕ ਤੌਰ 'ਤੇ ਸਾਹ-ਸਤ ਹੀਣ ਕਰ ਦਿੱਤਾ ਹੈ?

ਇਸ ਸਵਾਲ ਦਾ ਜਵਾਬ ਤਸਵੀਰ ਦੇ ਦੂਸਰੇ ਪਾਸੇ ਪਿਆ ਹੈ। ਤਸਵੀਰ ਦਾ ਦੂਸਰਾ ਪਾਸਾ ਦਰਸਾਉਂਦਾ ਹੈ ਕਿ ਪੰਜਾਬ ਦਾ ਕੋਈ ਸਿਆਸਤਦਾਨ ਇਧਰ ਆਪਣੀ ਚੱਲਦੀ ਸਿਆਸਤ ਛੱਡ ਕੇ ਕਦੀ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਸਿਆਸਤਦਾਨ ਨਹੀਂ ਬਣਿਆ। ਮੇਰੀ ਜਾਣਕਾਰੀ ਵਿਚ ਪੰਜਾਬ ਦਾ ਕੋਈ ਨੌਕਰਸ਼ਾਹ ਆਪਣੀ ਇਧਰਲੀ ਨੌਕਰੀ ਛੱਡ ਕੇ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਨੌਕਰਸ਼ਾਹ ਨਹੀਂ ਬਣ ਸਕਿਆ।

ਨਤੀਜਾ ਇਹ ਨਿਕਲਦਾ ਹੈ ਕਿ ਸਾਡਾ ਕਾਮਯਾਬ ਸਿਆਸਤਦਾਨ ਅਤੇ ਸ਼ਕਤੀਸ਼ਾਲੀ ਨੌਕਰਸ਼ਾਹ ਵਧੀਆ ਮੁਲਕਾਂ ਦੇ ਕਿਸੇ ਕੰਮ ਦੇ ਨਹੀਂ, ਇਨ੍ਹਾਂ ਦੀ ਓਧਰ ਕੋਈ ਮੰਗ ਨਹੀਂ, ਇਨ੍ਹਾਂ ਲਈ ਉਥੇ ਕੋਈ ਥਾਂ ਨਹੀਂ। ਇਹ ਸਿਰਫ ਸਾਡੇ ਜਾਂ ਸਾਡੇ ਤੋਂ ਪੱਛੜੇ ਮੁਲਕਾਂ ਵਿਚ ਹੀ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬ ਦਾ ਸਥਾਪਤ ਸਿਆਸਤਦਾਨ ਅਤੇ ਨੌਕਰਸ਼ਾਹੀ ਪ੍ਰਬੰਧ ਇਸ ਨੂੰ



***ਇਥੇ ਹਰ ਸਰਕਾਰ ਕਹਿੰਦੀ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਅਤੇ ਹੋਰ ਜ਼ਰੂਰੀ ਖਰਚੇ ਕਰਨ ਲਈ ਪੈਸੇ ਨਹੀਂ ਹਨ। ਸਭ ਤਰ੍ਹਾਂ ਦੇ ਕਿੱਤਾਕਾਰਾਂ, ਕਿਰਤੀਆਂ, ਹੁਨਰਮੰਦਾਂ ਨੂੰ ਮਿਲਦੀਆਂ ਉਜਰਤਾਂ ਅਤੇ ਸਹੂਲਤਾਂ ਕਿਸੇ ਗਰੀਬ ਤੋਂ ਗਰੀਬ ਦੇਸ਼ ਵਾਲੀਆਂ ਹਨ, ਪਰ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਖਰਚ ਅਮੀਰ ਤੋਂ ਅਮੀਰ ਦੇਸ਼ ਤੋਂ ਵੀ ਵੱਧ ਹੁੰਦਾ ਹੈ।***

ਗੁਣਾਤਮਕ ਤਰੱਕੀ ਦੇ ਰਸਤੇ ਤੋਰ ਸਕਣ ਦੇ ਯੋਗ ਨਹੀਂ। ਫਿਰ ਵੀ ਪੰਜਾਬ ਵਿਚ ਇਨ੍ਹਾਂ ਦਾ ਪੂਰਾ ਦਬਦਬਾ ਹੈ। ਇਨ੍ਹਾਂ ਦੀ ਹਰ ਖੇਤਰ ਵਿਚ ਦਖਲਅੰਦਾਜ਼ੀ ਅਤੇ ਚੌਧਰ ਹੈ।

ਉਪਰੋਕਤ ਮਿਸਾਲਾਂ ਅਤੇ ਚਰਚਾ ਨਾਲ ਪੰਜਾਬ ਨੂੰ ਪਏ ਹੋਏ ਕੀੜਿਆਂ ਦੀਆਂ ਦੋ ਮੋਟੀਆਂ ਕਿਸਮਾਂ ਦੀ ਪਛਾਣ ਹੋ ਜਾਂਦੀ ਹੈ, ਜਿਨ੍ਹਾਂ ਦੀ ਕਾਰਗੁਜ਼ਾਰੀ ਨਾਲ ਸੰਸਾਰ ਦਾ ਸਭ ਤੋਂ ਉਨਤ, ਖੁਸ਼ਹਾਲ ਅਤੇ ਸੋਹਣਾ ਖਿੱਤਾ ਹੋਣ ਦੀਆਂ ਸੰਭਾਵਨਾਵਾਂ ਵਾਲਾ ਪੰਜਾਬ ਖੁਦਕੁਸ਼ੀਆਂ ਅਤੇ ਉਜਾੜੇ ਦੀ ਧਰਤੀ ਬਣ ਗਿਆ ਹੈ, ਪਰ ਇਹ ਕੀੜੇ ਕੋਈ ਬਾਹਰੋਂ ਨਹੀਂ ਪਏ, ਅੰਦਰੋਂ ਪੈਦਾ ਹੋਏ ਹਨ। ਪੰਜਾਬੀ ਮਾਨਸਿਕਤਾ ਨੇ ਇਨ੍ਹਾਂ ਨੂੰ ਵਧਣ ਫੁਲਣ ਦਿੱਤਾ ਹੈ।

ਇਥੇ ਹਰ ਸਰਕਾਰ ਕਹਿੰਦੀ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਅਤੇ ਹੋਰ ਜ਼ਰੂਰੀ ਖਰਚੇ ਕਰਨ ਲਈ ਪੈਸੇ ਨਹੀਂ ਹਨ। ਸਭ ਤਰ੍ਹਾਂ ਦੇ ਕਿੱਤਾਕਾਰਾਂ, ਕਿਰਤੀਆਂ, ਹੁਨਰਮੰਦਾਂ ਨੂੰ ਮਿਲਦੀਆਂ ਉਜਰਤਾਂ ਅਤੇ ਸਹੂਲਤਾਂ ਕਿਸੇ ਗਰੀਬ ਤੋਂ ਗਰੀਬ ਦੇਸ਼ ਵਾਲੀਆਂ ਹਨ, ਪਰ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਖਰਚ ਅਮੀਰ ਤੋਂ ਅਮੀਰ ਦੇਸ਼ ਤੋਂ ਵੀ ਵੱਧ ਹੁੰਦਾ ਹੈ।

ਸੂਬੇ ਵਿਚ ਆਰਥਕ ਤੰਗੀ ਦੀ ਦੁਹਾਈ ਦਿੱਤੀ ਜਾਂਦੀ ਹੈ ਅਤੇ ਲੋਕਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਸਾਡਾ ਦੇਸ਼ ਜਾਂ ਸੂਬਾ ਗਰੀਬ ਹੈ। ਫਿਰ ਸਿਆਸੀ ਪਾਰਟੀਆਂ ਜਾਂ ਸਿਆਸੀ ਲੋਕਾਂ ਕੋਲ ਚੋਣਾਂ ਲਈ ਏਨਾ ਪੈਸਾ ਕਿਥੋਂ, ਕਿਵੇਂ ਅਤੇ ਕਿਉਂ ਆ ਜਾਂਦਾ ਹੈ? ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਪਾਰਟੀਆਂ ਵਲੋਂ ਹਰ ਇਕ ਸੰਸਦੀ ਸੀਟ 'ਤੇ ਕਰੀਬ ਇਕ-ਇਕ ਅਰਬ ਰੁਪਇਆ ਖਰਚਿਆ ਜਾਂਦਾ ਹੈ। ਜਿਸ ਤਰ੍ਹਾਂ ਦੀ ਸਿਆਸਤ ਅਸੀਂ ਆਪਣੇ ਪੇਸ਼ ਪਾ ਲਈ ਹੈ, ਇਹ ਪੰਜਾਬੀਆਂ ਨੂੰ ਬਹੁਤ ਮਹਿੰਗੀ ਪੈ ਰਹੀ ਹੈ। ਜਿਥੇ ਇਕ ਪੋਸਟਰ ਜਾਂ ਬੈਨਰ ਨਾਲ ਸਰ ਸਕਦਾ ਹੈ, ਉਥੇ ਸੌ ਸੌ ਲਾਏ ਜਾਂਦੇ ਹਨ। ਅਜਿਹਾ ਕਰਕੇ ਸਹੀ ਸੋਚ ਵਾਲੇ ਸਿਆਣੇ ਲੋਕਾਂ ਨੂੰ ਡਰਾਇਆ ਜਾਂਦਾ ਹੈ ਕਿ ਉਹ ਸਿਆਸਤ ਵਿਚ ਆਉਣ ਦੀ ਸੋਚ ਵੀ ਨਾ ਸਕਣ।

ਵੱਡੀ ਗਿਣਤੀ ਵਿਚ ਵੱਡੇ ਵੱਡੇ ਹੋਰਡਿੰਗ ਲਾ ਕੇ ਸਿਆਸੀ ਬਦਮਾਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸਥਾਪਤ ਸਿਆਸੀ ਲੋਕਾਂ ਦਾ ਉਦੇਸ਼ ਸ਼ਕਤੀ ਹਥਿਆਉਣ ਲਈ ਪੈਸਾ ਖਰਚਣਾ ਅਤੇ ਪੈਸੇ 'ਕੱਠੇ ਕਰਨ ਲਈ ਸ਼ਕਤੀ ਹਥਿਆਉਣਾ

***ਵੱਡੀ ਗਿਣਤੀ ਵਿਚ ਵੱਡੇ ਵੱਡੇ ਹੋਰਡਿੰਗ ਲਾ ਕੇ ਸਿਆਸੀ ਬਦਮਾਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸਥਾਪਤ ਸਿਆਸੀ ਲੋਕਾਂ ਦਾ ਉਦੇਸ਼ ਸ਼ਕਤੀ ਹਥਿਆਉਣ ਲਈ ਪੈਸਾ ਖਰਚਣਾ ਅਤੇ ਪੈਸੇ 'ਕੱਠੇ ਕਰਨ ਲਈ ਸ਼ਕਤੀ ਹਥਿਆਉਣਾ ਬਣ ਗਿਆ ਹੈ। ਕੋਈ ਸਿਧਾਂਤਕ ਜਾਂ ਨੀਤੀਗਤ ਵਖਰੇਵਾਂ ਨਾ ਹੋਣ ਕਰਕੇ ਇਹ ਆਪਣੀ ਸਹੂਲਤ ਲਈ ਬੜੇ ਆਰਾਮ ਨਾਲ ਪਾਰਟੀ ਬਦਲ ਲੈਂਦੇ ਹਨ। ਉਪਰੋਂ ਵਿਰੋਧੀ ਲੱਗਦੀਆਂ ਪਾਰਟੀਆਂ ਅੰਦਰੋਂ ਇਕ ਦੂਜੀ ਨਾਲ ਸੀਟਾਂ ਦਾ ਦੇਣ ਲੈਣ ਵੀ ਕਰ ਲੈਂਦੀਆਂ ਹਨ। ਲੋਕ ਬੇਦਿਲੀ ਨਾਲ ਕਹਿ ਛੱਡਦੇ ਹਨ, 'ਸਾਰੇ ਇਕੋ ਜਿਹੇ ਹਨ' ਜਾਂ 'ਸਭ ਰਲੇ ਹੋਏ ਹਨ।'***

ਬਣ ਗਿਆ ਹੈ। ਕੋਈ ਸਿਧਾਂਤਕ ਜਾਂ ਨੀਤੀਗਤ ਵਖਰੇਵਾਂ ਨਾ ਹੋਣ ਕਰਕੇ ਇਹ ਆਪਣੀ ਸਹੂਲਤ ਲਈ ਬੜੇ ਆਰਾਮ ਨਾਲ ਪਾਰਟੀ ਬਦਲ ਲੈਂਦੇ ਹਨ। ਉਪਰੋਂ ਵਿਰੋਧੀ ਲੱਗਦੀਆਂ ਪਾਰਟੀਆਂ ਅੰਦਰੋਂ ਇਕ ਦੂਜੀ ਨਾਲ ਸੀਟਾਂ ਦਾ ਦੇਣ ਲੈਣ ਵੀ ਕਰ ਲੈਂਦੀਆਂ ਹਨ। ਲੋਕ ਬੇਦਿਲੀ ਨਾਲ ਕਹਿ ਛੱਡਦੇ ਹਨ, 'ਸਾਰੇ ਇਕੋ ਜਿਹੇ ਹਨ' ਜਾਂ 'ਸਭ ਰਲੇ ਹੋਏ ਹਨ।' ਇਸ ਤਰ੍ਹਾਂ ਪੰਜਾਬ ਜਾਂ ਦੇਸ਼ ਅੰਦਰ ਵਧੀ-ਫੁਲੀ ਸਿਆਸਤ ਦਾ ਕੀੜਾ ਇਸ ਦੀ ਆਰਥਕ ਅਤੇ ਮਾਨਸਿਕ ਸਿਹਤ ਦਾ ਦੁਸ਼ਮਣ ਬਣਿਆ ਹੋਇਆ ਹੈ।

ਅਸਲ ਆਗੂਆਂ ਨੇ ਇਹ ਦੇਖਣਾ ਹੁੰਦਾ ਹੈ ਕਿ ਲੋਕਾਂ ਦੀ ਭਲਾਈ ਕਿਸ ਗੱਲ ਵਿਚ ਹੈ, ਲੋਕਾਂ ਨੂੰ ਚੰਗੇ, ਸਿਆਣੇ ਅਤੇ ਖੁਸ਼ਹਾਲ ਕਿਵੇਂ ਬਣਾਉਣਾ ਹੈ? ਉਹ ਆਪ ਆਚਰਨ, ਵਿਹਾਰ ਅਤੇ ਕਾਨੂੰਨ ਪਾਲਣਾ ਦੇ ਉਚੇ ਮਿਆਰ ਅਪਨਾਉਂਦੇ ਅਤੇ ਜਨਤਾ ਲਈ ਮਿਸਾਲ ਬਣਦੇ ਹਨ, ਪਰ ਪੰਜਾਬ ਵਿਚ ਅਜਿਹੇ ਆਗੂਆਂ ਦਾ ਕਾਲ ਹੈ। ਸਾਡੇ ਵਾਂਗ ਸਾਡਾ ਸਿਆਸਤਦਾਨ ਆਪਣਾ ਵਕਤੀ ਲਾਭ ਦੇਖਦਾ ਹੈ। ਲੋਕਾਂ ਨੂੰ ਬੇਵਕੂਫ ਅਤੇ ਉਜੱਡ ਬਣਾਉਂਦਾ ਹੈ।

ਸਿਆਸਤ ਦਾ ਕੰਮ ਸਮੱਸਿਆਵਾਂ ਸੁਲਝਾਉਣਾ ਜਾਂ ਮੁੱਦਿਆਂ ਨਾਲ ਨਜਿੱਠਣਾ ਹੁੰਦਾ ਹੈ, ਪਰ ਸਾਡੇ ਹਰ ਪੱਧਰ ਦੇ ਮਸਲੇ ਵਧ ਰਹੇ ਹਨ। ਪੰਜਾਬ ਸਾਹ ਲੈਣ ਯੋਗ ਸਾਫ ਹਵਾ ਅਤੇ ਪੀਣ ਯੋਗ ਸ਼ੁੱਧ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਹੀ ਵਾਂਝਾ ਹੋ ਗਿਆ ਹੈ।

ਸਾਡੇ ਸਥਾਪਤ ਸਿਆਸਤਦਾਨ ਔਸਤਨ ਹਰ ਸਵਾ ਸਾਲ ਬਾਅਦ ਆਉਣ ਵਾਲੀ ਕਿਸੇ ਨਾ ਕਿਸੇ ਚੋਣ ਲਈ ਜਿੰਨਾ ਪੈਸਾ, ਸਮਾਂ, ਸ਼ਕਤੀ, ਰਸੂਖ ਅਤੇ ਦਿਮਾਗ ਵਰਤਦੇ ਹਨ, ਜੇ ਓਨਾ ਲੋਕਾਂ ਦੀਆਂ ਸਮੱਸਿਆਂ ਨੂੰ ਨਜਿੱਠਣ ਲਈ ਲਾਉਣ ਤਾਂ ਸਵਾ ਸਾਲ ਵਿਚ ਪੰਜਾਬ ਮੋਟੀਆਂ ਮੋਟੀਆਂ ਸਭ ਸਮੱਸਿਆਵਾਂ ਤੋਂ ਮੁਕਤ ਹੋ ਸਕਦਾ ਹੈ, ਪਰ ਜਿਸ ਭਾਂਤ ਦੀ ਸਿਆਸਤ ਨੂੰ ਪੰਜਾਬ ਨੇ ਵਧਣ-ਫੁਲਣ ਦਿੱਤਾ ਅਤੇ ਆਪਣੇ ਗਲ ਪਾ ਲਿਆ ਹੈ, ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ।

ਵੋਟਾਂ ਦੀ 'ਮਜਬੂਰੀ' ਕਾਰਨ ਇਹ ਸਿਆਸਤ ਜਨਤਕ ਪ੍ਰਬੰਧ ਨੂੰ ਸੁਚਾਰੂ ਰੱਖਣ ਵਾਲੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਣਾ ਲਈ ਅੜਿੱਕਾ ਬਣਦੀ ਹੈ। ਅੜਿੱਕਾ ਹੀ ਨਹੀਂ ਬਣਦੀ ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਨ ਵਿਚ ਲੱਗੀ ਰਹਿੰਦੀ ਹੈ। ਪੁਲਿਸ ਪ੍ਰਬੰਧ ਵਿਚ ਦਖਲ ਦੇ ਕੇ ਉਸ ਦਾ ਅਪਰਾਧੀਕਰਨ ਕਰਦੀ ਹੈ। ਅਧੀਨ ਕਰਨ ਦੀ ਪ੍ਰਕ੍ਰਿਆ ਨੂੰ ਜ਼ੋਰ-ਸ਼ੋਰ ਅਤੇ ਅਸਰਦਾਰ ਢੰਗ ਨਾਲ ਚਲਾਉਣ ਲਈ ਸਿਆਸਤਦਾਨਾਂ ਨੂੰ ਆਪਣੇ ਟੱਬਰ ਨਾਲ ਲਾਉਣੇ ਪੈਂਦੇ ਹਨ। ਨਤੀਜੇ ਵਜੋਂ ਸਿਆਸਤ ਵਿਚ ਦੇਸ਼ ਪਿਆਰ ਜਾਂ ਲੋਕ ਭਲਾਈ ਦੀ ਜਗ੍ਹਾ ਪਰਿਵਾਰਵਾਦ ਦਾ ਬੋਲਬਾਲਾ ਹੋ ਗਿਆ ਹੈ।

ਦੂਸਰੀ ਗੱਲ, ਜਿਸ ਮੁਲਕ ਜਾਂ ਸੂਬੇ ਵਿਚ ਪ੍ਰਸ਼ਾਸਕ ਦਾ ਰੁਤਬਾ, ਰੋਹਬ ਜਾਂ ਦਬਦਬਾ ਕਿਸੇ ਵਿਗਿਆਨੀ, ਯੋਜਨਾਕਾਰ, ਆਰਥਕ ਮਾਹਿਰ, ਸਿੱਖਿਆ ਸ਼ਾਸਤਰੀ, ਤਕਨੀਕੀ ਮਾਹਿਰ ਜਾਂ ਹੋਰ ਹੁਨਰਮੰਦਾਂ ਨਾਲੋਂ ਉਚਾ ਹੋਵੇਗਾ, ਉਹ ਸਾਡੇ ਮੁਲਕ ਜਾਂ ਸੂਬੇ ਵਰਗੀ 'ਤਰੱਕੀ' ਹੀ ਕਰੇਗਾ। ਅਸੀਂ ਜਨਤਕ ਸੇਵਕ ਨੂੰ ਲੋਕਾਂ ਦੇ ਸੇਵਾਦਾਰ ਦੀ ਥਾਂ ਮਾਲਕ ਜਾਂ ਹਾਕਮ ਹੋਣ ਜਾਂ ਮਹਿਸੂਸ ਕਰਨ ਦਾ ਅਧਿਕਾਰ ਦਿੱਤਾ ਹੈ।

ਨੌਕਰਸ਼ਾਹੀ ਕਿਸੇ ਵੀ ਖੇਤਰ ਦੀ ਮਾਹਿਰ ਨਾ ਹੋਣ ਦੇ ਬਾਵਜੂਦ ਇਹ ਸਭ ਮਾਹਿਰਾਂ ਦੇ ਸਿਰ 'ਤੇ ਬੈਠਦੀ ਹੈ। ਆਪਣੀ ਚਮਕ ਦਮਕ ਅਤੇ ਰਾਜ ਸ਼ਕਤੀ ਕਾਰਨ ਇਹ ਹਰ ਤਰ੍ਹਾਂ ਦੀਆਂ ਸਰਕਾਰੀ ਕੁਰਸੀਆਂ 'ਤੇ ਬੈਠੇ ਹੋਰ ਲੋਕਾਂ ਲਈ ਰੋਲ ਮਾਡਲ ਬਣਦੀ ਹੈ। ਨੌਕਰਸ਼ਾਹੀ ਦਾ ਮਤਲਬ ਤਾਂ ਮੁਣਸ਼ੀਗਰੀ ਸੀ, ਪਰ ਸਰਕਾਰੀ ਮੁਣਸ਼ੀਆਂ ਦਾ ਰੋਹਬ-ਦਾਬ ਤੇ ਪ੍ਰਭਾਵ ਦੇਖ ਕੇ ਰੀਸੋ-ਰੀਸੀ ਸਰਕਾਰੀ ਡਾਕਟਰਾਂ ਨੂੰ ਮੈਡੀਕਲ ਅਫਸਰ ਹੋਣਾ ਚੰਗਾ ਲੱਗਾ। ਖੇਤੀ ਵਿਗਿਆਨੀ ਖੇਤੀਬਾੜੀ ਅਫਸਰ ਹੋ ਗਏ ਤੇ ਸਿੱਖਿਆ ਸ਼ਾਸਤਰੀ ਸਿੱਖਿਆ ਅਫਸਰ ਅਖਵਾਉਣ ਲੱਗੇ।

ਇਸੇ ਤਰ੍ਹਾਂ ਇੰਜੀਨੀਅਰਿੰਗ ਅਤੇ ਵਿਕਾਸ ਨਾਲ ਸਬੰਧਤ ਹੋਰ ਸਿਰਜਣਾਤਮਕ ਖੇਤਰਾਂ ਦਾ ਗੌਰਵ ਮੁਣਸ਼ੀਪੁਣੇ ਤਹਿਤ ਹੈ। ਨੌਕਰਸ਼ਾਹੀ ਨੇ ਇਕ ਜਮਾਤ ਨਾ ਰਹਿ ਕੇ ਸਮੁੱਚੇ ਸਰਕਾਰੀ ਤੰਤਰ ਵਿਚ ਫੈਲੇ ਭਿਆਨਕ ਕੋਹੜ ਦਾ ਰੂਪ ਧਾਰ ਲਿਆ ਹੈ। ਅੱਜ ਕੱਲ੍ਹ ਰਾਜ ਨੇਤਾਵਾਂ ਵਲੋਂ ਜਨਤਕ ਧਨ ਹੜੱਪਣ ਦੇ ਘੁਟਾਲੇ ਲੱਖਾਂ ਨੂੰ ਟੱਪ ਕੇ ਕਰੋੜਾਂ, ਕਰੋੜਾਂ ਤੋਂ ਅਰਬਾਂ ਅਤੇ ਹੁਣ ਖਰਬਾਂ ਨੂੰ ਛੂਹਣ ਲੱਗੇ ਹਨ, ਪਰ ਨੌਕਰਸ਼ਾਹੀ ਦੀ ਅਜੇ ਵੀ 'ਢਕੀ ਰਿੱਝ' ਰਹੀ ਹੈ।


## ਅਦਲਾਂ ਦੀ ਕੁਰਸੀ

ਫੇਸ ਬੁੱਕ ਦੀ ਟਾਹਣੀ ਉਤੇ
ਤਰ੍ਹਾਂ ਤਰ੍ਹਾਂ ਦੇ ਤੋਤੇ ਬੈਠੇ।
ਗਧਿਆਂ ਵਾਂਗੂੰ ਵੀ ਹਿਣਕਦੇ
ਕਈ ਬਕਰਾਲੇ ਬੋਤੇ ਬੈਠੇ।
ਅਦਲਾਂ ਦੀ ਕੁਰਸੀ 'ਤੇ ਯਾਰੋ
ਮੇਰੇ ਵਰਗੇ ਖੋਤੇ ਬੈਠੇ।
ਕਦੇ ਤਾਂ ਖੜ੍ਹ ਕੇ ਹੱਕ ਮੰਗਣਗੇ
ਜਿਹੜੇ ਲਾ ਕੇ ਜੋਤੇ ਬੈਠੇ।

*-ਹਰਜਿੰਦਰ ਗੁਲਪੁਰ*


# ਔਝੜਾਂ ਦੇ ਦੌਰ 'ਚੋਂ ਲੰਘ ਰਹੀ ਹੈ ਕਾਂਗਰਸ ਪਾਰਟੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਉਹ ਦਿਨ ਭਾਰਤ ਦੇ ਲੋਕਾਂ ਨੂੰ ਅਜੇ ਤੱਕ ਪੂਰੀ ਤਰ੍ਹਾਂ ਯਾਦ ਹੋਣਗੇ, ਜਦੋਂ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਜਾਣ ਪਿੱਛੋਂ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਮੇਰਾ ਮਿਸ਼ਨ ਸਿਰਫ ਪ੍ਰਧਾਨ ਮੰਤਰੀ ਬਣਨਾ ਨਹੀਂ, ਭਾਰਤ ਨੂੰ 'ਕਾਂਗਰਸ ਮੁਕਤ' ਦੇਸ਼ ਬਣਾਉਣ ਤੱਕ ਜਾਂਦਾ ਹੈ। ਕਾਂਗਰਸ ਲੀਡਰਾਂ ਨੇ ਉਦੋਂ ਜਵਾਬ ਵਿਚ ਆਖਿਆ ਸੀ ਕਿ ਕਾਂਗਰਸ ਨੂੰ ਖਤਮ ਕਰਨ ਦੇ ਸੁਫਨੇ ਲੈਣ ਵਾਲੇ ਕਈ ਆਏ ਤੇ ਚੱਲਦੇ ਬਣੇ, ਕਾਂਗਰਸ ਅੱਜ ਵੀ ਕਾਇਮ ਹੈ ਤੇ ਅੱਗੋਂ ਵੀ ਰਹੇਗੀ। ਫਿਰ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣ ਗਿਆ। ਅਗਲੇ ਦਿਨਾਂ ਵਿਚ ਲਗਭਗ ਹਰ ਰਾਜ ਤੋਂ ਖਬਰਾਂ ਆਉਣ ਲੱਗ ਪਈਆਂ ਕਿ ਕਾਂਗਰਸੀ ਆਗੂ ਇਸ ਪਾਰਟੀ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਈ ਜਾ ਰਹੇ ਹਨ।



*ਐਨ. ਬੀਰੇਨ ਸਿੰਘ*


ਅਸੀਂ ਉਦੋਂ ਇਹ ਗੱਲ ਲਿਖੀ ਸੀ ਕਿ ਹਿੰਦੀ ਦੇ ਦੋ ਸ਼ਬਦ 'ਮੁਕਤ' ਅਤੇ 'ਯੁਕਤ' ਇੱਕੋ ਜਿਹੀ ਧੁਨੀ ਵਾਲੇ ਹਨ ਅਤੇ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਨੂੰ 'ਕਾਂਗਰਸ ਮੁਕਤ' ਕਰਨ ਦਾ ਨਾਅਰਾ ਦੇ ਕੇ ਅੱਗੇ ਆਇਆ, ਪਰ ਅਮਲ ਵਿਚ ਭਾਜਪਾ ਨੂੰ 'ਕਾਂਗਰਸ ਯੁਕਤ' ਕਰਨ ਦੇ ਰਾਹ ਪੈ ਗਿਆ ਹੈ। 'ਯੁਕਤ' ਦਾ ਮਤਲਬ ਹੈ, ਇਸ ਚੀਜ਼ ਵਿਚ ਦੂਸਰੀ ਚੀਜ਼ ਵੀ ਸ਼ਾਮਲ ਹੈ। ਕਈਆਂ ਰਾਜਾਂ ਦੇ ਸਾਬਕਾ ਮੰਤਰੀ ਹੀ ਨਹੀਂ, ਮੌਜੂਦਾ ਮੰਤਰੀ ਵੀ ਪਾਰਟੀ ਛੱਡਣ ਤੇ ਭਾਜਪਾ ਵਿਚ ਜਾਣ ਲੱਗ ਪਏ ਸਨ ਅਤੇ ਅੱਜ ਕਈ ਰਾਜਾਂ ਦੇ ਭਾਜਪਾ ਮੁੱਖ ਮੰਤਰੀ ਉਦੋਂ ਕਾਂਗਰਸ ਵਿਚੋਂ ਆਏ ਹੋਏ ਹਨ।

ਅਰੁਣਾਚਲ ਪ੍ਰਦੇਸ਼ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਪੇਮਾ ਖਾਂਡੂ ਪਹਿਲਾਂ ਕਾਂਗਰਸ ਪਾਰਟੀ ਵੱਲੋਂ ਮੁੱਖ ਮੰਤਰੀ ਰਹਿ ਚੁਕਾ ਹੈ ਤੇ ਮਨੀਪੁਰ ਦਾ ਭਾਜਪਾ ਮੁੱਖ ਮੰਤਰੀ ਐਨ. ਬੀਰੇਨ ਸਿੰਘ ਵੀ ਪਹਿਲਾਂ ਕਾਂਗਰਸ ਨੇ ਮੰਤਰੀ ਬਣਾਇਆ ਸੀ। ਕਈ ਰਾਜਾਂ ਵਿਚ ਇਹੋ ਜਿਹੇ ਸਾਬਕਾ ਕਾਂਗਰਸੀ ਇਸ ਵੇਲੇ ਭਾਜਪਾ ਦੀਆਂ ਸਰਕਾਰਾਂ ਵਿਚ ਮੰਤਰੀ ਬਣੇ ਮਿਲ ਜਾਣਗੇ।

ਦਸ ਸਾਲ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਜੋ ਸਰਕਾਰ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਨੇ ਵੱਖਰੀ ਕੋਠੀ ਵਿਚੋਂ ਰਿਮੋਟ ਬਟਨ ਨਾਲ ਚਲਾਈ ਸੀ, ਉਸ ਦੌਰਾਨ ਹੋਏ ਸਿਖਰਾਂ ਦੇ ਭ੍ਰਿਸ਼ਟਾਚਾਰ ਨਾਲ ਇਹ ਪਾਰਟੀ ਆਪ ਤਾਂ ਡੁੱਬੀ ਹੀ, ਦੇਸ਼ ਦੀ ਧਰਮ ਨਿਰਪੱਖਤਾ ਨੂੰ ਵੱਡੀ ਢਾਹ ਲੱਗਣ ਦਾ ਕਾਰਨ ਵੀ ਬਣ ਗਈ ਸੀ। ਜਦੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੀ ਵਾਰੀ ਭਾਜਪਾ ਦੋ ਸੌ ਬਿਆਸੀ ਸੀਟਾਂ ਜਿੱਤ ਕੇ ਪਹਿਲੀ ਵਾਰੀ ਪਾਰਲੀਮੈਂਟ ਵਿਚ ਕਿਸੇ ਦੇ ਸਹਾਰੇ ਬਿਨਾ ਰਾਜ ਕਰਨ ਜੋਗੀ ਹੋ ਗਈ, ਉਦੋਂ ਕਾਂਗਰਸ ਲੀਡਰਸ਼ਿਪ ਨੂੰ ਕੁਝ ਸੋਚਣਾ ਚਾਹੀਦਾ ਸੀ। ਉਹ ਵਹਿਮ ਦਾ ਸ਼ਿਕਾਰ ਹੋ ਕੇ ਇਹੀ ਸੋਚਦੇ ਰਹੇ ਕਿ ਇੱਕੋ ਵਾਰੀ ਭਾਜਪਾ ਜਿੱਤਣ ਨਾਲ ਲੋਕਾਂ ਦਾ ਮਨ ਉਚਾਟ ਹੋ ਜਾਣਾ ਹੈ, ਫਿਰ ਸਾਥੋਂ ਬਿਨਾ ਕੋਈ ਹੋਰ ਹੈ ਹੀ ਨਹੀਂ, ਜਿਸ ਨੂੰ ਦੇਸ਼ ਦੀ ਵਾਗਡੋਰ ਸੌਂਪੀ ਜਾ ਸਕੇ। ਉਹ ਲੋਕਾਂ ਵਿਚ ਕੰਮ ਕਰਨ ਦੀ ਥਾਂ ਪਾਰਟੀ ਦੀ ਹਾਈ ਕਮਾਨ ਵਿਚ ਇਹ ਪਿਆਦੇ ਫਿੱਟ ਕਰਨ ਲੱਗੇ ਰਹੇ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਮੇਰੇ ਹੱਥ ਫਲਾਣਾ ਰਾਜ ਆ ਜਾਵੇ ਤੇ ਫਲਾਣੀ ਪਾਰਲੀਮੈਂਟ ਸੀਟ ਮੈਂ ਆਪਣੇ ਪਰਿਵਾਰ ਦੇ ਫਲਾਣੇ ਜੀਅ ਲਈ ਤਿਆਰ ਕਰ ਲਵਾਂ। ਜਿਸ ਕਿਸੇ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਨਸੀਬ ਹੋ ਗਿਆ, ਉਹ ਪਾਰਟੀ ਹਾਈ ਕਮਾਨ ਨੂੰ ਵੀ ਟਿੱਚ ਜਾਣਨ ਲੱਗ ਪਿਆ ਤੇ ਹਾਈ ਕਮਾਨ ਹੌਲੀ-ਹੌਲੀ ਇਸ 'ਹਾਈ' ਵਾਲੇ ਰੁਤਬੇ ਤੋਂ 'ਲੋਅ' ਹੁੰਦੀ ਚਲੀ ਗਈ।

ਤਾਜ਼ਾ ਪਾਰਲੀਮੈਂਟ ਚੋਣਾਂ ਦੀ ਹਾਰ ਪਿੱਛੋਂ ਪਾਰਟੀ ਦੇ ਬਹੁਤੇ ਲੀਡਰ ਇਸ ਹਕੀਕਤ ਨੂੰ ਮੰਨਦੇ ਹਨ, ਪਰ ਆਪਣੀ ਪਾਰਟੀ ਨੂੰ ਮੁੜ ਕੇ ਖੜੀ ਕਰਨ ਲਈ ਜ਼ੋਰ ਲਾਉਣ ਦੀ ਥਾਂ ਮਰਨੇ ਪਈ ਪਾਰਟੀ ਦੀ ਸਫ ਉਤੇ ਵੀ ਆਪਣੀ ਚੌਧਰ ਭਾਲਦੇ ਹਨ। ਨਤੀਜਾ ਇਹ ਹੈ ਕਿ ਕਾਂਗਰਸ ਪਾਰਟੀ ਇਨ੍ਹਾਂ ਚੋਣਾਂ ਪਿੱਛੋਂ ਕਰੀਬ ਹਰ ਰਾਜ ਵਿਚ ਬੜੀ ਬੁਰੀ ਤਰ੍ਹਾਂ ਪਾਟਕ ਦਾ ਸ਼ਿਕਾਰ ਹੋਈ ਪਈ ਹੈ।

ਅਸੀਂ ਪਿਛਲੇ ਦਿਨੀਂ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਟਕਰਾਅ ਦੀ ਸਥਿਤੀ ਪੰਜਾਬ ਵਿਚ ਵੇਖੀ ਹੈ। ਰਾਜਸਥਾਨ ਤੋਂ ਪੰਝੀ ਦੀਆਂ ਪੰਝੀ ਸੀਟਾਂ ਹਾਰ ਜਾਣ ਪਿੱਛੋਂ ਡਿਪਟੀ ਮੁੱਖ ਮੰਤਰੀ ਸਚਿਨ ਪਾਇਲਟ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਕੁਰਸੀ ਖੋਹਣ ਦੀ ਮੁਹਿੰਮ ਵਿੱਢ ਦਿੱਤੀ ਹੈ। ਇਹੋ ਲੜਾਈ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕਾਂਗਰਸੀ ਸਰਕਾਰ ਵਾਲੇ ਰਾਜਾਂ ਤੋਂ ਤੁਰਦੀ ਮਰਨੇ ਪਈ ਹਾਲਤ ਵਾਲੇ ਉਤਰ ਪ੍ਰਦੇਸ਼, ਮਹਾਰਾਸ਼ਟਰ ਤੇ ਨਿਤਾਣੀ ਹਾਲਤ ਵਾਲੀ ਪੱਛਮੀ ਬੰਗਾਲ ਕਾਂਗਰਸ ਦੇ ਦਫਤਰ ਤੱਕ ਜਾ ਪਹੁੰਚੀ ਹੈ।



*ਸਚਿਨ ਪਾਇਲਟ*

ਹਰਿਆਣਾ ਕਾਂਗਰਸ ਕਮੇਟੀ ਜਦੋਂ ਲੋਕ ਸਭਾ ਚੋਣਾਂ ਵਿਚ ਹਾਰ ਬਾਰੇ ਵਿਚਾਰ ਕਰਨ ਬੈਠੀ ਤਾਂ ਕੁਝ ਲੀਡਰਾਂ ਨੇ ਮੌਜੂਦਾ ਪ੍ਰਧਾਨ ਦੇ ਖਿਲਾਫ ਏਦਾਂ ਦਾ ਹੰਗਾਮਾ ਕੀਤਾ ਕਿ ਅੱਕ ਕੇ ਉਹ ਵੀ ਅੱਗੋਂ ਇਹ ਕਹਿਣ ਲੱਗ ਪਿਆ ਕਿ ਫਿਰ ਮੈਨੂੰ ਗੋਲੀ ਮਾਰ ਦਿਓ। ਦਿੱਲੀ ਕਾਂਗਰਸ ਪਾਰਟੀ ਦਾ ਭੱਠਾ ਵੀ ਪਾਰਟੀ ਦੀ ਆਪਸੀ ਖਾਨਾਜੰਗੀ ਅਤੇ ਖਾਸ ਤੌਰ 'ਤੇ ਇੱਕ ਸਾਬਕਾ ਮੁੱਖ ਮੰਤਰੀ ਬੀਬੀ ਦੀ ਜ਼ਿੱਦ ਕਾਰਨ ਬੈਠਾ ਦੱਸਿਆ ਜਾਂਦਾ ਹੈ। ਹਰ ਪਾਸੇ ਆਪਸੀ ਟਕਰਾਅ ਦਾ ਮਾਹੌਲ ਹੈ ਤੇ ਆਖਰ ਵਿਚ ਏਨੀ ਗੱਲ ਹਰ ਆਗੂ ਕਹਿ ਦਿੰਦਾ ਹੈ ਕਿ ਉਹ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਦਾ ਹੁਕਮ ਮੰਨਣਗੇ। ਉਹ ਦੋਵੇਂ ਭੈਣ-ਭਰਾ ਕਿਸੇ ਆਗੂ ਨੂੰ ਹੁਕਮ ਦੇਣ ਜੋਗੇ ਰਹਿ ਨਹੀਂ ਗਏ ਅਤੇ ਰਹਿਣਾ ਵੀ ਨਹੀਂ ਚਾਹੁੰਦੇ ਲੱਗਦੇ, ਕਿਉਂਕਿ ਲੀਡਰਾਂ ਦੇ ਪਾਏ ਹੋਏ ਹਰ ਕਿਸੇ ਪੁਆੜੇ ਦੇ ਬਾਅਦ ਬਦਨਾਮੀ ਉਨ੍ਹਾਂ ਨੂੰ ਝੱਲਣੀ ਪੈਂਦੀ ਹੈ ਤੇ ਲੀਡਰ ਫਿਰ ਲੀਡਰ ਬਣੇ ਰਹਿੰਦੇ ਹਨ।

ਉਹ ਦਿਨ ਬਹੁਤ ਪਿੱਛੇ ਰਹਿ ਗਏ ਹਨ, ਜਦੋਂ ਕਾਂਗਰਸ ਪਾਰਟੀ ਭਾਰਤ ਦੇਸ਼ ਦੀ ਆਜ਼ਾਦੀ ਲਹਿਰ ਦੀ ਅਗਵਾਈ ਦਾ ਦਾਅਵਾ ਕਰ ਕੇ ਉਸ ਦਾ ਖੱਟਿਆ ਖਾਂਦੀ ਹੁੰਦੀ ਸੀ। ਇਸ ਵੇਲੇ ਉਸ ਦੌਰ ਦੀ ਕਾਂਗਰਸ ਦੀ ਅਗਵਾਈ ਵੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ ਤੇ ਉਸ ਦੌਰ ਦੇ ਵੱਡੇ ਆਗੂ ਮਹਾਤਮਾ ਗਾਂਧੀ ਦੀ ਫੋਟੋ ਕਰੰਸੀ ਨੋਟਾਂ ਤੋਂ ਲਾਹੁਣ ਦੀਆਂ ਸੁਰਾਂ ਦੇ ਨਾਲ ਉਸ ਦੇ ਕਾਤਲ ਨੱਥੂ ਰਾਮ ਗੌਡਸੇ ਨੂੰ ਦੇਸ਼ ਭਗਤ ਕਹਿਣ ਤੇ ਵਡਿਆਉਣ ਦਾ ਚੱਕਰ ਚੱਲ ਪਿਆ ਹੈ।

ਜਦੋਂ ਭਾਜਪਾ ਆਗੂ ਨਰਿੰਦਰ ਮੋਦੀ ਨੇ ਕੇਂਦਰ ਦੀ ਸੱਤਾ ਸੰਭਾਲੀ ਸੀ, ਉਦੋਂ ਪਹਿਲੀ ਵਾਰੀ ਕੇਰਲਾ ਦੇ ਭਾਜਪਾ ਦੇ ਮੈਗਜ਼ੀਨ ਵਿਚ ਇਹੋ ਜਿਹਾ ਲੇਖ ਛਪਿਆ ਸੀ ਕਿ ਨੱਥੂ ਰਾਮ ਗੌਡਸੇ ਨੇ ਮਹਾਤਮਾ ਗਾਂਧੀ ਨੂੰ ਗੋਲੀ ਮਾਰ ਕੇ ਗਲਤ ਕੀਤਾ, ਜਵਾਹਰ ਲਾਲ ਨਹਿਰੂ ਨੂੰ ਗੋਲੀ ਮਾਰਨੀ ਚਾਹੀਦੀ ਸੀ। ਭਾਜਪਾ ਨੇ ਸਿਰਫ ਏਨਾ ਕਿਹਾ ਸੀ ਕਿ ਲੇਖ ਸਾਡੇ ਮੈਗਜ਼ੀਨ ਨੇ ਜ਼ਰੂਰ ਛਾਪਿਆ ਹੈ, ਪਰ ਇਹ ਵਿਚਾਰ ਪਾਰਟੀ ਦੇ ਨਹੀਂ, ਲੇਖਕ ਦੇ ਆਪਣੇ ਹਨ, ਜਦ ਕਿ ਲੇਖਕ ਵੀ ਪਾਰਟੀ ਲੀਡਰ ਸੀ।

ਅੱਜ ਕੋਈ ਓਹਲਾ ਰੱਖੇ ਬਿਨਾ ਮਹਾਤਮਾ ਗਾਂਧੀ ਦੇ ਕਤਲ ਨੂੰ ਵੀ ਜਾਇਜ਼ ਠਹਿਰਾਇਆ ਜਾਣ ਲੱਗਾ ਹੈ ਅਤੇ ਪਿਛਲੇਰੇ ਸਾਲ ਬਣਾਈ ਗਈ ਨਾਮ-ਨਿਹਾਦ ਹਿੰਦੂ ਹਾਈ ਕੋਰਟ ਦੀ ਮੁਖੀ ਪੂਜਾ ਸ਼ਕੁਨ ਪਾਂਡੇ ਨਾਂ ਦੀ ਬੀਬੀ ਨੇ ਗਾਂਧੀ ਦੇ ਪੁਤਲੇ 'ਤੇ ਸ਼ਰੇਆਮ ਗੋਲੀਆਂ ਦਾਗਣ ਦਾ ਕੰਮ ਵੀ ਕਰਨ ਤੋਂ ਝਿਜਕ ਨਹੀਂ ਵਿਖਾਈ। ਭਾਜਪਾ ਲੀਡਰਾਂ ਨੇ ਕਿਹਾ ਸੀ ਕਿ ਸਾਡਾ ਉਸ ਬੀਬੀ ਨਾਲ ਕੋਈ ਸਬੰਧ ਨਹੀਂ, ਪਰ ਸੋਸ਼ਲ ਮੀਡੀਆ ਉਸ ਬੀਬੀ ਦੇ ਨਾਲ ਭਾਜਪਾ ਲੀਡਰਾਂ ਦੀਆਂ ਤਸਵੀਰਾਂ ਨਾਲ ਭਰਿਆ ਪਿਆ ਹੈ।



*ਪ੍ਰਿਅੰਕਾ ਗਾਂਧੀ ਅਤੇ ਰਾਹੁਲ ਗਾਂਧੀ*

ਇਹ ਦੌਰ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਲਈ ਸਿਰ ਵਿਚ ਠੰਢਾ ਪਾਣੀ ਪਾ ਕੇ ਸੋਚਣ ਦਾ ਹੈ, ਜਦੋਂ ਭਾਰਤ ਨੂੰ 'ਕਾਂਗਰਸ ਮੁਕਤ' ਕਰਨ ਦਾ ਨਾਅਰਾ ਦੇਣ ਵਾਲੇ ਨਰਿੰਦਰ ਮੋਦੀ ਨੂੰ ਕੁਝ ਕਰਨ ਦੀ ਲੋੜ ਨਹੀਂ, ਕਾਂਗਰਸ ਦੇ ਆਗੂ ਖੁਦ ਇਹ ਕੰਮ ਕਰਨ ਰੁੱਝੇ ਜਾਪਦੇ ਹਨ। ਕਾਂਗਰਸ ਇਸ ਵਕਤ ਹੋਂਦ ਕਾਇਮ ਰੱਖਣ ਦੀ ਜੋ ਲੜਾਈ ਲੜ ਰਹੀ ਹੈ, ਉਸ ਵਿਚ ਹੋਰ ਕੁਝ ਵੀ ਕਰਨੋਂ ਪਹਿਲਾਂ ਉਸ ਨੂੰ ਆਪਣੇ ਅੰਦਰ ਦੀ ਸਫਾਈ ਕਰਨੀ ਪੈਣੀ ਹੈ। ਰਾਹੁਲ ਗਾਂਧੀ ਇਸ ਕੰਮ ਲਈ ਯੋਗ ਵਿਅਕਤੀ ਨਹੀਂ ਤੇ ਇਕੱਲਾ ਉਹ ਕੁਝ ਕਰਨ ਜੋਗਾ ਹੋ ਜਾਵੇਗਾ, ਇਹ ਗੱਲ ਸੋਚੀ ਤੱਕ ਨਹੀਂ ਜਾ ਸਕਦੀ, ਪਰ ਹੋਰ ਉਸ ਨਾਲ ਖੜੋਵੇਗਾ ਕੌਣ, ਕੋਈ ਦਿੱਸਦਾ ਵੀ ਨਹੀਂ। ਬਹੁਤ ਹੀ ਔਝੜ ਦੇ ਦੌਰ ਤੋਂ ਲੰਘ ਰਹੀ ਹੈ ਕਾਂਗਰਸ ਪਾਰਟੀ।

# ਪੁਲਿਸ ਨੂੰ ਵੰਗਾਰਨ ਲੱਗੇ ਜੇਲ੍ਹਾਂ 'ਚ ਬੰਦ ਗੈਂਗਸਟਰ

**ਤਰਨਤਾਰਨ:** ਪੰਜਾਬ 'ਚ ਵੱਡੇ ਪੱਧਰ ਤੇ ਫੈਲੇ ਗੈਂਗਸਟਰਾਂ ਅਤੇ ਤਸਕਰਾਂ ਦੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਹੋ ਚੁੱਕੀਆਂ ਹਨ ਕਿ ਜੇਲ੍ਹਾਂ 'ਚ ਬੰਦ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਉਹ ਨਿਸ਼ਾਨੇ 'ਤੇ ਲੈ ਰਹੇ ਹਨ, ਜਿਨ੍ਹਾਂ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਡਿਊਟੀਆਂ ਦੌਰਾਨ ਉਨ੍ਹਾਂ ਖਿਲਾਫ ਕੇਸ ਦਰਜ ਕੀਤੇ ਸਨ।

ਸਰਹੱਦੀ ਜ਼ਿਲ੍ਹਾ ਤਰਨ ਤਾਰਨ 'ਚ ਸੀ.ਆਈ.ਏ. ਸਟਾਫ 'ਚ ਤਾਇਨਾਤ ਰਹੇ ਚਰਚਿਤ ਪੰਜਾਬ ਪੁਲਿਸ ਦੇ ਇੰਸਪੈਕਟਰ ਇੰਦਰਜੀਤ ਸਿੰਘ ਦੀ ਜਾਨ ਨੂੰ ਖਤਰਾ ਦੱਸਦਿਆਂ ਪੰਜਾਬ ਦੇ ਖੁਫੀਆ ਵਿਭਾਗ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਨੇ ਏ.ਡੀ.ਜੀ.ਪੀ. ਜੇਲ੍ਹਾਂ, ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਮਿਸ਼ਨਰਾਂ, ਐਸ.ਐਸ.ਪੀਜ਼. ਨੂੰ ਪੱਤਰ ਜਾਰੀ ਕਰਕੇ ਖਤਰਨਾਕ ਅਪਰਾਧੀ ਰਾਜਾ ਕੰਦੋਲਾ ਅਤੇ ਨਾਮੀ ਗੈਂਗਸਟਰਾਂ ਪਾਸੋਂ ਜਾਨ ਦਾ ਸਖਤ ਖਤਰਾ ਹੋਣ ਸਬੰਧੀ ਕਿਹਾ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਇਸ ਸਾਬਕਾ ਪੁਲਿਸ ਅਧਿਕਾਰੀ ਦੇ ਜੇਲ੍ਹ ਅੰਦਰ ਅਤੇ ਬਾਹਰ ਹੋਣ ਸਮੇਂ ਉਸ ਦੀ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਜਾਣ। ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਦੇ ਤਰਨ ਤਾਰਨ ਸੀ.ਆਈ.ਏ. ਸਟਾਫ ਦੇ ਇੰਚਾਰਜ ਹੋਣ ਸਮੇਂ ਉਨ੍ਹਾਂ ਨੇ ਬਹੁਤ ਵੱਡੇ-ਵੱਡੇ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਸੀ ਤੇ ਉਨ੍ਹਾਂ ਪਾਸੋਂ ਬਹੁਤ ਹੀ ਵੱਡੀ ਮਾਤਰਾ 'ਚ ਹੈਰੋਇਨ ਵਰਗੇ ਨਸ਼ਿਆਂ ਦੇ ਨਾਲ-ਨਾਲ ਵਿਦੇਸ਼ੀ ਹਥਿਆਰ ਵੀ ਬਰਾਮਦ ਕੀਤੇ ਸਨ।

ਤਰਨਤਾਰਨ ਦੀਆਂ ਅਦਾਲਤਾਂ 'ਚੋਂ ਤਿੰਨ ਨਾਮੀ ਤਸਕਰਾਂ ਦੇ ਬਾਇੱਜ਼ਤ ਬਰੀ ਹੋਣ ਦੇ ਫੈਸਲੇ ਤੋਂ ਬਾਅਦ ਐਸ.ਟੀ.ਐਫ. ਮੋਹਾਲੀ ਵੱਲੋਂ ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਐਸ.ਟੀ.ਐਫ. ਵਲੋਂ ਇੰਸ: ਇੰਦਰਜੀਤ ਪਾਸੋਂ ਹਥਿਆਰ, ਨਸ਼ੀਲੇ ਪਦਾਰਥ ਅਤੇ ਹੋਰ ਇਤਰਾਜ਼ਯੋਗ ਸਾਮਾਨ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਸੀ।

ਸਾਲ 2017 ਤੋਂ ਇੰਦਰਜੀਤ ਸਿੰਘ ਪਟਿਆਲਾ ਦੀ ਹਾਈ ਸਕਿਓਰਿਟੀ ਜੇਲ੍ਹ 'ਚ ਬੰਦ ਸਨ ਪਰ ਅਚਾਨਕ ਖੁਫੀਆ ਵਿਭਾਗ ਵੱਲੋਂ ਉਨ੍ਹਾਂ ਨੂੰ ਨਾਮੀ ਗੈਂਗਸਟਰ ਰਾਜਾ ਕੰਦੋਲਾ ਅਤੇ ਹੋਰ ਨਾਮੀ ਗੈਂਗਸਟਰਾਂ ਤੋਂ ਜੇਲ੍ਹ 'ਚ ਖਤਰਾ ਹੋਣ ਤੋਂ ਬਾਅਦ ਰੋਪੜ ਜੇਲ੍ਹ 'ਚ ਬਦਲ ਦਿੱਤਾ ਗਿਆ ਅਤੇ ਅਦਾਲਤ 'ਚ ਜਾਣ ਸਮੇਂ ਉਨ੍ਹਾਂ ਦੀ ਸਖਤ ਸੁਰੱਖਿਆ ਦੇ ਇੰਤਜ਼ਾਮ ਹੋਣ ਵਾਲੇ ਵੀ ਸਬੰਧਿਤ ਪੁਲਿਸ ਮੁਖੀਆਂ ਨੂੰ ਕੀਤੇ ਜਾਣ ਬਾਰੇ ਵੀ ਕਿਹਾ ਹੈ।

ਇਸ ਸਬੰਧੀ ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਦੀ ਪਤਨੀ ਮਨਿੰਦਰ ਕੌਰ ਅਤੇ ਉਨ੍ਹਾਂ ਦੇ ਜਵਾਈ ਡਾ. ਨਿਤਿਨ ਛਾਬੜਾ ਨੇ ਦੱਸਿਆ ਕਿ ਇੰਦਰਜੀਤ ਸਿੰਘ ਨੇ ਡਿਊਟੀ ਦੌਰਾਨ ਪੰਜਾਬ ਦੇ ਨਾਮੀ ਗੈਂਗਸਟਰਾਂ ਅਤੇ ਤਸਕਰਾਂ ਖਿਲਾਫ ਵੱਡੀਆਂ ਕਾਰਵਾਈਆਂ ਕੀਤੀਆਂ ਅਤੇ ਸਿਆਸੀ ਦਖਲਅੰਦਾਜ਼ੀ ਦੀ ਵੀ ਪ੍ਰਵਾਹ ਨਹੀਂ ਕੀਤੀ ਅਤੇ ਆਪਣੀ ਡਿਊਟੀ ਬਹੁਤ ਸਹੀ ਢੰਗ ਨਾਲ ਨਿਭਾਈ। ਮਨਿੰਦਰ ਕੌਰ ਨੇ ਕਿਹਾ ਕਿ ਕੁਝ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਰਾਜ਼ ਉਨ੍ਹਾਂ ਦੇ ਪਤੀ ਕੋਲ ਹਨ, ਜਿਸ ਕਰਕੇ ਪੁਲਿਸ ਇਨ੍ਹਾਂ ਪਾਸੋਂ ਇੰਦਰਜੀਤ ਸਿੰਘ ਦੀ ਜਾਨ ਨੂੰ ਖਤਰਾ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੀ ਹਾਈ ਸਕਿਓਰਿਟੀ ਜੇਲ੍ਹ 'ਚ ਬਹੁਤ ਹੀ ਪੁਲਿਸ ਅਧਿਕਾਰੀ ਵੱਖ-ਵੱਖ ਮਾਮਲਿਆਂ 'ਚ ਬੰਦ ਹਨ।

ਜੇਲ੍ਹ 'ਚ ਬੰਦ ਪੁਲਿਸ ਅਧਿਕਾਰੀਆਂ ਦੀ ਸੁਰੱਖਿਆ ਲਈ ਵੱਖਰਾ ਸੈੱਲ ਬਣਿਆ ਹੋਇਆ ਹੈ। ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਇੰਨੀ ਵੱਡੀ ਸੁਰੱਖਿਅਤ ਜੇਲ੍ਹ 'ਚੋਂ ਉਨ੍ਹਾਂ ਦੇ ਪਤੀ ਨੂੰ ਸਾਧਾਰਨ ਜੇਲ੍ਹ ਰੋਪੜ 'ਚ ਕਿਉਂ ਭੇਜਿਆ ਗਿਆ ਹੈ, ਜਿੱਥੇ ਕਈ ਤਸਕਰ, ਗੈਂਗਸਟਰ ਅਤੇ ਅਪਰਾਧਿਕ ਪਿਛੋਕੜ ਲੋਕ ਬੰਦ ਹਨ। ਇਸ ਜੇਲ੍ਹ 'ਚ ਆਉਣ ਤੋਂ ਬਾਅਦ ਉਨ੍ਹਾਂ ਦੇ ਪਤੀ ਨਾਲ ਇਨ੍ਹਾਂ ਲੋਕਾਂ ਨੇ ਹੱਥੋਪਾਈ ਹੋਣ ਦੀ ਕੋਸ਼ਿਸ਼ ਵੀ ਕੀਤੀ।

ਮਨਿੰਦਰ ਕੌਰ ਨੇ ਕਿਹਾ ਕਿ ਜੇਕਰ ਖੁਫੀਆ ਵਿਭਾਗ ਨੂੰ ਇੰਦਰਜੀਤ ਸਿੰਘ ਅਤੇ ਹੋਰ ਪੁਲਿਸ ਅਧਿਕਾਰੀਆਂ ਦੀ ਜਾਨ ਨੂੰ ਗੈਂਗਸਟਰਾਂ ਤੇ ਤਸਕਰਾਂ ਤੋਂ ਖਤਰਾ ਹੈ ਤਾਂ ਫਿਰ ਪਟਿਆਲਾ ਦੀ ਵੱਡੀ ਸੁਰੱਖਿਅਤ ਜੇਲ੍ਹ ਤੋਂ ਬਦਲ ਕੇ ਸਾਧਾਰਨ ਜੇਲ੍ਹ ਰੋਪੜ ਵਿਚ ਲਿਆਉਣਾ ਇਹ ਗੱਲ ਦਰਸਾਉਂਦਾ ਹੈ ਕਿ ਉਸ ਦੇ ਪਤੀ ਨਾਲ ਕੋਈ ਅਣਸੁਖਾਵੀਂ ਦੁਰਘਟਨਾ ਵਾਪਰ ਸਕਦੀ ਹੈ। ਇਸ ਸਬੰਧੀ ਉਹ ਪੰਜਾਬ ਦੇ ਡੀ.ਜੀ.ਪੀ. ਜੇਲ੍ਹਾਂ ਨੂੰ ਮਿਲ ਆਏ ਹਨ, ਪਰ ਅਜੇ ਤੱਕ ਉਨ੍ਹਾਂ ਨੂੰ ਇਸ ਜੇਲ੍ਹ ਤੋਂ ਸੁਰੱਖਿਆ ਜੇਲ੍ਹ 'ਚ ਨਹੀਂ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਜੇਕਰ ਉਸ ਦੇ ਪਤੀ ਨਾਲ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਦੀ ਜ਼ਿੰਮੇਵਾਰ ਪੰਜਾਬ ਪੁਲਿਸ ਦੇ ਅਧਿਕਾਰੀ ਤੇ ਸਰਕਾਰ ਦੀ ਹੋਵੇਗੀ।

## ਭਾਰਤ ਨਾਲ ਹਰ ਮਸਲੇ 'ਤੇ ਗੱਲਬਾਤ ਲਈ ਤਿਆਰ ਹੋਇਆ ਪਾਕਿਸਤਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਹਮਰੁਤਬਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕਿਹਾ ਕਿ ਇਸਲਾਮਾਬਾਦ ਸਾਰੇ ਵਿਵਾਦਾਂ, ਜਿਨ੍ਹਾਂ 'ਚ ਕਸ਼ਮੀਰ ਮਸਲਾ ਵੀ ਸ਼ਾਮਲ ਹੈ, ਨੂੰ ਹੱਲ ਕਰਨ ਲਈ ਨਵੀਂ ਦਿੱਲੀ ਨਾਲ ਗੱਲਬਾਤ ਕਰਨ ਲਈ ਤਿਆਰ ਹੈ।

ਜ਼ਿਕਰਯੋਗ ਹੈ ਕਿ ਇਕ ਦਿਨ ਪਹਿਲਾਂ ਭਾਰਤ ਨੇ ਕਿਹਾ ਸੀ ਕਿ ਬਿਸ਼ਕੇਕ 'ਚ ਹੋ ਰਹੇ ਐਸ.ਸੀ.ਓ. ਸੰਮੇਲਨ 'ਚ ਦੋਹਾਂ ਆਗੂਆਂ 'ਚ ਦੁਵੱਲੀ ਗੱਲਬਾਤ ਨਹੀਂ ਹੋਵੇਗੀ। ਇਮਰਾਨ ਨੇ ਲਿਖੀ ਚਿੱਠੀ 'ਚ ਮੋਦੀ ਨੂੰ ਦੂਜੀ ਵਾਰ ਪ੍ਰਧਾਨ ਮੰਤਰੀ ਬਣਨ ਦੀ ਵਧਾਈ ਦਿੰਦਿਆਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਨੂੰ ਗੁਰਬਤ 'ਚੋਂ ਬਾਹਰ ਕੱਢਣ ਲਈ ਤੇ ਖੇਤਰ ਦੇ ਵਿਕਾਸ ਲਈ ਦੋਹਾਂ ਦੇਸ਼ਾਂ ਦਾ ਇਕੱਠਿਆਂ ਕੰਮ ਕਰਨਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁੜ ਸੱਤਾ ਸੰਭਾਲਣ ਤੋਂ ਬਾਅਦ ਇਹ ਦੂਜੀ ਵਾਰ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਦੋਹਾਂ ਦੇਸ਼ਾਂ ਦੇ ਲੋਕਾਂ ਦੀ ਬਿਹਤਰੀ ਲਈ ਇਕੱਠਿਆਂ ਕੰਮ ਕਰਨ ਦੀ ਇੱਛਾ ਜਤਾਈ ਹੈ।

## ਤੂਫਾਨ ਤੇ ਅਸਮਾਨੀ ਬਿਜਲੀ ਨਾਲ ਯੂ. ਪੀ. 'ਚ 26 ਮੌਤਾਂ

**ਲਖਨਊ:** ਉੱਤਰ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਆਏ ਧੂੜ ਭਰੇ ਤੂਫਾਨ ਤੇ ਅਸਮਾਨੀ ਬਿਜਲੀ ਨਾਲ ਕਰੀਬ 26 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 50 ਲੋਕ ਜ਼ਖਮੀ ਹੋ ਗਏ ਹਨ। ਇਸ ਸਬੰਧੀ ਉੱਤਰ ਪ੍ਰਦੇਸ਼ ਦੇ ਰਾਹਤ ਕਮਿਸ਼ਨਰ ਨੇ ਦੱਸਿਆ ਕਿ ਤੂਫਾਨ ਤੇ ਅਸਮਾਨੀ ਬਿਜਲੀ ਨਾਲ ਵਾਪਰੀਆਂ ਘਟਨਾਵਾਂ 'ਚ ਯੂ.ਪੀ. ਦੇ ਮੈਨਪੁਰੀ 'ਚ 6 ਲੋਕਾਂ ਦੀ ਮੌਤ ਹੋ ਗਈ, ਜਦਕਿ ਇਟਾਹ ਤੇ ਕਾਸਗੰਜ 'ਚ 3 ਮੌਤਾਂ ਹੋ ਗਈਆਂ ਹਨ। ਇਸ ਤੋਂ ਇਲਾਵਾ ਮੁਰਾਦਾਬਾਦ, ਬਦੌਨ, ਮਥੁਰਾ, ਕੰਨੌਜ, ਸੰਭਲ ਤੇ ਗਾਜ਼ੀਆਬਾਦ 'ਚ 1-1 ਵਿਅਕਤੀ ਦੀ ਮੌਤ ਹੋ ਗਈ ਹੈ।

ਰਾਹਤ ਕਮਿਸ਼ਨਰ ਅਨੁਸਾਰ ਸੂਬੇ ਦੇ ਵੱਖ-ਵੱਖ ਇਲਾਕਿਆਂ 'ਚ ਆਏ ਤੂਫਾਨ ਕਾਰਨ ਕਈ ਜਗ੍ਹਾ ਰੁੱਖ ਜੜ੍ਹਾਂ ਤੋਂ ਪੁੱਟੇ ਗਏ ਹਨ, ਜਦਕਿ ਕਈ ਘਰ ਤਬਾਹ ਹੋ ਗਏ। ਮੈਨਪੁਰੀ ਜ਼ਿਲ੍ਹੇ 'ਚ ਸਭ ਤੋਂ ਵੱਧ 50 ਲੋਕ ਜ਼ਖ਼ਮੀ ਹੋ ਗਏ। ਇਸ ਸਬੰਧੀ ਪ੍ਰਿੰਸੀਪਲ ਸਕੱਤਰ ਅਵਨੀਸ਼ ਅਵਸਥੀ ਨੇ ਦੱਸਿਆ ਕਿ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿਤਯ ਨਾਥ ਨੇ ਅਧਿਕਾਰੀਆਂ ਨੂੰ ਰਾਹਤ ਕਾਰਜਾਂ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

## ਨਾਸਾ ਨੇ ਮੰਗਲ 2020 ਰੋਵਰ ਦੇਖਣ ਲਈ ਵੈੱਬਕੈਮ ਲਾਇਆ

**ਵਾਸ਼ਿੰਗਟਨ:** ਨਾਸਾ ਨੇ ਵੈੱਬਕੈਮ ਲਾਇਆ ਹੈ ਜਿਸ ਨਾਲ ਲੋਕ ਮੰਗਲ 2020 ਰੋਵਰ ਨੂੰ ਸਥਾਪਤ ਕਰਨ ਸਬੰਧੀ ਹਰਕਤਾਂ ਨੂੰ ਦੇਖ ਸਕਣਗੇ। ਪ੍ਰੋਜੈਕਟ ਮੈਨੇਜਰ ਮੈਕਨੈਮੀ ਨੇ ਕਿਹਾ ਕਿ ਇਹ ਵਧੀਆ ਤਜਰਬਾ ਹੋਵੇਗਾ ਅਤੇ ਉਹ ਮੰਗਲ ਗ੍ਰਹਿ ਦੇ ਸਫਰ ਬਾਰੇ ਲੋਕਾਂ ਨਾਲ ਹਰ ਗੱਲ ਸਾਂਝੀ ਕਰ ਸਕਣਗੇ।

ਪੰਜਾਬ ਟਾਈਮਜ਼

*ਸਨਿਚਰਵਾਰ, 15 ਜੂਨ 2019*

# ਕੈਪਟਨ ਦੀ ਨਾ-ਕਾਬਲੀਅਤ

ਕੈਪਟਨ ਅਮਰਿੰਦਰ ਸਿੰਘ ਨੇ ਸਵਾ ਦੋ ਪਹਿਲਾਂ ਜਦੋਂ ਤੋਂ ਪੰਜਾਬ ਦੀ ਕਮਾਨ ਸੰਭਾਲੀ ਹੈ, ਕਿਸੇ ਨਾ ਕਿਸੇ ਕਾਰਨ ਉਸ ਦੀ ਨਾ-ਕਾਬਲੀਅਤ ਦੀ ਚਰਚਾ ਹੁੰਦੀ ਰਹੀ ਹੈ। ਹੁਣ ਉਸ ਦੀ ਨਾ-ਕਾਬਲੀਅਤ ਦੋ ਸਾਲਾ ਬੱਚੇ ਫਤਿਹਵੀਰ ਦੀ ਮੌਤ ਨੇ ਜਾਹਰ ਕੀਤੀ ਹੈ। ਬੋਰਵੈਲ ਵਿਚ ਡਿੱਗੇ ਇਸ ਬੱਚੇ ਨੂੰ ਸਰਕਾਰ ਅਤੇ ਪ੍ਰਸ਼ਾਸਨ ਦੀ ਨਾ-ਅਹਿਲੀਅਤ ਕਾਰਨ ਬਚਾਇਆ ਨਹੀਂ ਜਾ ਸਕਿਆ। ਕੈਪਟਨ ਦੇ ਬਚਾ ਲਈ ਭਾਵੇਂ ਕੁਝ ਧਿਰਾਂ ਨੇ ਇਹ ਸਵਾਲ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬੋਰਵੈਲ ਇਸ ਤਰ੍ਹਾਂ ਖੁੱਲ੍ਹੇ ਰੱਖੇ ਹੀ ਕਿਉਂ ਹਨ? ਪਰ ਸੋਸ਼ਲ ਮੀਡੀਆ ਅਤੇ ਹੋਰ ਮੰਚਾਂ ਉਤੇ ਜਿਸ ਤਰ੍ਹਾਂ ਕੈਪਟਨ ਅਤੇ ਉਸ ਦੀ ਸਰਕਾਰ ਤੇ ਪ੍ਰਸ਼ਾਸਨ ਦੀ ਜੋ ਦੁਰ-ਦੁਰ ਹੋਈ ਹੈ, ਉਸ ਤੋਂ ਆਮ ਲੋਕਾਂ ਦੇ ਗੁੱਸੇ ਦਾ ਪਤਾ ਲੱਗ ਜਾਂਦਾ ਹੈ। ਇਹ ਗੁੱਸਾ ਅਸਲ ਵਿਚ ਇਕੱਲੇ ਫਤਿਹਵੀਰ ਵਾਲੇ ਮਾਮਲੇ ਵਿਚ ਹੀ ਨਹੀਂ ਸੀ, ਪਿਛਲੇ ਸਵਾ ਦੋ ਸਾਲਾਂ ਤੋਂ ਲੋਕ ਵੱਖ-ਵੱਖ ਮਾਮਲਿਆਂ ਵਿਚ ਕੈਪਟਨ ਦੀ ਕਾਰਗੁਜ਼ਾਰੀ ਨੂੰ ਬਹੁਤ ਬੇਵੱਸ ਹੋ ਕੇ ਦੇਖ ਰਹੇ ਹਨ ਅਤੇ ਹੁਣ ਇਸ ਮਾਮਲੇ ਤੋਂ ਬਾਅਦ ਉਨ੍ਹਾਂ ਦਾ ਰੋਹ ਤੇ ਰੋਸ ਹਰ ਪਰਦਾ ਪਾੜ ਕੇ ਸਾਹਮਣੇ ਆ ਗਿਆ ਹੈ ਅਤੇ ਉਸ ਅੱਗੇ ਸਵਾਲਾਂ ਦੇ ਢੇਰ ਲਾ ਰਿਹਾ ਹੈ। ਇੰਨੇ ਦਿਨਾਂ ਦੌਰਾਨ ਨਾ ਪ੍ਰਸ਼ਾਸਨ ਅਤੇ ਨਾ ਹੀ ਸਰਕਾਰ ਇਹ ਤੈਅ ਕਰ ਸਕੀ ਕਿ ਬੱਚੇ ਨੂੰ ਬੋਰਵੈਲ ਵਿਚੋਂ ਕੱਢਣ ਦਾ ਕੰਮ ਹੈ ਕਿਸ ਦਾ? ਆਫਤਾਂ ਜਦੋਂ ਆਉਂਦੀਆਂ ਹਨ ਤਾਂ ਕਦੀ ਦੱਸ ਕੇ ਨਹੀਂ ਆਉਂਦੀਆਂ, ਸਰਕਾਰ ਅਤੇ ਪ੍ਰਸ਼ਾਸਨ ਦਾ ਮੁੱਖ ਕੰਮ ਇਹੀ ਹੁੰਦਾ ਹੈ ਕਿ ਮੌਕੇ 'ਤੇ ਕਿੰਨੇ ਕਾਰਗਰ ਢੰਗ ਨਾਲ ਕਾਰਵਾਈ ਚਲਾਉਣੀ ਹੈ ਅਤੇ ਮਸਲੇ ਦਾ ਹੱਲ ਕੱਢਣਾ ਹੈ। ਇਸ ਮਾਮਲੇ ਵਿਚ ਸਰਕਾਰ ਇੰਨਾ ਰੌਲਾ ਪੈਣ ਦੇ ਬਾਵਜੂਦ ਸੁੱਤੀ ਹੀ ਰਹੀ। ਜਦੋਂ ਇਹ ਜਾਗੀ ਤਾਂ ਬਹੁਤ ਦੇਰ ਹੋ ਚੁੱਕੀ ਸੀ। ਮਗਰੋਂ ਕੈਪਟਨ ਨੇ ਆਪਣਾ ਹੈਲੀਕਾਪਟਰ ਵੀ ਘਟਨਾ ਸਥਾਨ ਉਤੇ ਭੇਜਿਆ ਪਰ ਉਦੋਂ ਤੱਕ ਤਾਂ ਬੱਚਾ ਇਸ ਦੁਨੀਆਂ ਨੂੰ ਅਲਵਿਦਾ ਆਖ ਚੁਕਾ ਸੀ।

ਸੂਬੇ ਦੇ ਲੋਕ ਇਸ ਗੱਲ ਤੋਂ ਬਹੁਤ ਔਖੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚਾਰ ਹਫਤਿਆਂ ਦੇ ਅੰਦਰ-ਅੰਦਰ ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਦਾ ਐਲਾਨ ਹੀ ਨਹੀਂ ਸੀ ਕੀਤਾ ਸਗੋਂ ਗੁਟਕਾ ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਪਰ ਸੱਤਾ ਸੰਭਾਲਣ ਤੋਂ ਬਾਅਦ ਇਸ ਮਾਮਲੇ ਵਿਚ ਕੁਝ ਵੀ ਕੀਤਾ ਨਾ ਗਿਆ। ਸੂਬੇ ਦਾ ਬੱਚਾ-ਬੱਚਾ ਜਾਣਦਾ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਨਸ਼ਾ ਸਮਗਲਰਾਂ, ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਸਥਾਨਕ ਪੱਧਰ ਉਤੇ ਲੋਕ ਨਸ਼ਾ ਸਪਲਾਈ ਕਰਨ ਅਤੇ ਕਰਵਾਉਣ ਵਾਲਿਆਂ ਦੀ ਸ਼ਨਾਖਤ ਵੀ ਕਰਦੇ ਹਨ, ਪਰ ਪੁਲਿਸ ਇਹ ਸਾਰੇ ਤੱਥ ਦੱਸਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕਰਦੀ, ਕਿਉਂਕਿ ਸਿਆਸੀ ਅਸਰ-ਰਸੂਖ ਵਾਲੇ ਲੋਕ ਕਿਸੇ ਦੀ ਵੀ ਪੇਸ਼ ਨਹੀਂ ਜਾਣ ਦੇ ਰਹੇ। ਇਸੇ ਤਰ੍ਹਾਂ ਬੇਅਦਬੀ ਨਾਲ ਸਬੰਧਤ ਮਾਮਲਿਆਂ ਵਿਚ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ਮਾਮਲਿਆਂ ਨਾਲ ਸਬੰਧਤ ਬਣੇ ਕਮਿਸ਼ਨਾਂ, ਇਨ੍ਹਾਂ ਦੀਆਂ ਜਾਂਚ ਰਿਪੋਰਟਾਂ ਅਤੇ ਪੁਲਿਸ ਵਲੋਂ ਹੁਣ ਤੱਕ ਜਿੰਨੀ ਕੁ ਕਾਰਵਾਈ ਕੀਤੀ ਗਈ ਹੈ, ਉਸ ਤੋਂ ਸਾਫ ਜਾਹਰ ਹੋ ਗਿਆ ਹੈ ਕਿ ਸ਼ੱਕ ਦੀ ਸੂਈ ਕਿਨ੍ਹਾਂ ਲੋਕਾਂ ਵਲ ਘੁੰਮ ਰਹੀ ਹੈ, ਪਰ ਇਸ ਮਾਮਲੇ ਨੂੰ ਕਿਸੇ ਨਾ ਕਿਸੇ ਬਹਾਨੇ ਲਗਾਤਾਰ ਲਟਕਾਇਆ ਜਾ ਰਿਹਾ ਹੈ। ਹੋਰ ਤਾਂ ਹੋਰ, ਇਸ ਮਾਮਲੇ ਦੀ ਜਾਂਚ ਵਿਚ ਜੁਟੀ ਵਿਸ਼ੇਸ਼ ਜਾਂਚ ਟੀਮ (ਸਿਟ) ਅੰਦਰ ਹੀ ਆਪਾ-ਵਿਰੋਧ ਦੀਆਂ ਖਬਰਾਂ ਬਾਹਰ ਆਉਣੀਆਂ ਸ਼ੁਰੂ ਹੋ ਗਈਆਂ ਹਨ। ਲੋਕਾਂ ਅੰਦਰ ਇਹ ਗੱਲਾਂ ਘਰ ਕਰ ਗਈਆਂ ਹਨ ਕਿ ਕੈਪਟਨ ਆਪਣੇ ਸਿਆਸੀ ਸ਼ਰੀਕਾਂ ਬਾਦਲਾਂ ਨੂੰ ਬਚਾਉਣ ਲਈ ਹੀ ਇਨ੍ਹਾਂ ਮਾਮਲਿਆਂ ਨੂੰ ਲਮਕਾ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਪੱਤਰਕਾਰਾਂ ਨੇ ਇਸ ਬਾਬਤ ਸਵਾਲ ਵੀ ਕੈਪਟਨ ਨੂੰ ਪੁੱਛੇ ਸਨ ਅਤੇ ਇਨ੍ਹਾਂ ਸਵਾਲਾਂ ਦਾ ਉਸ ਕੋਲ ਉਸ ਵਕਤ ਕੋਈ ਤਸੱਲੀਬਖਸ਼ ਜਵਾਬ ਨਹੀਂ ਸੀ ਅਤੇ ਨਾ ਹੀ ਹੁਣ ਹੈ।

ਲੋਕ ਸਭਾ ਚੋਣਾਂ ਦੌਰਾਨ ਕੁਲ 13 ਵਿਚੋਂ 8 ਸੀਟਾਂ ਜਿੱਤ ਕੇ ਪੰਜਾਬ ਕਾਂਗਰਸ ਨੇ ਪ੍ਰਚਾਰ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਕਿ ਇਹ ਜਿੱਤ ਕੈਪਟਨ ਦੀ ਕਾਰਗੁਜ਼ਾਰੀ ਕਾਰਨ ਹੋਈ ਹੈ ਜਦਕਿ ਸੱਚ ਇਹ ਹੈ ਕਿ ਕਾਂਗਰਸ ਇਹ ਸੀਟਾਂ ਵਿਰੋਧੀ ਧਿਰ ਦੀ ਕਮਜ਼ੋਰੀ ਕਾਰਨ ਹੀ ਜਿੱਤਣ ਵਿਚ ਕਾਮਯਾਬ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਲੋਕਾਂ ਨੇ ਮੂੰਹ ਹੀ ਨਹੀਂ ਲਾਇਆ। ਸੂਬੇ ਵਿਚ ਕਦੇ ਤੀਜੀ ਅਤੇ ਕਦੀ ਪਹਿਲੀ ਤੇ ਕਦੀ ਦੂਜੀ ਧਿਰ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦਾ ਜੋ ਹਸ਼ਰ ਹੋਇਆ ਹੈ, ਉਸ ਤੋਂ ਸਭ ਵਾਕਫ ਹਨ। ਚੌਥਾ ਮੋਰਚਾ ਵੀ ਕੋਈ ਜ਼ਿਕਰਯੋਗ ਪ੍ਰਾਪਤੀਆਂ ਕਰਨ ਵਿਚ ਅਸਫਲ ਰਿਹਾ ਹੈ। ਜਾਹਰ ਹੈ ਕਿ ਲੋਕਾਂ ਨੇ ਕੋਈ ਹੋਰ ਦਮਦਾਰ ਧਿਰ ਨਾ ਹੋਣ ਦੀ ਸੂਰਤ ਵਿਚ ਹੀ ਕਾਂਗਰਸ ਨੂੰ ਜਿਤਾਇਆ। ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਇਕ ਵੀ ਅਜਿਹਾ ਮੁੱਦਾ ਨਹੀਂ ਗਿਣਾ ਸਕੇ, ਜੋ ਉਸ ਨੇ ਸਿਰੇ ਲਾਇਆ ਹੋਵੇ। ਸਿਹਤ ਅਤੇ ਸਿਖਿਆ ਦੇ ਢਾਂਚੇ ਡਾਵਾਂਡੋਲ ਹਨ। ਬੇਰੁਜ਼ਗਾਰੀ ਹੱਦਾਂ-ਬੰਨੇ ਟੱਪ ਰਹੀ ਹੈ ਅਤੇ ਬੇਵਸ ਨੌਜਵਾਨਾਂ ਨੇ ਪਰਦੇਸਾਂ ਵਲ ਵਹੀਰਾਂ ਘੱਤੀਆਂ ਹੋਈਆਂ ਹਨ। ਆਮ ਲੋਕਾਂ ਲਈ ਸੂਬੇ ਦਾ ਖਜਾਨਾ ਅਜੇ ਵੀ ਖਾਲੀ ਹੈ, ਪਰ ਇਸ ਖਾਲੀ ਖਜਾਨੇ ਦਾ ਅਸਰ-ਰਸੂਖ ਵਾਲਿਆਂ ਉਤੇ ਕੋਈ ਅਸਰ ਨਹੀਂ ਪੈ ਰਿਹਾ। ਆਉਣ ਵਾਲੇ ਦਿਨਾਂ ਵਿਚ ਕੈਪਟਨ ਅਤੇ ਉਸ ਦੀ ਸਰਕਾਰ ਦੀ ਨਾ-ਕਾਬਲੀਅਤ ਦੀਆਂ ਗੱਲਾਂ ਹੋਰ ਉਚੀਆਂ ਹੋਣੀਆਂ ਹਨ। ਉਂਜ, ਸੂਬੇ ਵਿਚਲਾ ਸਿਆਸੀ ਮਾਹੌਲ ਦੱਸਦਾ ਹੈ ਕਿ ਆਮ ਲੋਕਾਂ ਦੀ ਅਵਾਜ਼ ਬਣਨ ਵਾਲਾ ਕੋਈ ਆਗੂ ਜਾਂ ਕੋਈ ਧਿਰ ਕਿਧਰੇ ਨਜ਼ਰ ਨਹੀਂ ਆ ਰਹੇ। ਅਜਿਹੇ ਹਾਲਾਤ ਵਿਚ ਬੇਵਸ ਲੋਕ ਆਪੋ-ਆਪਣੇ ਥਾਂਈਂ ਕੂਕਾਂ ਮਾ ਰਹੇ ਹਨ। ਹੁਣ ਦੇਖਣਾ ਇਹ ਹੈ ਕਿ ਲੋਕਾਂ ਨੂੰ ਬੇਵਸੀ ਦੀ ਇਸ ਦਲਦਲ ਵਿਚੋਂ ਬਾਹਰ ਕੌਣ ਕੱਢਦਾ ਹੈ? ਪੰਜਾਬ ਕਈ ਸਾਲਾਂ ਤੋਂ ਸਿਆਸੀ ਤਬਦੀਲੀ ਦੀ ਤਾਂਘ ਵਾਰ-ਵਾਰ ਪ੍ਰਗਟ ਕਰ ਰਿਹਾ ਹੈ, ਪਰ ਅਜੇ ਕੋਈ ਰਾਹ ਨਹੀਂ ਲੱਭ ਰਿਹਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫਤਹਿ ਦੀ ਆਖਰੀ ਫਤਹਿ*

ਦਾਅਵੇ ਕਰਨ ਪੁਲਾੜ ਵਿਚ ਪਹੁੰਚਣੇ ਦੇ, ਖੁੱਲ੍ਹ ਗਈ 'ਤਰੱਕੀ' ਦੀ ਪੋਲ ਯਾਰੋ।
ਹਾਲਤ ਦੇਖ ਕੇ 'ਅੰਦਰਲੀ' ਰੋਣ ਆਵੇ, ਵੱਜੇ 'ਬਾਹਰ' ਅਮੀਰੀ ਦਾ ਢੋਲ ਯਾਰੋ।
ਕਰਿਆ ਬੋਰ ਨਹੀਂ ਮੌਤ ਦਾ ਖੂਹ ਜਾਣੋ, ਜਿਸ ਵਿਚ ਜਾ ਪਿਆ ਬਾਲ ਅਣਭੋਲ ਯਾਰੋ।
ਅੰਨੇ ਹਾਕਮ ਪ੍ਰਸ਼ਾਸਨ ਤੇ ਮਾਪਿਆਂ ਦੇ, ਧਾਹਾਂ ਮਾਰੀਏ ਕੀਹਦੇ ਜਾ ਕੋਲ ਯਾਰੋ।
ਹਵਾ, ਪਾਣੀ ਤੇ ਖਾਣ ਲਈ ਤੜਫਦਾ ਉਹ, ਲੱਖਾਂ ਲੋਕਾਂ ਦੇ ਤਾਈਂ ਰੁਲਾ ਗਿਆ ਏ।
ਫਤਹਿਬੀਰ ਸਿੰਘ ਡਿੱਗ ਪਤਾਲ ਅੰਦਰ, ਸਭ ਨੂੰ ਆਖਰੀ ਫਤਹਿ ਬੁਲਾ ਗਿਆ ਏ!

# ਭਾਸ਼ਾ ਦਾ ਮਸਲਾ, ਹਿੰਦੀ ਤੇ ਪੰਜਾਬੀ

***ਨਰਿੰਦਰ ਮੋਦੀ ਦੀ ਅਗਵਾਈ ਹੇਠ ਇਕ ਵਾਰ ਫਿਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਤੋਂ ਤੁਰੰਤ ਬਾਅਦ ਇਸ ਨੇ ਜਿਹੜੇ ਕੁਝ ਕੁ ਫੈਸਲੇ ਕੀਤੇ, ਉਨ੍ਹਾਂ ਵਿਚੋਂ ਇਕ ਸੀ ਤਿੰਨ ਭਾਸ਼ਾਈ ਫਾਰਮੂਲਾ। ਤਾਮਿਲਨਾਡੂ ਵਿਚ ਇਸ ਫਾਰਮੂਲੇ ਦਾ ਤਿੱਖਾ ਵਿਰੋਧ ਹੋਇਆ ਅਤੇ ਇਸ ਨਾਲ ਇਕ ਵਾਰ ਇਹ ਚਰਚਾ ਤੁਰ ਪਈ ਕਿ ਸਿਆਸੀ ਸਾਜ਼ਿਸ਼ ਤਹਿਤ ਹਿੰਦੀ ਹੋਰ ਸੂਬਿਆਂ ਉਤੇ ਥੋਪੀ ਜਾ ਰਹੀ ਹੈ। ਉਂਜ, ਉਘੇ ਹਿੰਦੀ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਆਪਣੇ ਇਸ ਲੇਖ ਵਿਚ ਜੋ ਨੁਕਤੇ ਰੱਖੇ ਹਨ, ਉਹ ਕੋਈ ਹੋਰ ਕਹਾਣੀ ਕਹਿ ਰਹੇ ਹਨ। ਹੁਣ ਸਾਡੇ ਪੰਜਾਬੀਆਂ ਲਈ ਇਕ ਅਹਿਮ ਸਵਾਲ ਇਹ ਹੈ: ਕੀ ਅਸੀਂ ਪੰਜਾਬੀ ਬਾਰੇ ਇਸ ਪੱਧਰ ਉਤੇ ਜਾ ਕੇ ਕਦੀ ਕੋਈ ਸੋਚ-ਵਿਚਾਰ ਕੀਤੀ ਹੈ? ਸਮੁੱਚੇ ਦੇਸ਼ ਵਿਚ ਹਿੰਦੀ ਦੇ ਵਧ ਰਹੇ ਪ੍ਰਭਾਵ ਤੋਂ ਇਸ ਬਾਰੇ ਸੋਚਣਾ ਬਣਦਾ ਹੈ। -ਸੰਪਾਦਕ***

**ਅਭੈ ਕੁਮਾਰ ਦੂਬੇ**

ਮੈਂ ਅਕਸਰ ਹੈਰਾਨ ਹੋ ਜਾਂਦਾ ਹਾਂ ਅਤੇ ਸੋਚਦਾ ਹਾਂ ਕਿ ਮੇਰੀ ਭਾਸ਼ਾ ਹਿੰਦੀ ਕਿਸੇ ਹੋਰ 'ਤੇ ਥੋਪੀ ਜਾ ਰਹੀ ਹੈ, ਜਾਂ ਇਸ ਨੂੰ ਕਿਸੇ 'ਤੇ ਥੋਪਿਆ ਜਾਣਾ ਚਾਹੀਦਾ ਹੈ? ਆਪਣੇ ਬੌਧਿਕ ਜੀਵਨ ਦਾ ਵੱਡਾ ਹਿੱਸਾ ਹਿੰਦੀ ਦੇ ਇਤਿਹਾਸ ਅਤੇ ਵਿਕਾਸ ਬਾਰੇ ਅਧਿਐਨ ਕਰਦਿਆਂ ਮੈਨੂੰ ਜੋ ਸਬੂਤ ਮਿਲੇ ਹਨ, ਉਹ ਸਾਫ ਦੱਸਦੇ ਹਨ ਕਿ ਆਜ਼ਾਦੀ ਹਾਸਲ ਹੋਣ ਦੇ ਪਹਿਲੇ ਦਿਨ ਤੋਂ ਹੀ ਹਿੰਦੀ ਅਤੇ ਉਸ ਨੂੰ ਕਿਸੇ ਉਤੇ 'ਥੋਪਣ' ਦੇ ਦਰਮਿਆਨ ਕਦੇ ਵੀ ਹਾਂ-ਪੱਖੀ ਸਬੰਧ ਨਹੀਂ ਰਿਹਾ।

ਆਓ, ਇਨ੍ਹਾਂ ਸਮੁੱਚੇ ਹਾਲਾਤ ਨੂੰ ਰਤਾ ਕੁ ਤੱਥਾਂ ਦੇ ਸ਼ੀਸ਼ੇ ਵਿਚੀਂ ਦੇਖੀਏ। ਹਾਲ ਹੀ ਵਿਚ ਜਾਰੀ ਕੀਤੇ ਅੰਕੜਿਆਂ ਅਨੁਸਾਰ, ਕਰੀਬ 53 ਕਰੋੜ ਤੋਂ ਕੁਝ ਘੱਟ ਲੋਕ ਹਿੰਦੀ ਨੂੰ ਆਪਣੀ ਪਹਿਲੀ ਭਾਸ਼ਾ ਮੰਨਦੇ ਹਨ। ਕਰੀਬ 14 ਕਰੋੜ ਲੋਕ ਉਸ ਨੂੰ ਆਪਣੀ ਦੂਜੀ ਭਾਸ਼ਾ ਦੇ ਤੌਰ 'ਤੇ ਮਾਨਤਾ ਦਿੰਦੇ ਹਨ ਅਤੇ ਕਰੀਬ ਢਾਈ ਕਰੋੜ ਲੋਕਾਂ ਨੇ ਉਸ ਨੂੰ ਆਪਣੀ ਤੀਜੀ ਭਾਸ਼ਾ ਦੇ ਤੌਰ 'ਤੇ ਅਪਣਾਇਆ ਹੈ। ਇਨ੍ਹਾਂ ਅੰਕੜਿਆਂ ਦਾ ਭਾਵ ਇਹ ਹੈ ਕਿ ਕਰੀਬ 70 ਕਰੋੜ ਲੋਕ ਹਿੰਦੀ ਬੋਲ ਸਕਦੇ ਹਨ, ਸਮਝ ਸਕਦੇ ਹਨ ਅਤੇ ਪੜ੍ਹ ਸਕਦੇ ਹਨ। ਕੀ ਇਹ ਸਾਰੇ ਦੇ ਸਾਰੇ ਲੋਕ ਉਤਰ ਭਾਰਤ ਦੇ ਹਨ?

ਅਨਪੜ੍ਹ ਕਿਸਮ ਦੀ ਭਾਸ਼ਾਈ ਸਿਆਸਤ ਅਤੇ ਘਟੀਆ ਭਾਸ਼ਾਈ ਸੈਕੂਲਰਵਾਦ (ਜੋ ਇਨ੍ਹਾਂ ਭਾਸ਼ਾਵਾਂ ਨੂੰ ਹਿੰਦੀ ਦੇ ਐਨ ਖਿਲਾਫ ਦਿਖਾਉਂਦਾ ਹੈ) ਦੀ ਸਿਆਸਤ ਨੂੰ ਜੇ ਪਾਸੇ ਰੱਖ ਦੇਈਏ ਤਾਂ ਭਾਸ਼ਾ ਸ਼ਾਸਤਰੀਆਂ ਅਨੁਸਾਰ ਹਿੰਦੀ, ਹਿੰਦੁਸਤਾਨੀ, ਉਰਦੂ, ਪੰਜਾਬੀ, ਭੋਜਪੁਰੀ, ਅਵਧੀ, ਮਾਧਵੀ, ਰਾਜਸਥਾਨੀ, ਛੱਤੀਸਗੜ੍ਹੀ, ਕਨੌਜੀ, ਬੁੰਦੇਲਖੰਡੀ ਬੋਲਣ ਵਾਲੇ ਖੇਤਰਾਂ ਨੂੰ ਮਿਲਾ ਕੇ ਅਤਿ ਵਿਸ਼ਾਲ ਭਾਸ਼ਾਈ ਖੇਤਰ ਤਿਆਰ ਹੁੰਦਾ ਹੈ। ਇਸ 'ਚ ਉਰਦੂ ਅਤੇ ਪੰਜਾਬੀ ਬਾਕਾਇਦਾ ਸੰਵਿਧਾਨਗਤ ਅਨੁਸੂਚੀ 'ਚ ਦਰਜ ਭਾਸ਼ਾਵਾਂ ਹਨ ਪਰ ਹਿੰਦੀ ਨਾਲ ਉਨ੍ਹਾਂ ਦਾ ਡੂੰਘਾ ਰਿਸ਼ਤਾ ਹੈ। ਇਸ ਭਾਸ਼ਾਈ ਖੇਤਰ ਤੋਂ ਇਲਾਵਾ ਵੀ ਹਿੰਦੀ ਦੇ ਹੋਰ ਭਾਸ਼ਾਈ ਭਾਈਚਾਰਿਆਂ (ਜਿਨ੍ਹਾਂ ਕੋਲ ਹਿੰਦੀ ਦੇ ਮੁਕਾਬਲੇ ਪੁਰਾਣਾ ਇਤਿਹਾਸ, ਵਿਕਾਸ ਯਾਤਰਾ ਅਤੇ ਵਧੀਆ ਕਿਸਮ ਦੀਆਂ ਸਾਹਿਤਕ ਪਰੰਪਰਾਵਾਂ ਹਨ) ਨਾਲ ਵੀ ਰਿਸ਼ਤੇ ਲੰਮੇ ਸਮੇਂ ਤੋਂ ਬਿਹਤਰੀਨ ਅਤੇ ਜ਼ਿਕਰਯੋਗ ਹਨ।

ਜੇ ਕੌਮੀ ਪੱਧਰ 'ਤੇ ਵਿਕਸਿਤ ਹੋ ਰਹੀ ਸੰਪਰਕ ਭਾਸ਼ਾ ਦੇ ਤੌਰ 'ਤੇ ਦੇਖਿਆ ਜਾਵੇ ਤਾਂ ਹਿੰਦੀ ਇਥੇ ਅੰਗਰੇਜ਼ੀ ਦੇ ਨਾਲ ਨਾ ਕੇਵਲ ਮੁਕਾਬਲਾ ਕਰਦੀ ਨਜ਼ਰ ਆਉਂਦੀ ਹੈ ਸਗੋਂ ਉਸ ਨੂੰ ਪਿੱਛੇ ਛੱਡਦੀ ਹੋਈ ਵੀ ਜਾਪਦੀ ਹੈ। ਕੁਝ ਸਾਲ ਪਹਿਲਾਂ ਮੈਂ 1968 ਤੋਂ 2001 ਵਿਚ ਭਾਸ਼ਾਈ ਜਨਗਣਨਾ ਦੇ ਅਧਿਕਾਰਤ ਅੰਕੜਿਆਂ ਨਾਲ ਜੁੜੀ ਵਿਸ਼ਲੇਸ਼ਣਾਤਮਕ ਕਵਾਇਦ ਵੀ ਕੀਤੀ ਸੀ। ਮੇਰਾ ਉਦੇਸ਼ ਇਹ ਪਤਾ ਲਗਾਉਣਾ ਸੀ ਕਿ ਗ਼ੈਰ-ਹਿੰਦੀ ਭਾਸ਼ੀ ਇਲਾਕਿਆਂ 'ਚ ਦੋ ਭਾਸ਼ਾਈ ਪ੍ਰਕਿਰਤੀ ਕੀ ਹੈ? ਕੀ ਇਹ ਅੰਗਰੇਜ਼ੀ ਪ੍ਰਧਾਨ ਹੈ ਜਾਂ ਫਿਰ ਹਿੰਦੀ ਪ੍ਰਧਾਨ ਹੈ?

ਦੱਖਣੀ ਅਤੇ ਪੂਰਬੀ ਭਾਸ਼ਾਵਾਂ 'ਚ ਹੋਈਆਂ ਦੋ ਭਾਸ਼ੀ ਤਬਦੀਲੀਆਂ ਦੇ ਵਿਸ਼ਲੇਸ਼ਣ ਨੇ ਮੈਨੂੰ ਦੱਸਿਆ ਕਿ ਗਲੋਬਲੀਕਰਨ ਵਲੋਂ ਅੰਗਰੇਜ਼ੀ ਨੂੰ ਮਿਲੇ ਅਖੌਤੀ ਉਛਾਲ ਦੇ ਬਾਵਜੂਦ ਇਨ੍ਹਾਂ ਖੇਤਰਾਂ 'ਚ ਹਿੰਦੀ ਦੇ ਦੂਜੀ ਭਾਸ਼ਾ ਹੋਣ ਦਾ ਫੀਸਦ 10 ਸਾਲ ਪਹਿਲਾਂ ਜਿੰਨਾ ਹੀ ਹੈ। ਆਸਾਮ 'ਚ ਹਿੰਦੀ ਅਜੇ ਵੀ ਅੱਗੇ ਹੈ। ਬੰਗਾਲ ਵਿਚ ਹਿੰਦੀ ਦੂਜੀ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ ਦੀ ਬਰਾਬਰੀ ਕਰਨ ਦੇ ਹੋਰ ਨੇੜੇ ਹੋਈ ਹੈ। ਤਾਮਿਲਨਾਡੂ 'ਚ ਹਿੰਦੀ ਨੇ ਆਪਣੀ ਜੋ ਪੁਜੀਸ਼ਨ ਦਰਜ ਕਰਵਾਈ ਸੀ, ਉਸ 'ਚ ਅੰਗਰੇਜ਼ੀ ਦੀ ਵਧੀ ਹੋਈ ਸ਼ਾਨ ਕੋਈ ਕਮੀ ਨਹੀਂ ਕਰ ਸਕੀ।

ਕੰਨੜ ਖੇਤਰ (ਕਰਨਾਟਕ) ਵਿਚ ਅੰਗਰੇਜ਼ੀ ਦੂਜੀ ਭਾਸ਼ਾ ਹਿੰਦੀ ਤੋਂ ਮਾਮੂਲੀ ਫਰਕ ਨਾਲ ਹੀ ਅੱਗੇ ਰਹਿ ਗਈ ਹੈ। ਮਲਿਆਲਮ ਖੇਤਰ (ਕੇਰਲਾ) ਵਿਚ ਹਿੰਦੀ ਦਾ ਦੂਜੀ ਭਾਸ਼ਾ ਵਜੋਂ ਮਜ਼ਬੂਤ ਪ੍ਰਦਰਸ਼ਨ ਜਾਰੀ ਹੈ ਅਤੇ ਤੇਲਗੂ ਖੇਤਰ (ਆਂਧਰਾ ਪ੍ਰਦੇਸ਼, ਤਿਲੰਗਾਨਾ) 'ਚ ਹਿੰਦੀ ਦੀ ਹਾਲਤ ਪਹਿਲਾਂ ਵਾਂਗ ਮਜ਼ਬੂਤ ਹੋਈ ਹੈ। ਉੜੀਆ ਖੇਤਰ (ਉੜੀਸਾ) 'ਚ ਦੋਵੇਂ ਭਾਸ਼ਾਵਾਂ ਕਰੀਬ-ਕਰੀਬ ਬਰਾਬਰੀ 'ਤੇ ਹਨ।

ਦੂਜੀ ਜ਼ਿਕਰਯੋਗ ਗੱਲ ਇਹ ਹੈ ਕਿ ਜਿਨ੍ਹਾਂ ਖੇਤਰਾਂ 'ਚ ਹਿੰਦੀ ਅੰਗਰੇਜ਼ੀ ਤੋਂ ਬਹੁਤ ਅੱਗੇ ਸੀ, ਜਿਵੇਂ ਮਰਾਠੀ, ਗੁਜਰਾਤੀ, ਉਰਦੂ, ਪੰਜਾਬੀ, ਸਿੰਧੀ, ਨੇਪਾਲੀ, ਮੈਥਿਲੀ ਤੇ ਡੋਗਰੀ, ਇਨ੍ਹਾਂ 'ਚ ਅੰਗਰੇਜ਼ੀ ਦੂਜੀ ਭਾਸ਼ਾ ਵਜੋਂ ਆਪਣੀ ਸਥਿਤੀ ਸੁਧਾਰਨ 'ਚ ਅਸਫਲ ਰਹੀ ਹੈ। ਅੰਗਰੇਜ਼ੀ ਨੂੰ ਬਾਜ਼ਾਰ ਅਤੇ ਤਰੱਕੀ ਦੇ ਮੌਕਿਆਂ ਦੀ ਭਾਸ਼ਾ ਦੱਸਣ ਵਾਲੇ ਹਮੇਸ਼ਾ ਉਸ ਦੇ ਪ੍ਰਚਾਰ-ਪ੍ਰਸਾਰ ਦੇ ਅੰਕੜਿਆਂ ਤੋਂ ਬਚਦੇ ਹਨ, ਕਿਉਂਕਿ ਉਥੇ ਉਨ੍ਹਾਂ ਦੀ ਪੋਲ ਖੁੱਲ੍ਹ ਜਾਂਦੀ ਹੈ। ਦੇਸ਼ 'ਚ ਪਹਿਲੀ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ ਅਪਣਾਉਣ ਵਾਲੇ ਲੋਕਾਂ ਦੀ ਗਿਣਤੀ ਸਿਰਫ ਢਾਈ ਲੱਖ ਹੈ। ਦੂਜੀ ਭਾਸ਼ਾ ਦੇ ਤੌਰ 'ਤੇ ਉਸ ਨੂੰ ਕਰੀਬ ਸਵਾ 8 ਕਰੋੜ ਲੋਕ ਅਪਣਾਉਂਦੇ ਹਨ ਅਤੇ ਤੀਜੀ ਭਾਸ਼ਾ ਦੇ ਤੌਰ 'ਤੇ ਸਾਢੇ 4 ਕਰੋੜ। ਇਸੇ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੂਜੀ ਅਤੇ ਤੀਜੀ ਭਾਸ਼ਾ ਦੇ ਤੌਰ 'ਤੇ ਹਿੰਦੀ ਅਪਣਾਉਣ ਵਾਲਿਆਂ ਦੀ ਗਿਣਤੀ (17 ਕਰੋੜ) ਦੇ ਮੁਕਾਬਲੇ 'ਤੇ ਅੰਗਰੇਜ਼ੀ ਕਿਤੇ ਨਹੀਂ ਠਹਿਰ ਸਕਦੀ।

ਆਓ ਹੁਣ ਤਾਮਿਲਨਾਡੂ ਵਲ ਚੱਲਦੇ ਹਾਂ ਜਿਸ ਨੂੰ ਹਿੰਦੀ ਵਿਰੋਧ ਦਾ ਗੜ੍ਹ ਮੰਨਿਆ ਜਾਂਦਾ ਹੈ। ਤਾਮਿਲਨਾਡੂ ਅਜਿਹਾ ਸੂਬਾ ਹੈ ਜਿਥੇ 2009-10 ਤੱਕ ਹਿੰਦੀ ਨੂੰ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਿਆ ਜਾ ਸਕਦਾ ਸੀ ਪਰ ਇਸ ਤੋਂ ਬਾਅਦ ਲਾਗੂ ਹੋਏ ਸਮਾਂਚੀਰ ਕਾਲਵੀ, ਭਾਵ ਸਮਰੂਪ ਸਿੱਖਿਆ ਕਾਨੂੰਨ ਤੋਂ ਬਾਅਦ ਵਿਦਿਆਰਥੀ ਅਰਬੀ, ਉਰਦੂ, ਸੰਸਕ੍ਰਿਤ, ਮਲਿਆਲਮ, ਫਰਾਂਸੀਸੀ ਅਤੇ ਹੋਰ ਭਾਰਤੀ ਭਾਸ਼ਾਵਾਂ ਤਾਂ ਪੜ੍ਹ ਸਕਦੇ ਹਨ ਪਰ ਹਿੰਦੀ ਨਹੀਂ। ਉਥੇ ਹਿੰਦੀ ਪੜ੍ਹਨ ਲਈ ਜਾਂ ਤਾਂ ਸੀ.ਬੀ.ਐਸ.ਸੀ. ਸਕੂਲਾਂ ਦਾ ਸਹਾਰਾ ਲੈਣਾ ਪੈਂਦਾ ਹੈ, ਜਾਂ ਫਿਰ ਹਿੰਦੀ ਪ੍ਰਚਾਰ ਸਭਾਵਾਂ ਵਲੋਂ ਚਲਾਏ ਜਾਣ ਵਾਲੇ ਹਿੰਦੀ ਵਿਦਿਆ ਨਿਕੇਤਨਾਂ ਦਾ। ਜ਼ਾਹਰ ਹੈ ਕਿ ਤਾਮਿਲਨਾਡੂ 'ਚ ਸਰਕਾਰ ਨੇ ਆਪਣੇ ਪੱਧਰ 'ਤੇ ਹਿੰਦੀ ਪੜ੍ਹਾਉਣ 'ਤੇ ਅਜਿਹੀ ਪਾਬੰਦੀ ਲਗਾਈ ਹੋਈ ਹੈ ਕਿ ਜਿਸ ਨਾਲ ਇਸ ਸੂਬੇ ਦੀਆਂ ਦੋਵੇਂ ਮੁੱਖ ਸਿਆਸੀ ਪਾਰਟੀਆਂ ਬਿਨਾ ਕਿਸੇ ਭੇਦਭਾਵ ਦੇ ਸਹਿਮਤ ਹਨ।

> ***ਸਰਕਾਰ ਦੇ ਭਾਸ਼ਾ ਪ੍ਰਚਾਰ ਦੀ ਭੂਮਿਕਾ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਹੈ ਪਰ ਜੇ ਉਸ ਦਾ ਕੋਈ ਥਾਂ ਹੈ ਤਾਂ ਉਹ ਸਭ ਤੋਂ ਹੇਠਾਂ ਹੈ। ਫਿਰ ਚਾਹੇ ਉਹ ਹਿੰਦੀ ਦੇ ਪੱਖ ਵਿਚ ਹੋਵੇ ਜਾਂ ਵਿਰੋਧ 'ਚ। ਹਿੰਦੀ ਜਿਸ ਉਛਾਲ ਦੌਰ ਵਿਚੀਂ ਗੁਜ਼ਰ ਰਹੀ ਹੈ, ਨਾ ਤਾਂ ਉਹ ਕੇਂਦਰ ਸਰਕਾਰ ਵਲੋਂ ਹਿੰਦੀ ਦੀ ਕੀਤੀ ਜਾ ਰਹੀ ਤਰਫਦਾਰੀ ਦੀ ਮੁਹਤਾਜ ਹੈ ਅਤੇ ਨਾ ਹੀ ਉਸ ਦੀ ਗਤੀ ਤਾਮਿਲਨਾਡੂ ਸਰਕਾਰ ਵਲੋਂ ਕੀਤੀ ਜਾ ਰਹੀ ਨਾਂਹ-ਪੱਖੀ ਭਾਸ਼ਾਈ ਇੰਜੀਨਅਰਿੰਗ ਤੋਂ ਪ੍ਰਭਾਵਿਤ ਹੁੰਦੀ ਹੈ। ਦੱਖਣੀ ਭਾਰਤ ਦੇ ਹੋਰ ਸੂਬਿਆਂ 'ਚ ਹਿੰਦੀ ਨੂੰ ਲੈ ਕੇ ਕੋਈ ਵਿਰੋਧੀ ਸਿਆਸਤ ਨਹੀਂ ਹੈ, ਖਾਸ ਕਰ ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ 'ਚ ਤਾਂ ਹਿੰਦੀ ਸਾਰਿਆਂ ਸਕੂਲਾਂ 'ਚ ਪੜ੍ਹਾਈ ਜਾਂਦੀ ਹੈ।***

ਉਂਜ, ਇਸ ਤਕਰੀਬਨ ਸਪਸ਼ਟ ਸਿਆਸੀ ਪਾਬੰਦੀ ਦੇ ਬਾਵਜੂਦ ਹਿੰਦੀ ਵਿਦਿਆ ਨਿਕੇਤਨਾਂ 'ਚ ਭਰਤੀ ਹੋਣ ਵਾਲਿਆਂ ਦੀ ਗਿਣਤੀ 'ਚ ਦਿਨੋ-ਦਿਨ ਵਾਧਾ ਹੁੰਦਾ ਜਾ ਰਿਹਾ ਹੈ (2009 ਵਿਚ 2 ਲੱਖ 18 ਹਜ਼ਾਰ ਅਤੇ 2018 ਵਿਚ 5 ਲੱਖ 70 ਹਜ਼ਾਰ)। ਸੀ.ਬੀ.ਐਸ.ਸੀ. ਸਕੂਲਾਂ ਵਿਚ ਵਿਸ਼ੇ ਦੇ ਤੌਰ 'ਤੇ ਹਿੰਦੀ ਲੈਣ ਵਾਲਿਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। ਹਿੰਦੀ ਦੇ ਤਾਮਿਲਨਾਡੂ ਢੰਗ ਦੇ ਪ੍ਰਚਾਰ-ਪ੍ਰਸਾਰ ਨਾਲ ਪਹਿਲਾ ਸੰਦੇਸ਼ ਇਹ ਮਿਲਦਾ ਹੈ ਕਿ ਸਰਕਾਰੀ ਸੰਸਥਾਵਾਂ ਅਤੇ ਨੀਤੀਆਂ ਰਾਹੀਂ ਕੀਤਾ ਜਾਣ ਵਾਲਾ ਭਾਸ਼ਾ ਪ੍ਰਚਾਰ ਹੀ ਹੁਣ ਹਿੰਦੀ ਦਾ ਇਕੱਲਾ ਜ਼ਰੀਆ ਨਹੀਂ ਰਹਿ ਗਿਆ। ਸਰਕਾਰ ਪੱਖ 'ਚ ਹੋਵੇ ਜਾਂ ਵਿਰੋਧ 'ਚ, ਹਿੰਦੀ ਦੀ ਦੁਨੀਆ ਆਪਣੀ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ। ਇਸ ਗਤੀਸ਼ੀਲਤਾ ਦੀਆਂ ਮੁੱਖ ਚਾਲਕ ਸ਼ਕਤੀਆਂ 'ਚੋਂ ਇਕ ਹੈ ਬਾਜ਼ਾਰ ਦੀ ਤਾਕਤ, ਦੂਜੀ ਹੈ ਹਿੰਦੀ ਦੇ ਇਲੈਕਟਰੌਨਿਕ ਮੀਡੀਆ ਦਾ ਭਾਰਤ ਪੱਧਰ ਦਾ ਸਰੂਪ, ਤੀਜਾ ਹੈ ਹਿੰਦੀ ਅੰਦੋਲਨ ਦਾ ਸਵੈ-ਸੇਵੀ ਕਿਰਦਾਰ।

ਸਰਕਾਰ ਦੇ ਭਾਸ਼ਾ ਪ੍ਰਚਾਰ ਦੀ ਭੂਮਿਕਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਹੈ ਪਰ ਜੇ ਉਸ ਦਾ ਕੋਈ ਥਾਂ ਹੈ ਤਾਂ ਉਹ ਸਭ ਤੋਂ ਹੇਠਾਂ ਹੈ। ਫਿਰ ਚਾਹੇ ਉਹ ਹਿੰਦੀ ਦੇ ਪੱਖ ਵਿਚ ਹੋਵੇ ਜਾਂ ਵਿਰੋਧ 'ਚ। ਹਿੰਦੀ ਜਿਸ ਉਛਾਲ ਦੌਰ ਵਿਚੀਂ ਗੁਜ਼ਰ ਰਹੀ ਹੈ, ਨਾ ਤਾਂ ਉਹ ਕੇਂਦਰ ਸਰਕਾਰ ਵਲੋਂ ਹਿੰਦੀ ਦੀ ਕੀਤੀ ਜਾ ਰਹੀ ਤਰਫਦਾਰੀ ਦੀ ਮੁਹਤਾਜ ਹੈ ਅਤੇ ਨਾ ਹੀ ਉਸ ਦੀ ਗਤੀ ਤਾਮਿਲਨਾਡੂ ਸਰਕਾਰ ਵਲੋਂ ਕੀਤੀ ਜਾ ਰਹੀ ਨਾਂਹ-ਪੱਖੀ ਭਾਸ਼ਾਈ ਇੰਜੀਨਅਰਿੰਗ ਤੋਂ ਪ੍ਰਭਾਵਿਤ ਹੁੰਦੀ ਹੈ। ਦੱਖਣੀ ਭਾਰਤ ਦੇ ਹੋਰ ਸੂਬਿਆਂ 'ਚ ਹਿੰਦੀ ਨੂੰ ਲੈ ਕੇ ਕੋਈ ਵਿਰੋਧੀ ਸਿਆਸਤ ਨਹੀਂ ਹੈ, ਖਾਸ ਕਰ ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ 'ਚ ਤਾਂ ਹਿੰਦੀ ਸਾਰਿਆਂ ਸਕੂਲਾਂ 'ਚ ਪੜ੍ਹਾਈ ਜਾਂਦੀ ਹੈ।

ਸਮਾਜ ਦੇ ਲਗਾਤਾਰ ਵਧ ਰਹੇ ਸਿਆਸੀਕਰਨ ਦੀ ਪ੍ਰਕਿਰਿਆ ਨੇ ਵੀ ਹਿੰਦੀ ਨੂੰ ਉਨ੍ਹਾਂ ਮੰਚਾਂ 'ਤੇ ਬਿਠਾ ਦਿਤਾ ਹੈ ਜਿਥੇ ਉਸ ਦੀ ਆਵਾਜ਼ ਪਹਿਲਾਂ ਅੰਗਰੇਜ਼ੀ ਵਲੋਂ ਦਬਾਅ ਦਿੱਤੀ ਜਾਂਦੀ ਸੀ। ਇਹ ਮੰਚ ਹਨ- ਲੋਕ ਸਭਾ, ਰਾਜ ਸਭਾ ਤੇ ਵਿਧਾਨ ਸਭਾਵਾਂ। 70 ਦੇ ਦਹਾਕੇ ਤੋਂ ਹੀ ਇਹ ਸਿਲਸਿਲਾ ਹੌਲੀ ਹੌਲੀ ਅੱਗੇ ਵਧ ਰਿਹਾ ਹੈ। ਪਛੜੀਆਂ ਅਤੇ ਦਲਿਤ ਜਾਤਾਂ ਦੇ ਸਿਆਸੀ ਉਭਾਰ ਨੇ ਇਨ੍ਹਾਂ ਮੰਚਾਂ 'ਤੇ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ 'ਚ ਵਾਧਾ ਕਰ ਦਿੱਤਾ ਹੈ। ਗੈਰ-ਹਿੰਦੀ ਭਾਸ਼ੀ ਸੰਸਦ ਮੈਂਬਰਾਂ ਵਿਚ ਹਿੰਦੀ ਸਿੱਖਣ ਦੀ ਲੋੜ ਦਾ ਅਹਿਸਾਸ ਵਧਦਾ ਜਾਂਦਾ ਹੈ। ਰਾਜਸੀ ਖੇਤਰ 'ਚ ਆਇਆ ਇਹ ਭਾਸ਼ਾਈ ਬਦਲਾਓ ਜਿਸ ਚੀਜ਼ ਵੱਲ ਵੀ ਇਸ਼ਾਰਾ ਕਰਦਾ ਹੈ, ਉਹ ਹੈ ਭਾਰਤੀ ਲੋਕਾਂ ਦੇ ਦਾਇਰੇ 'ਚ ਐਚ.ਐਮ.ਟੀ. ਵਾਲਿਆਂ ਦੀ ਗਿਣਤੀ ਵਧਦੇ ਜਾਣਾ। ਐਚ.ਐਮ.ਟੀ. ਭਾਵ ਹਿੰਦੀ ਮੀਡੀਅਮ ਟਾਈਪ।

ਜਿਸ ਭਾਸ਼ਾ ਦਾ ਸਮਾਜਿਕ ਖੇਤਰ ਇੰਨਾ ਵੱਡਾ ਹੋਵੇ, ਜੋ ਲੋਕਾਂ ਦੀ ਸਵੈ-ਇੱਛਾ 'ਤੇ ਸਵਾਰ ਹੋ ਕੇ ਆਪਣਾ ਵਿਕਾਸ ਕਰਦੀ ਰਹੀ ਹੋਵੇ, ਉਸ ਨੂੰ ਕਿਸੇ ਵੀ ਸਰਕਾਰੀ ਹੁਕਮ ਨਾਲ ਲਾਜ਼ਮੀ ਬਣਾਉਣ ਦੀ ਕੋਸ਼ਿਸ਼ ਗੈਰ-ਜ਼ਰੂਰੀ ਹੈ। ਅੱਜ ਸਾਡੇ ਪ੍ਰਧਾਨ ਮੰਤਰੀ ਹਿੰਦੀ 'ਚ ਭਾਸ਼ਣ ਦਿੰਦੇ ਹਨ। ਅੰਗਰੇਜ਼ੀ 'ਚ ਭਾਸ਼ਣ ਕਰਨ ਵਾਲੇ ਦੇਵਗੌੜਾ ਵੀ ਸਾਡੇ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਹਿੰਦੀ ਦਾ ਵਿਕਾਸ ਨਾ ਉਦੋਂ ਰੁਕਿਆ ਸੀ, ਨਾ ਹੁਣ ਰੁਕੇਗਾ, ਨਾ ਕਦੀ ਰੁਕ ਸਕਦਾ ਹੈ ਕਿਉਂਕਿ ਉਹ ਇਸ ਦੇਸ਼ ਦੀ ਢਾਂਚਾਗਤ ਹਾਲਤ ਦੀ ਪੈਦਾਇਸ਼ ਹੈ।

# ਹਿੰਦੂਤਵੀ ਏਜੰਡਾ ਅਤੇ ਜ਼ਬਾਨਬੰਦੀ ਦੀ ਸਿਆਸਤ

## ਵਿਰੋਧ ਕਰ ਰਹੇ ਬੁੱਧੀਜੀਵੀ ਬਿਨਾ ਮੁਕੱਦਮਾ ਸਾਲ ਭਰ ਤੋਂ ਜੇਲ੍ਹ ਅੰਦਰ ਬੰਦ

ਅੱਠ ਜੂਨ ਨੂੰ ਦਿੱਲੀ ਵਿਚ ਤਿੰਨ ਦਰਜਨ ਲੋਕ ਪੱਖੀ ਜਥੇਬੰਦੀਆਂ ਨੇ 'ਕਿਸ ਕਿਸ ਨੂੰ ਕੈਦ ਕਰੋਗੇ' ਦੇ ਝੰਡੇ ਹੇਠ ਸਾਂਝਾ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਆਮ ਵੱਡੇ-ਵੱਡੇ ਹਜੂਮਾਂ ਵਾਲੇ ਪ੍ਰਦਰਸ਼ਨਾਂ ਦੇ ਉਲਟ ਇਹ ਜਮਹੂਰੀ ਹੱਕਾਂ ਦੀ ਰਾਖੀ ਬਾਰੇ ਸੁਚੇਤ ਮਹਿਜ਼ ਕੁਝ ਸੈਂਕੜੇ ਕਾਰਕੁਨਾਂ ਦਾ ਇਕੱਠ ਸੀ ਜੋ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਸਮੇਤ ਸਾਰੇ ਸਿਆਸੀ ਕੈਦੀਆਂ ਦੀ ਰਿਹਾਈ, ਯੂ.ਏ.ਪੀ.ਏ. ਅਤੇ ਹੋਰ ਕਾਲੇ ਕਾਨੂੰਨਾਂ ਨੂੰ ਖਤਮ ਕੀਤੇ ਜਾਣ ਅਤੇ ਲੋਕ ਸੰਘਰਸ਼ਾਂ ਉਪਰ ਜਬਰ ਬੰਦ ਕਰਨ ਦੀ ਮੰਗ ਕਰਦਿਆਂ ਦੂਰੋਂ-ਦੂਰੋਂ ਚੱਲ ਕੇ ਇਥੇ ਪਹੁੰਚੇ ਸਨ।

ਪਿਛਲੇ ਸਾਲ ਇਸੇ ਦਿਨ ਮਹਾਂਰਾਸ਼ਟਰ ਪੁਲਿਸ ਨੇ ਪੰਜ ਜਮਹੂਰੀ ਸ਼ਖਸੀਅਤਾਂ ਨੂੰ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਯੂ.ਏ.ਪੀ.ਏ.

**ਬੂਟਾ ਸਿੰਘ**
**ਫੋਨ: +91-94634-74342**

(ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਤਹਿਤ ਗ੍ਰਿਫਤਾਰ ਕਰ ਲਿਆ ਸੀ। ਇਹ ਪੰਜ ਸ਼ਖਸੀਅਤਾਂ ਸਨ: ਪੁਣੇ ਤੋਂ ਦਲਿਤ ਚਿੰਤਕ ਤੇ 'ਵਿਦਰੋਹੀ' ਪੱਤ੍ਰਿਕਾ ਦੇ ਸੰਪਾਦਕ ਕਾਰਕੁਨ ਸੁਧੀਰ ਧਾਵਲੇ। ਨਾਗਪੁਰ ਤੋਂ ਹਰਮਨਪਿਆਰੇ ਐਡਵੋਕੇਟ ਸੁਰਿੰਦਰ ਗਾਡਲਿੰਗ ਜੋ ਲੋਕਪੱਖੀ ਵਕੀਲਾਂ ਦੀ ਸੰਸਥਾ ਆਈ.ਏ.ਪੀ.ਐਲ. ਦੇ ਜਨਰਲ ਸਕੱਤਰ ਤੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਸਮੇਤ ਸਿਆਸੀ ਕੈਦੀਆਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵੀ ਕਰ ਰਹੇ ਸਨ। ਨਾਗਪੁਰ ਤੋਂ ਅਗਾਂਹਵਧੂ ਚਿੰਤਕ ਤੇ ਔਰਤ ਕਾਰਕੁਨ ਪ੍ਰੋਫੈਸਰ ਸ਼ੋਮਾ ਸੇਨ ਜੋ ਨਾਗਪੁਰ ਯੂਨੀਵਰਸਿਟੀ ਵਿਚ ਅੰਗਰੇਜ਼ੀ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ। ਕੇਰਲਾ ਨਾਲ ਸਬੰਧਤ ਜਾਣੇ-ਪਛਾਣੇ ਮਾਰਕਸਵਾਦੀ ਚਿੰਤਕ ਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਰੋਨਾ ਵਿਲਸਨ। ਗੜ੍ਹਚਿਰੌਲੀ (ਮਹਾਂਰਾਸ਼ਟਰ) ਵਿਚ ਪ੍ਰਧਾਨ ਮੰਤਰੀ ਪੇਂਡੂ ਵਿਕਾਸ ਯੋਜਨਾ ਦੇ ਸਾਬਕਾ ਫੈਲੋ ਤੇ ਭਾਰਤ ਜਨ ਅੰਦੋਲਨ ਦੇ ਸਰਗਰਮ ਕਾਰਕੁਨ ਮਹੇਸ਼ ਰਾਵਤ।

ਫਿਰ 28 ਅਗਸਤ ਨੂੰ ਇਸੇ ਤਰਜ਼ 'ਤੇ ਦਿੱਲੀ ਤੋਂ ਸਿਰਕੱਢ ਬੁੱਧੀਜੀਵੀ ਗੌਤਮ ਨਵਲੱਖਾ, ਫਰੀਦਾਬਾਦ ਤੋਂ ਐਡਵੋਕੇਟ ਸੁਧਾ ਭਾਰਦਵਾਜ, ਹੈਦਰਾਬਾਦ ਤੋਂ ਇਨਕਲਾਬੀ ਕਵੀ ਤੇ ਮਾਓਵਾਦੀ ਬੁੱਧੀਜੀਵੀ ਪ੍ਰੋਫੈਸਰ ਵਰਵਰਾ ਰਾਓ, ਮਹਾਂਰਾਸ਼ਟਰ ਤੋਂ ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼ ਅਤੇ ਐਡਵੋਕੇਟ ਅਰੁਣ ਫਰੇਰਾ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਸਾਰੇ ਹੀ ਅਵਾਮੀ ਸਰੋਕਾਰਾਂ ਨਾਲ ਜੁੜੇ ਸੰਵੇਦਨਸ਼ੀਲ ਚਿੰਤਕ ਹਨ। ਦਲਿਤ ਬੁੱਧੀਜੀਵੀ ਡਾ. ਆਨੰਦ ਤੇਲਤੁੰਬੜੇ ਘਰ ਤੋਂ ਬਾਹਰ ਹੋਣ ਕਾਰਨ ਅਤੇ ਕਬਾਇਲੀ ਹੱਕਾਂ ਦੇ ਝੰਡਾਬਰਦਾਰ ਪਾਦਰੀ ਸਟੇਨ ਸਵਾਮੀ ਕੈਂਸਰ ਦੇ ਮਰੀਜ਼ ਹੋ ਕਾਰਨ ਗ੍ਰਿਫਤਾਰੀ ਤੋਂ ਬਚ ਗਏ।

ਗ੍ਰਿਫਤਾਰ ਬੁੱਧੀਜੀਵੀ ਉਦੋਂ ਤੋਂ ਹੀ ਜੇਲ੍ਹਾਂ ਵਿਚ ਬੰਦ ਹਨ, ਸਿਰਫ ਗੌਤਮ ਨਵਲੱਖਾ ਅਤੇ ਤੇਲਤੁੰਬੜੇ ਹੀ ਸੁਪਰੀਮ ਕੋਰਟ ਵਲੋਂ ਦਿੱਤੀ ਗ੍ਰਿਫਤਾਰੀ ਤੋਂ ਆਰਜ਼ੀ ਸੁਰੱਖਿਆ ਤਹਿਤ ਪੁਲਿਸ ਦੀ ਗ੍ਰਿਫਤਾਰ ਤੋਂ ਬਾਹਰ ਹਨ ਜਿਸ ਦੀ ਮੋਹਲਤ ਹੁਣ ਪਹਿਲੀ ਜੁਲਾਈ ਤਕ ਹੈ; ਜਦਕਿ ਮਹਾਂਰਾਸ਼ਟਰ ਪੁਲਿਸ ਉਨ੍ਹਾਂ ਨੂੰ ਵੀ ਛੇਤੀ ਤੋਂ ਛੇਤੀ ਜੇਲ੍ਹ ਵਿਚ ਡੱਕਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ।

ਇਨ੍ਹਾਂ ਸ਼ਖਸੀਅਤਾਂ ਵਿਚੋਂ ਕੋਈ ਵੀ ਕਦੇ ਕਿਸੇ ਹਿੰਸਕ ਵਾਰਦਾਤ ਵਿਚ ਸ਼ਾਮਲ ਨਹੀਂ ਰਿਹਾ ਅਤੇ ਉਨ੍ਹਾਂ ਨੂੰ ਸਿਰਫ ਸੱਤਾਧਾਰੀ ਧਿਰ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਅਤੇ ਸਖਤ ਸੰਦੇਸ਼ ਦੇਣ ਲਈ ਨਿਸ਼ਾਨਾ ਬਣਾਇਆ ਗਿਆ। ਸੁਧੀਰ ਧਾਵਲੇ, ਅਰੁਣ ਫਰੇਰਾ ਅਤੇ ਵਰਨੋਨ ਗੋਂਜ਼ਾਲਵੇਜ਼ ਪਹਿਲਾਂ ਹੀ ਐਸੇ ਫਰਜ਼ੀ ਕੇਸਾਂ ਤਹਿਤ ਕਈ-ਕਈ ਸਾਲ ਨਹੱਕੀ ਜੇਲ੍ਹ ਕੱਟ ਚੁੱਕੇ ਹਨ। ਇਨ੍ਹਾਂ ਦਾ ਦਮਨ ਭਗਵਾਂ ਨਿਜ਼ਾਮ ਵਲੋਂ ਮੁਲਕ ਦੇ ਅਵਾਮ, ਖਾਸ ਕਰਕੇ ਬੌਧਿਕ ਹਲਕਿਆਂ ਨੂੰ ਖਾਸ ਸੰਦੇਸ਼ ਦੇਣ ਲਈ ਸੀ ਕਿ ਭਗਵੇਂ ਨਿਜ਼ਾਮ ਵਿਚ ਸੱਤਾਧਾਰੀਆਂ ਉਪਰ ਸਵਾਲ ਉਠਾਉਣ ਵਾਲਿਆਂ ਲਈ ਜੇਲ੍ਹ ਜਾਂ ਪੁਲਿਸ ਹਿਰਾਸਤ ਤੋਂ ਸਿਵਾਏ ਕੋਈ ਜਗ੍ਹਾ ਨਹੀਂ ਹੈ। ਕਿਸੇ ਵੀ ਸੰਸਥਾ/ਜਥੇਬੰਦੀ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਪਾਬੰਦੀਸ਼ੁਦਾ ਸੂਚੀ ਵਿਚ ਸ਼ਾਮਲ ਕਰ ਦੇਣਾ ਹੁਕਮਰਾਨਾਂ ਦੇ ਹੱਥ ਵਿਚ ਐਸਾ ਬ੍ਰਹਮ ਅਸਤਰ ਹੈ ਜਿਸ ਨਾਲ ਉਹ ਸਰਕਾਰ ਵਿਰੋਧੀ ਕਿਸੇ ਵੀ ਜਥੇਬੰਦਕ ਸਰਗਰਮੀ ਨੂੰ ਸਹਿਜੇ ਹੀ ਕੁਚਲ ਸਕਦੇ ਹਨ ਅਤੇ ਨਾਲ ਹੀ ਇਸ ਦੇ ਬਹਾਨੇ ਕਿਸੇ ਵੀ ਲੋਕ ਹਿਤੈਸ਼ੀ ਆਲੋਚਕ ਦਾ ਸਬੰਧ ਪਾਬੰਦੀਸ਼ੁਦਾ ਨਾਲ ਜੋੜ ਕੇ ਉਸ ਦੀ ਜ਼ੁਬਾਨਬੰਦੀ ਕੀਤੀ ਜਾ ਸਕਦੀ ਹੈ।

ਪਹਿਲਾਂ ਸਟੇਟ ਨੇ ਸਿੱਖ ਅਤੇ ਮੁਸਲਿਮ 'ਦਹਿਸ਼ਤਗਰਦੀ' ਦੇ ਬਹਾਨੇ ਘੱਟ ਗਿਣਤੀਆਂ ਨੂੰ ਕੁਚਲਿਆ, ਪਿਛਲੇ ਸਾਲਾਂ ਤੋਂ ਬੁੱਧੀਜੀਵੀਆਂ ਅਤੇ ਜਮਹੂਰੀ ਆਵਾਜ਼ਾਂ ਨੂੰ ਕੁਚਲਣ ਲਈ ਮਾਓਵਾਦ ਨੂੰ ਬਹਾਨੇ ਵਜੋਂ ਵਰਤਿਆ ਜਾ ਰਿਹਾ ਹੈ। ਮਹਾਂਰਾਸ਼ਟਰ ਪੁਲਿਸ ਦਾ ਭਗਵੇਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਇਕੋ-ਇਕ ਮਨੋਰਥ ਇਨ੍ਹਾਂ ਸ਼ਖਸੀਅਤਾਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਕਥਿਤ ਸ਼ਹਿਰੀ ਤਾਣੇ-ਬਾਣੇ ਦਾ ਹਿੱਸਾ ਦਿਖਾ ਕੇ ਯੂ.ਏ.ਪੀ.ਏ. ਤਹਿਤ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਸਾੜਨਾ ਹੈ। ਇਸੇ ਲਈ ਮੂਲ ਐਫ.ਆਈ.ਆਰ. ਦੇ ਆਧਾਰ 'ਤੇ ਭੀਮਾ-ਕੋਰੇਗਾਓਂ ਹਿੰਸਾ ਨੂੰ ਅੰਜਾਮ ਦੇਣ ਵਾਲੇ ਭਗਵੇਂ ਸਾਜ਼ਿਸ਼ਘਾੜਿਆਂ - ਸ਼ੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ - ਨੂੰ ਹੱਥ ਨਹੀਂ ਪਾਇਆ ਗਿਆ ਸਗੋਂ ਭੀਮਾ-ਕੋਰੇਗਾਓਂ ਸ਼ਤਾਬਦੀ ਦੇ ਪ੍ਰਬੰਧ ਪਿੱਛੇ 'ਮਾਓਵਾਦੀ ਸਾਜ਼ਿਸ਼' ਦੀ ਮਨਘੜਤ ਕਹਾਣੀ ਪ੍ਰਚਾਰ ਕੇ ਉਨ੍ਹਾਂ ਸ਼ਖਸੀਅਤਾਂ ਨੂੰ ਗ੍ਰਿਫਤਾਰ ਕੀਤਾ ਗਿਆ ਜੋ ਸਟੇਟ ਦੇ ਆਲੋਚਕ ਹੋਣ ਕਾਰਨ ਹੁਕਮਰਾਨਾਂ ਨੂੰ ਚੁਭਦੇ ਸਨ। ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂਤਵ ਦੀ ਜੰਮਣ-ਭੋਇੰ ਮਹਾਂਰਾਸ਼ਟਰ ਦੇ ਅੰਦਰ ਨਾਗਪੁਰ ਆਰ.ਐਸ.ਐਸ. ਦਾ ਸਦਰ-ਮੁਕਾਮ ਹੋਣ ਕਾਰਨ ਇਥੇ ਰਾਜ ਮਸ਼ੀਨਰੀ ਵਿਚ ਇਸ ਦੀ ਡੂੰਘੀ ਘੁਸਪੈਠ ਹੈ ਅਤੇ ਮਹਾਂਰਾਸ਼ਟਰ ਪੁਲਿਸ ਦਾ ਇਕ ਹਿੱਸਾ ਹਿੰਦੂਤਵ ਦੀ ਸ਼ਾਖਾ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਹਿੰਦੂਤਵ ਹਰ ਤਰ੍ਹਾਂ ਦੀ ਸਮਾਜੀ ਨਾਬਰਾਬਰੀ ਅਤੇ ਅਗਾਂਹਵਧੂ ਜਮਹੂਰੀ ਮੁੱਲਾਂ ਦੀ ਦੁਸ਼ਮਣ ਘੋਰ ਸੱਜੇਪੱਖੀ ਵਿਚਾਰਧਾਰਾ ਹੈ ਅਤੇ ਆਰ.ਐਸ.ਐਸ.-ਭਾਜਪਾ ਆਪਣੀ ਪ੍ਰਚਾਰ ਮਸ਼ੀਨਰੀ ਅਤੇ ਕਾਰਪੋਰੇਟ ਮੀਡੀਆ ਨਾਲ ਆਪਣੇ ਗੂੜ੍ਹੇ ਰਿਸ਼ਤੇ ਦੀ ਮਦਦ ਨਾਲ ਹਿੰਦੂਤਵ ਦੇ ਵਿਆਪਕ ਦਹਿਸ਼ਤੀ ਤਾਣੇ-ਬਾਣੇ ਤੋਂ ਧਿਆਨ ਹਟਾਉਣ ਵਿਚ ਕਾਮਯਾਬ ਹੋਈ ਹੈ। ਇਸ ਵੱਲੋਂ ਮਾਓਵਾਦੀ ਵਿਚਾਰ ਰੱਖਣ ਵਾਲਿਆਂ ਨੂੰ ਹੀ ਖਤਰਨਾਕ ਮੁਜਰਿਮ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਹਿਟਲਰ-ਮੁਸੋਲਿਨੀ ਦੇ ਸਿੱਕੇਬੰਦ ਪੈਰੋਕਾਰ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਦੀ ਫਰਜ਼ੀ ਕਹਾਣੀਆਂ ਘੜਨ ਦੇ ਮਾਮਲੇ ਵਿਚ ਖਾਸ ਮੁਹਾਰਤ ਹੈ। ਜਿਵੇਂ ਹਿਟਲਰ ਦੇ ਨਾਜ਼ੀ ਗੈਂਗ ਨੇ 1933 ਵਿਚ ਜਰਮਨੀ ਦੀ ਪਾਰਲੀਮੈਂਟ ਨੂੰ ਖੁਦ ਹੀ ਅੱਗ ਲਗਾ ਕੇ ਇਸ ਨੂੰ ਕਮਿਊਨਿਸਟਾਂ/ਸੋਸ਼ਲਿਸਟਾਂ ਨੂੰ ਕੁਚਲਣ ਲਈ ਬਹਾਨੇ ਵਜੋਂ ਇਸਤੇਮਾਲ ਕੀਤਾ ਸੀ, ਉਹੀ ਤਰੀਕਾ ਸੰਘ ਦਾ ਹੈ। ਝੂਠ ਨੂੰ ਵਾਰ-ਵਾਰ ਇੰਨਾ ਦੁਹਰਾਇਆ ਜਾਂਦਾ ਹੈ ਕਿ ਆਮ ਲੋਕ ਉਸੇ ਨੂੰ ਸੱਚ ਮੰਨ ਲੈਂਦੇ ਹਨ।

ਜੇ.ਐਨ.ਯੂ. ਦੇ ਵਿਦਿਆਰਥੀ ਆਗੂਆਂ ਉਮਰ ਖਾਲਿਦ ਅਤੇ ਕਨ੍ਹੱਈਆ ਕੁਮਾਰ ਦੀਆਂ ਜਾਅਲੀ ਸੀ.ਡੀ. ਬਣਾ ਕੇ ਜੇ.ਐਨ.ਯੂ. ਕੈਂਪਸ ਦੀ ਚਿੰਤਨਸ਼ੀਲ ਬੌਧਿਕ ਰਵਾਇਤ ਨੂੰ ਨਿਸ਼ਾਨਾ ਬਣਾਇਆ ਗਿਆ। ਸੰਘ ਦੇ ਦਹਿਸ਼ਤੀ ਗਰੁੱਪਾਂ ਵਲੋਂ ਪ੍ਰਗਿਆ ਸਿੰਘ ਠਾਕੁਰ, ਅਸੀਮਾਨੰਦ, ਕਰਨਲ ਸ੍ਰੀਕਾਂਤ ਪਰੋਹਿਤ ਦੀ ਅਗਵਾਈ ਹੇਠ 2007-08 ਵਿਚ ਬਹੁਤ ਸਾਰੇ ਬੰਬ ਧਮਾਕੇ ਕੀਤੇ ਗਏ ਜਿਨ੍ਹਾਂ ਪਿੱਛੇ ਮੁਸਲਿਮ ਦਹਿਸ਼ਤੀ ਜਥੇਬੰਦੀਆਂ ਦਾ ਹੱਥ ਹੋਣ ਦੀ ਕਹਾਣੀ ਪ੍ਰਚਾਰ ਕੇ ਸੈਂਕੜੇ ਮੁਸਲਿਮ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਸਾੜਿਆ ਗਿਆ। ਆਖਿਰਕਾਰ, ਉਹ ਸਾਰੇ ਬੇਕਸੂਰ ਸਾਬਤ ਹੋਏ ਅਤੇ ਅਸਲ ਸਾਜ਼ਿਸ਼ਘਾੜਿਆਂ ਦੇ ਤੌਰ 'ਤੇ ਭਗਵੇਂ ਚਿਹਰੇ ਨੰਗੇ ਹੋ ਗਏ। ਗੋਧਰਾ ਰੇਲ ਅੱਗਜ਼ਨੀ ਕਾਂਡ, ਚਿੱਠੀ ਸਿੰਘਪੁਰਾ ਕਤਲੇਆਮ, ਹੇਮੰਤ ਕਰਕਰੇ ਦੀ ਹੱਤਿਆ ਆਦਿ ਹੋਰ ਵੀ ਕਈ ਮਾਮਲਿਆਂ ਵਿਚ ਸੰਘ ਦੀਆਂ ਫਰੰਟ ਜਥੇਬੰਦੀਆਂ ਦੀ ਭੂਮਿਕਾ ਸਵਾਲਾਂ ਦੇ ਘੇਰੇ ਵਿਚ ਹੈ। ਆਪਣੇ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਅਫਵਾਹਾਂ, ਸਾਜ਼ਿਸ਼ਾਂ ਦੇ ਮਨਘੜਤ ਇਲਜ਼ਾਮ ਅਤੇ ਇਨ੍ਹਾਂ ਦੇ ਬਹਾਨੇ ਅਗਾਂਹਵਧੂ ਤਾਕਤਾਂ ਉਪਰ ਹਮਲੇ ਦੁਨੀਆ ਭਰ ਦੇ ਫਾਸ਼ੀਵਾਦੀਆਂ ਦੀ ਖਸਲਤ ਹੈ।

ਸੁਪਰੀਮ ਕੋਰਟ ਅਤੇ ਕਈ ਹਾਈਕੋਰਟਾਂ ਕਿਉਂਕਿ ਆਪਣੇ ਫੈਸਲਿਆਂ ਵਿਚ ਇਹ ਵਾਰ-ਵਾਰ ਕਹਿ ਰਹੀਆਂ ਹੈ ਕਿ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣਾ ਆਪਣੇ ਆਪ ਵਿਚ ਕੋਈ ਜੁਰਮ ਨਹੀਂ ਹੈ; ਕਿ ਜਦੋਂ ਤਕ ਕੋਈ ਹਿੰਸਕ ਕਾਰਵਾਈਆਂ ਜਾਂ ਹਿੰਸਾ ਭੜਕਾਉਣ ਵਿਚ ਸ਼ਾਮਲ ਨਹੀਂ, ਉਸ ਨੂੰ ਯੂ.ਏ.ਪੀ.ਏ. ਜਾਂ ਸਟੇਟ ਵਿਰੁਧ ਜੰਗ ਛੇੜਨ ਦਾ ਇਲਜ਼ਾਮ ਲਗਾ ਕੇ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਇਹ ਦੇਖ ਕੇ ਪੁਲਿਸ ਅਧਿਕਾਰੀਆਂ ਨੇ ਹੁਣ ਕਹਾਣੀਆਂ ਇਸ ਤਰੀਕੇ ਨਾਲ ਘੜਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਜਿਸ ਨਾਲ ਗ੍ਰਿਫਤਾਰ ਕੀਤੇ ਜਾਣ ਵਾਲੇ ਨੂੰ ਹਿੰਸਾ ਦਾ ਸਾਜ਼ਿਸ਼ਘਾੜਾ ਕਰਾਰ ਦਿੱਤਾ ਜਾਂਦਾ ਹੈ ਤਾਂ ਜੋ ਉਸ ਦੀ ਗ੍ਰਿਫਤਾਰੀ ਕਾਨੂੰਨ ਦੇ ਅਨੁਸਾਰ ਨਜ਼ਰ ਆਵੇ।

ਕਿਸੇ ਦੂਰ-ਦਰਾਜ ਇਲਾਕੇ ਵਿਚ ਹੋਈ ਕਿਸੇ ਹਿੰਸਾ ਦੇ ਬਹਾਨੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਦੇ ਘਰਾਂ ਵਿਚ ਛਾਪੇ ਮਾਰ ਕੇ ਉਨ੍ਹਾਂ ਦੇ ਲੈਪਟਾਪ/ਕੰਪਿਊਟਰ ਦੀਆਂ ਹਾਰਡ ਡਿਸਕ, ਹੋਰ ਡੇਟਾ ਸਟੋਰੇਜ ਡਿਵਾਈਸ ਵਗੈਰਾ ਕਬਜ਼ੇ ਵਿਚ ਲੈ ਲਏ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਮਾਓਵਾਦੀ ਸਬੰਧਾਂ ਜਾਂ ਹਿੰਸਾ ਦੀ ਸਾਜ਼ਿਸ਼ ਦੇ ਸਬੂਤ ਮਿਲਣ ਦਾ ਦਾਅਵਾ ਕਰਕੇ ਗੈਰ ਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ 'ਸ਼ਹਿਰੀ ਨਕਸਲੀ' ਦਾ ਮਾਮਲਾ ਦਰਜ ਕਰ ਲਿਆ ਜਾਂਦਾ ਹੈ। ਯੂ.ਏ.ਪੀ.ਏ. (ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ) ਲਗਾ ਦਿੱਤੇ ਜਾਣ ਕਾਰਨ ਮੁਲਜ਼ਮ ਦੀ ਜ਼ਮਾਨਤ ਪੁਲਿਸ ਵਲੋਂ ਮਨਜ਼ੂਰੀ ਦੇਣ ਤੋਂ ਬਾਅਦ ਹੀ ਸੰਭਵ ਹੋ ਸਕਦੀ ਹੈ। ਇਸ ਬਹਾਨੇ ਪੁਲਿਸ ਕਿਸੇ ਨੂੰ ਵੀ ਆਪਣੀ ਮਰਜ਼ੀ ਅਨੁਸਾਰ ਜੇਲ੍ਹ ਵਿਚ ਬੰਦ ਰੱਖਦੀ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀ ਜੇਲ੍ਹਬੰਦੀ ਇਸ ਦੀ ਉਘੜਵੀਂ ਮਿਸਾਲ ਹਨ।

ਪੁਲਿਸ ਨੇ ਇਹ ਇਲਜ਼ਾਮ ਲਗਾ ਕੇ ਪ੍ਰੋਫੈਸਰ ਸਾਈਬਾਬਾ ਦੀ ਦਿੱਲੀ ਯੂਨੀਵਰਸਿਟੀ ਵਿਚਲੀ ਰਿਹਾਇਸ਼ ਉਪਰ ਛਾਪਾ ਮਾਰਿਆ ਕਿ ਪ੍ਰੋਫੈਸਰ ਸਾਈਬਾਬਾ ਜੋ 90 ਫੀਸਦੀ ਅਪਾਹਜ ਹੈ, ਆਪਣੇ ਘਰ ਤੋਂ ਡੇਢ ਹਜ਼ਾਰ ਕਿਲੋਮੀਟਰ ਦੂਰ ਮਹਾਂਰਾਸ਼ਟਰ ਦੇ ਮਾਓਵਾਦੀ ਜ਼ੋਰ ਵਾਲੇ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਹਿੰਸਾ ਦੀ ਸਾਜ਼ਿਸ਼ ਦਾ ਯੋਜਨਾਘਾੜਾ ਹੈ। ਚਾਰਜਸ਼ੀਟ ਵਿਚ ਦਾਅਵਾ ਕੀਤਾ ਗਿਆ ਕਿ ਪ੍ਰੋਫੈਸਰ ਦੇ ਕੰਪਿਊਟਰ ਵਿਚੋਂ ਉਸ ਦੇ ਮਾਓਵਾਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਸਬੂਤ



***ਪਹਿਲਾਂ ਸਟੇਟ ਨੇ ਸਿੱਖ ਅਤੇ ਮੁਸਲਿਮ 'ਦਹਿਸ਼ਤਗਰਦੀ' ਦੇ ਬਹਾਨੇ ਘੱਟ ਗਿਣਤੀਆਂ ਨੂੰ ਕੁਚਲਿਆ, ਪਿਛਲੇ ਸਾਲਾਂ ਤੋਂ ਬੁੱਧੀਜੀਵੀਆਂ ਅਤੇ ਜਮਹੂਰੀ ਆਵਾਜ਼ਾਂ ਨੂੰ ਕੁਚਲਣ ਲਈ ਮਾਓਵਾਦ ਨੂੰ ਬਹਾਨੇ ਵਜੋਂ ਵਰਤਿਆ ਜਾ ਰਿਹਾ ਹੈ। ਮਹਾਂਰਾਸ਼ਟਰ ਪੁਲਿਸ ਦਾ ਭਗਵੇਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਇਕੋ-ਇਕ ਮਨੋਰਥ ਇਨ੍ਹਾਂ ਸ਼ਖਸੀਅਤਾਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਕਥਿਤ ਸ਼ਹਿਰੀ ਤਾਣੇ-ਬਾਣੇ ਦਾ ਹਿੱਸਾ ਦਿਖਾ ਕੇ ਯੂ.ਏ.ਪੀ.ਏ. ਤਹਿਤ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਸਾੜਨਾ ਹੈ।***

ਮਿਲੇ ਹਨ। ਇਨ੍ਹਾਂ ਮਨਘੜਤ ਸਬੂਤਾਂ ਦੇ ਆਧਾਰ 'ਤੇ ਸਾਈਬਾਬਾ ਸਮੇਤ ਛੇ ਕਾਰਕੁਨਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ ਜਿਥੇ ਹੁਣ ਉਸ ਨੂੰ 19 ਜਾਨਲੇਵਾ ਬਿਮਾਰੀਆਂ ਤੋਂ ਪੀੜਤ ਹੋਣ ਦੇ ਬਾਵਜੂਦ ਇਲਾਜ ਲਈ ਹਸਪਤਾਲ ਵੀ ਨਹੀਂ ਭੇਜਿਆ ਜਾ ਰਿਹਾ ਕਿਉਂਕਿ ਪੁਲਿਸ ਅਨੁਸਾਰ ਉਹ ਜੇਲ੍ਹ ਤੋਂ ਬਾਹਰ ਆ ਕੇ ਮੁਕੱਦਮੇ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹੀ ਜੁਗਤ ਪਿਛਲੇ ਸਾਲ ਗ੍ਰਿਫਤਾਰ ਕੀਤੇ ਬੁੱਧੀਜੀਵੀਆਂ ਦੇ ਮਾਮਲੇ ਵਿਚ ਇਸਤੇਮਾਲ ਕੀਤੀ ਗਈ।

ਪੁਣੇ ਪੁਲਿਸ ਨੇ ਦਾਅਵਾ ਕੀਤਾ ਕਿ ਰੋਨਾ ਵਿਲਸਨ ਦੇ ਲੈਪਟਾਪ ਵਿਚੋਂ ਦੋ ਕਥਿਤ ਚਿੱਠੀਆਂ ਮਿਲੀਆਂ ਜਿਨ੍ਹਾਂ ਤੋਂ ਜਾਣਕਾਰੀ ਹਾਸਲ ਹੋਈ ਹੈ ਕਿ ਭੀਮਾ-ਕੋਰੇਗਾਓਂ ਵਿਚ ਹਿੰਸਾ ਦੀ ਸਾਜ਼ਿਸ਼ ਇਨ੍ਹਾਂ 'ਸ਼ਹਿਰੀ ਨਕਸਲੀ' ਨੇ ਚੋਟੀ ਦੇ ਮਾਓਵਾਦੀ ਆਗੂਆਂ ਨਾਲ ਮਸ਼ਵਰਾ ਕਰਕੇ ਬਣਾਈ ਸੀ। ਇਹ ਕਥਿਤ ਚਿੱਠੀਆਂ ਅਦਾਲਤ ਵਿਚ ਪੇਸ਼ ਕਰਨ ਦੀ ਬਜਾਏ ਇਨ੍ਹਾਂ ਦਾ ਖੁਲਾਸਾ ਪੁਲਿਸ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਵਲੋਂ ਮੀਡੀਆ ਕਾਨਫਰੰਸ ਵਿਚ ਅਤੇ ਭਾਜਪਾ ਦੇ ਮੂੰਹਫਟ ਬੁਲਾਰੇ ਸੰਬਿਤ ਪਾਤਰਾ ਵਲੋਂ ਇਕ ਖਾਸ ਟੀ.ਵੀ. ਚੈਨਲ ਉਪਰ ਕੀਤਾ ਗਿਆ ਜਿਸ ਤੋਂ ਸਾਬਤ ਹੋ ਗਿਆ ਕਿ ਬੁੱਧੀਜੀਵੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਪੱਧਰ 'ਤੇ ਬਣਾਈ ਗਈ ਸੀ।

ਨਵੰਬਰ ਮਹੀਨੇ ਪੁਲਿਸ ਨੇ 5000 ਪੰਨਿਆਂ ਦੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਕੀਤੀ। ਅਦਾਲਤ ਦੇ ਆਦੇਸ਼ ਦੇਣ ਦੇ ਬਾਵਜੂਦ ਮੁਕੰਮਲ ਚਾਰਜਸ਼ੀਟ ਅਤੇ ਉਨ੍ਹਾਂ ਦੇ ਕੰਪਿਊਟਰਾਂ ਵਿਚੋਂ 'ਬਰਾਮਦ' ਇਲੈਕਟ੍ਰਾਨਿਕ ਸਬੂਤਾਂ ਦੀਆਂ ਕਾਪੀਆਂ ਮੁਲਜ਼ਮਾਂ ਅਤੇ ਉਨ੍ਹਾਂ ਦੇ ਵਕੀਲਾਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ। ਹਰ ਤਾਰੀਕ 'ਤੇ ਪੁਲਿਸ ਮੋਹਲਤ ਮੰਗ ਲੈਂਦੀ ਹੈ। ਕੌਮਾਂਤਰੀ ਤੌਰ 'ਤੇ ਚਰਚਿਤ ਇਸ ਮਾਮਲੇ ਵਿਚ ਮੁਲਜ਼ਮ ਬਣਾਏ ਬੁੱਧੀਜੀਵੀਆਂ ਦੀਆਂ ਜ਼ਮਾਨਤ ਦੀਆਂ ਦਰਖਾਸਤਾਂ ਦੀ ਸੁਣਵਾਈ ਉਪਰ ਬਹਿਸ ਪਿੱਛੇ ਜਿਹੇ ਮਈ ਮਹੀਨੇ ਵਿਚ ਮਸਾਂ ਹੀ ਮੁਕੰਮਲ ਹੋ ਸਕੀ, ਕਿਉਂਕਿ ਪੁਣੇ ਪੁਲਿਸ ਹਰ ਹਰਬਾ ਵਰਤ ਕੇ ਸੁਣਵਾਈ ਟਾਲਦੀ ਰਹੀ ਹੈ। ਕਦੇ ਸੁਰੱਖਿਆ ਮੁਲਾਜ਼ਮਾਂ ਦੀ ਘਾਟ ਦੇ ਬਹਾਨੇ ਅਤੇ ਕਦੇ ਕੋਈ ਹੋਰ ਬਹਾਨਾ ਬਣਾ ਕੇ। 60 ਤਰੀਕਾਂ ਵਿਚੋਂ ਤਕਰੀਬਨ 40 ਤਰੀਕਾਂ ਦੌਰਾਨ ਪੁਲਿਸ ਨੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ।

ਹੁਣ ਜਦੋਂ ਸੁਣਵਾਈ ਮੁਕੰਮਲ ਹੋ ਗਈ ਤਾਂ ਸਪੈਸ਼ਲ ਸੈਸ਼ਨ ਜੱਜ ਦਾ ਤਬਾਦਲਾ ਹੋ ਗਿਆ। ਉਸ ਦੀ ਥਾਂ ਆਇਆ ਜੱਜ ਮੁੱਢ ਤੋਂ ਸਾਰਾ ਮਾਮਲਾ ਸੁਣਨ ਤੋਂ ਬਾਅਦ ਹੀ ਫੈਸਲਾ ਕਰਨਗੇ। ਸੁਣਵਾਈ ਦੀ ਅਗਲੀ ਤਰੀਕ 27 ਜੂਨ ਤੈਅ ਕੀਤੀ ਗਈ ਹੈ। ਉਦੋਂ ਇਹ ਪਤਾ ਲੱਗੇਗਾ ਕਿ ਅਦਾਲਤੀ ਅਮਲ ਵਿਚ ਅੱਗੇ ਕੀ ਵਾਪਰਦਾ ਹੈ। ਇਹ ਗੌਰਤਲਬ ਹੈ ਕਿ 27 ਜੂਨ ਨੂੰ ਉਹ ਪੰਜ ਬੁੱਧੀਜੀਵੀ ਪੌਣੇ ਤੇਰਾਂ ਮਹੀਨੇ ਜੇਲ੍ਹ ਵਿਚ ਕੱਟ ਚੁੱਕੇ ਹੋਣਗੇ ਜਿਨ੍ਹਾਂ ਨੂੰ 8 ਜੂਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ; ਸੁਧਾ ਭਾਰਦਵਾਜ, ਵਰਨੋਨ ਅਤੇ ਅਰੁਣ ਫਰੇਰਾ 8 ਮਹੀਨੇ ਦੋ ਦਿਨ ਅਤੇ ਇਨਕਲਾਬੀ ਕਵੀ ਵਰਾਵਰਾ ਰਾਓ 7 ਮਹੀਨੇ 10 ਦਿਨ ਜੇਲ੍ਹ ਕੱਟ ਚੁੱਕੇ ਹੋਣਗੇ। ਬਿਨਾ ਮੁਕੱਦਮਾ ਚੱਲੇ, ਬਿਨਾ ਜ਼ਮਾਨਤ, ਨਿਰੋਲ ਸੱਤਾਧਾਰੀਆਂ ਦੇ ਇਸ਼ਾਰੇ 'ਤੇ ਲਾਏ ਮਨਘੜ ਇਲਜ਼ਾਮਾਂ ਤਹਿਤ।

ਇਹ ਗ੍ਰਿਫਤਾਰੀਆਂ ਹਿੰਦੁਸਤਾਨੀ ਸਟੇਟ ਵਲੋਂ ਆਪਣੇ ਹੀ ਲੋਕਾਂ ਵਿਰੁਧ ਛੇੜੀ ਜੰਗ ਦਾ ਹਿੱਸਾ ਹਨ। ਇਹ ਸਿਲਸਿਲਾ ਇਥੇ ਹੀ ਰੁਕਣ ਵਾਲਾ ਨਹੀਂ। ਹਿੰਦੂਤਵ ਫਾਸ਼ੀਵਾਦੀਆਂ ਵਲੋਂ ਵਿਚਾਰ ਪ੍ਰਗਟਾਵੇ ਦੀ ਸਪੇਸ ਇੰਨੀ ਸੁੰਗੇੜ ਦਿੱਤੀ ਗਈ ਹੈ ਕਿ ਕਿਸੇ ਵੀ ਸੰਘੀ ਆਗੂ ਵਿਰੁਧ ਮਾਮੂਲੀ ਟਿੱਪਣੀ ਕਰਨ ਵਾਲਿਆਂ ਨੂੰ ਹੁਣ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਹਾਲ ਹੀ ਵਿਚ ਝਾਰਖੰਡ ਤੋਂ ਲੋਕ ਪੱਖੀ ਲੇਖਕ ਰੂਪੇਸ਼ ਕੁਮਾਰ ਸਿੰਘ ਨੂੰ ਦੋ ਹੋਰ ਵਿਅਕਤੀਆਂ ਸਮੇਤ, ਮਾਓਵਾਦੀ ਕਰਾਰ ਦੇ ਕੇ ਗ੍ਰਿਫਤਾਰ ਕਰ ਲਿਆ ਗਿਆ।

ਇਸੇ ਤਰ੍ਹਾਂ ਦਿੱਲੀ ਤੋਂ ਯੋਗੀ ਅਦਿਤਿਆਨਾਥ ਬਾਬਤ ਵੀਡੀਓ ਸ਼ੇਅਰ ਕਰਨ ਵਾਲੇ ਪੱਤਰਕਾਰ ਪ੍ਰਸ਼ਾਂਤ ਕਨੌਜੀਆ, ਨੈਸ਼ਨਲ ਲਾਈਵ ਨਿਊਜ਼ ਚੈਨਲ ਦੀ ਮੁਖੀ ਇਸ਼ੀਕਾ ਸਿੰਘ ਅਤੇ ਨਿਊਜ਼ ਐਡੀਟਰ ਅਨੁਜ ਸ਼ੁਕਲਾ ਨੂੰ ਯੂ.ਪੀ. ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਫਾਸ਼ੀਵਾਦੀ ਨੀਤੀ ਦੀ ਅਸਲ ਮਾਂ ਕਾਂਗਰਸ ਹੈ ਅਤੇ ਸੰਘ ਆਪਣੇ ਏਜੰਡੇ ਅਨੁਸਾਰ ਕਾਂਗਰਸ ਦੇ ਪਾਲੇ-ਪੋਸੇ ਫਾਸ਼ੀਵਾਦ ਨੂੰ ਜ਼ਰਬਾਂ ਦੇ ਰਿਹਾ ਹੈ।

ਮੁਲਕ ਨੂੰ ਖਤਰਾ ਬੁੱਧੀਜੀਵੀਆਂ ਤੋਂ ਨਹੀਂ ਸਗੋਂ ਸੰਘ ਦੇ ਖੁੱਲ੍ਹੇਆਮ ਹਿੰਦੂਤਵ ਅਤੇ ਕਾਂਗਰਸ ਦੇ 'ਨਰਮ ਹਿੰਦੂਤਵ' ਤੋਂ ਹੈ ਜੋ ਦਹਿ ਲੱਖਾਂ ਮਨੁੱਖੀ ਜਾਨਾਂ ਦੀ ਤਬਾਹੀ ਅਤੇ ਮੁਲਕ ਦੀ ਬਰਬਾਦੀ ਲਈ ਜ਼ਿੰਮੇਵਾਰ ਹਨ। 1984 ਦਾ ਸਿੱਖ ਕਤਲੇਆਮ, 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ, ਛੱਤੀਸਗੜ੍ਹ ਵਿਚ ਸਲਵਾ ਜੁਡਮ, ਓਪਰੇਸ਼ਨ ਗ੍ਰੀਨ ਹੰਟ ਅਤੇ ਪਿਛਲੇ ਸਾਲ ਤੂਤੀਕੋਰੀਨ ਵਿਚ ਵੇਦਾਂਤ ਕਾਰਪੋਰੇਟ ਦੇ ਮਾਫੀਆ ਅਤੇ ਪੁਲਿਸ ਵਲੋਂ ਮਿਲ ਕੇ ਪੁਰਅਮਨ ਮੁਜ਼ਾਹਰਾਕਾਰੀਆਂ ਦਾ ਕਤਲੇਆਮ ਇਸੇ ਸਿਲਸਿਲੇ ਦਾ ਹਿੱਸਾ ਹਨ। ਲਿਹਾਜ਼ਾ, ਮੁਲਕ ਨੂੰ ਹੋਰ ਤਬਾਹੀ ਅਤੇ ਬਰਬਾਦੀ ਤੋਂ ਬਚਾਉਣ ਲਈ ਫਾਸ਼ੀਵਾਦੀ ਬਿਰਤੀ ਵਾਲੀ ਇਸ ਸਿਆਸਤ ਨੂੰ ਹਰਾਉਣਾ ਅੱਜ ਵਕਤ ਦਾ ਮੁੱਖ ਤਕਾਜ਼ਾ ਹੈ।

# ਸਾਬਤ ਸੂਰਤ ਸਿੱਖ ਨੂੰ ਅਮਰੀਕੀ ਸੈਨਾ ਵਿਚ ਡਿਊਟੀ ਦੀ ਇਜਾਜ਼ਤ

**ਵਾਸ਼ਿੰਗਟਨ:** ਅਮਰੀਕੀ ਹਵਾਈ ਸੈਨਾ ਨੇ ਸਿੱਖ ਏਅਰਮੈਨ ਨੂੰ ਦਾੜ੍ਹੀ, ਦਸਤਾਰ ਅਤੇ ਲੰਬੇ ਕੇਸ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਅਮਰੀਕੀ ਹਵਾਈ ਸੈਨਾ 'ਚ ਧਰਮ ਦੇ ਆਧਾਰ ਉਤੇ ਅਜਿਹੀ ਛੋਟ ਦਾ ਇਹ ਪਹਿਲਾ ਮਾਮਲਾ ਹੈ। ਹਰਪ੍ਰੀਤਇੰਦਰ ਸਿੰਘ ਬਾਜਵਾ 2017 'ਚ ਹਵਾਈ ਸੈਨਾ ਵਿਚ ਸ਼ਾਮਲ ਹੋਇਆ ਸੀ ਪਰ ਫੌਜ ਦੀ ਸ਼ਾਖਾ ਵੱਲੋਂ ਡਰੈੱਸ ਕੋਡ ਨੂੰ ਲੈ ਕੇ ਬਣਾਏ ਗਏ ਨੇਮਾਂ ਕਾਰਨ ਉਹ ਆਪਣੇ ਧਰਮ ਦਾ ਪਾਲਣ ਨਹੀਂ ਕਰ ਪਾ ਰਿਹਾ ਸੀ।

ਹਵਾਈ ਸੈਨਾ ਨੇ ਸਿੱਖ ਅਮਰੀਕਨ ਵੈਟਰਨਸ ਅਲਾਇੰਸ ਅਤੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਦੇ ਵਫਦ ਦੀ ਨੁਮਾਇੰਦਗੀ ਮਗਰੋਂ ਉਨ੍ਹਾਂ ਨੂੰ ਇਹ ਛੋਟ ਦਿੱਤੀ। ਮੈਕਕੋਰਡ ਏਅਰ ਫੋਰਸ ਸਟੇਸ਼ਨ 'ਚ ਚਾਲਕ ਦਲ ਦੇ ਮੁਖੀ ਹਰਪ੍ਰੀਤਇੰਦਰ ਸਿੰਘ ਬਾਜਵਾ ਡਿਊਟੀ 'ਤੇ ਹਾਜ਼ਰ ਰਹਿਣ ਵਾਲੇ ਅਜਿਹੇ ਪਹਿਲੇ ਹਵਾਈ ਸੈਨਿਕ ਬਣ ਗਏ ਹਨ ਜਿਨ੍ਹਾਂ ਨੂੰ ਹਵਾਈ ਸੈਨਾ 'ਚ ਸੇਵਾਵਾਂ ਦਿੰਦਿਆਂ ਸਿੱਖ ਧਰਮ ਦਾ ਪਾਲਣ ਕਰਨ ਦੀ ਮਨਜ਼ੂਰੀ ਮਿਲੀ ਹੈ।

ਹਰਪ੍ਰੀਤਇੰਦਰ ਸਿੰਘ ਬਾਜਵਾ ਨੇ ਕਿਹਾ, "ਮੈਨੂੰ ਜ਼ਿਆਦਾ ਖੁਸ਼ੀ ਹੈ ਕਿ ਹਵਾਈ ਸੈਨਾ ਨੇ ਮੈਨੂੰ ਧਰਮ ਦੇ ਪਾਲਣ ਦੀ ਇਜਾਜ਼ਤ ਦੇ ਦਿੱਤੀ।" ਉਨ੍ਹਾਂ ਕਿਹਾ ਕਿ ਇੰਜ ਜਾਪ ਰਿਹਾ ਹੈ ਕਿ ਮੇਰੇ ਮੁਲਕ (ਅਮਰੀਕਾ) ਨੇ ਸਿੱਖ ਵਿਰਸੇ ਨੂੰ ਅਪਨਾ ਲਿਆ ਹੈ ਅਤੇ ਉਹ ਅਜਿਹਾ ਮੌਕਾ ਦੇਣ ਲਈ ਹਮੇਸ਼ਾ ਸ਼ੁਕਰਗੁਜ਼ਾਰ ਰਹੇਗਾ। ਉਨ੍ਹਾਂ ਕਿਹਾ ਕਿ ਸਾਲ ਕੁ ਪਹਿਲਾਂ ਚਾਰਲਸਟਨ (ਦੱਖਣੀ ਕੈਰੋਲਿਨਾ) ਵਿਚ ਤਕਨੀਕੀ ਸਿਖਲਾਈ ਦੌਰਾਨ ਉਸ ਨੂੰ ਕਿਹਾ ਗਿਆ ਸੀ ਕਿ ਉਹ ਰਾਹਤ ਦੀ ਮੰਗ ਕਰ ਸਕਦਾ ਹੈ ਪਰ ਉਸ ਨੂੰ ਕਦੇ ਵੀ ਅਫਸਰਾਂ ਨੇ ਨਾ ਨਹੀਂ ਕਿਹਾ ਸੀ।



ਸ. ਬਾਜਵਾ ਦਾ ਜਨਮ ਭਾਰਤ ਤੋਂ ਪਰਵਾਸ ਕਰਕੇ ਅਮਰੀਕਾ ਗਏ ਪਰਿਵਾਰ 'ਚ ਹੋਇਆ ਹੈ। 2016 'ਚ ਕੈਪਟਨ ਸਿਮਰਤਪਾਲ ਸਿੰਘ ਨੂੰ ਅਮਰੀਕੀ ਥਲ ਸੈਨਾ 'ਚ ਲੰਬੇ ਕੇਸ, ਦਾੜ੍ਹੀ ਅਤੇ ਦਸਤਾਰ ਰੱਖਣ ਦੀ ਇਜਾਜ਼ਤ ਮਿਲੀ ਸੀ।

## ਸਿੱਖ ਦੀ ਭਰਤੀ ਦੀ ਸ਼ਲਾਘਾ

**ਵਾਸ਼ਿੰਗਟਨ:** ਅਮਰੀਕੀ ਹਵਾਈ ਸੈਨਾ ਵੱਲੋਂ ਏਅਰਮੈਨ ਹਰਪ੍ਰੀਤਇੰਦਰ ਸਿੰਘ ਬਾਜਵਾ ਨੂੰ ਦਸਤਾਰ, ਦਾੜ੍ਹੀ ਅਤੇ ਲੰਬੇ ਕੇਸ ਰੱਖਣ ਦੀ ਇਜਾਜ਼ਤ ਦਿੱਤੇ ਜਾਣ ਦੇ ਫੈਸਲੇ ਦਾ ਅਮਰੀਕੀ ਕਾਨੂੰਨਸਾਜ਼ ਸਮੇਤ ਭਾਰਤੀ-ਅਮਰੀਕੀਆਂ ਨੇ ਸਵਾਗਤ ਕੀਤਾ ਹੈ। ਭਾਰਤ-ਅਮਰੀਕੀ ਕਾਂਗਰਸਮੈਨ ਅਮੀ ਬੇਰਾ ਨੇ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਮੁਲਕ ਦੀ ਰਾਖੀ 'ਚ ਲੰਬੇ ਸਮੇਂ ਤੋਂ ਅਹਿਮ ਭੂਮਿਕਾ ਨਿਭਾ ਰਹੇ ਹਨ। ਬੇਰਾ ਨੇ ਕਿਹਾ ਕਿ ਅਜਿਹੇ ਦੇਸ਼ ਭਗਤਾਂ ਨੂੰ ਧਾਰਮਿਕ ਆਜ਼ਾਦੀ ਦੇ ਕੇ ਸੇਵਾ ਕਰਨ ਦਾ ਮੌਕਾ ਦੇਣਾ ਵਧੀਆ ਕਦਮ ਹੈ। ਉਨ੍ਹਾਂ ਰੱਖਿਆ ਵਿਭਾਗ ਨੂੰ ਬੇਨਤੀ ਕੀਤੀ ਕਿ ਉਹ ਹੋਰ ਧਰਮਾਂ ਨੂੰ ਵੀ ਅਜਿਹੀ ਛੋਟ ਦੇਣ। ਬਾਜਵਾ ਦੀ ਸਹਾਇਤਾ ਸਿੱਖ ਅਮਰੀਕਨ ਲੀਗਲ ਡਿਫੈਂਸ ਅਤੇ ਐਜੂਕੇਸ਼ਨ ਫੰਡ ਤੇ ਸਿੱਖ ਅਮਰੀਕਨ ਵੈਟਰਨਸ ਅਲਾਇੰਸ ਜਿਹੀਆਂ ਜਥੇਬੰਦੀਆਂ ਨੇ ਕੀਤੀ। ਅਲਾਇੰਸ ਦੇ ਪ੍ਰਧਾਨ ਲੈਫਟੀਨੈਂਟ ਕਰਨਲ ਕਮਲ ਕਲਸੀ ਸਿੰਘ ਨੇ ਕਿਹਾ ਕਿ ਹਰਪ੍ਰੀਤਇੰਦਰ ਸਿੰਘ ਬਾਜਵਾ ਨੂੰ ਕੰਮ ਦੌਰਾਨ ਆਪਣੇ ਧਰਮ ਦੇ ਪਾਲਣ ਦੀ ਖੁੱਲ੍ਹ ਮਿਲਣ ਨਾਲ ਉਨ੍ਹਾਂ ਨੂੰ ਖੁਸ਼ੀ ਹੋਈ ਹੈ।

# ਆਪਣੇ ਦਮ 'ਤੇ ਲੋਹਾ ਮਨਵਾਉਣ ਵਾਲਿਆਂ ਦੀ ਸੂਚੀ ਵਿਚ ਭਾਰਤੀ ਔਰਤਾਂ ਛਾਈਆਂ

**ਨਿਊ ਯਾਰਕ:** ਆਪਣੇ ਦਮ 'ਤੇ ਕਾਮਯਾਬ ਅਮਰੀਕਾ ਦੀਆਂ ਸਭ ਤੋਂ ਵੱਧ ਅਮੀਰ 80 ਔਰਤਾਂ ਵਿਚ ਤਿੰਨ ਭਾਰਤੀ ਮਹਿਲਾਵਾਂ ਵੀ ਸ਼ਾਮਲ ਹਨ। ਫੋਰਬਸ ਨੇ ਅਮਰੀਕਾ ਦੀਆਂ ਰਿਚੇਸਟ ਸੈਲਫ ਮੇਡ ਵੂਮਨ-2019 ਦੀ ਸੂਚੀ ਜਾਰੀ ਕੀਤੀ ਹੈ। ਇਨ੍ਹਾਂ ਵਿਚ ਭਾਰਤੀ ਮੂਲ ਦੀਆਂ ਜੈਸ਼੍ਰੀ ਉਲਾਲ, ਨੀਰਜਾ ਸੇਠੀ ਤੇ ਨੇਹਾ ਨਰਖੇੜੇ ਸ਼ਾਮਲ ਹਨ।



ਜੈਸ਼੍ਰੀ ਉਲਾਲ ਕੰਪਿਊਟਰ ਨੈੱਟਵਰਕਸ ਦੀ ਮੁਖੀ ਹੈ। ਕੰਪਿਊਟਰ ਨੈੱਟਵਰਕਿੰਗ ਫਰਮ ਅਰਿਸਤਾ ਨੈੱਟਵਰਕਸ ਦੀ 58 ਸਾਲਾ ਪ੍ਰਧਾਨ ਤੇ ਸੀ.ਈ.ਓ. ਜੈਸ਼੍ਰੀ ਉਲਾਲ ਕੋਲ ਕੰਪਨੀ ਦੇ 5 ਫੀਸਦੀ ਸ਼ੇਅਰ ਹੀ ਹਨ। ਉਨ੍ਹਾਂ ਦੀ ਕੁੱਲ ਆਮਦਨ 140 ਕਰੋੜ ਡਾਲਰ (9660 ਕਰੋੜ ਰੁਪਏ) ਹੈ। ਆਈ. ਟੀ. ਕੰਸਲਟਿੰਗ ਐਂਡ ਆਊਟਸੋਰਸਿੰਗ ਫਰਮ ਸਿੰਟੇਲ ਦੀ ਸਹਿ-ਸੰਸਥਾਪਕ ਨੀਰਜਾ ਸੇਠੀ (64) ਅਮਰੀਕਾ ਦੀਆਂ ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿਚ 23ਵੇਂ ਸਥਾਨ 'ਤੇ ਹੈ। ਉਨ੍ਹਾਂ ਦੀ ਕੁੱਲ ਆਮਦਨ 100 ਕਰੋੜ ਡਾਲਰ (6900 ਕਰੋੜ ਰੁਪਏ) ਹੈ। ਸਟ੍ਰੀਮਿੰਗ ਡੇਟਾ ਟੈਕਨਾਲੋਜੀ ਕੰਪਨੀ ਕਾਫਲੂਐਂਟ ਦੀ ਸੀ.ਈ.ਓ. ਤੇ ਸਹਿ-ਸੰਸਥਾਪਕ 34 ਸਾਲਾ ਨੇਹਾ ਨਰਖੇੜੇ ਦੀ 60ਵੀਂ ਰੈਂਕਿੰਗ ਹੈ। ਉਨ੍ਹਾਂ ਦੀ ਕੁੱਲ ਆਮਦਨ 36 ਕਰੋੜ ਡਾਲਰ (2484 ਕਰੋੜ ਰੁਪਏ) ਹੈ। ਢਾਈ ਅਰਬ ਡਾਲਰ ਕੀਮਤ ਦੀ ਉਨ੍ਹਾਂ ਦੀ ਕੰਪਨੀ ਦੇ ਗਾਹਕ ਗੋਲਮੈਨ ਸੈਕਸ਼, ਨੈੱਟਫਲਿਕਸ ਤੇ ਉਬਰ ਜਿਹੀਆਂ ਕੰਪਨੀਆਂ ਹਨ।

ਜ਼ਿਕਰਯੋਗ ਹੈ ਕਿ ਸੂਚੀ ਵਿਚ ਪਹਿਲਾ ਨੰਬਰ ਏ.ਬੀ.ਸੀ. ਸਪਲਾਈ ਕੰਪਨੀ ਦੀ ਮੁਖੀ ਡਾਇਨੇ ਹੈਂਡਰਿਕਸ ਦਾ ਹੈ।

72 ਸਾਲਾ ਹੈਂਡਰਿਕਸ ਦੀ ਕੁੱਲ ਆਮਦਨ ਸੱਤ ਅਰਬ ਡਾਲਰ ਯਾਨੀ 48,300 ਕਰੋੜ ਰੁਪਏ ਹੈ। ਏ.ਬੀ.ਸੀ. ਨਿਰਮਾਣ ਕਾਰਜਾਂ ਲਈ ਲੋੜੀਂਦੇ ਸਾਮਾਨ ਦੀ ਹੋਲਸੇਲ ਡਿਸਟ੍ਰੀਬਿਊਟਰ ਫਰਮ ਹੈ। ਦੂਜੇ ਥਾਂ 'ਤੇ ਈ-ਬੇਅ ਦੀ ਸੀ.ਈ.ਓ. ਮੇਗ ਵ੍ਹਾਈਟਮੈਨ (62) ਹੈ। ਉਨ੍ਹਾਂ ਦੀ ਕੁੱਲ ਆਮਦਨ 3.8 ਅਰਬ ਡਾਲਰ (26,220 ਕਰੋੜ ਰੁਪਏ) ਹੈ।

ਤੀਜਾ ਥਾਂ ਲਿਟਿਸ ਸੀਜ਼ਰਜ਼ ਪੀਜ਼ਾ ਦੀ ਸਹਿ ਸੰਸਥਾਪਕ ਮੇਰੀਅਨ ਏਲਿਚ ਦਾ ਹੈ। 86 ਸਾਲਾ ਏਲਿਚ ਦੀ ਕੁੱਲ ਆਮਦਨ 3.7 ਅਰਬ ਡਾਲਰ (25,530 ਕਰੋੜ ਰੁਪਏ) ਹੈ।

# ਪੰਜਾਬੀ ਨੇ ਸਮਲਿੰਗੀਆਂ ਦੀ ਪਰੇਡ 'ਚ ਬੰਦੂਕ ਨਾਲ ਪਾਈ ਦਹਿਸ਼ਤ

**ਵਾਸ਼ਿੰਗਟਨ:** ਪੰਜਾਬੀ ਮੂਲ ਦੇ ਅਮਰੀਕੀ ਨੂੰ ਆਪਣੀ ਬੰਦੂਕ ਨਾਲ ਸਮਲਿੰਗੀ ਭਾਈਚਾਰੇ ਦੇ ਲੋਕਾਂ ਨੂੰ ਡਰਾਉਣ ਦੇ ਇਲਜ਼ਾਮ ਹੇਠ ਗ੍ਰਿਫਤਾਰ




ਕੀਤਾ ਗਿਆ ਹੈ। ਇਹ ਲੋਕ ਵਿਚ ਆਪਣੇ ਭਾਈਚਾਰੇ ਦੇ ਹੱਕਾਂ ਦੀ ਰਾਖੀ ਲਈ ਪਰੇਡ ਕੱਢ ਰਹੇ ਸਨ। ਇਸੇ ਦੌਰਾਨ 38 ਸਾਲਾ ਆਫਤਾਬਜੀਤ ਸਿੰਘ ਨੇ ਆਪਣੀ ਬੰਦੂਕ ਕੱਢ ਲਈ।

ਦਰਅਸਲ, ਉਹ ਕਿਸੇ ਹੋਰ ਵਿਅਕਤੀ ਨੂੰ ਧਮਕਾਉਣਾ ਚਾਹੁੰਦਾ ਸੀ ਪਰ ਇਹ ਭੁੱਲ ਗਿਆ ਕਿ ਉਥੇ ਹੋਰ ਵੀ ਲੋਕ ਮੌਜੂਦ ਹਨ। ਦੱਸਿਆ ਜਾ ਰਿਹਾ ਹੈ ਕਿ ਲੋਕਾਂ ਨੇ ਉਥੇ ਗੋਲੀਆਂ ਚੱਲਣ ਦੇ ਕਾਫੀ ਖੜਾਕ ਸੁਣੇ ਪਰ ਪੁਲਿਸ ਨੇ ਅਜਿਹੀ ਘਟਨਾ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਰੈਲੀ ਵਿਚ ਮੌਜੂਦ ਲੋਕਾਂ ਵਿਚ ਹਫੜਾ-ਦਫੜੀ ਮੱਚ ਗਈ, ਜਿਸ ਦੌਰਾਨ ਕਈਆਂ ਦੇ ਫੱਟੜ ਹੋਣ ਦੀ ਵੀ ਖਬਰ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਆਫਤਾਬਜੀਤ ਕੋਲੋਂ ਬੀਬੀ ਗੰਨ ਬਰਾਮਦ ਕੀਤੀ ਹੈ, ਜੋ ਹਵਾ ਵਿਚ ਧਾਤੂ ਦੇ ਟੁਕੜਿਆਂ 'ਤੇ ਨਿਸ਼ਾਨੇ ਲਾਉਣ ਲਈ ਵਰਤੋਂ ਵਿਚ ਲਿਆਂਦੀ ਜਾਂਦੀ ਹੈ। ਉਸ ਕੋਲ ਇਸ ਬੰਦੂਕ ਨੂੰ ਰੱਖਣ ਲਈ ਕੋਈ ਅਧਿਕਾਰਤ ਦਸਤਾਵੇਜ਼ ਜਾਂ ਲਾਈਸੰਸ ਆਦਿ ਵੀ ਮੌਜੂਦ ਨਹੀਂ ਸੀ।

# ਪਾਕਿਸਤਾਨ ਵਾਪਸ ਪਰਤੇ ਸ਼ਾਹਬਾਜ਼ ਸ਼ਰੀਫ

**ਇਸਲਾਮਾਬਾਦ:** ਨੈਸ਼ਨਲ ਅਸੈਂਬਲੀ 'ਚ ਵਿਰੋਧੀ ਧਿਰ ਦੇ ਨੇਤਾ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸ਼ਾਹਬਾਜ਼ ਸ਼ਰੀਫ ਸਖਤ ਸੁਰੱਖਿਆ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ.ਐਨ.) ਦੇ ਕਾਰਕੁਨਾਂ ਦੀ ਭਾਰੀ ਭੀੜ ਦਰਮਿਆਨ ਲੰਡਨ ਤੋਂ ਵਾਪਸ



ਪਾਕਿਸਤਾਨ ਪਰਤ ਆਏ। ਸ਼ਾਹਬਾਜ਼ (67) ਨੇ ਸਾਲ 2013 ਤੋਂ 2018 ਦੌਰਾਨ ਪੰਜਾਬ ਸੂਬੇ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ।

ਸਾਲ 2017 'ਚ ਸੁਪਰੀਮ ਕੋਰਟ ਵੱਲੋਂ ਸ਼ਾਹਬਾਜ਼ ਸ਼ਰੀਫ ਦੇ ਭਰਾ ਤੇ ਤਿੰਨ ਵਾਰ ਪ੍ਰਧਾਨ ਮੰਤਰੀ ਬਣਨ ਵਾਲੇ ਨਵਾਜ਼ ਸ਼ਰੀਫ ਨੂੰ ਦੋਸ਼ੀ ਠਹਿਰਾਏ ਜਾਣ ਦੇ ਬਾਅਦ ਉਹ ਪਾਕਿਸਤਾਨ ਮੁਸਮਿਲ ਲੀਗ ਦੇ ਪ੍ਰਧਾਨ ਬਣੇ ਸਨ। ਜਾਣਕਾਰੀ ਅਨੁਸਾਰ ਸ਼ਾਹਬਾਜ਼ ਲਾਹੌਰ ਦੇ ਅਲਾਮਾ ਇਕਬਾਲ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰੇ ਅਤੇ ਉਥੇ ਮੌਜੂਦ ਪਾਰਟੀ ਕਾਰਕੁਨ ਜਲੂਸ ਦੇ ਰੂਪ 'ਚ ਉਨ੍ਹਾਂ ਨੂੰ ਮਾਡਲ ਟਾਊਨ ਸਥਿਤ ਉਨ੍ਹਾਂ ਦੇ ਘਰ ਲੈ ਗਏ। ਲਾਹੌਰ ਹਾਈਕੋਰਟ ਵੱਲੋਂ ਉਡਾਨ ਨਾ ਭਰਨ ਵਾਲੀ ਸੂਚੀ 'ਚੋਂ ਨਾਂ ਹਟਾਏ ਜਾਣ ਦੇ ਬਾਅਦ ਹੀ 9 ਅਪਰੈਲ ਨੂੰ ਸ਼ਾਹਬਾਜ਼ ਨੇ ਲੰਡਨ ਜਾਣ ਦਾ ਐਲਾਨ ਕੀਤਾ ਸੀ।

# ਬਰਤਾਨੀਆ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਵੱਲੋਂ ਅਸਤੀਫਾ

**ਲੰਡਨ:** ਬਰਤਾਨੀਆ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਬ੍ਰੈਗਜ਼ਿਟ ਸਮਝੌਤੇ ਨੂੰ ਸਿਰੇ ਚਾੜ੍ਹਨ 'ਚ ਵਾਰ-ਵਾਰ ਨਾਕਾਮ ਰਹਿਣ ਤੋਂ ਬਾਅਦ ਸੱਤਾਧਾਰੀ ਪਾਰਟੀ ਕੰਜ਼ਰਵੇਟਿਵ ਦੀ ਆਗੂ ਵਜੋਂ ਰਸਮੀ ਤੌਰ 'ਤੇ ਅਸਤੀਫਾ ਦੇ ਦਿੱਤਾ। ਫਿਲਹਾਲ ਪਾਰਟੀ ਵੱਲੋਂ ਜਦੋਂ ਤੱਕ ਉਨ੍ਹਾਂ ਦੇ ਉੱਤਰਾਧਿਕਾਰੀ ਦੀ ਚੋਣ ਨਹੀਂ ਕਰ ਲਈ ਜਾਂਦੀ, ਥੈਰੇਸਾ ਮੇਅ



ਪ੍ਰਧਾਨ ਮੰਤਰੀ ਵਜੋਂ ਕੰਮ ਕਰਦੀ ਰਹੇਗੀ। ਕੰਜ਼ਰਵੇਟਿਵ ਪਾਰਟੀ ਵੱਲੋਂ ਅਗਲਾ ਨੇਤਾ ਚੁਣਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ ਤੇ ਜੁਲਾਈ ਦੇ ਅਖੀਰ ਤੱਕ ਦੇਸ਼ ਨੂੰ ਨਵਾਂ ਪ੍ਰਧਾਨ ਮੰਤਰੀ ਮਿਲ ਜਾਵੇਗਾ। ਪ੍ਰਧਾਨ ਮੰਤਰੀ ਵਜੋਂ ਮੇਅ ਨੇ ਤਿੰਨ ਸਾਲ ਤੱਕ ਬਰਤਾਨੀਆ ਦਾ ਕਾਰਜਭਾਰ ਸੰਭਾਲਿਆ, ਜਦਕਿ 6 ਸਾਲ ਉਹ ਗ੍ਰਹਿ ਮੰਤਰੀ ਰਹਿ ਚੁੱਕੀ ਹੈ।

ਪ੍ਰਧਾਨ ਮੰਤਰੀ ਮੇਅ ਦੀ ਸਭ ਤੋਂ ਵੱਡੀ ਚੁਣੌਤੀ ਬ੍ਰੈਗਜ਼ਿਟ ਸੀ, ਜਿਸ ਵਿਚ ਉਹ ਬੁਰੀ ਤਰ੍ਹਾਂ ਅਸਫਲ ਰਹੀ ਹੈ। ਬ੍ਰੈਗਜ਼ਿਟ ਸਮਝੌਤਿਆਂ ਦੇ ਉਸ ਵਲੋਂ ਸੰਸਦ ਵਿਚ ਪੇਸ਼ ਕੀਤੇ ਪ੍ਰਸਤਾਵਾਂ ਨੂੰ ਜਿਥੇ ਉਨ੍ਹਾਂ ਦੇ ਵਿਰੋਧੀਆਂ ਨੇ ਰੱਦ ਕੀਤਾ, ਉਥੇ ਕੰਜ਼ਰਵੇਟਿਵ ਪਾਰਟੀ ਦੇ ਸੰਸਦੀ ਮੈਂਬਰਾਂ ਨੇ ਵੀ ਵਿਰੋਧ ਕੀਤਾ। 29 ਮਾਰਚ, 2019 ਨੂੰ ਯੂਰਪੀ ਸੰਘ ਤੋਂ ਵੱਖ ਹੋਣ ਦੀ ਅਧਿਕਾਰਤ ਤਰੀਕ ਨੂੰ ਵਧਾ ਕੇ ਪਹਿਲਾਂ 12 ਅਪ੍ਰੈਲ ਕੀਤਾ ਗਿਆ ਸੀ ਤੇ ਹੁਣ ਬ੍ਰੈਗਜ਼ਿਟ ਲਈ 31 ਅਕਤੂਬਰ ਦਾ ਦਿਨ ਨਿਰਧਾਰਤ ਕੀਤਾ ਗਿਆ ਹੈ।

ਦੂਜੇ ਪਾਸੇ ਕੰਜ਼ਰਵੇਟਿਵ ਦੇ ਸੰਸਦ ਮੈਂਬਰਾਂ ਵਲੋਂ ਆਪਣਾ ਨੇਤਾ ਚੁਣਨ ਲਈ ਦਾਅਵੇਦਾਰੀਆਂ ਪੇਸ਼ ਕੀਤੀਆਂ ਗਈਆਂ ਹਨ। ਨਵੇਂ ਨੇਤਾ ਦੀ ਚੋਣ ਲਈ 11 ਕੰਜ਼ਰਵੇਟਿਵ ਸੰਸਦ ਮੈਂਬਰ ਮੈਦਾਨ ਵਿਚ ਹਨ। ਹਰ ਦਾਅਵੇਦਾਰ ਨੂੰ 8 ਸੰਸਦ ਮੈਂਬਰਾਂ ਦੀ ਹਮਾਇਤ ਦੀ ਲੋੜ ਹੈ। ਸੰਸਦ ਮੈਂਬਰਾਂ ਵੱਲੋਂ 13, 18, 19 ਤੇ 20 ਜੂਨ ਨੂੰ ਗੁਪਤ ਬੈਲੇਟ ਰਾਹੀਂ ਵੋਟਾਂ ਪਾਈਆਂ ਜਾਣਗੀਆਂ। ਆਖਰੀ 2 ਉਮੀਦਵਾਰਾਂ 'ਚੋਂ ਇਕ ਨੇਤਾ ਦੀ ਚੋਣ ਕਰਨ ਲਈ 22 ਜੂਨ ਨੂੰ ਪੂਰੀ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਵੋਟ ਪਾਉਣਗੇ, ਜਿਸ ਤੋਂ 4 ਹਫਤੇ ਪਿਛੋਂ ਜੇਤੂ ਦਾ ਨਾਂ ਐਲਾਨਿਆ ਜਾਵੇਗਾ। ਆਸ ਹੈ, 22 ਜੁਲਾਈ ਨੂੰ ਕੰਜ਼ਰਵੇਟਿਵ ਪਾਰਟੀ ਨੂੰ ਨਵਾਂ ਨੇਤਾ ਤੇ ਬਰਤਾਨੀਆ ਨੂੰ ਨਵਾਂ ਪ੍ਰਧਾਨ ਮੰਤਰੀ ਮਿਲ ਜਾਵੇਗਾ।

# ਭਾਰਤ ਦੀ ਵਿਕਾਸ ਦਰ 7.5 ਫੀਸਦੀ ਰਹਿਣ ਦਾ ਅਨੁਮਾਨ

**ਵਾਸ਼ਿੰਗਟਨ:** ਵਿਸ਼ਵ ਬੈਂਕ ਵੱਲੋਂ ਕੀਤੀ ਭਵਿੱਖਬਾਣੀ ਅਨੁਸਾਰ ਭਾਰਤ ਦੀ ਵਿਕਾਸ ਦਰ ਅਗਲੇ ਤਿੰਨ ਸਾਲ ਵਿਚ 7.5 ਫੀਸਦ ਰਹੇਗੀ। ਇਸ ਦੇ ਪਿੱਛੇ ਭਾਰਤ ਵਿਚ ਤੇਜ਼ੀ ਨਾਲ ਹੋ ਰਿਹਾ ਪੂੰਜੀ ਨਿਵੇਸ਼ ਅਤੇ ਨਿਜੀ ਖੇਤਰ ਵਿੱਚ ਖਪਤ ਵਧਣਾ ਮੁੱਖ ਕਾਰਨ ਹਨ। ਬੈਂਕ ਵੱਲੋਂ ਜਾਰੀ ਕੀਤੇ ਆਪਣੇ 'ਗਲੋਬਲ ਇਕਨੌਮਿਕ ਪ੍ਰੋਸਪੈਕਟ' ਅਨੁਸਾਰ ਸਾਲ 2018-19 ਦਾ ਵਿੱਤੀ ਵਰ੍ਹਾ ਜੋ 31 ਮਾਰਚ ਨੂੰ ਖਤਮ ਹੋ ਗਿਆ ਹੈ, ਦੌਰਾਨ ਭਾਰਤ ਦੀ ਵਿਕਾਸ ਦਰ 7.2 ਫੀਸਦੀ ਰਹਿਣ ਦਾ ਅਨੁਮਾਨ ਹੈ।

ਇਸ ਦੇ ਨਾਲ ਹੀ ਚੀਨ ਦੀ ਵਿਕਾਸ ਦਰ ਜੋ ਸਾਲ 2018 ਦੇ ਵਿਚ 6.6 ਫੀਸਦੀ ਸੀ, 2019 ਵਿਚ ਘਟ ਕੇ 6.2 ਫੀਸਦੀ ਉਤੇ ਆ ਗਈ ਹੈ। ਵਿਸ਼ਵ ਬੈਂਕ ਦੇ ਅਨੁਸਾਰ ਚੀਨ ਦੀ ਵਿਕਾਸ ਦਰ ਸਾਲ 2020 ਵਿੱਚ 6.1 ਫੀਸਦੀ ਅਤੇ 2021 ਦੇ ਵਿਚ 6.0 ਫੀਸਦੀ ਰਹਿਣ ਦਾ ਅਨੁਮਾਨ ਲਾਇਆ ਗਿਆ ਹੈ।

ਇਸ ਤਰ੍ਹਾਂ ਭਾਰਤ ਮੌਜੂਦਾ ਦੌਰ ਵਿਚ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀ ਆਰਥਿਕਤਾ ਬਣ ਜਾਵੇਗਾ। ਸਾਲ 2021 ਤੱਕ ਭਾਰਤ ਦੀ ਵਿਕਾਸ ਦਰ ਚੀਨ ਨਾਲੋਂ 1.5 ਫੀਸਦੀ ਵੱਧ ਜਾਵੇਗੀ। ਵਿਸ਼ਵ ਦੀ ਰਿਪੋਰਟ ਭਾਰਤ ਲਈ ਇਕ ਤਰ੍ਹਾਂ ਦੀ ਸੰਜੀਵਨੀ ਦੀ ਤਰ੍ਹਾਂ ਆਈ ਹੈ ਕਿਉਂਕਿ ਕੇਂਦਰੀ ਅੰਕੜਾ ਆਫਿਸ ਦੇ ਅੰਕੜਿਆਂ ਅਨੁਸਾਰ ਭਾਰਤ ਦੀ ਵਿਕਾਸ ਦਰ ਇਸ ਸਮੇਂ ਪਿਛਲੇ ਪੰਜ ਸਾਲ ਦੇ ਵਿਚ ਸਭ ਤੋਂ ਘੱਟ 5.8 ਫੀਸਦੀ ਰਹੀ ਹੈ। ਇਸ ਦੇ ਪਿੱਛੇ ਮੁੱਖ ਕਾਰਨ ਦੇਸ਼ ਵਿਚ ਖੇਤੀਬਾੜੀ ਅਤੇ ਮੈਨੂਫੈਕਚਰਿੰਗ ਖੇਤਰ ਵਿਚ ਵਿਕਾਸ ਦਰ ਘਟਣਾ ਦੱਸਿਆ ਗਿਆ ਹੈ।

# ਭਾਰਤ ਨੂੰ ਹਥਿਆਰਬੰਦ ਡਰੋਨ ਦੇਵੇਗਾ ਅਮਰੀਕਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਭਾਰਤ ਨੂੰ ਹਥਿਆਰਬੰਦ ਡਰੋਨਾਂ ਨੂੰ ਵੇਚਣ ਦੀ ਮਨਜ਼ੂਰੀ ਦੇ ਦਿੱਤੀ ਹੈ ਅਤੇ 'ਸੰਗਠਿਤ ਹਵਾਈ ਤੇ ਮਿਜ਼ਾਈਲ ਰੱਖਿਆ ਪ੍ਰਣਾਲੀ' ਦੀ ਵੀ ਪੇਸ਼ਕਸ਼ ਕੀਤੀ ਹੈ, ਜਿਸ ਦਾ ਉਦੇਸ਼ ਦੇਸ਼ ਨੂੰ ਆਪਣੀਆਂ ਸੈਨਿਕ ਸਮਰੱਥਾਵਾਂ ਨੂੰ ਵਧਾਉਣਾ ਤੇ ਰਣਨੀਤਕ ਰੂਪ ਤੋਂ ਮਹੱਤਵਪੂਰਨ ਭਾਰਤ-ਪ੍ਰਸ਼ਾਂਤ ਖੇਤਰ ਦੇ ਸਾਂਝੇ ਹਿੱਤਾਂ ਦੀ ਰੱਖਿਆ ਕਰਨਾ ਹੈ।

ਅਮਰੀਕਾ ਵਲੋਂ ਇਹ ਪ੍ਰਸਤਾਵ ਭਾਰਤ 'ਚ ਹੋਏ ਪੁਲਵਾਮਾ ਅਤਿਵਾਦੀ ਹਮਲੇ, ਜਿਸ 'ਚ 40 ਭਾਰਤੀ ਜਵਾਨ ਸ਼ਹੀਦ ਹੋ ਗਏ ਸਨ ਤੇ ਭਾਰਤ-ਪ੍ਰਸ਼ਾਂਤ ਮਹਾਂਸਾਗਰ 'ਚ ਚੀਨ ਦੀ ਵਧਦੀ ਸੈਨਿਕ ਤਾਇਨਾਤੀ ਤੋਂ ਬਾਅਦ ਆਇਆ। ਅਧਿਕਾਰੀਆਂ ਅਨੁਸਾਰ ਟਰੰਪ ਪ੍ਰਸ਼ਾਸਨ ਭਾਰਤ ਨੂੰ ਆਪਣੀ ਸਭ ਤੋਂ ਵਧੀਆ ਰੱਖਿਆ ਤਕਨਾਲੋਜੀ ਦੀ ਪੇਸ਼ਕਸ਼ ਲਈ ਤਿਆਰ ਹੈ।

ਵਾਈਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਮਰੀਕਾ ਨੇ ਭਾਰਤ ਨੂੰ ਆਪਣੇ ਡਰੋਨ ਵੇਚਣ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਅਸੀਂ 'ਸੰਗਠਿਤ ਹਵਾਈ ਤੇ ਮਿਜ਼ਾਈਲ ਰੱਖਿਆ ਤਕਨਾਲੋਜੀ' ਦੀ ਭਾਰਤ ਨੂੰ ਪੇਸ਼ਕਸ਼ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਜੂਨ, 2017 ਦੀ ਮੀਟਿੰਗ ਦੌਰਾਨ ਅਮਰੀਕਾ ਨੇ ਭਾਰਤ ਲਈ ਗਾਰਡੀਅਨ ਡਰੋਨ ਦੇ ਨਿਗਰਾਨੀ ਸੰਸਕਰਣ ਨੂੰ ਵੇਚਣ 'ਤੇ ਸਹਿਮਤੀ ਜਤਾਈ ਸੀ।

## ਹੈਲੀਕਾਪਟਰ ਬਿਲਡਿੰਗ ਨਾਲ ਟਕਰਾਇਆ

**ਨਿਊ ਯਾਰਕ:** ਮਨਹਾਟਨ ਦੇ ਸੈਵਨਥ ਐਵੇਨਿਊ ਦੀ ਬਿਲਡਿੰਗ ਵਿਚ ਹੈਲੀਕਾਪਟਰ ਜਾ ਟਕਰਾਇਆ, ਜਿਸ ਕਾਰਨ ਵਿਅਕਤੀ ਦੀ ਮੌਤ ਹੋ ਗਈ। ਘਟਨਾ ਮੀਂਹ ਦੇ ਮੌਸਮ ਕਾਰਨ ਵਾਪਰੀ।

# ਸਿੱਖ ਰਾਈਡਰਜ਼ ਦੀ ਡੈਲਸ 'ਚ 5ਵੀਂ ਸਾਲਾਨਾ ਬਾਈਕ ਰੈਲੀ

**ਡੈਲਸ, ਟੈਕਸਸ (ਬਿਊਰੋ):** ਸਿੱਖ ਰਾਈਡਰਜ਼ ਆਫ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ, ਬੇਕਰਜ਼ਫੀਲਡ ਵਲੋਂ ਪਿਛਲੇ ਹਫਤੇ ਇਥੇ ਪੰਜਵੀਂ ਸ਼ਾਨਦਾਰ ਸਾਲਾਨਾ ਮੋਟਰ-ਸਾਈਕਲ ਰੈਲੀ ਕੀਤੀ ਗਈ, ਜੋ ਸਾਈਕਲ ਗੇਅਰ ਡੀਲਰਸ਼ਿਪ ਬਿੱਡਫਰਡ ਤੋਂ



ਪੰਜਾਬੀ ਵਿਚ ਅਰਦਾਸ ਤੇ ਗੋਰਿਆਂ ਵੱਲੋਂ ਪਰੇਅਰ ਕਰਕੇ ਸ਼ੁਰੂ ਹੋਈ ਤੇ ਤੀਹ ਮੀਲਾਂ ਦਾ ਸਫਰ ਤੈਅ ਕਰਕੇ ਸਟੌਰਕਸ ਪਲੇਸ, ਡੈਲਸ ਵਿਖੇ ਸਮਾਪਤ ਹੋਈ। ਰੈਲੀ ਵਿਚ 230 ਤੋਂ ਵੱਧ ਮੋਟਰ ਸਾਈਕਲ ਸਵਾਰਾਂ ਨੇ ਹਿੱਸਾ ਲਿਆ, ਸੈਂਕੜੇ ਅਮਰੀਕੀ ਲੋਕਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ।

ਰੈਲੀ ਦੌਰਾਨ 5 ਲੋਕਲ ਲਾਅ ਇਨਫੋਰਸਮੈਂਟ ਚੈਰਿਟੀਆਂ ਲਈ $7500 ਡਾਲਰ ਦਾ ਫੰਡ ਵੀ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਹੁਣ ਤੱਕ ਪਿਛਲੇ ਸੱਤ ਸਾਲਾਂ ਦੌਰਾਨ ਸਿੱਖ ਰਾਈਡਰਜ਼ ਆਫ ਅਮੈਰਿਕਾ ਗਰੁਪ ਇੱਕ ਲੱਖ ਪੱਚੀ ਹਜ਼ਾਰ ਡਾਲਰ ਲੋਕਲ ਲਾਅ ਇਨਫੋਰਸਮੈਂਟ ਅਤੇ ਲੋਕਲ ਚੈਰਿਟੀਆਂ ਨੂੰ ਦਾਨ ਕਰ ਚੁਕਾ ਹੈ।

ਇਸ ਮੌਕੇ ਸੰਸਥਾ ਦੇ ਬੁਲਾਰਿਆਂ ਨੇ ਦੱਸਿਆ ਕਿ ਇਸ ਸਾਲ ਖਾਸ ਤੌਰ 'ਤੇ ਲੱਗੇ ਸਿੱਖ ਰਾਈਡਰਜ਼ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿਟ ਵੀ ਵੰਡੇ ਗਏ। ਬਹੁਤ ਸਾਰੇ ਗੋਰੇ ਜੋ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣ ਕੇ ਬਹੁਤ ਪ੍ਰਭਾਵਿਤ ਹੋਏ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸਿਟੀ ਮੇਅਰ ਅਤੇ ਪੁਲਿਸ ਚੀਫ ਨੇ ਵੀ ਸ਼ਿਰਕਤ ਕੀਤੀ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਓਕ ਕਰੀਕ, ਵਿਸਕਾਨਸਿਨ ਵਿਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿਚ ਆਏ ਉਕਤ ਗਰੁਪ ਵੱਲੋਂ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਪਹੁੰਚ ਕੇ ਅਮਰੀਕਨ ਲੋਕਾਂ ਨੂੰ ਸਿੱਖ ਪਛਾਣ ਸਬੰਧੀ ਜਾਣੂ ਕਰਵਾਇਆ ਜਾਂਦਾ ਹੈ।

# ਉਘੇ ਬੁਲਾਰੇ ਬਲਦੇਵ ਸਿੰਘ ਮੁੱਟਾ 22 ਤੇ 23 ਜੂਨ ਨੂੰ ਫਰਿਜ਼ਨੋ ਪਹੁੰਚਣਗੇ

**ਫਰਿਜ਼ਨੋ (ਬਿਊਰੋ):** ਸਮਾਜ ਸੇਵੀ ਕੈਨੇਡਾ ਰਹਿੰਦੇ ਸ. ਬਲਦੇਵ ਸਿੰਘ ਮੁੱਟਾ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਬਾਰੇ ਪੰਜਾਬੀ ਭਾਈਚਾਰੇ ਨੂੰ ਜਾਗਰੂਕ ਕਰਨ ਲਈ ਸਥਾਨਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 22 ਤੇ 23 ਜੂਨ ਨੂੰ ਪਹੁੰਚ ਰਹੇ ਹਨ। ਪਹਿਲੇ ਦਿਨ ਦਾ ਸਮਾਗਮ ਸ਼ਾਮੀਂ 5 ਤੋਂ 7 ਵਜੇ ਤੱਕ ਅਤੇ ਦੂਜੇ ਦਿਨ ਦਾ ਸਮਾਗਮ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ।

ਇਨ੍ਹਾਂ ਸਮਾਗਮਾਂ ਦੌਰਾਨ ਪਰਿਵਾਰਾਂ ਨੂੰ ਅੱਜ ਦੀ ਤੇਜ਼ ਜ਼ਿੰਦਗੀ ਵਿਚ ਕਿਵੇਂ ਨਰੋਆ ਬਣਾਇਆ ਜਾਵੇ ਅਤੇ ਬੱਚਿਆਂ ਨੂੰ ਬੁਰੀ ਸੰਗਤ ਤੋਂ ਕਿਵੇਂ ਬਚਾਇਆ ਜਾਵੇ ਆਦਿ ਸਬੰਧੀ ਗੱਲਬਾਤ ਹੋਵੇਗੀ। ਪੰਜਾਬੀਆਂ ਨੇ ਭਾਰਤ ਵਿਚੋਂ ਵਿਦੇਸ਼ਾਂ ਵਿਚ ਆ ਕੇ ਬਹੁਤ ਤਰੱਕੀਆਂ ਕੀਤੀਆਂ, ਵੱਡੇ ਘਰ ਬਣਾ ਲਏ, ਵੱਡੀਆਂ ਕਾਰਾਂ ਲੈ ਲਈਆਂ, ਪਰ ਕਿਤੇ ਨਾ ਕਿਤੇ ਹਰ ਕੋਈ ਕੁਛ ਖੋਇਆ ਖੋਇਆ ਮਹਿਸੂਸ ਕਰ ਰਿਹਾ ਹੈ। ਸ. ਬਲਦੇਵ ਸਿੰਘ ਮੁੱਟਾ ਇਨ੍ਹਾਂ ਵਿਸ਼ਿਆਂ 'ਤੇ ਵਿਚਾਰ ਚਰਚਾ ਕਰਨਗੇ।



ਬਲਦੇਵ ਸਿੰਘ ਮੁੱਟਾ

ਜ਼ਿਕਰਯੋਗ ਹੈ ਕਿ ਸ. ਮੁੱਟਾ ਪਿਛਲੇ ਲੰਮੇ ਅਰਸੇ ਤੋਂ ਕੈਨੇਡਾ ਰਹਿੰਦੇ ਹਨ ਅਤੇ ਪਿਛਲੇ 28 ਸਾਲ ਤੋਂ ਪਰਦੇਸਾਂ ਵਿਚ ਸਾਡੇ ਪਰਿਵਾਰਾਂ ਵਿਚ ਆ ਰਹੀਆਂ ਮੁਸ਼ਕਿਲਾਂ ਹੱਲ ਕਰਨ ਲਈ ਯਤਨਸ਼ੀਲ ਹਨ।

ਹੋਰ ਜਾਣਕਾਰੀ ਲਈ ਫੋਨ: 559-333-5776 ਜਾਂ 216-255-9555 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੀ. ਸੀ. ਐਸ. ਸੈਕਰਾਮੈਂਟੋ ਨੇ ਕੀਤੀ ਪਿਕਨਿਕ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਵਲੋਂ 8 ਜੂਨ, ਸਨਿਚਰਵਾਰ ਨੂੰ ਐਲਕ ਗਰੋਵ ਪਾਰਕ ਵਿਖੇ ਪਿਕਨਿਕ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਪਰਿਵਾਰਾਂ, ਕਮੇਟੀ ਮੈਂਬਰਾਂ ਤੇ ਹੋਰ ਸੱਜਣਾਂ ਨੂੰ ਸੱਦਾ ਦਿੱਤਾ ਗਿਆ। ਪਿਕਨਿਕ ਦਾ ਮਕਸਦ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨਾ ਸੀ, ਜਿਨ੍ਹਾਂ ਨੇ ਪੀ. ਸੀ. ਐਸ. ਮੇਲੇ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਇਕ ਕੀਤਾ। ਜ਼ਿਕਰਯੋਗ ਹੈ ਕਿ ਮੇਲਾ ਲੰਘੀ 18 ਮਈ ਨੂੰ ਕਰਵਾਇਆ ਗਿਆ ਸੀ।

ਹਾਜ਼ਰੀਨ ਨੇ ਪਿਕਨਿਕ ਵਿਚ ਹਰ ਤਰ੍ਹਾਂ ਦੇ ਖਾਣੇ ਦਾ ਸਵਾਦ ਚੱਖਿਆ। ਪੀਜ਼ਾ ਮਾਊਂਟ ਮਾਈਕ ਨੇ ਸਰਵ ਕੀਤਾ। ਸਭ ਨੇ ਪਿਕਨਿਕ ਦਾ ਅਨੰਦ ਮਾਣਿਆ। ਪਿਕਨਿਕ ਵਿਚ ਤੀਰਥ ਸਹੋਤਾ, ਪਰਮਜੀਤ ਢਿੱਲੋਂ, ਰਾਜ ਬਰਾੜ, ਪਰਮਜੀਤ ਔਲਖ, ਭੀਲੀ ਸੰਧੂ, ਕਮਲ ਬੰਗਾ, ਦਲਜੀਤ, ਰੋਜ਼ੀ ਸੰਧੂ, ਪਰਮਜੀਤ ਕੌਰ, ਰਾਣੀ ਸਰਹੱਦੀ, ਫਰਵਾਲਾ ਪਰਿਵਾਰ, ਸਿਮਰਨ ਸੰਧੂ, ਰੁਪਿੰਦਰ ਕੌਰ ਪਰਿਵਾਰਾਂ ਸਮੇਤ ਪਹੁੰਚੇ। ਅਖੀਰ ਵਿਚ ਤੀਰਥ ਸਹੋਤਾ ਨੇ ਸਭ ਦਾ ਧੰਨਵਾਦ ਕੀਤਾ।



# ਸਵਰਗੀ ਮਹਿੰਦਰ ਸਿੰਘ ਗਿੱਲ ਦੀ ਯਾਦ 'ਚ ਅੱਖਾਂ ਦਾ ਮੁਫਤ ਕੈਂਪ ਲਾਇਆ



ਸਵਰਗੀ ਸ. ਮਹਿੰਦਰ ਸਿੰਘ ਗਿੱਲ



**ਸਿਧਵਾਂ ਬੇਟ, ਲੁਧਿਆਣਾ:** ਨਜ਼ਦੀਕੀ ਪਿੰਡ ਗਿੱਦੜਵਿੰਡੀ ਦੇ ਮਰਹੂਮ ਸ. ਮਹਿੰਦਰ ਸਿੰਘ ਗਿੱਲ ਦੀ ਯਾਦ ਵਿਚ ਲੰਘੀ 6 ਜੂਨ ਨੂੰ ਉਨ੍ਹਾਂ ਦੇ ਪੁੱਤਰ ਜਸਵਿੰਦਰ ਸਿੰਘ ਗਿੱਲ ਅਤੇ ਭਰਾ ਐਡਵੋਕੇਟ ਜੋਗਿੰਦਰ ਸਿੰਘ ਗਿੱਲ ਦੀ ਸਰਪ੍ਰਸਤੀ ਹੇਠ ਅੱਖਾਂ ਦਾ ਮੁਫਤ ਕੈਂਪ ਲਾਇਆ ਗਿਆ।

ਕੈਂਪ ਦਾ ਉਦਘਾਟਨ ਐਡਵੋਕੇਟ ਜੋਗਿੰਦਰ ਸਿੰਘ ਗਿੱਲ ਤੇ ਸਰਪੰਚ ਅਵਤਾਰ ਸਿੰਘ ਤਾਰਾ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ 'ਸਹਾਇਤਾ' ਸੰਸਥਾ ਦੇ ਡਾ. ਰਾਜਿੰਦਰ ਸਿੰਘ ਰਾਜੀ ਐਮ. ਡੀ. ਅਤੇ ਡਾ. ਕੈਲਾਸ਼ ਸਵਾਮੀ ਦੀ ਟੀਮ ਨੇ ਕਰੀਬ 247 ਮਰੀਜਾਂ ਦੀਆਂ ਅੱਖਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿਚੋਂ 95 ਵਿਅਕਤੀਆਂ ਨੂੰ ਮੁਫਤ ਐਨਕਾਂ ਦਿਤੀਆਂ ਗਈਆਂ ਅਤੇ 23 ਮਰੀਜ ਆਪਰੇਸ਼ਨ ਲਈ ਚੁਣੇ ਗਏ। ਕਈ ਹੋਰ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਮੌਕੇ ਅਮਨਦੀਪ ਸਿੰਘ, ਸਾਬਕਾ ਸਰਪੰਚ ਪ੍ਰੀਤਮ ਸਿੰਘ, ਪਲਵਿੰਦਰ ਸਿੰਘ ਗਿੱਲ, ਕਿਰਨਦੀਪ ਸਿੰਘ ਗਿੱਲ, ਰਾਜਿੰਦਰ ਸਿੰਘ ਗਿੱਲ, ਸੁਖਦੇਵ ਸਿੰਘ, ਮਨਜੀਤ ਕੌਰ, ਬਰਿੰਦਰਜੀਤ ਕੌਰ ਗਿੱਲ, ਸਨੀ ਗਰੇਵਾਲ, ਮਨਜੀਤ ਸਿੰਘ, ਹਰਜੀਤ ਸਿੰਘ, ਪਰਦੀਪ ਸਿੰਘ ਸਿੱਧੂ, ਕੋਮਲਦੀਪ ਕੌਰ, ਕੁਲਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਸਰਬਜੀਤ ਕੌਰ ਗਿੱਲ, ਕੁਲਦੀਪ ਸਿੰਘ ਗਿੱਲ ਆਦਿ ਵੀ ਮੌਜੂਦ ਸਨ। ਸਭ ਲਈ ਚਾਹ ਪਾਣੀ ਅਤੇ ਲੰਗਰ ਅਤੁੱਟ ਵਰਤਿਆ।

ਜ਼ਿਕਰਯੋਗ ਹੈ ਕਿ ਸ. ਮਹਿੰਦਰ ਸਿੰਘ ਗਿੱਲ 6 ਜੂਨ 2017 ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ 83 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ ਸਨ। ਸ. ਜਸਵਿੰਦਰ (ਜੱਸੀ) ਸਿੰਘ ਗਿੱਲ ਨੇ ਸ. ਜੋਗਿੰਦਰ ਸਿੰਘ ਗਿੱਲ ਐਡਵੋਕੇਟ, ਰਿਸ਼ਤੇਦਾਰਾਂ, ਨਗਰ ਨਿਵਾਸੀਆਂ ਅਤੇ 'ਸਹਾਇਤਾ' ਸੰਸਥਾ ਯੂ. ਐਸ. ਏ. ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਸਹਿਯੋਗ ਦੇ ਕੇ ਅੱਖਾਂ ਦਾ ਕੈਂਪ ਕਾਮਯਾਬ ਕੀਤਾ। ਸ. ਜੱਸੀ ਗਿੱਲ ਨਾਲ ਸੰਪਰਕ ਫੋਨ: 510-304-9292 ਰਾਹੀਂ ਕੀਤਾ ਜਾ ਸਕਦਾ ਹੈ।



























# ਗੁਰੂ ਅਰਜਨ ਦੇਵ ਜੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ

**ਕਰਮਨ, ਕੈਲੀਫੋਰਨੀਆ (ਬਿਊਰੋ):** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਟਰੱਕਾਂ ਦੇ ਕਾਰੋਬਾਰ ਨਾਲ ਜੁੜੇ ਪਰਿਵਾਰਾਂ ਨੇ ਸਾਂਝੇ ਤੌਰ 'ਤੇ ਇਥੇ ਗੁਰਦੁਆਰਾ ਅਨੰਦਗੜ੍ਹ ਵਿਖੇ ਕਰਵਾਏ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਇਤਿਹਾਸ ਸਰਵਣ ਕਰਵਾਇਆ। ਉਪਰੰਤ ਪ੍ਰਸਿੱਧ ਗਾਇਕਾ ਜੋਤ ਰਣਜੀਤ ਕੌਰ ਨੇ ਸਿੱਖ ਇਤਿਹਾਸ ਨਾਲ ਸਬੰਧਤ ਵਾਰਾਂ ਅਤੇ ਮੌਜੂਦਾ ਸਮੇਂ ਦਾ ਸਿੱਖ ਇਤਿਹਾਸ ਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।



ਸਮਾਗਮ ਦੇ ਅੰਤ ਵਿਚ ਗਾਇਕਾ ਬੀਬੀ ਜੋਤ ਰਣਜੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਗੁਰੂਘਰ ਦੇ ਕਮੇਟੀ ਮੈਂਬਰ ਕੁਲਦੀਪ ਸਿੰਘ ਕਾਲੇਕਾ ਨੇ ਗੁਰੂਘਰ ਵਿਚ ਪੰਜਾਬੀ ਸਕੂਲ ਦੀਆਂ ਕਲਾਸਾਂ ਬਾਰੇ ਜਾਣਕਾਰੀ ਦਿੱਤੀ। ਗੁਰੂਘਰ ਦੇ ਸੈਕਟਰੀ ਗੁਰਤੇਜ ਸਿੰਘ ਧਾਲੀਵਾਲ ਨੇ ਸਮੂਹ ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੱਧੂ ਦਾਉਧਰ, ਸੰਨੀ ਗਰੇਵਾਲ, ਜਸਪ੍ਰੀਤ ਬੈਂਸ, ਗੁਰਦੀਪ ਅਟਵਾਲ, ਸਰਬਜੀਤ ਬਾਸੀ, ਗਗਨ ਤੇ ਪਵਨ ਪਬਲਾ, ਸ਼ਿੰਦਾ ਢਿੱਲੋਂ, ਰਣਜੀਤ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ ਲੰਬੜ, ਗੁਰਪ੍ਰੀਤ ਸਿੰਘ ਬਬਲੂ ਅਤੇ ਲਵਲੀ ਕਰਮਨ ਦਾ ਪੂਰਾ ਸਹਿਯੋਗ ਰਿਹਾ।

# ਨਸ਼ਾ ਤਸਕਰਾਂ ਨਾਲ ਮਿਲੇ ਪੁਲਿਸ ਮੁਲਾਜ਼ਮਾਂ ਦੀ ਆਵੇਗੀ ਸ਼ਾਮਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੀ ਤਸਕਰੀ 'ਚ ਸ਼ਾਮਲ ਪੁਲਿਸ ਮੁਲਾਜ਼ਮਾਂ ਦੀ ਸ਼ਨਾਖਤ ਕਰਨ ਅਤੇ ਉਨ੍ਹਾਂ ਵਿਰੁੱਧ ਤਿੱਖੀ ਕਾਰਵਾਈ ਕਰਨ ਲਈ ਏ.ਡੀ.ਜੀ.ਪੀ. (ਐਸ.ਟੀ.ਐਫ) ਨੂੰ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ 'ਚ ਤਾਇਨਾਤ ਪੁਲਿਸ ਮੁਲਾਜ਼ਮਾਂ ਵਿਰੁੱਧ ਖਾਸ ਤੌਰ 'ਤੇ ਸਖਤ ਕਾਰਵਾਈ ਕਰਨ ਲਈ ਕਿਹਾ ਹੈ। ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਬਣਾਈ ਵਿਸ਼ੇਸ਼ ਟਾਸਕ ਫੋਰਸ ਦੀ ਇਕ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਗੈਰ-ਕਾਨੂੰਨੀ ਸਰਗਰਮੀਆਂ 'ਚ ਸ਼ਾਮਿਲ ਪੁਲਿਸ ਮੁਲਾਜ਼ਮਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਆਖਿਆ।

ਜਗਦੀਸ਼ ਭੋਲਾ ਦੇ ਮਾਮਲੇ 'ਚ ਸ਼ਾਮਿਲ ਉਸ ਦੇ ਜੋਟੀਦਾਰਾਂ ਦੀ ਹਵਾਲਗੀ 'ਚ ਤੇਜ਼ੀ ਲਿਆਉਣ ਲਈ ਮੁੱਖ ਮੰਤਰੀ ਨੇ ਉਨ੍ਹਾਂ ਦੋਸ਼ੀਆਂ ਨੂੰ ਜਲਦ ਵਾਪਸ ਲਿਆਉਣ ਲਈ ਇਹ ਮਾਮਲਾ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਕੋਲ ਉਠਾਉਣ ਲਈ ਮੁੱਖ ਸਕੱਤਰ ਨੂੰ ਵੀ ਆਖਿਆ। ਕੈਪਟਨ ਨੇ ਅਦਾਲਤਾਂ ਵਿਚ ਕੇਸਾਂ ਨੂੰ ਪ੍ਰਭਾਵੀ ਢੰਗ ਨਾਲ ਪੇਸ਼ ਕਰਨ ਦੇ ਵਾਸਤੇ ਪੁਲਿਸ ਮੁਲਾਜ਼ਮਾਂ ਨੂੰ ਸਮਰੱਥ ਬਣਾਉਣ ਲਈ ਉਨ੍ਹਾਂ ਨੂੰ ਵਿਵਹਾਰਿਕ ਸਿਖਲਾਈ ਦੇਣ ਵਾਸਤੇ ਸਾਬਕਾ ਜੱਜਾਂ, ਵਕੀਲਾਂ, ਕਾਨੂੰਨ ਮਾਹਰਾਂ ਤੇ ਕਾਨੂੰਨਦਾਨਾਂ ਦਾ ਇਕ ਪੈਨਲ ਬਣਾਉਣ ਲਈ ਸੂਬੇ ਦੇ ਐਡਵੋਕੇਟ ਜਨਰਲ ਨੂੰ ਆਖਿਆ ਹੈ। ਮੁੱਖ ਮੰਤਰੀ ਨੇ ਨਿੱਜੀ ਨਸ਼ਾ ਛਡਾਊ ਕੇਂਦਰਾਂ ਦੇ ਕੰਮਕਾਜ 'ਤੇ ਨਿਯਮਤ ਤੌਰ 'ਤੇ ਨਿਗਰਾਨੀ ਰੱਖਣ ਲਈ ਸਿਹਤ ਵਿਭਾਗ ਨੂੰ ਆਖਿਆ ਹੈ। ਮੁੱਖ ਮੰਤਰੀ ਨੇ ਨਸ਼ੇ 'ਚ ਫਸੇ ਵਿਅਕਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਵਲੋਂ ਚਲਾਏ ਜਾਂਦੇ ਮੁੜ ਵਸੇਬਾ ਕੇਂਦਰਾਂ 'ਚ ਵਧੀਆ ਇਲਾਜ ਪ੍ਰਾਪਤ ਕਰਨ ਲਈ ਅੱਗੇ ਆਉਣ ਤੇ ਨਿੱਜੀ ਸੈਕਟਰ ਦੇ ਜਾਲ 'ਚ ਨਾ ਫਸਣ।

## ਝੂਠ, ਜ਼ਹਿਰ ਤੇ ਨਫਰਤ ਨਾਲ ਭਰੀ ਸੀ ਮੋਦੀ ਦੀ ਲੋਕ ਸਭਾ ਚੋਣ ਮੁਹਿੰਮ: ਰਾਹੁਲ

**ਵਾਇਨਾਡ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸ਼ਬਦੀ ਹਮਲਿਆਂ ਨੂੰ ਅੱਗੇ ਤੋਰਦਿਆਂ ਆਪਣੇ ਵਾਇਨਾਡ ਦੌਰੇ ਮੌਕੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਲੋਕ ਸਭਾ ਚੋਣ ਮੁਹਿੰਮ ਝੂਠ, ਜ਼ਹਿਰ ਅਤੇ ਨਫਰਤ ਨਾਲ ਭਰਪੂਰ ਸੀ ਜਦੋਂਕਿ ਉਨ੍ਹਾਂ ਦੀ ਪਾਰਟੀ ਸੱਚ ਤੇ ਪਿਆਰ ਲਈ ਖੜ੍ਹੀ।



ਸ੍ਰੀ ਗਾਂਧੀ ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਆਪਣੇ ਲੋਕ ਸਭਾ ਹਲਕੇ ਵਿਚ ਤਿੰਨ ਦਿਨਾਂ ਧੰਨਵਾਦੀ ਦੌਰੇ 'ਤੇ ਸਨ। ਇਸ ਦੌਰਾਨ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ. ਦੇ ਵੱਡੀ ਗਿਣਤੀ ਵਰਕਰ ਤੇ ਮਹਿਲਾਵਾਂ ਦੀ ਭੀੜ ਨੇ ਰਸਤੇ 'ਚ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਸ੍ਰੀ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਫਰਤ, ਗੁੱਸੇ ਤੇ ਝੂਠ ਦਾ ਇਸਤੇਮਾਲ ਕਰਦੇ ਹਨ ਜੋ ਉਨ੍ਹਾਂ ਦੇ ਹਥਿਆਰ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਮਾੜੀ ਵਿਚਾਰਧਾਰਾ ਖਿਲਾਫ ਲੜਾਈ ਜਾਰੀ ਰੱਖੇਗੀ ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਕਰਦੇ ਹਨ।

# ਬਿਹਾਰ ਦੇ ਬਾਹਰ ਐਨ. ਡੀ. ਏ. ਦਾ ਹਿੱਸਾ ਨਹੀਂ ਹੋਵੇਗੀ ਜਨਤਾ ਦਲ (ਯੂ)

**ਪਟਨਾ:** ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਅਗਵਾਈ 'ਚ ਜਨਤਾ ਦਲ (ਯੂ) ਦੀ ਹੋਈ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਵੱਡਾ ਫੈਸਲਾ ਲੈਂਦਿਆਂ ਕਿਹਾ ਗਿਆ ਕਿ ਪਾਰਟੀ ਬਿਹਾਰ ਤੋਂ ਬਾਹਰ ਐਨ.ਡੀ.ਏ. ਦਾ ਹਿੱਸਾ ਨਹੀਂ ਹੋਵੇਗੀ। ਇਸ ਮੌਕੇ ਪਾਰਟੀ ਵੱਲੋਂ ਫੈਸਲਾ ਕੀਤਾ ਗਿਆ ਕਿ ਜਨਤਾ ਦਲ (ਯੂ) ਜੰਮੂ ਕਸ਼ਮੀਰ, ਝਾਰਖੰਡ, ਹਰਿਆਣਾ ਤੇ ਦਿੱਲੀ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਲੜੇਗੀ, ਜਦੋਂਕਿ ਬਿਹਾਰ 'ਚ ਪਾਰਟੀ ਐਨ.ਡੀ.ਏ. ਦਾ ਹਿੱਸਾ ਬਣੀ ਰਹੇਗੀ ਤੇ ਭਾਜਪਾ ਦੇ ਨਾਲ ਮਿਲ ਕੇ ਚੋਣਾਂ ਲੜੇਗੀ।

ਜਨਤਾ ਦਲ (ਯੂ) ਦੇ ਪ੍ਰਿੰਸੀਪਲ ਜਨਰਲ ਸਕੱਤਰ ਕੇ. ਸੀ. ਤਿਆਗੀ ਨੇ ਕਾਰਜਕਾਰਨੀ ਦੀ ਮੀਟਿੰਗ ਉਪਰੰਤ ਉਕਤ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਨਤਾ ਦਲ (ਯੂ) ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਹਟਾਉਣ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰੇਗੀ। ਧਾਰਾ 370 ਸਬੰਧੀ ਜਨਤਾ ਦਲ (ਯੂ) ਦਾ ਸਟੈਂਡ ਬਹੁਤ ਸਪੱਸ਼ਟ ਹੈ ਤੇ ਪਾਰਟੀ ਦੇ ਪ੍ਰਧਾਨ ਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਬੀਤੇ ਸਮੇਂ ਦੌਰਾਨ ਇਸ ਨੂੰ ਕਈ ਵਾਰ ਸਪੱਸ਼ਟ ਕਰ ਚੁੱਕੇ ਹਨ।

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurdawar Singh Mann



Gurcharan Singh Mann
Mann Insurance Brokers Inc.
4123 Dyer St., #230, Union City, CA 94587

# ਪੰਜਾਬ ਲੋਕ ਸਭਿਆਚਾਰਕ ਮੰਚ ਦਾ ਹੋਕਾ

## ਕਲਾ ਪਰਿਕਰਮਾ

'ਲੋਕ ਹੀ ਸਭ ਤੋਂ ਵੱਡੀ ਤਾਕਤ ਹਨ'।

ਇਹ ਬੜੀ ਦਿਲਕਸ਼ ਟਿੱਪਣੀ ਹੈ। ਹਰ ਸਿਆਸੀ ਪਾਰਟੀ ਮੰਚ ਤੋਂ ਇਹ ਲੱਡੂ ਦਰਸ਼ਕਾਂ-ਸਰੋਤਿਆਂ ਵਲ ਸੁੱਟਦੀ ਹੈ ਅਤੇ ਲੋਕ ਉਸ ਲੱਡੂ ਦੀ ਬੂੰਦੀ ਚੁਗਣ ਲਈ ਆਪਣੀਆਂ ਪੱਗਾਂ ਵੀ ਲੁਹਾ ਬੈਠਦੇ ਹਨ ਪਰ ਸਮਝਦੇ ਇਹੀ ਹਨ ਕਿ ਜਿਵੇਂ ਅਸੀਂ ਹੀ ਹਾਂ ਸਭ ਕੁਝ। ਉਹ ਅਵਾਮ ਨੂੰ ਟਿੱਚ ਸਮਝ ਕੇ ਹੀ ਸਿਆਸਤ ਦੀ ਪਹਿਲੀ ਪੌੜੀ ਚੜ੍ਹਦੇ ਹਨ।



**ਡਾ. ਸਾਹਿਬ ਸਿੰਘ**

ਅਜਿਹੇ ਹਾਲਾਤ ਵਿਚ ਕਲਾ ਦੀ ਕੀ ਭੂਮਿਕਾ ਹੈ? ਉਹ ਲੋਕਾਂ ਨਾਲ ਕਿਵੇਂ ਜੁੜੇ ਤੇ ਫਿਰ ਕਿਵੇਂ ਨਿਰੰਤਰ ਜੁੜੀ ਰਹੇ? ਇਹ ਸਵਾਲ ਅਵਾਮੀ ਰੰਗਮੰਚ ਦਾ ਮੁੱਢ ਹੈ। ਅਵਾਮ ਜਾਣੀ ਲੋਕ ਜਿਥੇ ਕਲਾ ਦੇ ਫਿਕਰਾਂ 'ਚ ਅਹਿਮ ਸਥਾਨ ਬਣਾਈ ਰੱਖੇਗਾ, ਉਥੇ ਅਵਾਮੀ ਰੰਗਮੰਚ ਜਿੰਦਾ ਰਹੇਗਾ। ਪੰਜਾਬ ਇਸ ਗੱਲ ਤੋਂ ਤਸੱਲੀ ਦਾ ਸਾਹ ਲੈ ਸਕਦਾ ਹੈ ਕਿ ਭਾਵੇਂ 'ਇਪਟਾ' (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਆਪਣੇ ਮੂਲ ਰੂਪ ਵਿਚ ਨਾ ਸਹੀ ਪਰ ਅਵਾਮੀ ਰੰਗਮੰਚ ਅੱਜ ਵੀ ਜਿੰਦਾ ਹੈ। ਇਹ ਇਪਟਾ ਦੀਆਂ ਸੀਮਾਵਾਂ 'ਚੋਂ ਬਾਹਰ ਵੀ ਨਿਕਲਿਆ ਹੈ ਤੇ ਵਧੇਰੇ ਮੋਕਲਾ ਮੰਚ ਸਿਰਜਣ 'ਚ ਕਾਮਯਾਬ ਵੀ ਹੋਇਆ ਹੈ।



ਅੱਜ ਅਵਾਮੀ ਰੰਗਮੰਚ ਗਰੀਬ ਬਸਤੀਆਂ, ਵਿਹੜਿਆਂ, ਝੁੱਗੀਆਂ, ਦਾਣਾ-ਮੰਡੀਆਂ 'ਚ ਬੈਠੇ ਮਿਹਨਤਕਸ਼ ਲੋਕਾਂ ਦੇ ਫਿਕਰਾਂ ਦੀ ਪੰਡ ਆਪਣੇ ਸਿਰ ਚੁੱਕ ਹਰ ਚੁਣੌਤੀ ਦਾ ਸਾਹਮਣਾ ਕਰਦਾ ਹੈ, ਮੁਸ਼ਕਿਲਾਂ ਨੂੰ ਵੰਗਾਰਦਾ ਹੈ ਤੇ ਅਣਸੁਖਾਵੇਂ, ਅਸਹਿਣਸ਼ੀਲ ਮਾਹੌਲ ਅੰਦਰ ਸਾਹ ਲੈਣ ਲਈ ਆਕਸੀਜਨ ਬਣ ਪਹੁੰਚਦਾ ਹੈ। ਅਵਾਮੀ ਰੰਗਮੰਚ ਨੇ ਆਪਣੀ ਮੜ੍ਹਕ ਤੇ ਬੜ੍ਹਕ ਬਰਕਰਾਰ ਰੱਖੀ ਹੈ। ਇਸ ਦਾ ਨਿਸ਼ਾਨਾ ਸਪਸ਼ਟ ਹੈ, ਕਲਾਕਾਰ ਆਪਣੀ ਕਲਾ ਦਾ ਵੀ ਖਿਆਲ ਰੱਖੇ ਤੇ ਲੋਕਾਂ ਦੇ ਹਾਣ ਦੀ ਗੱਲ ਵੀ ਕਰੇ। ਪੰਜਾਬ ਦੇ ਅਵਾਮੀ ਰੰਗਮੰਚ ਅੰਦਰ 37 ਕੁ ਸਾਲ ਪਹਿਲਾਂ ਸ਼ਾਨਦਾਰ ਤੇ ਜਾਨਦਾਰ ਘਟਨਾ ਵਾਪਰੀ।

14 ਮਾਰਚ, 1982 ਨੂੰ ਲੁਧਿਆਣਾ ਲਾਗੇ ਪੈਂਦੇ ਪਿੰਡ ਨਸਰਾਲੀ ਵਿਚ ਕਲਾਕਾਰ, ਬੁੱਧੀਜੀਵੀ, ਲੇਖਕ ਤੇ ਸੰਘਰਸ਼ਸ਼ੀਲ ਕਾਮੇ ਇਕੱਤਰ ਹੋਏ। ਇਹ ਸੱਦਾ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਅਤੇ ਪੰਜਾਬ ਨਾਟਕ ਕਲਾ ਕੇਂਦਰ ਵਲੋਂ ਸੀ; ਫਿਕਰ ਸੀ ਭੜਕਾਊ-ਅਸ਼ਲੀਲ, ਲੋਕ-ਦੋਖੀ ਸਭਿਆਚਾਰ ਦੇ ਮੁਕਾਬਲੇ ਬਦਲ ਸਿਰਜਣ ਦਾ। ਫਿਕਰ ਇਹ ਵੀ ਸੀ ਕਿ ਅਜਿਹੀ ਸੰਸਥਾ ਦਾ ਨਿਰਮਾਣ ਕੀਤਾ ਜਾਵੇ ਜਿਥੇ ਕਿਸੇ ਵਿਸ਼ੇਸ਼ ਸਿਆਸੀ ਸੁਰ ਦਾ ਅਲਾਪ ਨਾ ਹੋਵੇ ਸਗੋਂ ਸੌ ਤਰ੍ਹਾਂ ਦੇ ਫੁੱਲ ਖਿੜਨ ਲਈ ਬਗੀਚੀ ਤਿਆਰ ਕੀਤੀ ਜਾਵੇ। ਨਾਲ ਹੀ ਇਹ ਪਹਿਰਾ ਦਿੱਤਾ ਜਾਵੇ ਕਿ ਪਿਛਾਂਹ ਖਿੱਚੂ ਮੌਕਾਪ੍ਰਸਤ, ਡੰਗ-ਟਪਾਊ ਪਹੁੰਚ ਦਾ ਮੁਕਾਬਲਾ ਡਟ ਕੇ ਕੀਤਾ ਜਾਵੇ।

ਰੰਗਕਰਮੀਆਂ, ਗੀਤਕਾਰਾਂ, ਗਾਇਕਾਂ, ਕਵੀਆਂ ਤੇ ਵਾਰਤਕ ਲੇਖਕਾਂ ਨੂੰ ਸੱਦਾ ਗਿਆ। ਸਿਲਸਿਲਾ ਚੱਲਦਾ ਰਿਹਾ ਤੇ ਅਖੀਰ 20 ਜੁਲਾਈ, 1982 ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮਾਹਿਲ ਗਹਿਲਾਂ ਵਿਖੇ ਪਹਿਲੀ ਕਨਵੈਨਸ਼ਨ ਹੋਈ, ਇਥੇ ਵਿਧੀ-ਵਿਧਾਨ ਘੜਿਆ ਗਿਆ, ਐਲਾਨਨਾਮਾ ਜਾਰੀ ਹੋਇਆ ਤੇ ਸਮੇਂ ਦੀ ਨਬਜ਼ ਨੂੰ ਪਛਾਣਨ ਲਈ ਸੰਸਥਾ ਦਾ ਨਾਮ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਰੱਖਿਆ। ਇਸ ਦੇ ਬਾਨੀ ਪ੍ਰਧਾਨ ਬਣੇ ਮਸ਼ਹੂਰ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਤੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਜੁਜ਼ੀਨ ਪੋਤੀਓ ਦੇ ਕੌਮਾਂਤਰੀ ਗੀਤ ਦਾ ਪੰਜਾਬੀ ਤਰਜਮਾ ਕਰਨ ਵਾਲੇ ਡਾ. ਸੁਖਪਾਲ ਨੇ ਸੰਭਾਲੀ। ਪਲਸ ਮੰਚ ਅਜਿਹਾ ਧੁਰਾ ਬਣ ਗਿਆ ਜਿਸ ਦੁਆਲੇ ਅੱਡ-ਅੱਡ ਥਾਵਾਂ 'ਤੇ ਕਾਰਜਸ਼ੀਲ ਰੰਗਕਰਮੀ ਜੁੜਦੇ ਗਏ। ਫਿਰ ਇਕ ਸਮਾਂ ਆਇਆ ਜਦੋਂ ਚਾਰੇ ਪਾਸੇ ਪਲਸ ਮੰਚ ਦਾ ਨਗਾਰਾ ਵੱਜ ਉਠਿਆ।

ਪੰਜਾਬ ਦੀ ਅਵਾਮ ਪਹਿਲੀ ਮਈ ਨੂੰ ਪੰਜਾਬੀ ਭਵਨ, ਲੁਧਿਆਣਾ ਅਤੇ 25 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਹੀਰਾਂ ਘੱਤ ਕੇ ਜਾਣ ਲੱਗ ਪਿਆ। ਰੰਗਕਰਮੀ ਆਪਣੇ ਸਾਲਾਨਾ ਕੈਲੰਡਰ ਵਿਚ ਇਨ੍ਹਾਂ ਤਰੀਕਾਂ ਉਤੇ ਵਿਸ਼ੇਸ਼ ਨਿਸ਼ਾਨ ਲਾਉਣ ਲੱਗ ਪਏ। ਹਰ ਗਰੁੱਪ ਨੂੰ ਚਾਅ ਹੁੰਦਾ ਕਿ ਪਹਿਲੀ ਮਈ ਅਤੇ 25 ਜਨਵਰੀ ਨੂੰ ਕਿਹੜਾ ਨਵਾਂ ਨਾਟਕ ਤੇ ਕਿਹੜੇ ਨਵੇਂ ਗੀਤ ਜਾਂ ਐਕਸ਼ਨ ਗੀਤ ਲੋਕਾਂ ਦੀ ਕਚਹਿਰੀ 'ਚ ਪੇਸ਼ ਕਰਨੇ ਹਨ; ਲੋਕ ਟਰਾਲੀਆਂ, ਟੈਂਪੂ, ਬੱਸਾਂ ਭਰ-ਭਰ ਕੇ ਪਹੁੰਚਦੇ ਤੇ ਸਾਰੀ-ਸਾਰੀ ਰਾਤ ਨਾਟਕਾਂ ਅਤੇ ਗੀਤਾਂ ਦਾ ਪ੍ਰਵਾਹ ਚੱਲਦਾ।

ਇਨ੍ਹਾਂ ਵੱਡੇ ਮੇਲਿਆਂ ਦੇ ਅਸਰ ਨਾਲ ਫਿਰ ਇਸ ਰਾਂਗਲੇ ਰੁੱਖ ਦੀਆਂ ਕਰੂਬਲਾਂ ਫੁੱਟਣ ਲੱਗੀਆਂ ਅਤੇ ਟਹਿਣੀਆਂ ਬਣਨ ਲੱਗੀਆਂ। ਪਿੰਡਾਂ ਦੇ ਉਦਮੀ ਨੌਜਵਾਨ, ਸਿਰ ਜੋੜ ਕੇ ਬੈਠੇ ਤੇ ਉਨ੍ਹਾਂ ਆਪੋ-ਆਪਣੇ ਇਲਾਕਿਆਂ 'ਚ ਨਾਟਕ ਮੇਲੇ ਵਿਉਂਤਣੇ ਆਰੰਭ ਕਰ ਦਿੱਤੇ। ਮਾਝਾ, ਮਾਲਵਾ, ਦੁਆਬਾ ਦੇ ਪਿੰਡਾਂ 'ਚ ਨਵੀਂ ਚੇਤਨਾ, ਨਵੀਂ ਸਮਝ ਵਿਕਸਤ ਹੋਣ ਲੱਗੀ। ਹਰ ਸਾਲ ਜੁਲਾਈ ਮਹੀਨੇ ਡਾ. ਸੁਰਿੰਦਰ ਹੇਮਜਯੋਤੀ ਦੀ ਯਾਦ ਅੰਦਰ ਸਾਹਿਤਕ ਸਮਾਗਮ ਰਚਾਇਆ ਜਾਂਦਾ ਹੈ। ਪਲਸ ਮੰਚ ਨੇ ਇਹ ਜ਼ਿੰਮੇਵਾਰੀ ਲਈ ਕਿ ਜਦੋਂ ਲੋਕ-ਦੋਖੀ ਤਾਕਤਾਂ ਅਵਾਮ ਦੇ ਬੁਨਿਆਦੀ ਹੱਕਾਂ ਨੂੰ ਦਬਾਉਣ, ਉਨ੍ਹਾਂ ਨੂੰ ਨਪੀੜਨ ਦੇ ਰਾਹ ਪੈਣ ਤਾਂ ਕਲਾਕਾਰ ਆਪਣੀ ਆਵਾਜ਼ ਬੁਲੰਦ ਕਰਨ। 1984 ਵਿਚ ਦਿੱਲੀ ਅੰਦਰ ਮਨੁੱਖਤਾ ਦਾ ਘਾਣ ਹੋਇਆ ਤਾਂ ਡਾ. ਆਤਮਜੀਤ ਦਾ ਨਾਟਕ 'ਸੀਣਾ' ਆਪਣਾ ਸੁਨੇਹਾ ਲੈ ਕੇ ਪਹੁੰਚਿਆ। ਪੰਜਾਬ ਦੀ ਫਿਜ਼ਾ ਅੰਦਰ ਜਦੋਂ ਪਹਿਨਣ, ਵਿਚਰਨ ਦੇ ਮਾਮਲੇ 'ਚ ਕੋਡ ਜਾਰੀ ਹੋਣ ਲੱਗੇ ਤਾਂ ਗੁਰਸ਼ਰਨ ਸਿੰਘ 'ਮੁਨਸ਼ੀ ਖਾਨ' ਨਾਟਕ ਲੈ ਕੇ ਮੰਚ ਤੋਂ ਗਰਜੇ। ਪੰਜਾਬ ਦੀ ਕਿਸਾਨੀ ਖ਼ੁਦਕੁਸ਼ੀਆਂ ਦੇ ਰਾਹ ਪਈ ਤਾਂ ਇਸ ਮੰਚ ਤੋਂ 'ਇਕੋ ਰਾਹ ਸਵੱਲੜਾ' ਦਾ ਪੈਗਾਮ ਦਿੱਤਾ ਗਿਆ।

ਅਵਾਮੀ ਰੰਗਮੰਚ ਨੇ ਅਨੇਕਾਂ ਪੈੜਾਂ ਪਾਈਆਂ, ਦੋ ਵਿਲੱਖਣ ਪੈੜਾਂ ਸਾਂਝੀਆਂ ਕਰਾਂਗਾ। ਗੁਰਸ਼ਰਨ ਸਿੰਘ ਇਕ ਪਿੰਡ ਨਾਟਕ ਖੇਡਣ ਗਏ ਤਾਂ ਦਰਸ਼ਕਾਂ ਵਿਚ ਕੋਈ ਔਰਤ ਨਹੀਂ ਸੀ। ਉਨ੍ਹਾਂ ਨਾਟਕ ਖੇਡਣ ਤੋਂ ਇਨਕਾਰ ਕਰ ਦਿੱਤਾ ਕਿ ਮੇਰੀਆਂ ਧੀਆਂ-ਭੈਣਾਂ ਆ ਕੇ ਪੰਡਾਲ 'ਚ ਬੈਠਣਗੀਆਂ ਤਾਂ ਨਾਟਕ ਹੋਵੇਗਾ। ਅੱਜ ਇਹ ਸੁਭਾਵਿਕ ਵਰਤਾਓ ਬਣ ਗਿਆ ਹੈ ਕਿ ਜਿਥੇ ਨਾਟਕ ਔਰਤਾਂ ਦੀ ਗਿਣਤੀ 50 ਫੀਸਦੀ ਤੋਂ ਘੱਟ ਨਹੀਂ ਹੁੰਦੀ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਹੜੇ ਅੰਦਰ ਨੁੱਕੜ ਨਾਟਕ ਪੇਸ਼ ਹੋਇਆ 'ਸਮਾਜ'। ਨਾਟਕ ਨੇ ਸਵਾਲ ਉਠਾਇਆ ਕਿ ਜੰਮਣ ਪੀੜਾਂ ਸਹਿਣ ਵਾਲੀ ਅਤੇ ਬੱਚੇ ਦਾ ਗੂੰਹ-ਮੂਤ ਚੁੱਕਣ ਵਾਲੀ ਮਾਂ ਦਾ ਨਾਮ ਬੱਚੇ ਦੇ ਨਾਮ ਨਾਲ ਕਿਉਂ ਨਹੀ ਲਿਖਿਆ ਜਾਂਦਾ। ਕੁਝ ਹੀ ਅਰਸੇ ਬਾਅਦ ਸਿੱਖਿਆ ਬੋਰਡ ਵਲੋਂ ਜਾਰੀ ਕੀਤੇ ਜਾਣ ਵਾਲੇ ਸਰਟੀਫਿਕੇਟਾਂ ਅੰਦਰ ਮਾਂ-ਬਾਪ ਦੋਵਾਂ ਦਾ ਨਾਮ ਦਰਜ ਹੋਣ ਲੱਗ ਪਿਆ। 37 ਸਾਲ ਬਾਅਦ ਵੀ ਇਸ ਵਾਰ ਪਹਿਲੀ ਮਈ ਨੂੰ ਲੋਕਾਂ ਦਾ ਭਰਵਾਂ ਇਕੱਠ ਤੇ ਕਿਤਾਬਾਂ, ਰਸਾਲਿਆਂ, ਨਾਟਕਾਂ ਦੀ ਭਰਪੂਰ ਸਰਗਰਮੀ ਹੋਣਾ ਸੁਖਦ ਅਹਿਸਾਸ ਪੈਦਾ ਕਰਦਾ ਹੈ। ਲੰਬੇ ਸਫਰ ਤੋਂ ਬਾਅਦ ਘਾਟਾਂ, ਕਮਜ਼ੋਰੀਆਂ ਵੀ ਪੈਦਾ ਹੁੰਦੀਆਂ ਹਨ ਪਰ ਨਿਰੰਤਰ ਚਲਦੇ ਰਹਿਣਾ ਹੀ ਜਿੰਦਾ ਰਹਿਣ ਦੀ ਨਿਸ਼ਾਨੀ ਹੈ। ਅੱਜ ਜਦੋਂ ਮੁਲਕ ਦੀ ਬਗੀਚੀ ਨੂੰ ਇਕ ਰੰਗ ਵਿਚ ਰੰਗਣ ਦਾ ਅਭਿਆਸ ਚੱਲ ਰਿਹਾ ਹੈ, ਉਦੋਂ ਅਵਾਮੀ ਰੰਗਮੰਚ ਦੀ ਲੋੜ ਅਤੇ ਸਾਰਥਿਕਤਾ ਵਧ ਜਾਂਦੀ ਹੈ ਤੇ ਪਲਸ ਮੰਚ ਦੀ ਜ਼ਿੰਮੇਵਾਰੀ ਵੀ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਜੂਨ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-382



*ਸ਼ਗਨਾਂ ਵਾਲਾ ਘਰ ਵਡਭਾਗਾ, ਬਣ ਰਹੇ ਨੇ ਪਕਵਾਨ।*
*ਜਾਂ ਆਊਗੀ ਸੱਜ ਵਿਆਹੀ ਜਾਂ ਹੋਊ ਕੰਨਿਆ ਦਾਨ।*

## ਕੈਪਸ਼ਨ ਮੁਕਾਬਲਾ-380



ਖਾ ਕੇ ਛੋਲੇ ਤਲੇ ਭਟੂਰੇ
ਫੁਲ ਇਨ੍ਹਾਂ ਵਰਗੇ ਹੋ ਜਾਵਾਂਗੇ।
ਭੱਜਾਂਗੇ ਡਾਕਟਰ ਵੱਲ
ਦਵਾਈ ਨਾਲ ਭਾਰ ਘਟਾਵਾਂਗੇ।
ਪਰ ਇਹ ਚੰਦਰੀ ਜੀਭ
ਸਵਾਦੀ ਖਾਣੇ ਦੇਖ ਲਲਚਾਵੇ।
ਸਿਹਤ ਖਰਾਬ ਕਰੇ ਨਾਲੇ
ਦੂਜੀ ਖਰਚੇ ਦੀ ਥਾਂ ਬਣਾਵੇ।

***-ਸੇਵਾ ਸਿੰਘ ਨੂਰਪੁਰੀ***

---

ਤਾਜ਼ੀ ਤਾਜ਼ੀ, ਫੁੱਲੀ ਹੋਈ
ਪੂਰੀ ਪਲੇਟ 'ਚ ਆਈ।
ਚਿੱਤ ਕਰਦਾ ਮੈਂ ਬੁਰਕੀ ਵੱਢਾਂ
ਪਰ ਡਰ ਲੱਗਦਾ ਹੈ ਭਾਈ।
ਆਪਣੇ ਵਾਂਗ ਫੁਲਾ ਦੂ ਮੈਨੂੰ
ਫਿਰ ਲੈਣੀ ਪਊ ਦਵਾਈ।

***-ਜਗਮੀਤ ਸਿੰਘ ਪੰਧੇਰ***

---

ਆਲੂ ਛੋਲੇ ਅਤੇ ਭਟੂਰੇ
ਖਾਣ ਨੂੰ ਮਨ ਲਲਚਾਵੇ।
ਭਰੀ ਪਲੇਟ ਜਦ ਸਾਹਵੇਂ ਆਉਂਦੀ
ਮੂਹ ਵਿਚ ਪਾਣੀ ਆਵੇ।
ਤਲਿਆ ਹੋਇਆ ਰੱਜ ਕੇ ਖਾਣਾ
ਲਾਵੇ ਕੋਈ ਬੀਮਾਰੀ,
ਜਦੋਂ ਵਾਹ ਡਾਕਟਰ ਨਾਲ ਪੈਂਦਾ
ਜਾਦੀਂ ਹੈ ਮੱਤ ਮਾਰੀ।
ਸਾਦਾ ਘਰ ਦਾ ਖਾਣਾ ਰਹਿੰਦਾ ਚੰਗਾ,
ਲੱਗੇ ਬਿਮਾਰੀ, ਫਿਰ ਪਛਤਾਉਂਦਾ ਬੰਦਾ।

***-ਮਾਸਟਰ ਪ੍ਰੀਤਮ ਸਿੰਘ ਲੰਮੇ***

---

ਲੱਸੀ, ਮੱਖਣ, ਮਿੱਸੇ ਪਰਸ਼ਾਦੇ
ਸਭ ਨੂੰ ਖਾਣੇ ਭੁੱਲ ਗਏ।
ਪੀਜ਼ੇ, ਬਰਗਰ, ਤਲੀਆਂ ਚੀਜ਼ਾਂ
ਬਾਜ਼ਾਰੂ ਖਾਣਿਆਂ 'ਤੇ ਡੁੱਲ੍ਹ ਗਏ।
ਨਾ ਸਿਹਤ, ਨਾ ਜਾਨ ਨਰੋਈ
ਸਰੀਰ ਵਾਧੂ ਦੇ ਫੁੱਲ ਗਏ।

***-ਦਵਿੰਦਰ ਕੌਰ***

---

ਇਥੇ ਪਕਦਾ-ਪਕਾਉਂਦਾ
ਜੋ ਵੀ ਮੰਗਦੇ ਨੇ ਲੋਕੀਂ
ਦੇਣ ਪੈਸੇ ਕੋਈ ਚੱਲ ਕੇ ਜਨਾਬ ਆ ਗਿਆ।
ਰੋਟੀ ਹੋਟਲੀਂ ਖਾਣ ਦਾ ਰਿਵਾਜ ਆ ਗਿਆ।
ਛਾਲ ਤੇਲ 'ਚ ਮਾਰੀ ਪੂੜੀ ਫੁਲ ਬੈਠੀ ਸਾਰੀ
ਢਿੱਡ ਫੁਲਿਆ ਤੇ ਹੁਸਨ ਮਜਾਜ ਆ ਗਿਆ।
ਖਾਧੀ ਛੋਲਿਆਂ ਨਾਲ ਤਾਂ ਸਵਾਦ ਆ ਗਿਆ।
ਚੰਗਾ ਨਹੀਂਓਂ ਤੇਲ ਭਾਵੇਂ ਜਾਣਦੇ ਨੇ ਸਾਰੇ
ਸਮਝਾਂ ਤੋਂ ਅਗੇ ਹੈ 'ਸਵਾਦ' ਆ ਗਿਆ।
ਰੋਟੀ ਬਾਹਰ ਖਾਣ ਦਾ ਸਵਾਦ ਆ ਗਿਆ।

***-ਗੁਰਦੇਵ ਦਿਓਲ ਕੈਨਸਸ, ਮਿਜ਼ੌਰੀ***

---

ਅੰਬਰਸਰੇ ਦੇ ਪਾਪੜ ਵੜੀਆਂ ਦੀ
ਸੁਗੰਧੀ ਸੁਆਦ ਸਾਰੀ ਦੁਨੀਆਂ ਜਾਣੇ,
ਜਦੋਂ ਦਰਬਾਰ ਸਾਹਿਬ ਜਾਣ ਦਾ ਮੌਕਾ ਬਣੇ,
ਖਾਣੇ ਭਾਪੇ ਦੀ ਹੱਟੀ ਦੇ ਛੋਲੇ ਭਟੂਰੇ।
ਬੈਠ ਚੁੱਲ੍ਹੇ ਕੋਲ ਮਾਂ ਦੇ ਹੱਥੋਂ
ਪੱਕੀ ਰੋਟੀ ਦਾ ਜੋ ਮਜ਼ਾ
ਉਹ ਖਾਣੇ ਵਾਲਾ ਹੀ ਜਾਣੇ,
ਦੁਨੀਆਂ ਭਰ ਦੇ ਖਾਣੇ
ਪ੍ਰਦੇਸੀਂ ਮਿਲ ਜਾਂਦੇ ਨੇ ਪਰ ਚੰਦਰਾ
ਦਿਲ ਮੁੜ ਵਤਨੀਂ ਜਾਣ ਨੂੰ ਝੂਰੇ।

***-ਸੁਕੰਨਿਆ ਭਾਰਦਵਾਜ ਨਾਭਾ***

---

ਪੱਟ ਦਿੱਤੀ ਦੁਨੀਆਂ ਸਵਾਦਾਂ ਨੇ
ਕੋਈ ਨਾ ਇਸ ਦਾ ਨਫਾ ਨੁਕਸਾਨ ਜਾਣੇ
ਜੀਭ ਦਾ ਸਵਾਦ ਖਾ ਕਰਾਰੀਆਂ ਤਲੀਆਂ
ਅਹਿਸਾਸ ਹੁੰਦਾ ਜਦੋਂ ਚੱਕਾ ਜਾਮ ਹੋ ਜਾਂਦਾ।
ਅੱਸੀ ਪ੍ਰਤੀਸ਼ਤ ਨਾੜਾਂ ਬੰਦ
ਹੋ ਅਪਾਹਜ ਜਦ ਮੰਜੇ 'ਤੇ ਖੋ ਜਾਂਦਾ
ਮਾਨਸਿਕ ਰੋਗੀ ਹੋਸ਼ ਗੁਆ ਬਹਿੰਦਾ
ਡਾਕਟਰ ਕੀ ਕਰੂ ਹੁਣ
ਜਦ ਵਾੜ ਹੀ ਖੇਤ ਨੂੰ ਖਾ ਜਾਂਦੀ।

***-ਦਰਸ਼ਨਪਾਲ ਦੋਸਾਂਝ***

# ਨਸ਼ਾ ਮੁਕਤੀ ਦਾ ਸੰਦੇਸ਼ ਦੇਵੇਗਾ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ

**ਵਾਟਸਨਵਿੱਲ, ਕੈਲੀਫੋਰਨੀਆ (ਬਿਊਰੋ):** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ ਨਾ ਸਿਰਫ ਖੇਡ ਭਾਵਨਾ ਨਾਲ ਕਰਵਾਇਆ ਜਾਵੇਗਾ, ਸਗੋਂ ਸ਼ਰਧਾ ਭਾਵਨਾ ਵੀ ਪੂਰੀ ਤਰ੍ਹਾਂ ਕਾਇਮ ਰੱਖੀ ਜਾਵੇਗੀ। ਇਸੇ ਵਾਲੇ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਅਹਿਮ ਮੀਟਿੰਗ ਵਿਚ ਲਿਆ ਗਿਆ।

ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਕ ਸਾਂਝੇ ਬਿਆਨ 'ਚ ਕਿਹਾ ਕਿ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਵਿਦੇਸ਼ੀ ਧਰਤੀ 'ਤੇ ਪੂਰਾ ਮਾਣ ਸਤਿਕਾਰ ਦੇਣ ਲਈ ਕਲੱਬ ਹਮੇਸ਼ਾ ਯਤਨਸ਼ੀਲ ਰਿਹਾ ਹੈ ਅਤੇ ਇਸ ਵਾਰ ਵੀ ਸਾਫ ਸੁਥਰੇ ਤੇ ਨਸ਼ਾ ਮੁਕਤ ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਸਾਰੇ ਲੋੜੀਂਦੇ 'ਤੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ।



*ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ ਅਤੇ ਜੁਗਰਾਜ ਸਿੰਘ ਸਹੋਤਾ*

ਸੋਚ ਨਾਲ 5 ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

ਇਹ ਫੈਸਲਾ ਕਲੱਬ ਦੇ ਮੁੱਖ ਸਰਪ੍ਰਸਤ 'ਤੇ ਸੰਚਾਲਕ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਐਤਵਾਰ, 15 ਸਤੰਬਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਹੋਣ

ਸ. ਅਮੋਲਕ ਸਿੰਘ ਗਾਖਲ ਨੇ ਇਕ ਵੱਖਰੇ ਬਿਆਨ 'ਚ ਕਿਹਾ ਕਿ ਕੌਮਾਂਤਰੀ ਕਬੱਡੀ ਨਿਯਮਾਂ ਤਹਿਤ ਡਰੱਗ ਫ੍ਰੀ ਕਬੱਡੀ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸਪਾਂਸਰ, ਸਹਿਯੋਗੀ ਅਤੇ ਦਰਸ਼ਕ ਇਸ ਖੇਡ ਮੇਲੇ ਦਾ ਅਹਿਮ ਹਿੱਸਾ ਬਣਨਗੇ। ਕਬੱਡੀ ਕੱਪ ਵਿਚ ਨਾ ਸਿਰਫ ਕਬੱਡੀ ਖੇਤਰ ਨਾਲ ਜੁੜੀਆਂ ਸ਼ਖਸੀਅਤਾਂ ਪਹੁੰਚਣਗੀਆਂ ਸਗੋਂ ਭਾਰਤ, ਪਾਕਿਸਤਾਨ ਅਤੇ ਕੈਨੇਡਾ ਤੋਂ ਰਾਜਨੀਤਕ ਤੇ ਸਮਾਜਿਕ ਰੁਤਬਾ ਰੱਖਣ ਵਾਲੇ ਅਹਿਮ ਲੋਕ ਸ਼ਿਰਕਤ ਕਰਨਗੇ।

ਮੀਟਿੰਗ ਵਿਚ ਪਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਨਰਿੰਦਰ ਸਿੰਘ ਸਹੋਤਾ, ਇੰਦਰਜੀਤ ਸਿੰਘ ਥਿੰਦ, ਦੇਬੀ ਸੋਹਲ, ਗੁਰਪ੍ਰੀਤ ਗਾਖਲ, ਗਿਆਨੀ ਰਵਿੰਦਰ ਸਿੰਘ, ਗੁਲਵਿੰਦਰ ਗਾਖਲ, ਬਲਜਿੰਦਰ ਗਾਖਲ, ਅਰੁਨਦੀਪ ਸਿੰਘ, ਬਲਜਿੰਦਰ ਸਿੰਘ ਤੇ ਜਨਰਲ ਸਕੱਤਰ ਐਸ. ਅਸ਼ੋਕ ਭੌਰਾ ਸ਼ਾਮਿਲ ਸਨ।

# ਸਲਮਾਨ ਖਾਨ ਨੇ ਗਾਰਡ ਦੇ ਥੱਪੜ ਜੜਿਆ

**ਮੁੰਬਈ:** ਛੋਟੀ ਉਮਰ ਦੇ ਪ੍ਰਸੰਸਕ (ਫੈਨ) ਦੀ ਸੁਰੱਖਿਆ ਗਾਰਡ ਵੱਲੋਂ ਖਿੱਚ-ਧੂਹ ਤੋਂ ਖਫਾ ਹੋਏ ਅਦਾਕਾਰ ਸਲਮਾਨ ਖਾਨ ਨੇ ਗਾਰਡ ਦੇ ਥੱਪੜ ਜੜ ਦਿੱਤਾ। ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਘਟਨਾ ਫਿਲਮ 'ਭਾਰਤ' ਦੇ ਪ੍ਰੀਮੀਅਰ ਮੌਕੇ ਵਾਪਰੀ।

ਵਾਇਰਲ ਹੋਈ ਵੀਡੀਓ ਵਿਚ ਸਲਮਾਨ ਆਪਣੇ ਵਾਹਨ ਵੱਲ ਤੁਰਿਆ ਜਾਂਦਾ ਦਿਖਾਈ ਦਿੰਦਾ ਹੈ ਅਤੇ ਸੁਰੱਖਿਆ ਗਾਰਡ ਨੇ ਰਸਤਾ ਸਾਫ ਕਰਨ ਲਈ ਭੀੜ ਵਿਚ ਇਕ ਬੱਚੇ ਦੀ ਖਿੱਚ-ਧੂਹ ਕੀਤੀ। ਇਸ 'ਤੇ ਉਸ ਨੇ ਗਾਰਡ ਦੇ ਥੱਪੜ ਮਾਰ ਦਿੱਤਾ।

# ਆਲਮੀ ਪੱਧਰ 'ਤੇ ਬਾਲ ਵਿਆਹਾਂ ਬਾਰੇ ਨਮੋਸ਼ੀ ਵਾਲੀ ਅੰਕੜੇ

**ਨਿਊ ਯਾਰਕ:** ਭਾਵੇਂ ਦੁਨੀਆਂ ਦੇ ਵੱਡੀ ਤਰੱਕੀ ਕਰ ਲਈ ਹੈ ਪਰ ਇਸ ਦੇ ਬਾਵਜੂਦ ਬਾਲ ਵਿਆਹ ਰੁਕਣ ਦਾ ਨਾਂ ਨਹੀਂ ਲੈ ਰਹੇ। ਯੂਨੀਸੈਫ ਦੀ ਇਕ ਰਿਪੋਰਟ ਨੇ ਆਲਮੀ ਪੱਧਰ 'ਤੇ ਬਾਲ ਵਿਆਹ ਨਾਲ ਸਬੰਧਤ ਵੱਡਾ ਖੁਲਾਸਾ ਕੀਤਾ ਹੈ। ਇਸ ਰਿਪੋਰਟ ਮੁਤਾਬਕ ਦੁਨੀਆਂ ਵਿਚ ਹਰ ਪੰਜਾਂ ਵਿਚੋਂ ਇਕ ਬੱਚੇ ਦਾ 15 ਸਾਲਾਂ ਦੀ ਉਮਰ ਤੋਂ ਪਹਿਲਾਂ ਹੀ ਵਿਆਹ ਹੋ ਜਾਂਦਾ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇੰਨੀ ਘੱਟ ਉਮਰ ਵਿਚ ਵਿਆਹੇ ਜਾਣ ਵਾਲੇ ਲੜਕਿਆਂ ਦੀ ਗਿਣਤੀ ਲਗਭਗ 2.3 ਕਰੋੜ ਹੈ। ਇਸ ਰਿਪੋਰਟ ਨੂੰ ਬਣਾਉਣ ਵਿਚ 82 ਦੇਸ਼ਾਂ ਤੋਂ ਡੇਟਾ ਇਕੱਠਾ ਕੀਤਾ ਗਿਆ ਹੈ। ਇਹ ਦੇਸ਼ ਸਬ ਸਹਾਰਾ, ਅਫਰੀਕਾ, ਲੈਟਿਨ ਅਮਰੀਕਾ ਤੇ ਕੈਰੇਬਿਅਨ, ਦੱਖਣੀ ਏਸ਼ੀਆ, ਪੂਰਬੀ ਏਸ਼ੀਆ ਤੇ ਪੈਸੀਫਿਕ ਖੇਤਰ ਦੇ ਹਨ। ਯੂਨੀਸੈਫ ਦੀ ਐਗਜ਼ੀਕਿਊਟਿਵ ਡਾਇਰੈਕਟਰ ਨੇ ਕਿਹਾ ਕਿ ਵਿਆਹ ਹੋ ਜਾਣ ਨਾਲ ਬੱਚਿਆਂ ਦਾ ਬਚਪਨਾ ਖਤਮ ਹੋ ਜਾਂਦਾ ਹੈ ਤੇ ਉਹ ਬਚਪਨ ਦੀ ਛੋਟੀ ਉਮਰ ਵਿਚ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬੇ-ਕੁਚਲੇ ਜਾਂਦੇ ਹਨ। ਘੱਟ ਉਮਰ ਵਿਚ ਵਿਆਹ ਹੋਣ ਨਾਲ ਲੜਕੇ ਜਲਦੀ ਪਿਤਾ ਬਣ ਜਾਂਦੇ ਹਨ ਜਿਸ ਕਰ ਕੇ ਪਰਿਵਾਰ ਦੀ ਦੇਖਭਾਲ ਵੀ ਸਹੀ ਤਰ੍ਹਾਂ ਨਹੀਂ ਹੁੰਦੀ।


ਪੜ੍ਹਾਈ-ਲਿਖਾਈ 'ਤੇ ਵੀ ਮਾੜਾ ਅਸਰ ਪੈਂਦਾ ਹੈ। ਰਿਪੋਰਟ ਮੁਤਾਬਕ ਸਭ ਤੋਂ ਵੱਧ ਬਾਲ ਵਿਆਹ ਕੇਂਦਰੀ ਅਫਰੀਕਨ ਰਿਪਬਲਿਕ ਵਿਚ ਹੁੰਦੇ ਹਨ। ਇਥੋਂ ਦੇ 28 ਫੀਸਦੀ ਲੜਕਿਆਂ ਦਾ ਵਿਆਹ 15 ਸਾਲਾਂ ਤੋਂ ਘੱਟ ਉਮਰ ਵਿਚ ਹੀ ਹੋ ਜਾਂਦਾ ਹੈ।

ਯੂਨੀਸੈਫ ਨੇ ਰਿਪੋਰਟ ਵਿਚ ਪਾਇਆ ਕਿ ਬਾਲ ਵਿਆਹ ਦੇ ਜ਼ਿਆਦਾਤਰ ਮਾਮਲੇ ਗਰੀਬ ਲੋਕਾਂ ਵਿਚ ਹੁੰਦੇ ਹਨ ਜੋ ਪੇਂਡੂ ਇਲਾਕੇ ਵਿਚ ਰਹਿੰਦੇ ਹਨ ਤੇ ਉਨ੍ਹਾਂ ਦੀ ਪੜ੍ਹਾਈ ਵੀ ਕਾਫੀ ਘੱਟ ਹੁੰਦੀ ਹੈ।

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
www.homeopathicvibes.com
**Ph: (408) 737-7100**
Fax: (408)737-7102
39210 State St., Suite 111, Fremont, CA 94538
*We sell and ship homeopathic remedies through out North America.*

**US Business Brokers Inc.**


**American Financing Group LLC**

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ






**Financing - Loans**

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

Contact us for any Financing Need Nationwide.

• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH

**916-995-0783 (Cell)**
**425-529-6283 (Cell)**
*630-206-2467 (Fax)*
www.ubbchicago.com aj@ubbchicago.com

# ਪੁਲਿਸ ਹਿਰਾਸਤ ਦੌਰਾਨ ਮੌਤਾਂ ਦਾ ਵਰਤਾਰਾ

**ਭਖਦੇ ਮਸਲੇ**

ਪੁਲਿਸ ਹਿਰਾਸਤ ਵਿਚ ਮੌਤਾਂ ਦਾ ਸਿਲਸਿਲਾ ਪੰਜਾਬ ਪੁਲਿਸ ਲਈ ਕੋਈ ਨਵਾਂ ਨਹੀਂ। ਪੰਜਾਬ ਵਿਚ ਆਏ ਕਾਲੇ ਦੌਰ 1982 ਤੋਂ 93 ਤਕ ਹਜ਼ਾਰਾਂ ਨੌਜਵਾਨਾਂ ਨੂੰ ਹਿਰਾਸਤ ਵਿਚ ਲੈ ਕੇ ਕਥਿਤ ਝੂਠੇ ਮੁਕਾਬਲੇ ਬਣਾ ਕੇ ਖਤਮ ਕੀਤਾ ਗਿਆ ਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਵੀ ਲਾਵਾਰਸ ਕਹਿ ਸਾੜਿਆ ਗਿਆ, ਨਹਿਰਾਂ-ਦਰਿਆਵਾਂ ਵਿਚ ਰੋੜ੍ਹ ਦਿੱਤਾ ਗਿਆ। ਇਸ ਅਣਮਨੁੱਖੀ ਹਕੂਮਤੀ ਤਸ਼ੱਦਦ ਖਿਲਾਫ ਅਵਾਜ਼ ਉਠਾਉਣ ਵਾਲੇ ਜਸਵੰਤ ਸਿੰਘ ਖਾਲੜਾ ਨੂੰ ਵੀ ਇੱਕ ਲਾਸ਼ ਬਣਾ ਦਿੱਤਾ ਗਿਆ। 1993 ਤੋਂ ਬਾਅਦ ਵੀ ਜਬਰ ਦਾ ਇਹ ਵਰਤਾਰਾ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਰਿਹਾ ਹੈ।



ਸੁਕੰਨਿਆ ਭਾਰਦਵਾਜ ਨਾਭਾ
ਫੋਨ: 815-307-3112

ਇਸੇ ਨਾ-ਮੁੱਕਣ ਵਾਲੇ ਜਬਰ ਜ਼ੁਲਮ ਅਧੀਨ ਨਵਾਂ ਕਾਂਡ ਫਰੀਦਕੋਟ ਵਿਚ ਵਾਪਰਿਆ ਹੈ, ਜਿਸ ਵਿਚ ਪੁਲਿਸ ਹਿਰਾਸਤ ਦੌਰਾਨ ਗਰੀਬ ਕਿਸਾਨ ਹਰਬੰਸ ਸਿੰਘ ਵਾਸੀ ਪੰਜਾਵਾ ਹਲਕਾ ਲੰਬੀ (ਫਰੀਦਕੋਟ) 22 ਸਾਲਾ ਪੁੱਤਰ ਜਸਪਾਲ ਸਿੰਘ ਮਾਰਿਆ ਗਿਆ ਹੈ। ਪੰਦਰਾਂ ਦਿਨ ਤੋਂ ਵੱਧ ਬੀਤ ਜਾਣ 'ਤੇ ਵੀ ਉਸ ਦੀ ਲਾਸ਼ ਵਾਰਸਾਂ ਨੂੰ ਨਹੀਂ ਮਿਲੀ। ਦੂਜੇ ਪਾਸੇ ਉਸ ਨੂੰ ਹਿਰਾਸਤ ਵਿਚ ਲੈਣ ਵਾਲੇ ਸੀ. ਆਈ. ਏ. ਇੰਚਾਰਜ ਨਰਿੰਦਰ ਸਿੰਘ ਵੀ 19 ਮਈ ਦੀ ਸ਼ਾਮ ਨੂੰ ਹੀ ਖੁਦਕੁਸ਼ੀ ਕਰ ਗਿਆ, ਜੋ ਇੱਕ ਭੇਦ ਬਣਿਆ ਹੋਇਆ ਹੈ ਤੇ ਕਿਸੇ ਵੱਡੀ ਘਟਨਾ ਵੱਲ ਇਸ਼ਾਰਾ ਕਰਦਾ ਹੈ; ਜਦਕਿ ਜਸਪਾਲ 19 ਮਈ ਦੀ ਸਵੇਰ ਨੂੰ ਖੁਦਕੁਸ਼ੀ ਕਰਦਾ ਦੱਸਿਆ ਜਾਂਦਾ ਹੈ। ਜਸਪਾਲ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਸਮੂਹ ਇਲਾਕਾ ਨਿਵਾਸੀਆਂ ਨੇ ਐਕਸ਼ਨ ਕਮੇਟੀ ਦੀ ਅਗਵਾਈ ਵਿਚ 20 ਮਈ ਤੋਂ ਐਸ. ਐਸ. ਪੀ. ਫਰੀਦਕੋਟ ਦੇ ਦਫਤਰ ਮੂਹਰੇ ਧਰਨਾ ਲਾਇਆ ਹੋਇਆ ਹੈ, ਪਰ ਅਜੇ ਤਕ ਉਸ ਦੇ ਮਾਪਿਆਂ ਨੂੰ ਇਹੋ ਨਹੀਂ ਪਤਾ ਕਿ ਉਨ੍ਹਾਂ ਦੇ ਬੱਚੇ ਨਾਲ ਕੀ ਬੀਤੀ ਹੈ? ਉਸ ਦਾ ਕਸੂਰ ਕੀ ਸੀ? ਉਹ ਜਿਉਂਦਾ ਹੈ ਜਾਂ ਮੁਰਦਾ। ਉਹਦੀ ਮਾਂ ਤੇ ਨਾਨਾ ਝੋਲੀਆਂ ਅੱਡ ਅੱਡ ਕੇ ਪੰਜਾਬ ਸਰਕਾਰ ਤੇ ਪੁਲਿਸ ਨੂੰ ਫਰਿਆਦ ਕਰ ਰਹੇ ਹਨ ਕਿ ਜੇ ਉਨ੍ਹਾਂ ਦੇ ਬੱਚੇ ਨੂੰ ਪੁਲਿਸ ਨੇ ਮਾਰ ਹੀ ਦਿੱਤਾ ਹੈ ਤਾਂ ਘੱਟੋ ਘੱਟ ਉਸ ਦੀ ਲਾਸ਼ ਤਾਂ ਪਰਿਵਾਰ ਨੂੰ ਦੇ ਦੇਣ। ਪਰ ਪੁਲਿਸ ਕੋਈ ਲੜ ਨਹੀਂ ਫੜਾ ਰਹੀ। ਪੁਲਿਸ ਵਲੋਂ ਕਈ ਕਹਾਣੀਆਂ ਘੜੀਆਂ ਜਾ ਰਹੀਆਂ ਹਨ, ਜੋ ਜਸਪਾਲ ਦੀ ਹਿਰਾਸਤੀ ਮੌਤ ਨੂੰ ਭੇਦ ਪੂਰਨ ਬਣਾ ਰਹੀਆਂ ਹਨ।

ਸਰਕਾਰ ਦੀ ਅਸੰਵੇਦਨਸ਼ੀਲਤਾ ਇਨਸਾਫ ਮੰਗਣ ਵਾਲਿਆਂ ਦੇ ਹੌਸਲੇ ਪਸਤ ਕਰ ਰਹੀ ਹੈ। ਅਸੀਂ ਕਿਹੋ ਜਿਹਾ ਸਮਾਜ ਸਿਰਜ ਰਹੇ ਹਾਂ! ਅਸੀਂ ਇੱਕੀਵੀਂ ਸਦੀ ਵਿਚ ਵੀ ਬਾਬਰ ਵਾਲੇ ਯੁੱਗ ਦਾ ਵਰਤਾਰਾ ਕਰ ਰਹੇ ਹਾਂ। ਬਾਬੇ ਨਾਨਕ ਨੇ 'ਬਾਬਰ ਨੂੰ ਜਾਬਰ' ਤੇ 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ' ਵਰਗੇ ਵੰਗਾਰਮਈ ਸੰਵਾਦ ਰਚ ਕੇ ਉਹਦੇ ਜਬਰ ਜ਼ੁਲਮ ਉਤੇ ਮਨੁੱਖਤਾਵਾਦੀ ਅਵਾਜ਼ ਬੁਲੰਦ ਕੀਤੀ ਸੀ।

ਕਿਹੜਾ ਲੋਕਤੰਤਰ, ਕਿਹੜੇ ਸਾਡੇ ਆਪਣੇ? ਕੁਝ ਘੰਟਿਆਂ ਵਿਚ ਹੀ ਦਿਨ ਦਿਹਾੜੇ ਦੋ ਦੋ ਕਤਲ ਹੋ ਜਾਣ 'ਤੇ ਵੀ ਜਿਨ੍ਹਾਂ ਦੀ ਜ਼ਮੀਰ ਨਹੀਂ ਜਾਗੀ! ਆਪਣੇ ਆਵਾਮ ਪ੍ਰਤੀ ਫਰਜ਼ਾਂ ਦਾ ਚੇਤਾ ਨਹੀਂ ਆਇਆ! ਇੱਕ ਪਾਸੇ ਮਾਂ ਦੀ ਝੋਲੀ ਵਿਚੋਂ ਖੋਹ ਕੇ ਪੁੱਤ ਮਾਰ ਦਿੱਤਾ, ਦੂਜਾ ਆਪਣੀ ਸਾਥਣ ਤੇ ਬੱਚਿਆਂ ਨੂੰ ਅਨਾਥ ਬਣਾ ਗਿਆ।

ਦੋ ਦੋ ਕਤਲ ਹੋ ਗਏ ਤੇ ਸੂਬੇ ਦਾ 'ਪ੍ਰਧਾਨ ਸੇਵਕ' ਆਪਣੀ ਪਾਕਿਸਤਾਨੀ ਮਹਿਲਾ ਮਿੱਤਰ ਦਾ ਜਨਮ ਦਿਨ ਮਨਾ ਰਿਹਾ ਹੈ। ਕਹਿੰਦਿਆਂ ਲਿਖਦਿਆਂ ਵੀ ਸ਼ਰਮ ਆਉਂਦੀ ਹੈ, ਬੁੱਢੀ ਘੋੜੀ ਲਾਲ ਲਗਾਮ! ਕੀ ਇਹੋ ਜਿਹੇ ਆਵਾਮ ਵਿਰੋਧੀ ਅਸੰਵੇਦਨਸ਼ੀਲ ਵਿਅਕਤੀ ਨੂੰ ਸੂਬੇ ਦੀ ਸਭ ਤੋਂ ਉਚੀ ਕੁਰਸੀ ਉਤੇ ਬੈਠਣ ਦਾ ਕੋਈ ਹੱਕ ਹੈ? ਲੋਕਾਂ ਦਾ ਨਹੀਂ, ਘੱਟੋ ਘੱਟ ਆਪਣੇ ਪਰਿਵਾਰ ਦਾ ਹੀ ਲਿਹਾਜ ਹੋਵੇ। ਉਹ ਲੋਕਾਂ ਨੂੰ ਕੀ ਜੁਆਬ ਦਿੰਦੇ ਹੋਣਗੇ? ਅਜਿਹੇ ਚੋਚਲੇ ਇਸ ਉਮਰੇ ਸ਼ੋਭਾ ਦਿੰਦੇ ਨੇ, ਉਹ ਵੀ ਇਸ ਜਮਹੂਰੀ ਨਿਜ਼ਾਮ ਵਿਚ? ਜਿਨ੍ਹਾਂ ਲੋਕਾਂ ਨੇ ਤੁਹਾਨੂੰ ਇਥੇ ਪਹੁੰਚਾਇਆ, ਉਨ੍ਹਾਂ ਦੇ ਖੂਨ ਪਸੀਨੇ ਦੀ ਕਮਾਈ ਨਾਲ ਆਪਣੇ ਸ਼ਾਹੀ ਅਰਮਾਨ ਪੂਰੇ ਕਰਦੇ ਹੋ। ਜਿਸ ਦਿਨ ਜਸਪਾਲ ਸਿੰਘ ਤੇ ਸੀ. ਆਈ. ਏ. ਇੰਚਾਰਜ ਨਰਿੰਦਰ ਸਿੰਘ-ਦੋਵੇਂ ਮੌਤ ਨੂੰ ਗਲੇ ਲਾਉਂਦੇ ਹਨ, ਉਸ ਦਿਨ ਸਾਰੇ ਸਿਆਸੀ ਨੇਤਾ ਆਪਣੇ ਹੱਕ ਵਿਚ ਵੋਟਾਂ ਦੇਣ ਲਈ ਇਨ੍ਹਾਂ ਲੋਕਾਂ ਦੀਆਂ ਲੇਲੜੀਆਂ ਕੱਢ ਰਹੇ ਸਨ।



ਜਸਪਾਲ ਸਿੰਘ ਪੰਜਾਵਾ

ਕਿਸੇ ਨੂੰ ਲਗਦਾ ਹੋਊ ਕਿ ਇਹ ਉਸ ਦਾ ਨਿੱਜੀ ਮਾਮਲਾ ਹੈ, ਪਰ ਜਿਹੜਾ ਲੱਖਾਂ ਲੋਕਾਂ ਤੋਂ ਵੋਟਾਂ ਮੰਗ ਕੇ ਉਨ੍ਹਾਂ ਦੀ ਨੁਮਾਇੰਦਗੀ ਕਰਨ ਦਾ ਦਮ ਭਰ ਕੇ ਇਸ ਉਚ ਹਕੂਮਤੀ ਪਦਵੀ 'ਤੇ ਪਹੁੰਚਿਆ ਹੋਵੇ, ਉਸ 'ਤੇ ਉਸ ਸੂਬੇ ਦੇ ਸਮੂਹ ਨਿਵਾਸੀਆਂ ਦਾ ਪਹਿਲਾ ਹੱਕ ਹੈ। ਸਿਆਸੀ ਵਿਅਕਤੀ ਲਈ ਕੀ ਨਿੱਜਤਾ? ਲੋਕਤੰਤਰ ਵਿਚ ਉਹ ਲੋਕਾਂ ਦਾ ਸੇਵਾਦਾਰ ਹੈ, ਨਾ ਕਿ ਮਾਲਕ। ਇਨਸਾਫ ਮੰਗਦੇ ਲੋਕ ਵਰ੍ਹਦੀਆਂ ਧੁੱਪਾਂ ਵਿਚ ਸੜਕਾਂ 'ਤੇ ਨਿਕਲ ਰਹੇ ਹਨ। ਐਸ. ਐਸ. ਪੀ. ਦਫਤਰ ਦਾ ਘਿਰਾਓ ਜਾਰੀ ਹੈ। ਪਰਿਵਾਰ ਝੋਲੀਆਂ ਅੱਡ ਅੱਡ ਕੇ ਦੁਹਾਈਆਂ ਦੇ ਰਿਹਾ ਹੈ ਕਿ ਅਸੀਂ ਤਾਂ ਆਪਣਾ ਬੱਚਾ ਗੁਆ ਲਿਆ ਹੈ, ਲੋਕੋ ਤੁਸੀਂ ਆਪਣੇ ਬੱਚੇ ਬਚਾ ਲਓ ਇਨ੍ਹਾਂ ਜਾਲਮਾਂ ਤੋਂ। ਇਹ ਮੰਜਰ ਦੇਖ ਕੇ ਪੱਥਰ ਵੀ ਪਿਘਲ ਜਾਣ, ਪਰ ਅਮਨ ਕਾਨੂੰਨ ਦੀਆਂ ਡੀਂਗਾਂ ਮਾਰਨ ਵਾਲੀ ਸਰਕਾਰੀ ਮਸ਼ੀਨਰੀ ਦੇ ਕੰਨ 'ਤੇ ਜੂੰ ਨਹੀਂ ਸਰਕੀ।

ਉਲਟਾ ਇਸ ਦੋਹਰੇ ਕਤਲ ਕਾਂਡ ਨੂੰ ਦਬਾਉਣ ਲਈ ਹਕੂਮਤ ਵਲੋਂ ਨਵੇਂ ਪੈਂਤੜੇ ਵਰਤੇ ਜਾ ਰਹੇ ਹਨ। ਵੀਡੀਓ ਪਾਈਆਂ ਜਾ ਰਹੀਆਂ ਹਨ ਕਿ ਜਸਪਾਲ ਲੜਕੀਆਂ ਦਾ ਰੈਕਟ ਚਲਾਉਂਦਾ ਸੀ। ਲੋਕ ਸੁਆਲ ਕਰਦੇ ਹਨ ਕਿ ਇੱਕ ਗਰੀਬ ਘਰ ਦਾ ਬੱਚਾ, ਟੋਲ ਪਲਾਜ਼ੇ 'ਤੇ ਕੰਮ ਕਰਨ ਵਾਲਾ, ਜਿਸ ਦੇ ਬਟੂਏ ਵਿਚੋਂ ਕੇਵਲ 100 ਰੁਪਿਆ ਮਿਲਿਆ ਹੋਵੇ, ਉਹ ਚੰਡੀਗੜ੍ਹ ਜਾ ਕੇ ਲੜਕੀਆਂ ਨੂੰ ਬਲੈਕਮੇਲ ਕਰਦਾ ਹੋਊ? ਬਿਨਾ ਐਫ. ਆਈ. ਆਰ. ਤੋਂ ਇੱਕ ਕਥਿਤ ਝੂਠੇ ਫੋਨ 'ਤੇ ਕਿ ਉਸ ਕੋਲ ਨਾਜਾਇਜ਼ ਅਸਲਾ ਹੈ, ਪੁਲਿਸ ਜਸਪਾਲ ਨੂੰ ਰੱਤੀ ਰੋੜੀ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਰਾਤ ਨੂੰ ਗ੍ਰਿਫਤਾਰ ਕਰਦੀ ਹੈ। ਉਸ ਦੀ ਜਾਮਾ ਤਲਾਸ਼ੀ ਤੇ ਕਮਰੇ ਦੀ ਤਲਾਸ਼ੀ ਤੋਂ ਵੀ ਕੁਝ ਨਹੀਂ ਮਿਲਦਾ। ਫਿਰ ਕਾਨੂੰਨੀ ਤੌਰ 'ਤੇ ਤਾਂ ਪੁਲਿਸ ਉਸ ਨੂੰ ਥਾਣੇ ਵੀ ਨਹੀਂ ਲਿਜਾ ਸਕਦੀ ਸੀ। ਦੂਜਾ, ਇਹ ਹੱਕ ਕੀਹਨੇ ਦੇ ਦਿੱਤਾ ਕਿ ਬੇਕਸੂਰ ਨੂੰ ਮਾਰਨ ਜਾਂ ਮਰਨ ਲਈ ਮਜਬੂਰ ਕਰ ਦੇਵੇ? ਫਿਰ ਉਸ ਨੂੰ ਫੜਨ ਵਾਲਾ ਸੀ. ਆਈ. ਏ. ਇੰਚਾਰਜ ਵੀ ਆਪਣੇ ਆਪ ਨੂੰ ਗੋਲੀ ਮਾਰ ਲਵੇ? ਇਹ ਸਾਰਾ ਕੁਝ ਪੁਲਿਸ ਦੇ ਸਾਹਮਣੇ ਹੀ ਦਿਨ ਦਿਹਾੜੇ ਥਾਣੇ ਵਿਚ ਵਾਪਰਦਾ ਹੈ। ਸੀ. ਸੀ. ਟੀ. ਵੀ. ਕੈਮਰੇ ਵੀ ਲੱਗੇ ਹੋਏ ਹਨ। ਪੁਲਿਸ ਨਫਰੀ ਤੇ ਨਰਿੰਦਰ ਸਿੰਘ ਦੇ ਗੰਨਮੈਨ ਵੀ ਤਾਂ ਉਥੇ ਹੀ ਸਨ, ਤਾਂ 'ਸਿੱਟ' ਬਿਠਾਉਣ ਦੇ ਕੀ ਅਰਥ ਰਹਿ ਜਾਂਦੇ ਹਨ? ਇਹ ਸਾਰਾ ਕੁਝ ਵੱਡੇ ਸਿਆਸੀ ਤੇ ਪੁਲਿਸ ਅਧਿਕਾਰੀਆਂ ਦੀ ਮਿਲੀ ਭੁਗਤ ਵੱਲ ਹੀ ਇਸ਼ਾਰਾ ਕਰਦਾ ਹੈ।

ਪਰਿਵਾਰ ਸੱਤਾ ਤੇ ਵਿਰੋਧੀ ਧਿਰ ਦੇ ਦਰਵਾਜੇ ਖੜਕਾ ਕੇ ਥੱਕ ਚੁਕਾ ਹੈ। ਰੋਸ ਧਰਨੇ ਵਿਚ ਸ਼ਾਮਲ ਧਿਰ ਦਾ ਕਹਿਣਾ ਹੈ ਕਿ ਜੇ ਪੁਲਿਸ ਨੇ ਲਾਸ਼ ਰਾਜਸਥਾਨ ਫੀਡਰ ਵਿਚੋਂ ਲੱਭਣੀ ਹੁੰਦੀ ਤਾਂ ਉਸੇ ਵੇਲੇ ਹੀ ਨਹਿਰ ਦਾ ਪਾਣੀ ਘਟਾ ਕੇ ਲੱਭ ਸਕਦੀ ਸੀ। ਮੁਣਸੀ ਤੇ ਸੰਤਰੀ 'ਤੇ ਪਰਚਾ ਕਰਨਾ ਵੀ ਸੁਆਲਾਂ ਦੇ ਘੇਰੇ ਵਿਚ ਹੈ। ਮੁਖ ਦੋਸ਼ੀ, ਜਿਸ ਨੇ ਝੂਠਾ ਫੋਨ ਕਰਕੇ ਜਸਪਾਲ ਨੂੰ ਚੁਕਾਇਆ ਸੀ, ਨੂੰ ਅਜੇ ਤਕ ਗ੍ਰਿਫਤਾਰ ਨਹੀਂ ਕੀਤਾ ਗਿਆ। ਫਿਰ ਵੀਡੀਓ ਵਾਇਰਲ ਕਰਾਉਣਾ ਕਿ ਉਹ ਲੜਕੀਆਂ ਦੇ ਨਾਜਾਇਜ਼ ਧੰਦੇ ਵਿਚ ਲਿਪਤ ਸੀ। ਇਹ ਵੀ ਕਿਸੇ ਆਮ ਵਿਅਕਤੀ ਰਾਹੀਂ, ਜੋ ਨਿਹੰਗ ਬਾਣੇ ਵਿਚ ਹੈ। ਉਹ ਧਰਨਾਕਾਰੀਆਂ ਨੂੰ ਵੀ ਪ੍ਰਦਸ਼ਨ ਤੋਂ ਰੋਕਣ ਦੀਆਂ ਸਲਾਹਾਂ ਦੇ ਰਿਹਾ ਹੈ। ਕੋਈ ਗੀਤਕਾਰ ਵੀ ਇਸੇ ਘਟਨਾ ਕ੍ਰਮ ਦੇ ਪ੍ਰਸੰਗ ਵਿਚ ਆ ਰਿਹਾ ਹੈ, ਪਰ ਪੁਲਿਸ ਇਨ੍ਹਾਂ ਘਟਨਾਵਾਂ ਤੇ ਬੰਦਿਆਂ ਦਾ ਕੋਈ ਨੋਟਿਸ ਨਹੀਂ ਲੈ ਰਹੀ, ਜਿਸ ਕਾਰਨ ਪੁਲਿਸ ਤੇ ਸਰਕਾਰ ਉਤੇ ਉਂਗਲੀ ਉਠਣੀ ਲਾਜ਼ਮੀ ਹੈ।

ਕੌਮਾਂਤਰੀ ਕਾਨੂੰਨ ਮੁਤਾਬਕ ਜੰਗ 'ਚ ਮਾਰੇ ਗਏ ਫੌਜੀਆਂ ਦੀਆਂ ਲਾਸ਼ਾਂ ਵਾਰਸਾਂ ਕੋਲ ਪਹੁੰਚਾਉਣੀਆਂ ਜਰੂਰੀ ਹਨ, ਪਰ ਪੰਜਾਬ ਪੁਲਿਸ 'ਤੇ ਸ਼ਾਇਦ ਇਹ ਵੀ ਲਾਗੂ ਨਹੀਂ। ਪੁਲਿਸ ਅਸਲ ਵਿਚ ਲਾਸ਼ ਲੱਭਣਾ ਹੀ ਨਹੀਂ ਚਾਹੁੰਦੀ ਕਿਉਂਕਿ ਲਾਸ਼ ਦੇ ਮੁਆਇਨੇ ਨਾਲ ਪੁਲਿਸ ਤੰਤਰ ਦਾ ਪਾਜ ਖੁੱਲ੍ਹਣ ਦਾ ਖਤਰਾ ਹੈ। ਜਿੰਨੀ ਦੇਰੀ ਹੋਵੇਗੀ, ਉਨੇ ਸਬੂਤ ਮਿਲਣ ਦੀ ਪ੍ਰਕ੍ਰਿਆ ਮੱਧਮ ਹੋਵੇਗੀ। ਸਿਰਫ ਜਾਬਤਾ ਪੂਰਾ ਕਰ ਰਹੀ ਹੈ। ਮਾਂ ਦੀ ਕੁੱਖ ਉਜੜ ਗਈ, ਪਤਨੀ ਦੇ ਸਿਰ ਦਾ ਸਾਇਆ ਤੇ ਬੱਚਿਆਂ ਦਾ ਯਤੀਮਪੁਣਾ ਸੱਤਾ ਦੇ ਲਾਲਚੀਆਂ ਲਈ ਕੋਈ ਅਰਥ ਨਹੀਂ ਰੱਖਦਾ। ਕੰਜਕਾਂ ਨੂੰ ਪੂਜਣ ਵਾਲੇ ਸਮਾਜ ਵਿਚ 4 ਤੇ 10 ਸਾਲ ਦੀਆਂ ਬੱਚੀਆਂ ਨੂੰ ਦਰਿੰਦਿਆਂ ਵਲੋਂ ਹਵਸ਼ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਕਿਥੇ ਹੈ ਕਾਨੂੰਨ? ਕਿਥੇ ਹਨ ਲੋਕਾਂ ਦੇ ਰਾਖੇ? ਇਹ ਉਦੋਂ ਸੋਚਣਾ ਬਣਦਾ ਹੈ ਜਦੋਂ ਇਹ ਵੋਟਾਂ ਮੰਗਣ ਆਉਂਦੇ ਹਨ ਤੇ ਲੋਕ ਇਨ੍ਹਾਂ ਦੇ ਬਹਿਕਾਵੇ ਵਿਚ ਆ ਕੇ ਆਪਣਾ ਭਾਈਚਾਰਾ ਗੰਵਾ ਬਹਿੰਦੇ ਹਨ। ਅੱਜ ਜੇ ਤੁਹਾਡੇ ਦੁੱਖ ਵਿਚ ਸ਼ਰੀਕ ਹੋ ਕੇ ਤੇ ਜਬਰ ਜੁਲਮ ਖਿਲਾਫ ਕੰਧ ਬਣ ਕੇ ਖੜਾ ਹੈ ਤਾਂ ਤੁਹਾਡਾ ਭਾਈਚਾਰਾ ਖੜਾ ਹੈ। ਸੋ ਸਾਨੂੰ ਇਸ ਤੰਤਰ ਨੂੰ ਸਮਝਣ ਦੀ ਲੋੜ ਹੈ ਤਾਂ ਜੋ ਇਹ ਗੈਰਮਨੁੱਖੀ ਕਾਰੇ ਨਾ ਵਰਤ ਸਕਣ।

## ਕਮਾਈ ਪੱਖੋਂ ਅੰਮ੍ਰਿਤਸਰ ਹਵਾਈ ਅੱਡੇ ਨੇ ਤੋੜੇ ਰਿਕਾਰਡ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਦਾਅਵਾ ਕੀਤਾ ਕਿ ਸਤੰਬਰ ਮਹੀਨੇ ਪਿਛੋਂ ਇਥੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਪਰਿਵਾਰ ਵਾਲਿਆਂ ਨੂੰ ਛੱਡਣ ਜਾਂ ਲੈਣ ਆਉਣ ਵਾਲੇ ਪਰਿਵਾਰਕ ਮੈਂਬਰਾਂ ਦੀਆਂ ਗੱਡੀਆਂ ਦੀ ਕੋਈ ਵਾਧੂ ਫੀਸ ਨਹੀਂ ਲਈ ਜਾਵੇਗੀ। ਇਸ ਤੋਂ ਬਿਨਾ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ ਦੀਆਂ ਸਬਜ਼ੀਆਂ ਅਤੇ ਫਲਾਂ ਦੇ ਐਗਰੋ ਪ੍ਰੋਡਕਟਸ ਦੀ ਦਰਾਮਦ ਬਰਾਮਦ ਲਈ ਕੋਲਡ ਸਟੋਰ ਦੀ ਸਹੂਲਤ ਸ਼ੁਰੂ ਕੀਤੀ ਜਾਵੇਗੀ। ਉਹ ਇਥੇ ਹਵਾਈ ਅੱਡੇ 'ਤੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਪੁੱਜੇ ਸਨ।

ਉਨ੍ਹਾਂ ਦਾਅਵਾ ਕੀਤਾ ਕਿ ਲਗਭਗ 80 ਕਰੋੜ ਰੁਪਏ ਦੇ ਘਾਟੇ ਵਿਚ ਚਲਾ ਗਿਆ ਇਹ ਏਅਰਪੋਰਟ ਹੁਣ 12 ਕਰੋੜ ਰੁਪਏ ਮੁਨਾਫੇ ਵਾਲਾ ਹਵਾਈ ਅੱਡਾ ਬਣ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ 2010 ਵਿਚ ਮਨਮੋਹਨ ਸਿੰਘ ਸਰਕਾਰ ਵੇਲੇ ਹਵਾਈ ਅੱਡਾ ਵਿੱਤੀ ਘਾਟੇ ਵਿਚ ਚਲਾ ਗਿਆ ਸੀ, ਪਰ ਭਾਜਪਾ ਸਰਕਾਰ ਸਦਕਾ ਕਈ ਉਡਾਣਾਂ ਬਹਾਲ ਹੋਈਆਂ ਅਤੇ ਹੁਣ ਇਹ ਹਵਾਈ ਅੱਡਾ ਘਾਟੇ ਵਿਚੋਂ ਬਾਹਰ ਆ ਗਿਆ ਹੈ। ਸਰਕਾਰ ਵੱਲੋਂ ਇਸ ਨੂੰ ਤੇਜ਼ੀ ਨਾਲ ਵਿਕਸਿਤ ਹੋ ਰਹੇ ਹਵਾਈ ਅੱਡੇ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਇਥੇ ਦਿੱਲੀ ਦੇ ਅੰਤਰਾਸ਼ਟਰੀ ਹਵਾਈ ਅੱਡੇ ਵਾਂਗ ਵੀ.ਵੀ.ਆਈ.ਪੀ. ਲੌਂਜ, ਡਿਊਟੀ ਫ੍ਰੀ ਦੁਕਾਨਾਂ, ਅੰਤਰਾਸ਼ਟਰੀ ਪੱਧਰ ਦਾ ਫੂਡ ਕੋਰਟ, ਹੈਲਥ ਕੇਂਦਰ ਅਤੇ ਹੋਰ ਕਈ ਸਹੂਲਤਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਇਥੇ 500 ਕਰੋੜ ਰੁਪਏ ਦੀ ਲਾਗਤ ਨਾਲ ਕੈਟ-3 ਬੀ ਲਾਈਟਿੰਗ ਪ੍ਰਣਾਲੀ ਲਾਈ ਗਈ ਹੈ। ਇਸ ਤੋਂ ਇਲਾਵਾ ਆਧੁਨਿਕ ਰਡਾਰ ਤੇ ਨਵੀਂ ਹਵਾਈ ਪੱਟੀ ਸਥਾਪਤ ਕੀਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਤੰਬਰ ਮਹੀਨੇ ਵਿਚ ਇਥੇ ਯਾਤਰੂਆਂ ਨੂੰ ਛੱਡਣ ਤੇ ਲੈਣ ਆਉਣ ਵਾਲੇ ਪਰਿਵਾਰਕ ਮੈਂਬਰਾਂ ਦੇ ਵਾਹਨਾਂ ਦੀ ਆਵਾਜਾਈ 'ਤੇ ਕੋਈ ਫੀਸ ਨਹੀਂ ਹੋਵੇਗੀ। ਇਸੇ ਤਰ੍ਹਾਂ ਕੋਲਡ ਸਟੋਰ ਦੀ ਸਹੂਲਤ, ਜੋ ਬੰਦ ਕਰ ਦਿੱਤੀ ਗਈ ਸੀ, ਨੂੰ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਕਾਰਗੋ ਵਿਚ ਵੀ ਵਾਧਾ ਹੋਵੇਗਾ।

## ਦੁੱਬਈ ਰਹਿੰਦੇ ਭਾਰਤੀ ਕਾਰੋਬਾਰੀ ਨੇ ਪਾਕਿਸਤਾਨ 'ਚ ਲਵਾਏ ਨਲਕੇ

**ਦੁੱਬਈ:** ਪੁਲਵਾਮਾ ਅਤੇ ਬਾਲਾਕੋਟ ਘਟਨਾਵਾਂ ਮਗਰੋਂ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਜਾਰੀ ਰਹਿਣ ਦੇ ਬਾਵਜੂਦ ਦੁਬਈ ਰਹਿੰਦੇ ਭਾਰਤੀ ਕਾਰੋਬਾਰੀ ਨੇ ਪਾਕਿਸਤਾਨ ਦੇ ਦੱਖਣ-



ਪੂਰਬੀ ਸਿੰਧ ਪ੍ਰਾਂਤ ਦੇ ਗਰੀਬ ਜ਼ਿਲ੍ਹੇ ਵਿਚ 60 ਤੋਂ ਵੱਧ ਨਲਕੇ ਲਗਵਾਏ ਹਨ।

ਮੀਡੀਆ ਰਿਪੋਰਟ ਅਨੁਸਾਰ ਜੋਗਿੰਦਰ ਸਿੰਘ ਸਲਾਰੀਆ ਨੇ ਜ਼ਿਲ੍ਹਾ ਥਾਰਪਰਕਰ ਵਿਚ ਸਮਾਜ ਸੇਵੀਆਂ ਦੀ ਮਦਦ ਨਾਲ ਤਕਰੀਬਨ 62 ਨਲਕੇ ਲਗਵਾਏ ਹਨ। ਸਲਾਰੀਆ ਨੂੰ ਇਸ ਖੇਤਰ ਵਿਚ ਗੁਰਬਤ ਬਾਰੇ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਿਆ ਸੀ। ਉਸ ਨੇ ਇਥੇ ਵਸੇ ਲੋਕਾਂ ਲਈ ਅਨਾਜ ਦੀਆਂ ਬੋਰੀਆਂ ਵੀ ਭਿਜਵਾਈਆਂ ਹਨ। ਸੰਯੁਕਤ ਅਰਬ ਅਮੀਰਾਤ ਵਿਚ ਟਰਾਂਸਪੋਰਟ ਦਾ ਕਾਰੋਬਾਰ ਕਰਦਾ ਸਲਾਰੀਆ 1993 ਵਿਚ ਉਥੋਂ ਦਾ ਨਾਗਰਿਕ ਬਣਿਆ ਸੀ। ਉਸ ਨੇ ਦੱਸਿਆ ਕਿ ਉਸ ਨੇ ਫੇਸਬੁੱਕ ਅਤੇ ਯੂ-ਟਿਊਬ ਰਾਹੀਂ ਪਾਕਿਸਤਾਨ ਦੇ ਸਮਾਜ ਸੇਵੀਆਂ ਨਾਲ ਰਾਬਤਾ ਕਾਇਮ ਕੀਤਾ ਅਤੇ ਸਾਰੀ ਕਾਰਵਾਈ ਲਈ ਫੰਡ ਭੇਜੇ।

ਖਲੀਜ ਟਾਈਮਜ਼ ਨੇ ਆਪਣੀ ਰਿਪੋਰਟ ਵਿਚ ਜੋਗਿੰਦਰ ਸਿੰਘ ਸਿੰਘ ਸਲਾਰੀਆ ਦੇ ਹਵਾਲੇ ਨਾਲ ਲਿਖਿਆ, ''ਪੁਲਵਾਮਾ ਹਮਲੇ ਤੋਂ ਬਾਅਦ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਸਿਖਰ 'ਤੇ ਸੀ, ਤਾਂ ਉਸ ਵੇਲੇ ਅਸੀਂ ਗੁਰਬਤ ਦੇ ਮਾਰੇ ਪਿੰਡਾਂ ਵਿਚ ਨਲਕੇ ਲਗਾ ਰਹੇ ਸਾਂ।'' 'ਪਹਿਲ ਚੈਰੀਟੇਬਲ ਟਰੱਸਟ' ਸ਼ੁਰੂ ਕਰਨ ਵਾਲੇ ਸਲਾਰੀਆ ਅਨੁਸਾਰ ਉਨ੍ਹਾਂ ਨੇ ਕਈ ਮਹੀਨੇ ਥਾਰਪਰਕਰ ਦੇ ਲੋਕਾਂ ਦੇ ਹਾਲਾਤ ਜਾਣਨ 'ਚ ਲਾਏ ਤੇ ਵੱਧ ਕੰਮ ਸੋਸ਼ਲ ਮੀਡੀਆ ਰਾਹੀਂ ਕੀਤਾ ਗਿਆ।

## ਫਰੀਦਕੋਟ ਦੇ ਆਫਤਾਬ ਸਿੰਘ ਨੇ ਜਿੱਤਿਆ 'ਰਾਈਜ਼ਿੰਗ ਸਟਾਰ-3' ਦਾ ਖਿਤਾਬ

**ਨਵੀਂ ਦਿੱਲੀ:** ਇਕ ਨਿੱਜੀ ਚੈਨਲ ਦੇ ਸੰਗੀਤਕ ਪ੍ਰੋਗਰਾਮ ਰਾਈਜ਼ਿੰਗ ਸਟਾਰ-3 ਦੇ ਗ੍ਰੈਂਡ ਫਿਨਾਲੇ 'ਚ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦੇ 12 ਸਾਲਾ ਆਫਤਾਬ ਸਿੰਘ ਨੇ ਬਿਹਤਰੀਨ ਪੇਸ਼ਕਾਰੀ ਰਾਹੀਂ ਖਿਤਾਬ ਆਪਣੇ ਨਾਂ ਕੀਤਾ। ਉਹ ਫਾਈਨਲ 'ਚ ਪੁੱਜੇ ਚਾਰਾਂ ਪ੍ਰਤੀਯੋਗੀਆਂ 'ਚੋਂ ਸਭ ਤੋਂ ਛੋਟਾ ਸੀ, ਉਸ ਨੂੰ 10 ਲੱਖ ਦੀ ਇਨਾਮੀ ਰਾਸ਼ੀ ਅਤੇ ਜੇਤੂ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।



ਆਫਤਾਬ ਨੇ ਸੰਗੀਤ ਆਪਣੇ ਪਿਤਾ ਮਹੇਸ਼ ਸਿੰਘ ਤੋਂ ਸਿੱਖਿਆ। ਉਸ ਨੇ 2017 'ਚ 'ਸਾ ਰੇ ਗਾ ਮਾ ਪਾ ਲਿਟਲ ਚੈਂਪਸ' ਵਿਚ ਵੀ ਭਾਗ ਲਿਆ ਸੀ। ਫਾਈਨਲ ਮੁਕਾਬਲਾ ਆਫਤਾਬ ਸਿੰਘ, ਦਿਵਾਕਰ ਸ਼ਰਮਾ, ਸੰਜੇ ਸਤੀਸ਼ ਅਤੇ ਅਭਿਸ਼ੇਕ ਸਾਰਾਫ ਵਿਚਕਾਰ ਹੋਇਆ। ਪਹਿਲੇ ਦੌਰ 'ਚ ਦਿਵਾਕਰ ਸ਼ਰਮਾ 91 ਫੀਸਦੀ ਵੋਟਾਂ ਹਾਸਲ ਕਰਕੇ ਟਾਪ 'ਤੇ ਰਿਹਾ, ਜਿਸ ਨੇ 'ਬੁੱਲਿਆ' ਗੀਤ ਗਾਇਆ, ਸਤੀਸ਼ ਅਤੇ ਆਫਤਾਬ ਸਿੰਘ ਦੋਵਾਂ ਨੂੰ 90 ਫੀਸਦੀ ਵੋਟਾਂ ਮਿਲੀਆਂ ਅਤੇ ਉਨ੍ਹਾਂ ਵਿਚਕਾਰ ਮੁਕਾਬਲਾ ਬਰਾਬਰੀ 'ਤੇ ਰਿਹਾ, ਜਿਸ ਉਪਰੰਤ ਜੱਜਾਂ ਨੇ ਤਿੰਨਾਂ ਨੂੰ ਅਗਲੇ ਦੌਰ 'ਚ ਭੇਜਣ ਦਾ ਫੈਸਲਾ ਲਿਆ। ਆਖਰੀ ਦੌਰ 'ਚ ਦਿਵਾਕਰ ਨੇ ਰਮਤਾ ਜੋਗੀ ਗਾਣਾ ਗਾਇਆ ਅਤੇ 82 ਫੀਸਦੀ ਵੋਟਾਂ ਹਾਸਲ ਕੀਤੀਆਂ।

ਸੰਜੇ ਨੇ ਝੂਮ ਬਰਾਬਰ ਝੂਮ ਗਾਣਾ ਗਾਇਆ ਅਤੇ ਉਸ ਨੂੰ 76 ਫੀਸਦੀ ਵੋਟਾਂ ਮਿਲੀਆਂ ਅਤੇ ਉਸ ਨੂੰ ਬਾਹਰ ਜਾਣਾ ਪਿਆ। ਆਫਤਾਬ ਨੂੰ ਹੁਣ ਜਿੱਤਣ ਲਈ 82 ਫੀਸਦੀ ਤੋਂ ਵੱਧ ਵੋਟਾਂ ਦੀ ਲੋੜ ਸੀ, ਉਸ ਨੇ 'ਠਰਕੀ ਛੋਕਰੋ' ਗਾਣਾ ਗਾ ਕੇ ਦਰਸ਼ਕਾਂ ਦਾ ਮਨ ਜਿੱਤ ਲਿਆ ਅਤੇ 89 ਫੀਸਦੀ ਵੋਟਾਂ ਹਾਸਲ ਕੀਤੀਆਂ। ਸ਼ੋਅ 'ਚ ਜੱਜ ਦੀ ਭੂਮਿਕਾ ਸੰਗੀਤਕਾਰ ਸ਼ੰਕਰ ਮਹਾਦੇਵਨ, ਗਾਇਕ ਤੇ ਅਦਾਕਾਰ ਦਿਲਜੀਤ ਦੁਸਾਂਝ ਅਤੇ ਗਾਇਕਾ ਨੀਤੀ ਮੋਹਨ ਨੇ ਨਿਭਾਈ।

## ਗੋਲੀ ਚੱਲਣ ਨਾਲ ਪੰਜਾਬੀ ਦੀ ਮੌਤ

**ਮਿੱਸੀਸਿੱਪੀ (ਬਿਊਰੋ):** ਇਥੇ ਰਹਿੰਦੇ ਨਡਾਲਾ ਨਿਵਾਸੀ ਸੁਖਵਿੰਦਰ ਸਿੰਘ ਚੌਰਾਸੀ ਵਾਲੇ (57) ਪੁੱਤਰ ਬਾਰਾ ਸਿੰਘ ਦੀ ਅਚਾਨਕ ਗੋਲੀ ਲੱਗਣ ਨਾਲ ਮੌਤ ਹੋ ਗਈ। ਮ੍ਰਿਤਕ ਦੇ ਵੱਡੇ ਭਰਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਰੋਜ਼ ਵਾਂਗ ਸਵੇਰੇ ਆਪਣੇ ਸਟੋਰ 'ਤੇ ਕੰਮ ਲਈ ਗਿਆ ਅਤੇ ਉਥੇ ਪਈ ਗੰਨ ਦੀ ਸੰਭਾਲ ਕਰਦਿਆਂ ਅਚਾਨਕ ਗੋਲੀ ਚੱਲ ਗਈ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਸੁਖਵਿੰਦਰ ਸਿੰਘ ਆਪਣੀ ਪਤਨੀ ਤੇ ਲੜਕੇ-ਲੜਕੀ ਸਮੇਤ ਕਰੀਬ 15 ਸਾਲ ਤੋਂ ਅਮਰੀਕਾ ਰਹਿ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਸੁਖਵਿੰਦਰ ਸਿੰਘ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ।

# ਐਸ. ਐਸ. ਮੀਸ਼ਾ ਦੇ ਜੁਗਨੂੰ ਦੀ ਸੇਕ ਵਿਹੂਣੀ ਲੋਅ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਲੋਅ ਹੀ ਲੋਅ ਸੀ, ਸੇਕ ਨਹੀਂ ਸੀ
ਵੇਖ ਲਿਆ ਮੈਂ ਜੁਗਨੂੰ ਫੜ ਕੇ।

ਇਹ ਸ਼ਿਅਰ ਮੇਰੇ ਮਰਹੂਮ ਮਿੱਤਰ ਐਸ. ਐਸ. ਮੀਸ਼ਾ ਦੀ ਉਸ ਗਜ਼ਲ ਵਿਚੋਂ ਹੈ, ਜਿਸ ਦੇ ਕੁਝ ਸ਼ਿਅਰ ਇਹ ਵੀ ਹਨ,

ਆਪਣਾ ਕਮਰਾ ਝਾੜਨ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ।
ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾਂ ਦੇ ਪਿੰਡ ਜਾਂਦੀਏ ਸੜਕੇ।
ਸਿਖਰ ਦੁਪਹਿਰੇ ਕੱਲ ਇਕ ਰਾਹੀ
ਡਿੱਗਾ ਆਪਣੀ ਛਾਂ ਵਿਚ ਅੜ ਕੇ।
ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ, ਦਿਲ ਵੀ ਧੜਕੇ।

ਮੀਸ਼ਾ ਦੇ ਜੁਗਨੂੰ ਵਿਚ ਸੇਕ ਹੋਵੇ, ਨਾ ਹੋਵੇ-ਲੋਅ ਦਾ ਕੋਈ ਅੰਤ ਨਹੀਂ। ਉਸ ਦੀ ਸ਼ਾਇਰੀ ਦੀ ਲੋਅ ਉਸ ਦੇ ਤੁਰ ਜਾਣ ਤੋਂ ਤਿੰਨ ਦਹਾਕੇ ਪਿੱਛੋਂ ਵੀ ਉਸ ਦੇ ਮਿੱਤਰਾਂ ਤੇ ਪਾਠਕਾਂ ਨੂੰ ਚਾਨਣ ਵੰਡ ਰਹੀ ਹੈ। 2017 ਵਿਚ ਉਸ ਦੀ ਵਿਧਵਾ ਸੁਰਿੰਦਰ ਕੌਰ ਦੇ ਉਤਸ਼ਾਹ ਕਾਰਨ 'ਸ. ਸ. ਮੀਸਾ ਸੰਪੂਰਨ ਕਾਵਿ' (ਲੋਕਗੀਤ ਪ੍ਰਕਾਸ਼ਨ ਮੋਹਾਲੀ-ਚੰਡੀਗੜ੍ਹ, ਪੰਨੇ 282, ਮੁੱਲ 350 ਰੁਪਏ) ਹੋਂਦ ਵਿਚ ਆਇਆ, ਜਿਸ ਦੇ ਮੁਢਲੇ ਲੇਖ ਵਿਚ ਉਸ ਨੂੰ ਮਿੱਤਰ ਮੋਹ ਦਾ ਮੁਜੱਸਮਾ ਕਿਹਾ ਗਿਆ ਹੈ ਤੇ ਅੰਤਲੇ ਲੇਖ ਵਿਚ 'ਧੀਮੇ ਬੋਲਾਂ ਵਾਲਾ ਸ਼ਾਇਰ।' ਹੁਣ ਦੋ ਵਰ੍ਹੇ ਹੋਰ ਲੰਘਣ ਪਿੱਛੋਂ ਧੀਮੇ ਬੋਲਾਂ ਦੀ ਕਦਰ ਪਾਉਣ ਵਾਲੇ ਮਿੱਤਰ ਨੇ ਆਪਣੀਆਂ ਮਨਪਸੰਦ ਗਜ਼ਲਾਂ ਨੂੰ ਸੁਰੀਲੀ ਤੇ ਸਹਿਜ ਭਰੀ ਅਵਾਜ਼ ਦੇ ਕੇ 'ਜੁਗਨੂੰ' ਨਾਂ ਦੀ ਸੀ. ਡੀ./ਐਲਬਮ ਤਿਆਰ ਕੀਤੀ ਹੈ, ਜੋ ਮੇਰੇ ਕੋਲ ਵੀ ਪਹੁੰਚ ਚੁਕੀ ਹੈ। ਉਸ ਦੇ ਜ਼ਿਕਰ ਤੋਂ ਪਹਿਲਾਂ ਸੰਪੂਰਨ ਕਾਵਿ ਵਿਚੋਂ ਕੁਝ ਟੂਕਾਂ,

1. "ਪਹਿਲਾਂ ਵਿਦਿਆਰਥੀ ਹੁੰਦਿਆਂ ਤੇ ਫੇਰ ਸਠਿਆਲਾ ਵਾਲੇ ਕਾਲਜ ਵਿਚ ਪੜ੍ਹਾਉਂਦਿਆਂ ਨਿੱਕੇ ਵੱਡੇ ਕਵੀ ਦਰਬਾਰਾਂ ਵਿਚ ਪੜ੍ਹੀਆਂ ਉਨ੍ਹਾਂ ਦੀਆਂ ਕਵਿਤਾਵਾਂ ਮੈਨੂੰ ਬਹੁਤ ਚੰਗੀਆਂ ਲਗਦੀਆਂ।" -ਮੀਸ਼ਾ ਦੀ ਵਿਧਵਾ ਸੁਰਿੰਦਰ ਕੌਰ।

2. "ਪਿਆਰ ਬੁਨਿਆਦੀ ਜਜ਼ਬਾ ਨਹੀਂ, ਜ਼ਿੰਦਗੀ ਦਾ ਆਸਰਾ ਵੀ ਹੈ। ਕਿਸੇ ਵੀ ਇੱਕ ਆਦਮੀ ਲਈ ਜ਼ਿੰਦਗੀ ਭਰ ਇੱਕ ਔਰਤ ਕਾਫੀ ਨਹੀਂ ਤੇ ਨਾ ਹੀ ਇੱਕ ਔਰਤ ਲਈ ਇੱਕ ਆਦਮੀ।" -1971 ਵਿਚ ਬਰਜਿੰਦਰ ਸਿੰਘ ਹਮਦਰਦ ਨੂੰ ਦਿੱਤੀ ਇੰਟਰਵੀਊ ਵਿਚ ਮੀਸ਼ਾ।

3. "ਸਾਹਿਤ ਅਕਾਦਮੀ ਦੇ ਇਨਾਮ ਜੇਤੂਆਂ ਦੀ ਜਮਾਤ ਵਿਚ ਉਸ ਦੇ ਸ਼ਾਮਿਲ ਹੋਣ ਨਾਲ ਰੌਣਕ ਵੀ ਵਧੀ ਹੈ ਤੇ ਮਹਿਕ ਵੀ।" -ਕਰਤਾਰ ਸਿੰਘ ਦੁੱਗਲ (1971)।

4. "ਪੰਜਾਬੀਆਂ ਨੂੰ ਵੱਡੇ ਤੇ ਉਚੇ ਬੋਲ ਬੋਲਣ ਦੀ ਵਾਦੀ ਹੈ। ਮੀਸ਼ਾ ਦੀ ਕਵਿਤਾ ਦੇ ਬੋਲ, ਉਸ ਦੇ ਮੂੰਹ ਦੇ ਬੋਲਾਂ ਵਾਂਗ, ਸੱਚ ਹੀ ਧੀਮੇ ਹਨ।" -ਸੰਤ ਸਿੰਘ ਸੇਖੋਂ

5. 1980 ਦੇ ਜੂਨ ਮਹੀਨੇ ਜਦੋਂ ਬਰਤਾਨੀਆ ਦੇ ਲੇਖਕਾਂ ਨੇ ਵਿਸ਼ਵ ਪੰਜਾਬੀ ਕਾਨਫਰੰਸ ਕੀਤੀ ਤਾਂ ਉਸ ਵਿਚ ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ, ਦਲੀਪ ਕੌਰ ਟਿਵਾਣਾ, ਹਰਨਾਮ ਸਿੰਘ ਸ਼ਾਨ ਅਤੇ ਹੋਰ ਅਨੇਕਾਂ ਮਿੱਤਰਾਂ ਵਿਚ ਮੈਂ ਅਤੇ ਮੀਸ਼ਾ ਵੀ ਸ਼ਾਮਲ ਸਾਂ। ਜਿਹੜੀ ਏਅਰ ਕੰਡੀਸ਼ਨਡ ਕੋਚ ਸਾਨੂੰ ਬਰਤਾਨੀਆ ਦੀ ਫੇਰੀ ਲੁਆ ਰਹੀ ਸੀ, ਉਹ ਜਿੱਥੇ ਵੀ ਖੜ੍ਹੀ ਹੁੰਦੀ, ਬਾਕੀ ਦੇ ਦੋਸਤ ਤਾਂ ਆਰਾਮ ਸਥਾਨ ਚਲੇ ਜਾਂਦੇ, ਮੀਸ਼ਾ ਖੱਬੇ ਹੱਥ ਨਾਲ ਕੋਟ ਦੀ ਜੇਬ ਵਿਚਲੇ ਸਿੱਕੇ ਛਣਕਾਉਂਦਾ ਸੱਜੇ ਹੱਥ ਦੀ ਉਂਗਲੀ ਨੂੰ ਸਿੱਧੀ ਕਰਕੇ ਟੈਲੀਫੋਨ ਬੂਥ ਨੂੰ ਭੱਜਦਾ ਅਤੇ ਜਿਹੜਾ ਵੀ ਮਿੱਤਰ ਉਸ ਨੁਕਤੇ ਤੋਂ ਨੇੜੇ ਹੁੰਦਾ, ਉਸ ਨੂੰ ਟੈਲੀਫੋਨ ਕਰਕੇ ਦੱਸਦਾ, "ਉਹ ਉਸ ਦੇ ਸ਼ਹਿਰ ਵਿਚ ਸੀ, ਉਸ ਦੇ ਇਲਾਕੇ ਵਿਚ। ਮਿਲਣਾ ਹੈ ਤਾਂ ਮਿਲ ਲਓ, ਨਹੀਂ ਮਿਲਣਾ ਤਾਂ ਨਾ ਸਹੀ। ਅਸੀਂ ਫੇਰੀ 'ਤੇ ਆਏ ਹਾਂ। ਸਾਧੂ ਸੰਤ ਹਾਂ ਤੇ ਤੁਰ ਜਾਣਾ ਹੈ।" (ਗੁਲਜ਼ਾਰ ਸਿੰਘ ਸੰਧੂ, 2001)

ਹੁਣ ਉਸ ਐਲਬਮ ਦੀ ਗੱਲ, ਜਿਸ ਵਿਚ ਜੁਗਨੂੰ ਦੀ ਲੋਅ ਕੈਦ ਹੈ। ਸੇਕ ਵਿਹੂਣੀ ਪਰ ਕੈਦੀ ਪਿੰਜਰੇ ਵਿਚੋਂ ਚਾਨਣ ਦੀਆਂ ਰਿਸ਼ਮਾਂ ਬਿਖੇਰਨ ਵਾਲੀ। ਇਹ ਐਲਬਮ ਮੀਸ਼ਾ ਦੇ ਮਿੱਤਰ ਬਰਜਿੰਦਰ ਸਿੰਘ (ਹੁਣ ਡਾਕਟਰ ਤੇ ਹਮਦਰਦ) ਦੀ ਅਵਾਜ਼ ਵਿਚ ਹੈ। ਪੰਡਿਤ ਜਵਾਲਾ ਪ੍ਰਸ਼ਾਦ ਦੀ ਡਾਇਰੈਕਸ਼ਨ ਹੇਠ ਹਮਦਰਦ ਪ੍ਰੋਡਕਸ਼ਨਜ਼ ਵਲੋਂ ਤਿਆਰ ਕੀਤੀ ਹੋਈ। ਵੇਚਣ ਲਈ ਨਹੀਂ, ਮਿੱਤਰ ਪਿਆਰਿਆਂ ਨੂੰ ਪਹੁੰਚਾਉਣ ਲਈ। ਇਸ ਵਿਚ ਮੀਸ਼ੇ ਦੀਆਂ ਚਾਰ ਗਜ਼ਲਾਂ ਹਨ, ਜਿਨ੍ਹਾਂ ਵਿਚੋਂ ਇੱਕ ਦਾ ਜ਼ਿਕਰ ਹਥਲੇ ਲੇਖ ਦੇ ਮੁੱਢ ਵਿਚ ਹੋ ਚੁਕਾ ਹੈ।

ਮੈਂ ਮਰਹੂਮ ਮੀਸ਼ਾ ਤੇ ਉਸ ਦੀ ਰਚਨਾਕਾਰੀ ਦੇ ਮੱਦਾਹ ਬਰਜਿੰਦਰ ਸਿੰਘ ਵਿਚੋਂ ਆਪਣੇ ਆਪ ਨੂੰ ਕੱਢਦਾ ਹੋਇਆ ਬਾਕੀ ਦੀਆਂ ਤਿੰਨ ਗਜ਼ਲਾਂ ਦੇ ਚੋਣਵੇਂ ਸ਼ਿਅਰ ਪੇਸ਼ ਕਰਨਾ ਚਾਹਾਂਗਾ। ਇਸ ਸਿਫਾਰਸ਼ ਸਮੇਤ ਕਿ ਜੇ ਤੁਸੀਂ ਮੀਸ਼ਾ ਦੀ ਰਚਨਾਕਾਰੀ ਤੇ ਬਰਜਿੰਦਰ ਸਿੰਘ ਦੀ ਪੇਸ਼ਕਾਰੀ ਦਾ ਸਹੀ ਲੁਤਫ ਲੈਣਾ ਹੈ ਤਾਂ 'ਜੁਗਨੂੰ' ਨਾਂ ਦੀ ਸੀ. ਡੀ./ਐਲਬਮ ਸੁਣੋ ਤੇ ਮਾਣੋ।

(1)
ਚੰਗੇ ਨਹੀਂ ਆਸਾਰ ਨਗਰ ਦੇ,
ਊਘੜ ਪਹਿਰੇਦਾਰ ਨਗਰ ਦੇ।

ਰੰਗ ਬਰੰਗੀਆਂ ਰੌਸ਼ਨੀਆਂ ਵਿਚ,
ਗੰਧਲੇ ਕਾਰੋਬਾਰ ਨਗਰ ਦੇ।

ਚਲਦੇ ਚਿੱਟੇ ਚਾਨਣ ਵਿਚ ਹੀ,
ਸਭ ਕਾਲੇ ਬਾਜ਼ਾਰ ਨਗਰ ਦੇ।

ਜੀ ਲਗ ਜਾਊ ਹੌਲੀ ਹੌਲੀ,
ਸਿੱਖੇ ਚੱਜ ਆਚਾਰ ਨਗਰ ਦੇ।




ਰੌਣਕ ਵਿਚ ਕੱਟਦੇ ਇਕਲਾਪਾ,
ਲੋਕ ਬੜੇ ਮੁਰਦਾਰ ਨਗਰ ਦੇ।

(2)
ਉਹ ਜਦੋਂ ਮੇਰੇ ਨਾਲ ਹੁੰਦਾ ਹੈ,
ਅਜਬ ਦੋਹਾਂ ਦਾ ਹਾਲ ਹੁੰਦਾ ਹੈ।

ਉਸ ਦਾ ਵੱਖਰਾ ਜਵਾਬ ਹਰ ਵਾਰੀ,
ਮੇਰਾ ਓਹੀਓ ਸਵਾਲ ਹੁੰਦਾ ਹੈ।

ਸੂਰਤ ਆਪਣੀ ਵੀ ਜਦ ਨਹੀਂ ਹੁੰਦੀ
ਮੈਨੂੰ ਤੇਰਾ ਖਿਆਲ ਹੁੰਦਾ ਹੈ।

ਇਸ਼ਕ ਨਹੀਂ ਮੇਰੇ ਵੱਸ, ਤਾਂ ਉਸ ਤੋਂ,
ਹੁਸਨ ਕਿਹੜਾ ਸੰਭਾਲ ਹੁੰਦਾ ਹੈ।

(3)
ਝਿਜਕਦਾ ਮੈਂ ਵੀ ਰਿਹਾ
ਉਹ ਵੀ ਬਹੁਤ ਸੰਗਦੇ ਰਹੇ,
ਚੁੱਪ-ਚਪੀਤੇ ਇਕ ਦੂਏ ਦੀ
ਖੈਰ-ਸੁਖ ਮੰਗਦੇ ਰਹੇ।

ਉਮਰ ਬਿਰਬਾ ਜਾਣ ਦਾ
ਅਹਿਸਾਸ ਮਿਲ ਕੇ ਜਾਗਿਆ,
ਏਨੇ ਦਿਨ ਇਕ ਦੂਸਰੇ ਬਿਨ
ਕਿਸ ਤਰ੍ਹਾਂ ਲੰਘਦੇ ਰਹੇ।

ਝੱਲੀਆਂ ਸੀ ਬਹੁਤ ਰਾਤਾਂ
ਪਰ ਤੇਰੇ ਮੁਖੜੇ ਦੇ ਵਾਲ,
ਮੇਰੀਆਂ ਨੀਂਦਾਂ
ਗੁਲਾਬੀ ਰੰਗ ਵਿਚ ਰੰਗਦੇ ਰਹੇ।

ਤੈਨੂੰ ਭੁੱਲਣ ਵਾਸਤੇ
ਮੈਂ ਭਟਕਿਆ ਹਾਂ ਥਾਂ ਕੁਥਾਂ,
ਥਾਂ ਕੁਥਾਂ ਪੈਂਦੇ ਭੁਲੇਖੇ
ਤੇਰੇ ਅੰਗ ਸੰਗ ਦੇ ਰਹੇ।

ਸਪਸ਼ਟ ਹੈ ਕਿ ਐਸ. ਐਸ. ਮੀਸ਼ਾ ਦੀ ਸ਼ਾਇਰੀ ਦੇ ਜੁਗਨੂੰ ਦੀ ਸੇਕ ਵਿਹੂਣੀ ਲੋਅ ਦਾ ਕ੍ਰਿਸ਼ਮਾ ਅਮਰ ਹੈ। ਉਸ ਦੇ ਅਕਾਲ ਚਲਾਣੇ ਤੋਂ ਤਿੰਨ ਦਹਾਕੇ ਪਿੱਛੋਂ ਉਸ ਦੇ ਸੰਪੂਰਨ ਕਾਵਿ ਦਾ ਛਪਣਾ ਤੇ ਉਸ ਦੇ ਭਾਵਾਂ ਦੀ ਸੀਡੀਆਂ ਤੇ ਐਲਬਮਾਂ ਵਿਚ ਪੇਸ਼ਕਾਰੀ ਕਿਸੇ ਵਿਰਲੇ ਕਲਾਕਾਰ ਦੇ ਹਿੱਸੇ ਆਉਂਦੀ ਹੈ। ਬਰਜਿੰਦਰ ਸਿੰਘ ਹਮਦਰਦ ਦੀ ਨਵੀਂ ਸੀ. ਡੀ./ਐਲਬਮ ਨੇ ਮੀਸ਼ੇ ਨੂੰ ਬੁੱਲ੍ਹੇ ਸ਼ਾਹ ਵਰਗੇ ਸੂਫੀਆਂ ਦੀ ਪਾਲ ਵਿਚ ਲਿਆ ਖੜ੍ਹਾਇਆ ਹੈ। ਇਹ ਉਨ੍ਹਾਂ ਦੀ ਗਿਆਰ੍ਹਵੀਂ ਐਲਬਮ ਹੈ। ਇਸ ਤੋਂ ਪਹਿਲਾਂ ਵਾਲੀ ਬੁੱਲ੍ਹੇ ਸ਼ਾਹ ਦੇ ਕਲਾਮ ਬਾਰੇ ਸੀ। ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ 'ਸ. ਸ. ਮੀਸ਼ਾ ਸੰਪੂਰਨ ਕਾਵਿ' ਵਿਚ ਮੀਸ਼ਾ ਬਾਰੇ 'ਮਿੱਤਰ ਮੋਹ ਦਾ ਮੁਜੱਸਮਾ' ਨਾਮੀ ਲੇਖ ਮੇਰਾ ਸੀ ਤੇ 'ਧੀਮੇ ਬੋਲਾਂ ਵਾਲਾ ਸ਼ਾਇਰ' ਬਰਜਿੰਦਰ ਸਿੰਘ ਦਾ। ਮੀਸ਼ਾ ਦੀ ਸ਼ਾਇਰੀ ਤੇ ਬਰਜਿੰਦਰ ਸਿੰਘ ਹਮਦਰਦ ਦੀ ਅਵਾਜ਼ ਜ਼ਿੰਦਾਬਾਦ!

**ਅੰਤਿਕਾ: ਸ. ਸ. ਮੀਸ਼ਾ**
ਆਪਾਂ ਹਾਸੇ 'ਚ ਜੋ ਉਡਾਈਆਂ ਸਨ,
ਲੋਕਾਂ ਅਰਸ਼ੋਂ ਉਤਾਰੀਆਂ ਗੱਲਾਂ।
ਜੇ ਮੈਂ ਦੱਸਾਂ ਤਾਂ ਜੀਭ ਸੜ ਜਾਏ
ਜੋ ਜੋ ਸੁਣੀਆਂ, ਸਹਾਰੀਆਂ ਗੱਲਾਂ।
ਸੋਚੀਏ ਤਾਂ ਉਦਾਸ ਹੋ ਜਾਈਏ,
ਕੀ ਕੀ ਦਿਲ ਵਿਚ ਸੀ ਧਾਰੀਆਂ ਗੱਲਾਂ।

## ਐਸ ਐਸ ਮੀਸ਼ਾ ਦੀਆਂ ਕੁਝ ਰਚਨਾਵਾਂ

### ਗਜ਼ਲ

ਚੰਗੇ ਨਹੀਂ ਆਸਾਰ ਨਗਰ ਦੇ
ਊਂਘਣ ਪਹਿਰੇਦਾਰ ਨਗਰ ਦੇ

ਰੰਗ ਬਿਰੰਗੀਆਂ ਰੌਸ਼ਨੀਆਂ ਵਿਚ
ਗੰਧਲੇ ਕਾਰੋਬਾਰ ਨਗਰ ਦੇ

ਇਸਦੀ ਰੂਹ ਹੈ ਗੰਦਾ ਨਾਲਾ
ਜੋ ਵਗਦਾ ਵਿਚਕਾਰ ਨਗਰ ਦੇ

ਉਚੇ-ਮਹਿਲ ਮੁਨਾਰੀਂ ਵੱਸਣ
ਸਭ ਨੀਵੇਂ ਕਿਰਦਾਰ ਨਗਰ ਦੇ

ਕੱਢ ਲੈਂਦੇ ਨੇ ਅਤਰ ਬਦਨ ਦਾ
ਕਾਰੀਗਰ ਅੱਤਾਰ ਨਗਰ ਦੇ

ਚਲਦੇ ਚਿੱਟੇ ਚਾਨਣ ਵਿਚ ਹੀ
ਸਭ ਕਾਲੇ ਬਾਜ਼ਾਰ ਨਗਰ ਦੇ

ਰੌਣਕ ਵਿਚ ਕੱਟਦੇ ਇਕਲਾਪਾ
ਲੋਕ ਬੜੇ ਖੁੱਦਾਰ ਨਗਰ ਦੇ

ਜੀ ਲੱਗ ਜਾਊ ਹੌਲੀ-ਹੌਲੀ
ਸਿੱਖੋ ਚੱਜ ਆਚਾਰ ਨਗਰ ਦੇ।

### ਦਸਤਕ

ਮਨ ਕਪਟੀ ਹੈ
ਕਪਟ ਕਮਾਏ
ਪਾਪ ਹੰਢਾਏ
ਕਰਮ ਵਿਹੂਣਾ ਤਨ
ਕਰਨੀ ਤੋਂ ਟੁੱਟਾ
ਪਲਾਂ ਛਿਣਾਂ ਦੇ ਵਿਚਲਾਂ ਥਾਣੀਂ ਕਿਰਦਾ ਜਾਏ
ਅੰਦਰੋਂ ਬੰਦ ਬੂਹੇ ਦਾ
ਬਾਹਰੋਂ ਕੁੰਡਾ ਖੜਕੇ
ਜਾਂ ਦਿਲ ਧੜਕੇ
ਦਸਤਕ ਦੇਹ ਦੇ ਲੂੰ ਕੰਡਿਆਏ

'ਕੀ ਕਰਦੇ ਹੋ?
ਬਾਹਰ ਦੀ ਧੁੱਪ ਤੋਂ ਡਰਦੇ ਹੋ
ਅੰਦਰ ਦੀ ਚੁੱਪ ਤੋਂ ਡਰਦੇ ਹੋ
ਆਪਣੇ ਪਾਲੇ ਵਿਚ ਠਰਦੇ ਹੋ
ਬੂਹਾ ਖੋਲ੍ਹੋ ਬਾਹਰ ਆਓ
ਨਹੀਂ ਦਰਵਾਜ਼ਾ ਤੋੜ ਦਿਆਂਗੇ।'

### ਅੱਧੀ ਰਾਤ ਪਹਿਰ ਦੇ ਤੜਕੇ

ਅੱਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿਚ ਉਨੀਂਦਾ ਰੜਕੇ।

ਆਪਣਾ ਕਮਰਾ ਝਾੜਨ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ।

ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾ ਦੇ ਪਿੰਡ ਜਾਂਦੀ ਸੜਕੇ।

ਸਿਖਰ ਦੁਪਹਿਰੇ ਕਲ੍ਹ ਇਕ ਰਾਹੀ
ਡਿੱਗਾ ਆਪਣੀ ਛਾਂ ਵਿਚ ਅੜ ਕੇ।

ਸਿੱਕ ਨਾ ਜਾਗੇ ਫੇਰ ਮਿਲਣ ਦੀ
ਆ ਏਦਾਂ ਵਿਛੜੀਏ ਲੜ ਕੇ।

ਅੱਜ ਕਿਉਂ ਚੁੱਪ ਉਦਾਸ ਨੇ ਬੱਦਲ
ਬਿਜਲੀ ਨੂੰ ਹੀ ਆਖੋ ਕੜ ਕੇ।

ਬੁਝਿਆ ਭਾਂਬੜ ਅਜੇ ਵੀ ਦਿਲ ਵਿਚ
ਕਦੀ ਕਦੀ ਚੰਗਿਆੜਾ ਭੜਕੇ।

ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜਕੇ।

ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿਚ ਰੜਕੇ।

ਆਪਣੇ ਘਰ ਵਿਚ ਕੈਦ ਨੇ ਲੋਕੀ
ਦਿਨ ਕੱਟਦੇ ਜੋ ਅੰਦਰ ਵੜਕੇ।

ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ ਦਿਲ ਵੀ ਧੜਕੇ।

### ਚੀਕ ਬੁਲਬੁਲੀ

ਨੰਦੂ ਛੜੇ ਦੀ ਗੱਲ ਚੇਤੇ ਹੈ
ਜਿਸ ਨੂੰ ਪਿੰਡ ਨੇ
ਰੋਜ਼ ਤਕਾਲੀਂ
ਇਕ ਦੋ ਚੀਕਾਂ ਮਾਰਨ ਦੀ
ਖੁਲ੍ਹ ਦੇ ਦਿੱਤੀ ਸੀ
ਭਰੀ ਪਰ੍ਹੇ ਵਿਚ ਗਲ ਪੱਲਾ ਪਾ
ਜਦ ਸੀ ਉਸ ਦੇ ਅਰਜ਼ ਗੁਜ਼ਾਰੀ
"ਮੇਰੀ ਕੋਈ ਲਾਗ ਡਾਟ ਨਾ
ਮੇਰੀ ਆਪਣੀ ਧੀ ਭੈਣ ਪਿੰਡ ਦੀ ਹਰ ਨਾਰੀ
ਦਾਰੂ ਪੀ ਕੇ ਚਿੱਤ ਘਾਬਰਦਾ
ਘਾਊਂ ਮਾਊਂ ਹੁੰਦਾ
ਡੱਕ ਨਾ ਹੁੰਦੀ ਆਈ ਚੀਕ ਹੈ ਜਾਂਦੀ ਮਾਰੀ।

ਮੈਨੂੰ ਬੇਸ਼ਕ
ਦਾਰੂ ਕਦੀ ਕਦਾਈਂ ਲੱਭਦਾ
ਪਰ ਮੈਂ ਏਸ ਬੇਕਿਰਕ ਸ਼ਹਿਰ ਵਿਚ
ਕਿੰਨੇ ਚਿਰ ਤੋਂ ਆਪਣੇ ਅੰਦਰ
ਇਕ ਚੀਕ ਤੇ ਨਾਲ ਬੁਲਬੁਲੀ ਡੱਕੀ ਫਿਰਦਾਂ
ਚੁੱਪ ਚੁਪੀਤਾ
ਇਕ ਖਲਬਲੀ ਚੱਕੀ ਫਿਰਦਾਂ।
ਕਿਨੀ ਵਾਰੀ
ਚੋਣ-ਮੁਹਿੰਮ ਦੇ ਜਲਸੇ ਵਿਚ
ਤਕਰੀਰ ਸੁਣਦਿਆਂ
ਜਨ ਗਨ ਮਨ ਦੀ ਹੈ ਜੈ ਜੈ
ਸੋਗ ਸਭਾ ਦੀ ਚੁੱਪ ਦੇ ਮੌਕੇ
ਚਿੱਤ ਘਾਬਰਿਆ
ਚੀਕ-ਬੁਲਬੁਲੀ ਮਸਾਂ ਮਸਾਂ ਰੋਕੀ ਹੈ।

ਹਫਤੇਵਾਰ
ਦਫਤਰੀ ਮੀਟਿੰਗ ਦੇ ਵਿਚ
ਵਿੰਗ-ਵਲੇਵੇਂ ਖਾਂਦੀ
ਜਦੋਂ ਦਲੀਲ ਮੇਜ਼ ਤੇ ਰੀਂਘਣ ਲੱਗੀ
ਕੱਸ ਕੇ ਰਤਾ ਹੋਰ ਨਟਕਾਈ
ਮੈ ਇਸ ਚੀਕ ਦੇ ਨਾਲ ਬੁਲਬੁਲੀ
ਪਹੁੰਚੀ ਸੰਘ ਦੇ ਕੋਲ ਦਬਾਈ।

ਚੜ੍ਹੇ ਮਹਿਨੇ, ਤਲਬ ਦਿਹਾੜੇ
ਬਿੱਲਾਂ ਦਾ ਭੁਗਤਾਨ ਕਰਦਿਆਂ
ਨਿੱਕੀਆਂ ਨਿੱਕੀਆਂ
ਸੌ ਸੱਧਰਾਂ ਦਾ ਘਾਣ ਕਰਦਿਆਂ
ਘੁੱਟ ਸਬਰ ਦੇ ਨਾਲ
ਆਪਣੀ ਹੀ ਰੱਤ ਪੀਤੀ
ਬੱਚੇ ਨੂੰ ਬੂਟਾਂ ਦਾ ਲਾਰਾ
ਹੋਰ ਮਹੀਨਾ ਟਾਲਣ ਵੇਲੇ
ਹਰ ਵਾਰੀ ਮੈਂ
ਦੱਬੀ ਚੀਕ ਮੁਲਤਵੀ ਕੀਤੀ।

ਠੇਕੇ ਦੀ ਕੈਬਨ ਵਿਚ
ਠੱਠੇ ਸ਼ੁਗਲੀ ਨਿੰਦਿਆ ਚੁਗਲੀ ਵੇਲੇ
ਤੰਗੀ ਤੁਰਸ਼ੀ ਦਾ ਅਹਿਸਾਸ ਜਾਗਦਾ
ਖਾਰਾ ਬੱਤਾ ਖੋਲ੍ਹਣ ਲਗਿਆਂ
ਲਗਦਾ ਆਪਣਾ ਆਪ ਪਾਟਦਾ।
ਥਾਉਂ ਕੁਥਾਈਂ
ਚੀਕ-ਬੁਲਬੁਲੀ
ਪਾਨ 'ਚ ਜ਼ਰਦੇ ਨਾਲ ਚਬਾਈ
ਨੀਂਦਰ ਗੋਲੀ ਨਾਲ ਸੁਆਦੀ
ਗਦਰਾਏ ਬਦਨਾਂ ਦੀ ਮਹਿਕ ਨਾਲ ਵਰਚਾਈ।

ਪਰ ਹੁਣ
ਹੋਰ ਨਾ ਡੱਕੀ ਰਹਿੰਦੀ
ਹਰ ਦਮ ਜ਼ਬਤ ਨਾਲ ਹੈ ਖਹਿੰਦੀ
ਦਿਨ ਭਰ ਹੋਸ਼ ਭਟਕਦੀ
ਅੰਦਰੋਂ ਪੱਸਲੀਆਂ ਭੰਨਦੀ ਹੈ
ਰਾਤੀਂ ਅੱਖੀਂ ਨੀਂਦ ਨਾ ਪੈਂਦੀ।
ਹੁਣ ਜੀਅ ਕਰਦਾ
ਕਲ੍ਹ ਕਚਹਿਰੀ ਲਾਗੇ
ਗਾਂਧੀ ਚੌਂਕ 'ਚ ਖੜ ਕੇ
ਸਾਰਾ ਗੁਭ ਘਲਾਟ ਕਢ ਲਵਾਂ
ਏਨੇ ਚਿਰ ਦੀ ਡਕੀ ਹੋਈ
ਖੁਲ੍ਹ ਕੇ ਚੀਕ-ਬੁਲਬੁਲੀ ਮਾਰਾਂ
ਮੁਸਕੌਂਦੇ ਗਾਂਧੀ ਦੇ ਬੁੱਤ ਤੋਂ
ਡਾਂਡੀ-ਸਫਰ ਦੀ ਸੋਟੀ ਖੋਹ ਕੇ
ਆਪਣਾ ਹੀ ਸਿਰ ਪਾੜਾਂ
ਲਹੂ ਪਲੱਥਾ
ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ ਰਾਮ ਪੁਕਾਰਾਂ।

# ਆਦਿ ਬੀੜ ਕਿਵੇਂ ਬਣੀ-ਕਿਸ਼ਤ ਪੰਜਵੀਂ

ਗੁਰਬਾਣੀ ਵਿਚਾਰ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਚਹੁੰਆਂ ਕਿਸ਼ਤਾਂ ਵਿਚ ਦਿੱਤੇ ਵਿਚਾਰਾਂ ਦਾ ਸਾਰ:** ਗੁਰੂ ਨਾਨਕ ਦੇਵ ਜੀ ਨੇ ਆਪਣੀ ਅਤੇ ਭਗਤਾਂ ਦੀ ਬਾਣੀ ਉਤਾਰੇ ਕਰ ਕੇ ਆਪਣੇ ਕੋਲ ਰੱਖੀ। ਬਾਣੀ ਦਾ ਇਹ ਮਹਾਨ ਵਿਰਸਾ ਦੂਜੇ ਗੁਰੂ ਨੂੰ ਗੁਰਗੱਦੀ ਦੇਣ ਸਮੇਂ ਸੌਂਪ ਦਿੱਤਾ।

ਫਿਰ ਦੂਜੇ ਗੁਰੂ ਜੀ ਨੇ ਆਪਣੀ ਰਚੀ ਬਾਣੀ ਸਮੇਤ ਬਾਣੀ ਦਾ ਸਾਰਾ ਖਜ਼ਾਨਾ ਤੀਜੇ ਗੁਰੂ ਜੀ ਨੂੰ ਗੁਰਗੱਦੀ ਦੇਣ ਸਮੇਂ ਸੌਂਪ ਦਿੱਤਾ ਅਤੇ ਇਸੇ ਤਰ੍ਹਾਂ ਬਾਣੀ ਦਾ ਇਹ ਸਾਰਾ ਖਜ਼ਾਨਾ ਤੀਜੇ ਅਤੇ ਚੌਥੇ ਗੁਰੂ ਪਾਤਿਸ਼ਾਹਾਂ ਦੀ ਬਾਣੀ ਸਮੇਤ ਪੰਜਵੇਂ ਗੁਰੂ ਜੀ ਕੋਲ ਪਹੁੰਚ ਚੁਕਾ ਸੀ। ਪੰਚਮ ਪਾਤਿਸ਼ਾਹ ਕੋਲ ਉਨ੍ਹਾਂ ਦੀ ਆਪਣੀ ਰਚੀ ਬਾਣੀ ਸਮੇਤ 20 ਬਾਣੀਕਾਰਾਂ ਦੀ ਬਾਣੀ ਹੋ ਗਈ ਸੀ, ਜਿਸ ਵਿਚ ਆਪਣੇ ਸਮਕਾਲੀ 11 ਭੱਟਾਂ, ਸਮਕਾਲੀ ਰਬਾਬੀਆਂ ਸੱਤੇ ਤੇ ਬਲਵੰਡ ਅਤੇ ਤੀਜੇ ਗੁਰੂ ਜੀ ਦੇ ਪੜਪੋਤੇ ਭਾਈ ਸੁੰਦਰ ਦੀ ਬਾਣੀ ਸ਼ਾਮਲ ਕਰ ਕੇ 34 ਬਾਣੀਕਾਰਾਂ ਦੀ ਮਿੱਠੀ ਬਾਣੀ ਨਾਲ 'ਆਦਿ ਬੀੜ' ਜਾਂ 'ਪੋਥੀ' ਸਾਹਿਬ ਦਾ ਸੰਕਲਨ ਕੀਤਾ। (ਗੁਰੂ ਗ੍ਰੰਥ ਸਾਹਿਬ ਵਿਚ 35 ਬਾਣੀਕਾਰ ਹਨ, 36 ਨਹੀਂ। ਭਾਈ ਮਰਦਾਨਾ ਜੀ ਦੀ ਕੋਈ ਬਾਣੀ ਨਹੀਂ ਹੈ ਜਿਸ ਨੂੰ ਕਈਆਂ ਨੇ, ਗੁਰਬਾਣੀ ਵਿਚ ਵਰਤੇ ਮਰਦਾਨਾ ਨਾਂ ਤੋਂ ਟਪਲਾ ਖਾ ਕੇ, ਉਨ੍ਹਾਂ ਨੂੰ ਬਾਣੀਕਾਰ ਮੰਨ ਲਿਆ ਹੈ। ਜਿਵੇਂ ਭਾਈ ਲਾਲੋ ਜੀ ਦਾ ਨਾਂ ਵਰਤਿਆ ਹੈ, ਇਵੇਂ ਭਾਈ ਮਰਦਾਨਾ ਜੀ ਨੂੰ ਉਸ ਦਾ ਨਾਂ ਵਰਤ ਕੇ ਭਾਈ ਲਾਲੋ ਜੀ ਵਾਂਗ ਅਮਰ ਕਰ ਦਿੱਤਾ ਗਿਆ ਹੈ।)

**ਕਸ਼ਮੀਰਾ ਸਿੰਘ**
**ਫੋਨ: 801-414-0171**

ਪੰਜਵੇਂ ਗੁਰੂ ਜੀ ਵਲੋਂ ਬਾਣੀ ਦੀ ਪ੍ਰਾਪਤੀ ਲਈ ਸੁਨੇਹੇ ਭੇਜਣ ਦੀਆਂ, ਭਾਈ ਮੋਹਨ ਤੋਂ ਉਸ ਦੀਆਂ ਸਿਫਤਾਂ ਕਰ ਕੇ ਬਾਣੀ ਲੈਣ ਦੀਆਂ, ਫਰਜ਼ੀ ਨਾਂ ਭਾਈ ਬਖਤੇ ਵਲੋਂ ਬਹੁਤ ਭਾਰਾ ਪੋਥਾ ਲਿਆਉਣ ਦੀਆਂ, ਕਵੀਆਂ ਵਲੋਂ ਲਿਖੀਆਂ ਕਹਾਣੀਆਂ ਝੂਠੀਆਂ ਅਤੇ ਬਾਣੀ ਦੀ ਕੀਮਤ ਨੂੰ ਜ਼ੀਰੋ ਬਣਾਉਣ ਵਾਲੀਆਂ ਹਨ। ਸੱਚ ਅਤੇ ਝੂਠ ਦਾ ਨਿਤਾਰਾ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਮਾਣ ਦੇ ਕੇ ਕੀਤਾ ਗਿਆ ਹੈ।

**ਇਸ ਕਿਸ਼ਤ ਵਿਚ ਵਿਚਾਰ ਕੀਤੀ ਜਾਵੇਗੀ ਕਿ ਆਦਿ ਬੀੜ ਦੀ ਜਿਲਦ ਕਿੱਥੇ ਬੰਨ੍ਹੀ ਗਈ ਸੀ?**

**(ੳ) 'ਗੁਰ ਬਿਲਾਸ ਪਾਤਿਸ਼ਾਹੀ ਛੇਵੀਂ' ਦੇ ਲਿਖਾਰੀ ਦੀ ਸੋਚ:** ਲਿਖਾਰੀ ਦੇ ਗੁਰਬਿਲਾਸ ਵਿਚ ਲਿਖੇ ਜਿਲਦ ਬੰਨ੍ਹਣ ਬਾਰੇ ਵਿਚਾਰਾਂ ਦਾ ਸਾਰ ਇਸ ਤਰ੍ਹਾਂ ਹੈ,

1. ਸਾਰੀ ਬਾਣੀ ਲਿਖੀ ਜਾਣ 'ਤੇ ਭਾਈ ਬੰਨੋ ਨੂੰ ਗੁਰੂ ਜੀ ਨੇ ਲਾਹੌਰ ਜਾ ਕੇ ਜਿਲਦ ਬੰਨ੍ਹਾਉਣ ਲਈ ਆਗਿਆ ਦਿੱਤੀ।
2. ਭਾਈ ਬੰਨੋ ਨੇ ਮੰਗ ਕੀਤੀ ਕਿ ਇੱਕ ਰਾਤ ਆਦਿ ਬੀੜ ਦੇ ਦਰਸ਼ਨ ਮਾਂਗਟ ਦੀਆਂ ਸੰਗਤਾਂ ਨੂੰ ਕਰਵਾਉਣ ਲਈ ਉਥੇ ਬੀੜ ਲੈ ਜਾਣ ਦੀ ਆਗਿਆ ਵੀ ਦਿਓ ਅਤੇ ਆਗਿਆ ਮਿਲ ਗਈ।
3. ਭਾਈ ਬੰਨੋ ਦੇ ਮਨ ਵਿਚ ਖਿਆਲ ਆਇਆ ਕਿ ਮਾਂਗਟ ਰਹਿਣ ਦਾ ਇੱਕ ਦਿਨ ਦਾ ਇਕਰਾਰ ਮਿਲਿਆ ਹੈ, ਪਰ ਰਸਤੇ ਵਿਚ ਲਗਦੇ ਦਿਨਾਂ ਦਾ ਕੋਈ ਜ਼ਿਕਰ ਨਹੀਂ ਹੋਇਆ।
4. ਭਾਈ ਬੰਨੋ ਨੇ ਰਸਤੇ ਵਿਚ ਆਉਂਦਿਆਂ-ਜਾਂਦਿਆਂ ਬੀੜ ਦਾ ਇੱਕ ਉਤਾਰਾ ਕਰਨ ਲਈ ਲਿਖਾਰੀ ਨਾਲ ਲੈ ਲਏ ਅਤੇ ਪੰਜ-ਪੰਜ ਕੋਹ 'ਤੇ ਪੜਾਅ ਕਰ ਕੇ ਬੀੜ ਦਾ ਉਤਾਰਾ ਕਰਵਾਉਂਦਾ ਰਿਹਾ।
5. ਮਾਂਗਟ ਤੋਂ ਵਾਪਸੀ ਸਮੇਂ ਲਾਹੌਰ ਤਕ ਉਤਾਰਾ ਮੁਕੰਮਲ ਕਰ ਲਿਆ।
6. ਭਾਈ ਬੰਨੋ ਨੇ ਲਾਹੌਰ ਤੋਂ ਦੋਹਾਂ ਬੀੜਾਂ ਦੀਆਂ ਜਿਲਦਾਂ ਬੰਨਵਾ ਲਈਆਂ ਅਤੇ ਵਾਪਸ ਅੰਮ੍ਰਿਤਸਰ ਆ ਗਿਆ।
7. ਗੁਰਬਿਲਾਸ ਅਨੁਸਾਰ ਭਾਈ ਬੰਨੋ ਨੂੰ ਇਸ ਕਾਰਜ ਲਈ 35 ਦਿਨ ਲੱਗ ਗਏ।

**ਉਪਰੋਕਤ ਲਿਖਤ ਤੋਂ ਸਿੱਟਾ:** ਅੰਮ੍ਰਿਤਸਰ ਵਿਚ ਕੋਈ ਜਿਲਦ-ਸਾਜ਼ ਨਹੀਂ ਸੀ, ਜੋ ਹੈਰਾਨ ਕਰਨ ਵਾਲੀ ਗੱਲ ਹੈ। ਗੁਰੂ ਜੀ ਕੋਲ ਮਾਇਆ ਦੀ ਕੋਈ ਘਾਟ ਨਹੀਂ ਸੀ। ਉਹ ਲਾਹੌਰ ਤੋਂ ਕੋਈ ਵਧੀਆ ਜਿਲਦ-ਸਾਜ਼ ਅੰਮ੍ਰਿਤਸਰ ਵੀ ਮੰਗਵਾ ਸਕਦੇ ਸਨ, ਪਰ ਅੰਮ੍ਰਿਤਸਰ ਵਿਚ ਜਿਲਦ-ਸਾਜ਼ਾਂ ਦੀ ਕਮੀ ਨਹੀਂ ਸੀ। ਭਾਈ ਬੰਨੋ ਨੇ ਗੁਰੂ ਜੀ ਦੀ ਆਗਿਆ ਤੋਂ ਬਿਨਾ ਹੀ ਉਤਾਰਾ ਕਰਵਾ ਲਿਆ, ਜੋ ਗੁਰੂ ਜੀ ਦੀ ਨਿਰਾਦਰੀ ਹੈ। ਪੰਜਵੇਂ ਗੁਰੂ ਜੀ ਨੇ 34 ਬਾਣੀਕਾਰਾਂ ਦੀ ਕੀਤੀ ਕਮਾਈ ਨੂੰ ਖਤਰੇ ਵਿਚ ਪਾ ਦਿੱਤਾ, ਕਿਉਂਕਿ ਰਸਤੇ ਵਿਚ ਕੋਈ ਵੀ ਦੁਰਘਟਨਾ ਵਾਪਰ ਸਕਦੀ ਸੀ; ਪਰ ਗੁਰੂ ਜੀ ਅਜਿਹਾ ਕਦੇ ਵੀ ਸੋਚ ਹੀ ਨਹੀਂ ਸੀ ਸਕਦੇ ਕਿ ਸਿੱਖੀ ਦੇ ਇਸ ਮਹਾਨ ਕੀਮਤੀ ਵਿਰਸੇ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਵੇ, ਕਿਉਂਕਿ ਗੁਰਬਾਣੀ ਦੀ ਤਾਲੀਮ ਦੇ ਬਹੁਤ ਦੁਸ਼ਮਣ ਬਣ ਚੁਕੇ ਸਨ, ਜਿਨ੍ਹਾਂ ਲਈ ਬੀੜ ਨੂੰ ਸਿੱਖੀ ਵਿਚੋਂ ਲਾਂਭੇ ਕਰਨਾ ਬਹੁਤ ਸੌਖਾ ਸੀ। ਗੁਰੂ ਜੀ ਤਾਂ ਇੱਕ ਨਿਮਖ ਭਰ ਲਈ ਵੀ ਬਾਣੀ ਨੂੰ ਦੂਰ ਨਹੀਂ ਸਨ ਕਰ ਸਕਦੇ ਤਾਂ ਉਨ੍ਹਾਂ ਬੀੜ ਤੋਂ ਬਿਨਾ ਦਿਨ ਕਿਵੇਂ ਬਿਤਾਏ ਹੋਣਗੇ? ਜਿਲਦ ਬੰਨਵਾਉਣ ਦੀ ਸੇਵਾ ਜੋ ਭਾਈ ਗੁਰਦਾਸ ਜੀ ਕਰਵਾ ਸਕਦੇ ਸਨ, ਉਹ ਕੋਈ ਹੋਰ ਨਹੀਂ ਸੀ ਕਰਵਾ ਸਕਦਾ। ਕਿਹਾ ਜਾ ਸਕਦਾ ਹੈ ਕਿ ਜਿਲਦ ਬੰਨਵਾਉਣ ਲਈ ਬੀੜ ਭਾਈ ਬੰਨੋ ਨੂੰ ਨਹੀਂ ਸੀ ਦਿੱਤੀ ਜਾ ਸਕਦੀ ਅਤੇ ਗੁਰਬਿਲਾਸ ਦੇ ਲਿਖਾਰੀ ਵਲੋਂ ਘੜੀ ਭਾਈ ਬੰਨੋ ਵਾਲੀ ਕਹਾਣੀ ਝੂਠੀ ਹੈ।



**ਕਹਾਣੀ ਦੇ ਝੂਠੀ ਹੋਣ ਦਾ ਹੋਰ ਕਾਰਨ:** ਜੇ ਭਾਈ ਬੰਨੋ ਭਾਦਰੋਂ ਵਦੀ 10 ਨੂੰ ਤੁਰ ਕੇ 35 ਦਿਨਾਂ ਬਾਅਦ ਵਾਪਸ ਅੰਮ੍ਰਿਤਸਰ ਪੁੱਜਾ ਤਾਂ ਫਿਰ ਬੀੜ ਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਏਕਮ ਨੂੰ ਹੋ ਹੀ ਨਹੀਂ ਸਕਦਾ, ਉਸ ਦੀ ਵਾਪਸੀ ਦਾ ਸਮਾਂ ਤਾਂ ਅੱਸੂ ਸੁਦੀ ਏਕਮ ਤੋਂ ਵੀ ਅਗਾਂਹ ਟੱਪ ਗਿਆ।

**(ਅ) 'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਦੀ ਸੋਚ:**

1. ਬੀੜ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕਰ ਦਿੱਤਾ ਗਿਆ ਸੀ।
2. ਮਾਂਗਟ ਦੀਆਂ ਸੰਗਤਾਂ ਨਾਲ ਭਾਈ ਬੰਨੋ ਦਰਸ਼ਨ ਲਈ ਆਇਆ ਅਤੇ ਵਾਪਸੀ ਸਮੇਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਕੁਝ ਦਿਨਾਂ ਲਈ ਬੀੜ ਮੰਗਵੀਂ ਦੇ ਦੇਣ ਤਾਂ ਜੋ ਮਾਂਗਟ ਦੀਆਂ ਹੋਰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾ ਸਕਣ। ਗੁਰੂ ਜੀ ਮੰਨ ਗਏ ਅਤੇ ਇੱਕ ਰਾਤ ਹੀ ਮਾਂਗਟ ਰਹਿਣ ਲਈ ਹੁਕਮ ਕੀਤਾ।
3. ਭਾਈ ਬੰਨੋ ਨੇ ਆਪ ਹੀ ਬੀੜ ਦਾ ਉਤਾਰਾ ਕਰਨ ਦਾ ਖਿਆਲ ਬਣਾਇਆ ਅਤੇ ਰੋਜ਼ ਦਾ ਇੱਕ ਕੋਹ ਪੈਂਡਾ ਚੱਲਦਾ ਤੇ ਪੜਾਅ ਕਰ ਕੇ ਉਤਾਰਾ ਵੀ ਕਰਵਾਉਂਦਾ। ਮਾਂਗਟ ਪਹੁੰਚਦਿਆਂ ਅੱਧੀ ਬੀੜ ਦਾ ਉਤਾਰਾ ਹੋ ਗਿਆ।

**ਵਿਚਾਰ:** 1. ਪਹਿਲੀ ਗੱਲ ਤਾਂ ਇਹ ਹੈ ਕਿ ਬੀੜ ਨੂੰ ਦਰਬਾਰ ਸਾਹਿਬ ਤੋਂ ਬਾਹਰ ਲੈ ਜਾਣ ਦੀ ਕੋਈ ਤੁਕ ਨਹੀਂ ਬਣਦੀ ਕਿਉਂਕਿ ਦੂਰ ਦੀਆਂ ਸੰਗਤਾਂ ਅੰਮ੍ਰਿਤਸਰ ਆ ਕੇ ਵੀ ਦਰਸ਼ਨ ਕਰ ਸਕਦੀਆਂ ਸਨ ਅਤੇ ਬੀੜ ਨੂੰ ਥਾਂ-ਥਾਂ ਘੁਮਾਉਣ ਦੀ ਕੋਈ ਲੋੜ ਨਹੀਂ ਬਣਦੀ।

ਕਵੀ ਸੰਤੋਖ ਸਿੰਘ ਦੀ ਇਹ ਮਨਘੜਤ ਅਤੇ ਕੱਚੀ ਸੋਚ ਹੈ।

2. ਬੀੜ ਨੂੰ ਥਾਂ ਥਾਂ ਲੈ ਕੇ ਜਾਣਾ ਦੁਸ਼ਮਣਾਂ ਦੇ ਵਾਰ ਤੋਂ ਕਿਸੇ ਤਰ੍ਹਾਂ ਵੀ ਸੁਰੱਖਿਅਤ ਨਹੀਂ ਸੀ, ਕਿਉਂਕਿ ਬੀੜ ਦੀ ਤਾਲੀਮ ਬਹੁਤ ਸਾਰੇ ਲੋਕਾਂ ਨੂੰ ਚੁਭਦੀ ਸੀ। ਕਵੀ ਦੀ ਇਹ ਬਹੁਤ ਘਟੀਆ ਸੋਚ ਹੈ ਕਿ ਬੀੜ ਮਾਂਗਟ ਭੇਜੀ ਗਈ ਸੀ।

3. ਕਵੀ ਸੰਤੋਖ ਸਿੰਘ ਦੀ ਗੱਲ ਮੰਨੀਏ ਤਾਂ ਅੰਮ੍ਰਿਤਸਰੋਂ ਮਾਂਗਟ 100 ਕੋਹ ਜਾਣ ਅਤੇ 100 ਕੋਹ ਆਉਣ ਵਿਚ 200 ਦਿਨ ਲੱਗੇ ਕਿਉਂਕਿ ਇੱਕ ਕੋਹ ਹੀ ਰੋਜ਼ ਦਾ ਪੈਂਡਾ ਕਰਨਾ ਸੀ। ਭਾਵ ਦਰਬਾਰ ਸਾਹਿਬ ਵਿਚ ਬੀੜ ਦੇ ਪ੍ਰਕਾਸ਼ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ 7 ਮਹੀਨੇ ਨਿਰਾਸ਼ ਹੋ ਕੇ ਮੁੜਦੀਆਂ ਰਹੀਆਂ, ਜੋ ਅਣਹੋਣੀ ਗੱਲ ਹੈ।

4. ਗੁਰੂ ਜੀ ਤਾਂ ਗੁਰਬਾਣੀ ਨੂੰ ਇੱਕ ਨਿਮਖ ਵੀ ਦੂਰ ਨਹੀਂ ਸਨ ਕਰਦੇ, ਤਾਂ ਉਹ 7 ਮਹੀਨੇ ਇਸ ਮਹਾਨ ਖਜ਼ਾਨੇ ਤੋਂ ਬਿਨਾ ਕਿਵੇਂ ਰਹਿ ਸਕੇ? ਕਵੀ ਦੀ ਇਹ ਕਹਾਣੀ ਝੂਠੀ ਅਤੇ ਮਨਘੜਤ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਵੀ ਨੂੰ ਗੁਰਬਾਣੀ ਦੀ ਅਸਲ ਕੀਮਤ ਦਾ ਕੋਈ ਨਹੀਂ ਪਤਾ ਸੀ।

5. ਕੀ ਭਾਈ ਬੰਨੋ ਤੋਂ ਬਿਨਾ ਜੇ ਕਿਸੇ ਹੋਰ ਸਿੱਖ ਨੇ ਆਪਣੇ ਇਲਾਕੇ ਵਿਚ ਬੀੜ ਲੈ ਜਾਣ ਲਈ ਗੁਰੂ ਜੀ ਨੂੰ ਬੇਨਤੀ ਕੀਤੀ ਹੋਵੇਗੀ ਤਾਂ ਗੁਰੂ ਜੀ ਨੇ ਨਾਂਹ ਕਰ ਕੇ ਸਿੱਖ ਨੂੰ ਨਾਰਾਜ਼ ਕਰ ਲਿਆ ਹੋਵੇਗਾ? ਭਾਈ ਬੰਨੋ ਵਲੋਂ ਬੀੜ ਲੈ ਜਾਣ ਦੀ ਗੁਰਬਿਲਾਸ ਵਾਲੀ ਝੂਠੀ ਕਹਾਣੀ ਹੀ ਕਵੀ ਸੰਤੋਖ ਸਿੰਘ ਵਲੋਂ ਕੁਝ ਫੇਰ-ਬਦਲ ਕਰ ਕੇ ਦੁਹਰਾਈ ਗਈ ਹੈ, ਜੋ ਕਵੀ ਦੀ ਸਿਆਣਪ ਨਹੀਂ ਕਹੀ ਜਾ ਸਕਦੀ।

6. ਕਵੀ ਸੰਤੋਖ ਸਿੰਘ ਅਨੁਸਾਰ ਬੀੜ ਦੇ ਉਤਾਰੇ ਨੂੰ 7 ਮਹੀਨੇ ਲੱਗਣ ਨਾਲ ਉਤਾਰਾ ਖਤਮ ਹੋਣ ਦਾ ਸਮਾਂ ਚੇਤ, ਸੰਮਤ 1662 ਬਣਦਾ ਹੈ। ਇਹ ਝੂਠ ਹੈ, ਕਿਉਂਕਿ ਭਾਈ ਬੰਨੋ ਵਾਲੀ ਬੀੜ ਵਿਚ ਹੀ ਉਤਾਰਾ ਖਤਮ ਹੋਣ ਦੀ ਤਾਰੀਖ ਅੱਸੂ ਵਦੀ 1 ਸੰਮਤ 1661 ਲਿਖੀ ਹੋਈ ਹੈ।

**(ੲ) ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ 'ਚ ਕੀ ਲਿਖਿਆ ਹੈ?** ਇਸ ਕਵੀ ਨੇ ਵੀ ਗੁਰਬਿਲਾਸ ਵਾਲੀ ਸਾਖੀ ਹੀ ਦੁਹਰਾਈ ਹੈ ਅਤੇ ਆਪਣਾ ਦਿਮਾਗ ਵਰਤ ਕੇ ਕੋਈ ਪੁਣ-ਛਾਣ ਨਹੀਂ ਕੀਤੀ।

**ਜਿਲਦ ਕਿੱਥੇ ਬੰਨੀ ਗਈ?**

ਜਿਲਦ ਬੰਨਣ ਲਈ ਬੀੜ ਅੰਮ੍ਰਿਤਸਰ ਤੋਂ ਕਿਤੇ ਬਾਹਰ ਨਹੀਂ ਭੇਜੀ ਗਈ। ਆਦਿ ਬੀੜ ਦੀ ਜਿਲਦ ਅੰਮ੍ਰਿਤਸਰ ਵਿਚ ਹੀ ਭਾਈ ਗੁਰਦਾਸ ਜੀ ਦੀ ਦੇਖ-ਰੇਖ ਹੇਠ ਬੰਨਾਈ ਗਈ ਸੀ। ਭਾਈ ਗੁਰਦਾਸ ਜੀ ਨੇ ਬੀੜ ਦੀ ਲਿਖਾਈ ਭਾਦਉਂ ਵਦੀ ਏਕਮ ਸੰਮਤ 1661 ਨੂੰ ਮੁਕਾ ਲਈ ਸੀ। ਫਿਰ ਤਤਕਰਾ ਲਿਖਣ ਲਈ 10 ਕੁ ਦਿਨ ਜ਼ਰੂਰ ਲੱਗ ਗਏ ਹੋਣਗੇ। ਬਾਕੀ ਦੇ 4 ਦਿਨ ਜਿਲਦ ਬੰਨਣ ਅਤੇ ਸੁਕਾਉਣ ਨੂੰ ਲੱਗ ਗਏ ਅਤੇ ਭਾਦਉਂ ਸੁਦੀ ਏਕਮ ਨੂੰ ਦਰਬਾਰ ਸਾਹਿਬ ਵਿਚ ਆਦਿ ਬੀੜ ਦਾ ਪ੍ਰਕਾਸ਼ ਕਰ ਦਿੱਤਾ ਗਿਆ ਸੀ।

**ਨੋਟ:** ਲੇਖ ਲੜੀ ਲਈ ਵਿਚਾਰਾਂ ਦਾ ਆਧਾਰ ਪ੍ਰੋ. ਸਾਹਿਬ ਸਿੰਘ ਦੀ ਖੋਜ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਬਣਾਇਆ ਗਿਆ ਹੈ।

*(ਸਮਾਪਤ)*

# ਟੱਕਰ

ਸੁਣ ਦਿੱਲੀ ਦੀਏ ਸਰਕਾਰੇ
ਤੇਰੇ ਸਾਡੇ ਵੈਰ ਕਰਾਰੇ
ਯੁੱਗੋਂ ਲੰਬੇ ਪਹਾੜੋਂ ਭਾਰੇ
ਕੱਚੀਆਂ ਗੜ੍ਹੀਆਂ ਮਹਿਲ ਮੁਨਾਰੇ
ਹਰ ਦਮ ਭਿੜਦੇ ਰਹਿਣੇ ਨੀ,
ਸੀਸ ਸਿੰਘਾਂ ਦੇ ਦਿੱਲੀ ਦੇ ਸੰਗ
ਮੁੜ ਮੁੜ ਖਹਿਣੇ ਨੀ।

ਗੁਰੂ ਲੂੰਹਦੀ ਤਵੀ ਬਿਠਾ ਕੇ
ਪਰਖੇ ਅਰਜਨ ਦੇਵ ਇਰਾਦੇ
ਉਥੋਂ ਮੌਤ ਲੰਘੀ ਸ਼ਰਮਾ ਕੇ
ਗੁਰ ਸੀਅ ਨਾ ਕੀਤੀ ਨੀ।
ਵੈਰਨੇ! ਜ਼ੁਲਮ ਸੰਗ ਭਿੜਨੇ ਦੀ
ਲੋਕਾਂ ਨੇ ਗੁੜ੍ਹਤੀ ਪੀਤੀ ਨੀ।

ਸਾਡਾ ਤੇਗ ਬਹਾਦਰ ਸੂਰਾ
ਕਹਿਣੀ ਕਰਨੀ ਦਾ ਉਹ ਪੂਰਾ
ਤੋੜਨ ਲਈ ਗੁਲਾਮੀ ਜੂਲਾ
ਦਿੱਲੀ ਸੀਸ ਕਟਾਇਆ ਸੀ।
ਹਿੱਕ ਤੇਰੀ 'ਤੇ ਆਣ ਸ਼ਹੀਦੀ
ਬੂਟਾ ਲਾਇਆ ਸੀ।

ਸਾਡਾ ਗੋਬਿੰਦ ਰਣ ਵਿਚ ਗੜ੍ਹਕੇ
ਆਇਆ ਸੀਸ ਤਲੀ 'ਤੇ ਧਰ ਕੇ
ਸਾਰੀ ਮਿਹਨਤ 'ਕੱਠੀ ਕਰ ਕੇ
ਮੁਕਤੀ ਘੋਲ ਰਚਾਇਆ ਸੀ,
ਕੱਚੀ ਗੜ੍ਹੀ ਨੇ ਲਾਲ ਕਿਲੇ ਨੂੰ
ਕਾਂਬਾ ਲਾਇਆ ਸੀ।
ਵੈਰਨੇ! ਤੇਗਾਂ ਵਿਚੋਂ ਜੰਮਿਆ
ਘੋਲਾਂ ਵਿਚ ਸਮਾਇਆ ਸੀ।

ਸਾਡਾ ਸੰਤ ਬਹਾਦਰ ਬੰਦਾ
ਸੁੱਟੀ ਮਾਲਾ ਫੜ੍ਹਿਆ ਖੰਡਾ
ਚੁੱਕਿਆ ਸੱਚ-ਯੁੱਧ ਦਾ ਝੰਡਾ
ਇੱਟ ਨਾਲ ਇੱਟ ਖੜਕਾਈ ਨੀ।
ਮੁਕਤੀ ਦੇ ਕਈ ਜੂਝ ਮਰਨ ਦੀ
ਵੈਰਨੇ! ਜਾਚ ਸਿਖਾਈ ਨੀ।

ਭਗਤ ਸਿੰਘ ਨੇ ਭੜਥੂ ਪਾ'ਤੇ
ਸੁੱਟਿਆਂ ਬੰਬ ਅਸੈਂਬਲੀ ਜਾ ਕੇ
ਰੱਸਾ ਫਾਂਸੀ ਦਾ ਗਲ ਪਾ ਕੇ
ਮੌਤ ਨੂੰ ਗਲੇ ਲਗਾਇਆ ਨੀ।
ਇਨਕਲਾਬ ਦਾ ਸਿੰਘ ਗੁਰੀਲੇ
ਨਾਅਰਾ ਲਾਇਆ ਨੀ।

ਗੱਜੇ ਊਧਮ, ਭਗਤ, ਸਰਾਭੇ
ਬੱਬਰ, ਅਕਾਲੀ, ਗਦਰੀ ਬਾਬੇ
ਸੁੱਤੇ ਅਣਖਾਂ ਵਾਲੇ ਜਾਗੇ
ਕੁੱਟਿਆ ਲੋਟੂ ਢਾਣੀ ਨੂੰ।
ਚਾਲੂ ਰੱਖਿਆ ਲੋਕ ਯੁੱਧ ਦੀ
ਅਮਰ ਕਹਾਣੀ ਨੂੰ।

ਯੋਧੇ ਮਾਂ ਭਾਰਤ ਦੇ ਹੀਰੇ
ਨੂੜ੍ਹੇ ਜਿਸਮ ਤੇ ਅੰਗ ਨਪੀੜੇ
ਪੁਲਸੀ ਝੜਪਾਂ ਦੀ ਤਸਵੀਰੇ
ਤੈਨੂੰ ਵਾਹੁਣ ਸਰਕਾਰਾਂ ਹੀ।
ਆਜ਼ਾਦੀ ਦੀ ਭੇਟ ਚੜ੍ਹੇ
ਇੰਜ ਪੁੱਤ ਹਜ਼ਾਰਾਂ ਹੀ।

ਅਸੀਂ ਹਉਕਿਆਂ ਵਿਚੋਂ ਜੰਮੇ
ਕਿਹੜਾ ਸਾਡਾ ਝੱਖੜ ਥੰਮੇ
ਅਸੀਂ ਰੰਘਣ ਖਾਂ ਕਈ ਭੰਨੇ
ਹਾਂ ਸੰਤਾਨ ਸ਼ਹੀਦਾਂ ਦੀ।
ਹੱਕ-ਸੱਚ ਦਾ ਝੰਡਾ ਹੀ
ਜਿੰਦ ਜਾਨ ਸ਼ਹੀਦਾਂ ਦੀ।
ਲੋਕੋ, ਹੱਕ-ਸੱਚ ਦਾ ਝੰਡਾ ਹੀ
ਜਿੰਦ ਜਾਨ ਸ਼ਹੀਦਾਂ ਦੀ।

**-ਡਾ. ਸੁਖਪਾਲ ਸੰਘੇੜਾ**
*dr.sukhpal.sanghera@gmail.com*

# ਰਾਮੁ ਜਪਤੁ ਕਛੁ ਬਿਘਨੁ ਨ ਵਿਆਪੈ

ਗੁਰਬਾਣੀ ਗਿਆਨ

**ਗੋਂਡ ਮਹਲਾ ੫॥**
ਸੰਤਨ ਕੈ ਬਲਿਹਾਰੈ ਜਾਉ॥
ਸੰਤਨ ਕੈ ਸੰਗਿ ਰਾਮ ਗੁਨ ਗਾਉ॥
ਸੰਤ ਪ੍ਰਸਾਦਿ ਕਿਲਵਿਖ ਸਭਿ ਗਏ॥
ਸੰਤ ਸਰਣਿ ਵਡਭਾਗੀ ਪਏ॥
ਰਾਮੁ ਜਪਤ ਕਛੁ ਬਿਘਨੁ ਨ ਵਿਆਪੈ॥
ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ॥ ਰਹਾਉ॥
ਪਾਰਬ੍ਰਹਮ ਜਬ ਹੋਇ ਦਇਆਲ॥
ਸਾਧੂ ਜਨ ਕੀ ਕਰੈ ਰਵਾਲ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ॥
ਰਾਮ ਰਤਨੁ ਵਸੈ ਮਨਿ ਆਇ॥
ਸਫਲੁ ਜਨਮੁ ਤਾਂ ਕਾ ਪਰਵਾਣੁ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ॥
ਜਨਮ ਜਨਮ ਕਾ ਸੋਇਆ ਜਾਗੈ॥
ਚਰਨ ਕਮਲ ਜਨ ਕਾ ਆਧਾਰੁ॥
ਗੁਣ ਗੋਵਿੰਦ ਰਉਂ ਸਚੁ ਵਾਪਾਰੁ॥
ਦਾਸ ਜਨਾ ਕੀ ਮਨਸਾ ਪੂਰਿ॥
ਨਾਨਕ ਸੁਖੁ ਪਾਵੈ ਜਨ ਧੂਰਿ॥

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, ਹੇ ਭਾਈ! ਗੁਰੂ ਦੇ ਦੱਸੇ ਰਸਤੇ 'ਤੇ ਤੁਰਨ ਵਾਲੇ ਗੁਰੂ ਪਿਆਰੇ ਸੰਤ ਜਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ; ਉਨ੍ਹਾਂ ਗੁਰੂ ਪਿਆਰੇ ਸੰਤਾਂ ਦੀ ਸੰਗਤ ਵਿਚ ਰਹਿ ਕੇ ਮੈਂ ਭੀ ਉਸ ਮਿਹਰਬਾਨ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦਾ ਹਾਂ। ਭਾਈ! ਸੰਤ ਜਨਾਂ ਦੀ ਕਿਰਪਾ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ, ਪਰ ਵੱਡੇ ਭਾਗਾਂ ਵਾਲੇ ਜੀਵ ਹੀ ਗੁਰੂ ਪਿਆਰੇ ਸੰਤ ਜਨਾਂ ਦੀ ਸ਼ਰਨ ਪੈਂਦੇ ਹਨ।

ਰਾਮੁ ਜਪਤ ਕਛੁ ਬਿਘਨੁ ਨ ਵਿਆਪੈ॥
ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ॥ ਰਹਾਉ॥

ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਉਪਦੇਸ਼ ਕਰਦੇ ਹਨ, ਹੇ ਭਾਈ! ਗੁਰੂ ਦੀ ਕਿਰਪਾ ਸਦਕਾ ਇਹ ਜੀਵ ਜਦੋਂ ਪ੍ਰਭੂ ਦੇ ਨਾਮ ਦਾ ਜਾਪ ਕਰਦਾ ਹੈ ਤਾਂ ਕਿਸੇ ਵੀ ਕਿਸਮ ਦਾ ਕੋਈ ਵਿਘਨ ਉਸ ਨਾਮ ਜਪਣ ਵਾਲੇ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ਗੁਰੂ ਦੀ ਕਿਰਪਾ ਨਾਲ ਉਸ ਨੂੰ ਪਿਆਰਾ ਪ੍ਰਭੂ ਹਰ ਥਾਂ ਵੱਸਦਾ ਦਿਸ ਪੈਂਦਾ ਹੈ।

ਪਾਰਬ੍ਰਹਮ ਜਬ ਹੋਇ ਦਇਆਲ॥
ਸਾਧੂ ਜਨ ਕੀ ਕਰੈ ਰਵਾਲ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ॥
ਰਾਮ ਰਤਨੁ ਵਸੈ ਮਨਿ ਆਇ॥

ਪੰਚਮ ਪਾਤਿਸ਼ਾਹ ਆਖਦੇ ਹਨ, ਹੇ ਭਾਈ! ਉਹ ਮਿਹਰਬਾਨ ਪਰਮਾਤਮਾ ਪਿਤਾ ਜਦੋਂ ਕਿਸੇ ਜੀਵ ਉਤੇ ਦਇਆਵਾਨ ਹੁੰਦਾ ਹੈ ਤਾਂ ਉਸ ਮਨੁਖ ਨੂੰ ਗੁਰੂ ਦੇ ਦੱਸੇ ਰਸਤੇ ਉਤੇ ਤੁਰਨ ਵਾਲੇ ਸੇਵਕਾਂ ਦੇ ਚਰਨਾਂ ਦੀ ਧੂੜ ਬਣਾਉਂਦਾ ਹੈ। ਫਿਰ ਉਸ ਮਨੁਖ ਦੇ ਸਰੀਰ ਵਿਚੋਂ ਕਾਮ ਤੇ ਕ੍ਰੋਧ-ਦੋਵੇਂ ਹੀ ਚਲੇ ਜਾਂਦੇ ਹਨ ਅਤੇ ਪਰਮਾਤਮਾ ਦਾ ਰਤਨ ਰੂਪੀ ਨਾਮ ਉਸ ਮਨੁਖ ਦੇ ਮਨ ਵਿਚ ਆ ਕੇ ਵੱਸ ਜਾਂਦਾ ਹੈ।

ਸਫਲੁ ਜਨਮੁ ਤਾਂ ਕਾ ਪਰਵਾਣੁ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ॥
ਜਨਮ ਜਨਮ ਕਾ ਸੋਇਆ ਜਾਗੈ॥

ਸਤਿਗੁਰੂ ਪਿਤਾ ਆਖਦੇ ਹਨ, ਹੇ ਭਾਈ! ਜਿਹੜਾ ਮਨੁਖ ਉਸ ਮਾਲਕ ਪਰਮਾਤਮਾ ਨੂੰ ਆਪਣੇ ਨੇੜੇ ਵੱਸਦਾ ਸਮਝਦਾ ਹੈ, ਉਸ ਦਾ ਜੀਵਨ ਸਫਲ ਹੋ ਜਾਂਦਾ ਹੈ, ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ। ਉਹ ਵਡਭਾਗਾ ਮਨੁਖ ਭਗਤੀ ਭਾਵ ਵਿਚ ਪ੍ਰਭੂ ਦਾ ਕੀਰਤਨ ਭਾਵ ਕੀਰਤੀ ਸਿਫਤਿ ਸਾਲਾਹ ਵਿਚ ਲੱਗ ਜਾਂਦਾ ਹੈ ਅਤੇ ਪ੍ਰਭੂ ਨਾਮ ਸਿਮਰਨ ਨਾਲ ਅਨੇਕਾਂ ਜਨਮਾਂ ਤੋਂ ਮਾਇਆ ਦੀ ਘੂਕੀ ਵਿਚ ਸੁੱਤਾ ਪਿਆ ਉਸ ਦਾ ਮਨ ਜਾਗ ਪੈਂਦਾ ਹੈ।

ਚਰਨ ਕਮਲ ਜਨ ਕਾ ਆਧਾਰੁ॥
ਗੁਣ ਗੋਵਿੰਦ ਰਉਂ ਸਚੁ ਵਾਪਾਰੁ॥
ਦਾਸ ਜਨਾ ਕੀ ਮਨਸਾ ਪੂਰਿ॥
ਨਾਨਕ ਸੁਖੁ ਪਾਵੈ ਜਨ ਧੂਰਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਹੇ ਭਾਈ! ਪਰਮਾਤਮਾ ਦੇ ਸੋਹਣੇ ਚਰਨ ਗੁਰੂ ਦੇ ਦੱਸੇ ਰਸਤੇ 'ਤੇ ਤੁਰਨ ਵਾਲੇ ਸੇਵਕਾਂ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦੇ ਹਨ, ਇਸ ਲਈ ਮੈਂ ਵੀ ਉਨ੍ਹਾਂ ਸੇਵਕਾਂ ਦੀ ਸੰਗਤ ਸਦਕਾ ਹੀ ਪ੍ਰਭੂ ਦੇ ਗੁਣ ਗਾਉਂਦਾ ਹਾਂ। ਇਹ ਸੱਚਾ ਵਣਜ ਹੈ। ਉਹ ਪ੍ਰਭੂ ਆਪਣੇ ਸੇਵਕਾਂ ਦੇ ਮਨ ਦੀ ਕਾਮਨਾ ਪੂਰੀ ਕਰਦਾ ਹੈ ਅਤੇ ਪ੍ਰਭੂ ਦਾ ਸੇਵਕ ਸੰਤ ਜਨਾਂ ਦੀ ਚਰਨ ਧੂੜ ਵਿਚ ਆਤਮਕ ਅਨੰਦ ਪ੍ਰਾਪਤ ਕਰਦਾ ਹੈ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਵਿਚਾਰ ਚਰਚਾ

# ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟ ਹੋਏ ਫਿਲਾਸਫੀ ਦੇ ਨਵੇਂ ਗਿਆਨ ਨੂੰ ਕਿਵੇਂ ਸਮਝੀਏ?

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਵਲੋਂ ਲੰਘੀ 23 ਮਈ ਨੂੰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਸਰਬਵਿਆਪਕਤਾ ਬਾਰੇ ਡਾ. ਸਵਰਾਜ ਸਿੰਘ ਦਾ ਲੈਕਚਰ ਕਰਵਾਇਆ ਗਿਆ। ਲੈਕਚਰ ਤੋਂ ਬਾਅਦ ਡਾ. ਸਵਰਾਜ ਸਿੰਘ ਦੀ ਪੁਸਤਕ 'ਸੰਸਾਰੀਕਰਨ ਦੇ ਦੌਰ ਵਿਚ ਪੂਰਬ ਅਤੇ ਸਿੱਖ ਵਿਚਾਰਧਾਰਾ ਦੀ ਸਾਰਥਕਤਾ' ਬਾਰੇ ਮੈਨੂੰ ਆਪਣੇ ਵਿਚਾਰ ਦੱਸਣ ਲਈ ਕਿਹਾ ਗਿਆ। ਉਂਜ ਬੜੇ ਉਸਾਰੂ ਮਾਹੌਲ ਵਿਚ ਹੋਈ ਇਸ ਚਰਚਾ ਦਾ ਇਕ

**ਗੁਰਬਚਨ ਸਿੰਘ**
**ਫੋਨ: 91-98156-98451**

ਦਿਲਚਸਪ ਪਹਿਲੂ ਇਹ ਸੀ ਕਿ ਜਦੋਂ ਮੈਂ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਤਿੰਨ ਸਾਮੀ ਧਰਮਾਂ-ਯਹੂਦੀਅਤ, ਇਸਾਈਅਤ ਤੇ ਇਸਲਾਮ ਵਿਚ ਚਲੀ ਆ ਰਹੀ ਬਾਬਾ ਆਦਮ ਦੀ ਬਣੀ ਮਿਥ ਦਾ ਖੰਡਨ ਕੀਤਾ ਤਾਂ ਮੈਥੋਂ ਪਿਛੋਂ ਬੋਲੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਦਰਸ਼ਨ ਸਿੰਘ ਨੇ ਇਹ ਕਹਿ ਕੇ ਬਜ਼ੁਰਗਾਨਾ ਸੁਝਾਅ ਦਿਤਾ ਕਿ ਸਾਨੂੰ ਅਜਿਹੀਆਂ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ, ਜਿਨ੍ਹਾਂ ਨਾਲ ਦੂਜੇ ਧਰਮਾਂ ਦੇ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਪੁੱਜੇ। ਉਨ੍ਹਾਂ ਦੇ ਇਸ ਸੁਝਾਅ ਦਾ ਮੰਤਵ ਕੋਈ ਵੀ ਹੋਵੇ, ਪਰ ਉਸੇ ਦਿਨ ਦਾ ਇਹ ਸੁਆਲ ਮੇਰੇ ਮਨ ਵਿਚ ਅਟਕਿਆ ਹੋਇਆ ਹੈ ਕਿ ਕੀ ਹੋਰਨਾਂ ਲੋਕਾਂ ਦੇ ਜਜ਼ਬਾਤ ਦਾ ਖਿਆਲ ਰਖ ਕੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਸੱਚ ਨੂੰ ਬਿਆਨ ਨਹੀਂ ਕਰਨਾ ਚਾਹੀਦਾ?

ਗੁਰੂ ਗ੍ਰੰਥ ਸਾਹਿਬ ਦਾ ਹਵਾਲਾ ਹੈ,

ਸਤਰਿ ਸੈਇ ਸਲਾਰ ਹੈ ਜਾ ਕੇ॥
ਸਵਾ ਲਾਖੁ ਪੈਕਾਬਰ ਤਾ ਕੇ॥
ਸੇਖ ਜੁ ਕਹੀਅਹਿ ਕੋਟਿ ਅਠਾਸੀ॥
ਛਪਨ ਕੋਟਿ ਜਾ ਕੇ ਖੇਲ ਖਾਸੀ॥੧॥
ਮੋ ਗਰੀਬ ਕੀ ਕੋ ਗੁਜਰਾਵੈ॥
ਮਜਲਸਿ ਦੂਰਿ ਮਹਲੁ ਕੋ ਪਾਵੈ॥੧॥ ਰਹਾਉ॥
ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ॥
ਉਨਿ ਭੀ ਭਿਸਤਿ ਘਨੇਰੀ ਪਾਈ॥੨॥
ਸਭੁ ਕੋਈ ਚਲਨ ਕਹਤ ਹੈ ਊਹਾਂ॥
ਨਾ ਜਾਨਉ ਬੈਕੁੰਠੁ ਹੈ ਕਹਾਂ॥੧॥ ਰਹਾਉ॥
ਆਪ ਆਪ ਕਾ ਮਰਮੁ ਨ ਜਾਨਾਂ॥
ਬਾਤਨ ਹੀ ਬੈਕੁੰਠੁ ਬਖਾਨਾਂ॥੧॥
ਜਬ ਲਗੁ ਮਨ ਬੈਕੁੰਠ ਕੀ ਆਸ॥
ਤਬ ਲਗੁ ਨਾਹੀ ਚਰਨ ਨਿਵਾਸ॥੨॥
ਖਾਈ ਕੋਟੁ ਨ ਪਰਲ ਪਗਾਰਾ॥
ਨਾ ਜਾਨਉ ਬੈਕੁੰਠ ਦੁਆਰਾ॥੩॥
ਕਹਿ ਕਮੀਰ ਅਬ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥ (ਪੰਨਾ 1161)

ਬਾਬਾ ਆਦਮ ਅਤੇ ਨਰਕ-ਸੁਰਗ ਦੇ ਸਮੁੱਚੇ ਵਰਤਾਰੇ ਦਾ ਖੰਡਨ ਕਰਦਿਆਂ ਭਗਤ ਕਬੀਰ ਜੀ ਬੰਦੇ ਨੂੰ ਇਹ ਆਤਮਕ ਗਿਆਨ ਦੇ ਰਹੇ ਹਨ ਕਿ ਜਿਸ ਖੁਦਾ ਦੇ ਸੱਤ ਹਜ਼ਾਰ ਫਰਿਸ਼ਤੇ ਦੱਸੇ ਜਾਂਦੇ ਹਨ, ਸਵਾ ਲਖ ਪੈਗੰਬਰ ਕਹੇ ਜਾਂਦੇ ਹਨ, ਜਿਸ ਦੇ ਦਰ 'ਤੇ ਖੜ੍ਹੇ ਅਠਾਸੀ ਕਰੋੜ ਸ਼ੇਖ ਅਤੇ ਛਪੰਜਾ ਕਰੋੜ ਸ਼ਰਧਾਲੂ ਦੱਸੇ ਜਾਂਦੇ ਹਨ, ਉਥੇ ਭਲਾ ਮੇਰੇ ਵਰਗੇ ਕਿਸੇ ਗਰੀਬ ਬੰਦੇ ਦੀ ਕੀ ਪਹੁੰਚ ਹੋਣੀ ਹੈ? ਸੱਤ ਅਸਮਾਨ ਦੂਰ ਉਸ ਦੇ ਮਹਿਲ ਤੱਕ ਮੇਰੀ ਕੀ ਰਸਾਈ ਹੋਣੀ ਹੈ?

ਕਿਹਾ ਜਾਂਦਾ ਹੈ ਕਿ ਬਾਬਾ ਆਦਮ ਨੂੰ ਕੁਝ ਚਿਰ ਲਈ ਬਹਿਸ਼ਤ ਨਸੀਬ ਹੋਈ ਸੀ, ਪਰ ਆਖਿਰ ਉਸ ਨੂੰ ਵੀ ਉਥੋਂ ਕੱਢ ਦਿਤਾ ਗਿਆ ਸੀ। ਗੁਰਮਤਿ ਦੀ ਇਹ ਪੜਚੋਲ ਸਿਰਫ ਯਹੂਦੀਅਤ, ਇਸਾਈਅਤ ਜਾਂ ਇਸਲਾਮ ਤਕ ਸੀਮਤ ਨਹੀਂ ਸਗੋਂ ਬ੍ਰਾਹਮਣਵਾਦ ਦੀ ਇਸ ਧਾਰਨਾ ਦਾ ਵੀ ਗੁਰਮਤਿ ਓਨੀ ਹੀ ਦ੍ਰਿੜ੍ਹਤਾ ਨਾਲ ਖੰਡਨ ਕਰਦੀ ਹੈ ਕਿ ਹਰ ਕੋਈ ਬੈਕੁੰਠ ਭਾਵ ਸਵਰਗ ਵਿਚ ਜਾਣਾ ਚਾਹੁੰਦਾ ਹੈ, ਪਰ ਕਿਸੇ ਨੂੰ ਨਹੀਂ ਪਤਾ ਕਿ ਇਹ ਸਵਰਗ ਹੈ ਕਿਥੇ?

ਭਗਤ ਕਬੀਰ ਜੀ ਵਿਅੰਗਮਈ ਭਾਸ਼ਾ ਵਿਚ ਬਚਨ ਕਰਦੇ ਹਨ ਕਿ ਆਪਣੇ ਮਨ ਅੰਦਰਲੇ ਭੇਦ ਦਾ ਤਾਂ ਪਤਾ ਨਹੀਂ, ਪਰ ਗੱਲਬਾਤ ਵਿਚ ਬੈਕੁੰਠ ਦਾ ਵਿਖਿਆਨ ਹੋ ਰਿਹਾ ਹੈ। ਗੁਰਮਤਿ ਅਨੁਸਾਰ ਜਦੋਂ ਤਕ ਬੰਦੇ ਦੇ ਮਨ ਵਿਚ ਕਿਸੇ ਸਵਰਗ ਦੀ ਆਸ ਬਣੀ ਰਹਿੰਦੀ ਹੈ, ਉਦੋਂ ਤਕ ਉਸ ਦਾ ਖੁਦਾ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ; ਕਿਉਂਕਿ ਉਦੋਂ ਤਕ ਉਸ ਨੂੰ ਆਪਣੀ ਕੁਦਰਤੀ ਹੋਂਦ ਦਾ ਅਹਿਸਾਸ ਨਹੀਂ ਹੁੰਦਾ ਅਤੇ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਰਬ ਉਸ ਦੇ ਆਪਣੇ ਹੀ ਮਨ ਵਿਚ ਬਣੇ ਸੰਕਲਪ ਦੀ ਉਪਜ ਹੈ। ਭਗਤ ਕਬੀਰ ਜੀ ਨਰਕ-ਸੁਰਗ ਦੀ ਇਸ ਸਾਰੀ ਚਰਚਾ ਬਾਰੇ ਵਿਅੰਗਮਈ ਟਿੱਪਣੀ ਕਰਦਿਆਂ ਬਚਨ ਕਰਦੇ ਹਨ ਕਿ ਕਿਸੇ ਖਾਈ, ਕਿਲੇ, ਸ਼ਹਿਰ ਜਾਂ ਉਸ ਕਿਲੇ ਨੂੰ ਜਾਣ ਵਾਲੇ ਕਿਸੇ ਰਸਤੇ ਦਾ ਤਾਂ ਪਤਾ ਨਹੀਂ ਤੇ ਨਾ ਹੀ ਇਹ ਪਤਾ ਹੈ ਕਿ ਬੈਕੁੰਠ ਹੈ ਕਿਥੇ? ਪਰ ਐਵੇਂ ਗੱਲੀਬਾਤੀਂ ਸਾਰੀ ਚਰਚਾ ਕੀਤੀ ਜਾ ਰਹੀ ਹੈ। ਭਗਤ ਕਬੀਰ ਜੀ ਦੇ ਬਚਨ ਹਨ ਕਿ ਹੁਣ ਕਿਸੇ ਨੂੰ ਕੀ ਦੱਸੀਏ ਕਿ ਇਹ ਬੈਕੁੰਠ ਅਸਲ ਵਿਚ ਸਾਧ-ਸੰਗਤ ਵਿਚ ਹੀ ਪ੍ਰਾਪਤ ਹੁੰਦਾ ਹੈ।

ਕਵਨੁ ਨਰਕੁ ਕਵਨੁ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂੰ ਕੀ ਕਾਣਿ ਨ ਕਢਤੇ ਅਪਨੇ ਗੁਰਪ੍ਰਸਾਦੇ॥ (ਪੰਨਾ 969)

ਭਗਤ ਕਬੀਰ ਜੀ ਨਰਕ-ਸੁਰਗ ਦੀ ਸਾਰੀ ਚਰਚਾ ਨੂੰ ਸਪਸ਼ਟ ਸ਼ਬਦਾਂ ਵਿਚ ਨਕਾਰਦਿਆਂ ਬਚਨ ਕਰਦੇ ਹਨ ਕਿ ਸੰਤਾਂ ਨੇ ਨਰਕ-ਸੁਰਗ ਦੇ ਸਾਰੇ ਵਰਤਾਰੇ ਦਾ ਹੀ ਖੰਡਨ ਕਰ ਦਿੱਤਾ ਹੈ ਅਤੇ ਹੁਣ ਉਹ ਆਪਣੇ ਗੁਰੂ ਵਲੋਂ ਦਿਤੇ ਆਤਮਿਕ ਗਿਆਨ ਦੀ ਰੋਸ਼ਨੀ ਵਿਚ ਨਰਕ-ਸੁਰਗ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਮੈਂ ਗੁਰੂ ਗ੍ਰੰਥ ਸਾਹਿਬ ਦਾ ਦੂਜਾ ਹਵਾਲਾ ਇਹ ਦਿੱਤਾ ਸੀ,

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥ (ਪੰਨਾ 466)

ਗੁਰਮਤਿ ਨੇ ਇਸਲਾਮ ਰਾਹੀਂ ਉਪਰੋਕਤ ਤਿੰਨਾਂ ਧਰਮਾਂ ਦੇ ਇਸ ਭਰਮਜਾਲ ਦਾ ਵੀ ਬੜੀ ਦ੍ਰਿੜ੍ਹਤਾ ਨਾਲ ਖੰਡਨ ਕੀਤਾ ਹੈ ਕਿ ਮਰਨ ਤੋਂ ਬਾਅਦ ਪੁਨਰ ਜਾਗਰਣ ਦੇ ਦਿਨ ਰਬ ਸਾਰਿਆਂ ਨੂੰ ਉਨ੍ਹਾਂ ਦੇ ਕੀਤੇ ਕਰਮਾਂ ਅਨੁਸਾਰ ਸਵਰਗ-ਨਰਕ ਦੇਵੇਗਾ। ਗੁਰਮਤਿ ਦੱਸ ਰਹੀ ਹੈ ਕਿ ਦੱਬੇ ਮੁਰਦਿਆਂ ਦੀ ਮਿੱਟੀ ਤਾਂ ਘੁਮਿਆਰ ਦੇ ਘੜੇ ਭਾਂਡਿਆਂ ਵਿਚ ਲੱਗ ਗਈ ਹੈ, ਜੋ ਅੱਗ ਦੇ ਅੰਗਿਆਰਾਂ ਉਤੇ ਪੱਕ ਕੇ ਅਤੇ ਹੌਲੀ-ਹੌਲੀ ਵਰਤੋਂ ਵਿਚ ਆ ਕੇ ਟੁਟ-ਭਜ ਗਏ ਹਨ। ਗੁਰੂ ਸਾਹਿਬ ਦੇ ਬਚਨ ਹਨ ਕਿ ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦੇ ਜਿਸ ਕਰਤਾ ਨੇ ਇਹ ਸਾਰਾ ਕੁਝ ਸਿਰਜਿਆ ਹੈ, ਉਹ ਹੀ ਇਨ੍ਹਾਂ ਮੁਰਦਿਆਂ ਦੀ ਹੋਣੀ ਜਾਣਦਾ ਹੈ, ਬਾਕੀ ਕਿਆਫੇ ਫਜ਼ੂਲ ਹਨ।

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਜੈਨ ਮਤਿ, ਬੁਧ ਮਤਿ ਦੀਆਂ ਸ਼ਾਖਾਵਾਂ ਨਾਥ ਮਤਿ, ਜੋਗ ਮਤਿ, ਸਿਧ ਮਤਿ, ਬ੍ਰਾਹਮਣ ਮਤਿ, ਕਰਮਕਾਂਡੀ ਹਿੰਦੂ ਮਤਿ ਦੀ ਬੜੀ ਤਿੱਖੀ ਪੜਚੋਲ ਕੀਤੀ ਗਈ ਹੈ। ਗੁਰਮਤਿ ਨੇ ਨਾ ਸਿਰਫ ਸਮੁੱਚੀ ਵੈਦਿਕ ਫਿਲਾਸਫੀ ਦੀ, ਸਗੋਂ ਇਸਲਾਮ ਰਾਹੀਂ ਪੱਛਮ ਦੇ ਸਾਰੇ ਧਰਮਾਂ ਵਿਚਲੀ ਫਿਲਾਸਫੀ ਦੀ ਵੀ ਪੜਚੋਲ ਕੀਤੀ ਹੈ। ਹੁਣ ਜੇ ਹੋਰਨਾਂ ਲੋਕਾਂ ਦੇ ਜਜ਼ਬਿਆਂ ਨੂੰ ਧਿਆਨ ਵਿਚ ਰੱਖ ਕੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਵਿਚ ਵਿਕਸਿਤ ਹੋਏ ਨਵੇਂ ਸੱਚ ਨੂੰ ਪ੍ਰਗਟ ਨਹੀਂ ਕੀਤਾ ਜਾਏਗਾ ਤਾਂ ਫਿਲਾਸਫੀ ਦੇ ਗਿਆਨ ਦੀ ਨਿਰੰਤਰਤਾ ਨੂੰ ਅਣਗੌਲਿਆਂ ਕਰਕੇ ਅਸੀਂ ਨਵੇਂ ਸੱਚ ਤਕ ਕਿਵੇਂ ਪਹੁੰਚਾਂਗੇ? ਦਰਅਸਲ ਇਹੀ ਝਿਜਕ ਹੈ, ਜਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਦੇ ਨਵੇਂ ਸੱਚ ਨੂੰ ਪ੍ਰਗਟ ਹੋਣ ਤੋਂ ਰੋਕਿਆ ਹੋਇਆ ਹੈ।

***ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਜੈਨ ਮਤਿ, ਬੁਧ ਮਤਿ ਦੀਆਂ ਸ਼ਾਖਾਵਾਂ ਨਾਥ ਮਤਿ, ਜੋਗ ਮਤਿ, ਸਿਧ ਮਤਿ, ਬ੍ਰਾਹਮਣ ਮਤਿ, ਕਰਮਕਾਂਡੀ ਹਿੰਦੂ ਮਤਿ ਦੀ ਬੜੀ ਤਿੱਖੀ ਪੜਚੋਲ ਕੀਤੀ ਗਈ ਹੈ। ਗੁਰਮਤਿ ਨੇ ਨਾ ਸਿਰਫ ਸਮੁੱਚੀ ਵੈਦਿਕ ਫਿਲਾਸਫੀ ਦੀ, ਸਗੋਂ ਇਸਲਾਮ ਰਾਹੀਂ ਪੱਛਮ ਦੇ ਸਾਰੇ ਧਰਮਾਂ ਵਿਚਲੀ ਫਿਲਾਸਫੀ ਦੀ ਵੀ ਪੜਚੋਲ ਕੀਤੀ ਹੈ। ਹੁਣ ਜੇ ਹੋਰਨਾਂ ਲੋਕਾਂ ਦੇ ਜਜ਼ਬਿਆਂ ਨੂੰ ਧਿਆਨ ਵਿਚ ਰੱਖ ਕੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਵਿਚ ਵਿਕਸਿਤ ਹੋਏ ਨਵੇਂ ਸੱਚ ਨੂੰ ਪ੍ਰਗਟ ਨਹੀਂ ਕੀਤਾ ਜਾਏਗਾ ਤਾਂ ਫਿਲਾਸਫੀ ਦੇ ਗਿਆਨ ਦੀ ਨਿਰੰਤਰਤਾ ਨੂੰ ਅਣਗੌਲਿਆਂ ਕਰਕੇ ਅਸੀਂ ਨਵੇਂ ਸੱਚ ਤਕ ਕਿਵੇਂ ਪਹੁੰਚਾਂਗੇ? ਦਰਅਸਲ ਇਹੀ ਝਿਜਕ ਹੈ, ਜਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਦੇ ਨਵੇਂ ਸੱਚ ਨੂੰ ਪ੍ਰਗਟ ਹੋਣ ਤੋਂ ਰੋਕਿਆ ਹੋਇਆ ਹੈ।***

ਗੁਰਮਤਿ ਨੇ ਆਪਣੇ ਗਿਆਨ ਦਾ ਅਰੰਭ ਵੈਦਿਕ ਫਿਲਾਸਫੀ ਦੇ ਮੁੱਢ ਤੋਂ ਤੁਰੇ ਆ ਰਹੇ ਦੋ ਸੰਕਲਪਾਂ 'ਬ੍ਰਹਮ' ਅਤੇ 'ਸੰਸਾਰ' ਦੇ ਰਿਸ਼ਤੇ ਨੂੰ ਸਪਸ਼ਟ ਕਰਨ ਤੋਂ ਕੀਤਾ ਹੈ। "ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥" (ਪੰਨਾ 335) ਗੁਰਮਤਿ ਨੇ 'ਬ੍ਰਹਮ' ਅਤੇ 'ਸੰਸਾਰ' ਦੇ ਆਪਸੀ ਰਿਸ਼ਤੇ ਨੂੰ ਸਪਸ਼ਟ ਕਰਦਿਆਂ ਬ੍ਰਾਹਮਣੀ 'ਭਗਤੀ' ਦੇ ਸੰਕਲਪ ਨੂੰ ਵੀ ਨਵੇਂ ਭਾਵ ਅਰਥ ਦਿੱਤੇ ਹਨ। ਬ੍ਰਾਹਮਣ ਮਤਿ (ਸ਼ੰਕਰਾਚਾਰੀਆ) ਇਹ ਮੰਨ ਕੇ ਚਲਦਾ ਹੈ ਕਿ ਇਹ 'ਸੰਸਾਰ' ਮਿਥਿਆ ਹੈ। ਇਕ ਮਨੁੱਖ ਨੇ ਜਦੋਂ ਆਪਣੀ ਸੀਮਤ ਉਮਰ ਭੋਗ ਕੇ ਮਰ ਹੀ ਜਾਣਾ ਹੈ ਤਾਂ ਇਹ ਦਿਸ ਰਿਹਾ 'ਸੰਸਾਰ' ਮਾਇਆ ਭਾਵ ਇਕ ਛਲਾਵਾ ਹੈ, ਪਰ ਗੁਰਮਤਿ ਨੇ ਬ੍ਰਾਹਮਣ ਮਤਿ ਦੀ ਇਸ ਧਾਰਨਾ ਦਾ ਪੂਰਨ ਰੂਪ ਵਿਚ ਖੰਡਨ ਕੀਤਾ ਹੈ। ਗੁਰਮਤਿ ਨੇ ਇਹ ਬੁਲੰਦ ਐਲਾਨ ਕੀਤਾ ਹੈ ਕਿ ਇਹ ਦ੍ਰਿਸ਼ਟੀਗੋਚਰ ਹੁੰਦਾ 'ਸੰਸਾਰ' ਤੇ ਅੰਤਹੀਣ ਅਦ੍ਰਿਸ਼ਟ 'ਬ੍ਰਹਮ' ਭਾਵ ਇਹ ਅਸੀਮ ਬ੍ਰਹਿਮੰਡੀ ਵਿਸਥਾਰ ਇਕ ਹੈ। ਇਹ ਮਨੁੱਖੀ ਮਨ ਦੀ ਕੋਰੀ ਕਲਪਨਾ ਨਹੀਂ, ਸਗੋਂ ਇਕ ਹਕੀਕਤ ਹੈ। ਇਹ ਏਕੋ (ੴ) ਭਾਵ ਇਕ ਹੈ। ਜਿਹੜਾ ਕਰਤਾਰੀ ਹਸਤੀ ਕਰਤਾ ਦੇ ਰੂਪ ਵਿਚ ਨਿਰਭਓ ਨਿਰਵੈਰ ਕਿਸੇ ਸਮੇਂ ਦੀ ਸੀਮਾ ਵਿਚ ਨਾ ਬੱਝਣ ਵਾਲਾ ਅਕਾਲ, ਸਾਕਾਰ ਰੂਪ ਅਤੇ ਕਿਸੇ ਜੂਨ ਵਿਚ ਨਾ ਆਉਣ ਵਾਲਾ ਸਵੈ ਤੋਂ ਵਿਕਸਿਤ ਹੋਣ ਵਾਲਾ ਸੱਚ ਹੈ ਅਤੇ ਇਸ ਦ੍ਰਿਸ਼ਟੀਗੋਚਰ ਹੁੰਦੇ ਸੰਸਾਰ ਵਿਚ ਵਸਦੀ ਸਮੂਹ ਜੀਵਾਂ ਦੀ ਜ਼ਿੰਦਗੀ ਇਸ ਸੱਚ ਦਾ ਪ੍ਰਗਟ ਰੂਪ ਹੈ।

ਬ੍ਰਾਹਮਣ ਮਤਿ ਦੀ ਦੂਜੀ ਵੱਡੀ ਧਾਰਨਾ ਭਗਤੀ ਦਾ ਸੰਕਲਪ ਹੈ। ਭਗਤੀ ਦੇ ਇਸ ਸੰਕਲਪ ਅਨੁਸਾਰ ਵੱਖ ਵੱਖ ਤਰ੍ਹਾਂ ਦੇ ਕਰਮਕਾਂਡ ਦੇ ਰੂਪ ਵਿਚ ਅਨੇਕਾਂ ਅਵਤਾਰਾਂ, ਮਨ-ਕਲਪਿਤ ਦੇਵੀ ਦੇਵਤਿਆਂ ਤੇ ਪਸ਼ੂ ਪੰਛੀਆਂ ਦੀਆਂ ਮੂਰਤੀਆਂ ਦੀ ਪੂਜਾ ਕਰਨ ਅਤੇ ਉਨ੍ਹਾਂ ਦੇ ਨਾਂ ਨੂੰ ਵਾਰ-ਵਾਰ ਜਪਣ ਦੀ ਤਾਕੀਦ ਕੀਤੀ ਗਈ ਹੈ। ਗੁਰਮਤਿ ਬ੍ਰਾਹਮਣ ਮਤਿ ਦੀ ਭਗਤੀ ਦੀ ਇਸ ਧਾਰਨਾ ਦਾ ਵੀ ਪੂਰਨ ਰੂਪ ਵਿਚ ਖੰਡਨ ਕਰਦੀ ਹੈ ਅਤੇ ਮਨੁੱਖ ਨੂੰ ਇਕੋ ਉਕਤ ਹੋਂਦ ਰੂਪੀ ਸੱਚ ਨੂੰ ਜਪਣ ਭਾਵ ਆਪਣੀ ਸੋਚ ਤੇ ਆਪਣੇ ਮਨ ਵਿਚ ਵਸਾਉਣ ਦੀ ਚੇਤਨਾ ਦਿੰਦੀ ਹੈ। ਜਪੁ ਉਸ ਨੂੰ, ਜੋ ਆਦਿ ਸੱਚ ਹੈ। ਜੁਗਾਦਿ ਸੱਚ ਹੈ। ਹੁਣ ਵੀ ਸੱਚ ਹੈ ਅਤੇ ਜਿਹੜਾ ਭਵਿਖ ਵਿਚ ਵੀ ਸੱਚ ਹੋਵੇਗਾ। ਜਪੁ ਉਸ ਨੂੰ, ਜਿਸ ਦੀ ਸ਼ਨਾਖਤ ਕੁਦਰਤ ਵਿਚੋਂ ਹੁੰਦੀ ਹੈ, "ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥" (ਪੰਨਾ 141) ਗੁਰਮਤਿ ਅਨੁਸਾਰ ਇਹ ਸਮੁੱਚਾ ਅੰਤਹੀਣ ਬ੍ਰਹਿਮੰਡੀ ਵਿਸਥਾਰ 'ਏਕੋ' (ੴ) ਭਾਵ 'ਬ੍ਰਹਮ'-ਇਹ ਦ੍ਰਿਸ਼ਟੀਗੋਚਰ ਹੁੰਦਾ 'ਸੰਸਾਰ', ਜਿਸ ਦਾ ਇਕ ਅੰਸ਼ ਹੈ, ਆਪਣੇ ਹੀ ਨਿਸ਼ਚਿਤ ਨੇਮਾਂ ਅਨੁਸਾਰ ਗਤੀਸ਼ੀਲ ਹੈ।

ਵੈਦਿਕ ਧਾਰਨਾ ਅਨੁਸਾਰ ਸਮੁੱਚੀ ਸੰਸਾਰ ਫਿਲਾਸਫੀ ਦਾ ਜਨਮ ਓਮ ਤੋਂ ਹੋਇਆ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਆਦਿ ਮਾਨਵ ਨੇ ਜਦੋਂ ਪਸ਼ੂ ਦੀ ਪੱਧਰ ਤੋਂ ਉਪਰ ਉਠ ਕੇ ਮਨੁੱਖੀ ਹੋਂਦ ਧਾਰਨ ਕੀਤੀ ਤੇ ਉਸ ਨੇ ਕਿਸੇ ਦੂਜੇ ਮਨੁੱਖ ਨਾਲ ਆਪਣੀ ਜਜ਼ਬਾਤੀ ਹੋਂਦ ਪ੍ਰਗਟ ਕਰਨ ਲਈ ਖੁਸ਼ੀ, ਗਮੀ ਜਾਂ ਉਸ ਦਾ ਧਿਆਨ ਆਪਣੇ ਵੱਲ ਖਿਚਣ ਲਈ ਜਿਹੜੀ ਪਹਿਲੀ ਹੂਕ, ਕੂਕ ਜਾਂ ਚੀਕ ਮਾਰੀ, ਉਹ 'ਓਮ' ਦੀ ਧੁਨੀ ਸੀ। ਇਸ ਓਮ ਦੀ ਧੁਨੀ ਦਾ ਮਨੁੱਖ ਦੇ ਆਪਣੇ ਸਰੀਰੀ ਮਨ ਵਿਚ ਹੋਇਆ ਪਹਿਲਾ ਅਨੁਭਵ ਅਤੇ ਇਸ ਦਾ ਦਿਮਾਗ ਅੰਦਰ ਪ੍ਰਗਟ ਹੋਇਆ ਅੱਖਰੀ ਰੂਪ ਮੁਢਲਾ ਸ਼ਬਦ ਸੀ, ਜਿਸ ਤੋਂ ਸਾਰੇ ਗਿਆਨ ਦਾ ਪਸਾਰਾ ਹੋਇਆ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਓਮ+ਆਕਾਰ (ਓਅੰਕਾਰ) ਅੱਖਰ ਨਾਲ ਅੰਕ ਗਣਿਤ ਦਾ 'ਇਕ' ਲਾ ਕੇ ਇਸ ਨੂੰ ੴ (ਏਕੋ) ਦੇ ਰੂਪ ਵਿਚ ਚਿੰਨ੍ਹਤ ਕੀਤਾ ਹੈ। ਇਸ ਅੰਤਹੀਣ ਬ੍ਰਹਿਮੰਡੀ ਪਸਾਰੇ ਨੂੰ ਇਕ ਦਾ ਵਿਸਥਾਰ ਦੱਸ ਕੇ ਇਸ ਦੀ ਵਰਤੋਂ ਬ੍ਰਹਮ ਦੇ ਅੰਤਹੀਣ ਆਕਾਰ (ਵਜੂਦ) ਨੂੰ ਪ੍ਰਗਟ ਕਰਨ ਵਾਲੇ ਇਕ ਚਿੰਨ੍ਹ ਵਜੋਂ ਕੀਤੀ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ (ਪੰਨਾ 846)

ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥ (ਪੰਨਾ 1127)

ਜਦੋਂ ਏਕੁ ਏਕੁ ਦਾ ਵਿਖਿਆਨ ਕਰੀਦਾ ਹੈ ਤਾਂ ਬ੍ਰਹਮ ਹੀ ਦਿਸਦਾ ਹੈ ਅਤੇ ਬ੍ਰਹਮ ਹੀ ਸੁਣੀਂਦਾ ਹੈ। ਇਹ ਸਾਰੀ ਉਤਪਤੀ ਬ੍ਰਹਮ ਦਾ ਹੀ ਅੰਸ਼ ਹੈ। ਭਾਵ ਆਪਣੇ ਆਲੇ ਦੁਆਲੇ ਚਾਰ-ਚੁਫੇਰੇ ਦਿਸ ਰਿਹਾ ਇਹ ਅਸੀਮ ਬ੍ਰਹਿਮੰਡੀ ਪਸਾਰਾ ਏਕੋ ਹੈ ਅਤੇ ਇਹੀ ਬ੍ਰਹਮ ਹੈ। ਬੇਸ਼ਕ ਗੁਰਮਤਿ ਬ੍ਰਾਹਮਣ ਮਤਿ ਦੀ ਕਲਪਨਾ ਵਿਚ ਵਸੇ 'ਬ੍ਰਹਮ' ਦੇ ਵਿਅਕਤੀ ਰੂਪ ਬ੍ਰਹਮਾ ਦੀ ਕਿਸੇ ਵੀ ਹੋਂਦ ਤੋਂ ਇਨਕਾਰੀ ਹੈ, "ਬ੍ਰਹਮਾ ਬਿਸਨੁ ਮਹੇਸ ਨ ਕੋਈ॥ ਅਵਰ ਨ ਦੀਸੈ ਏਕੋ ਸੋਈ॥ (ਪੰਨਾ 1035) ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਦੀ ਕੋਈ ਹੋਂਦ ਨਹੀਂ। ਸਭ ਥਾਂ ਇਸ ਏਕੋ ਦਾ ਹੀ ਪਸਾਰਾ ਹੈ। ਗੁਰਮਤਿ ਸੁਆਲ ਕਰਦੀ ਹੈ,

ਬ੍ਰਹਮਾ ਬਡਾ ਕਿ ਜਾਸ ਉਪਾਇਆ॥ (ਪੰਨਾ 331)

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ 559)

ਬ੍ਰਹਮੈ ਵਡਾ ਕਹਾਇ ਅੰਤ ਨ ਪਾਇਆ॥ (ਪੰਨਾ 1279)

ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ॥ (ਪੰਨਾ 1032)

ਬ੍ਰਹਮਾ ਵੱਡਾ ਹੈ ਜਾਂ ਜਿਸ ਬ੍ਰਹਮ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ, ਉਹ ਵੱਡਾ ਹੈ। ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਦੇ ਨਾਂ ਉਤੇ ਦਿੱਤਾ ਜਾਂਦਾ ਕਥਿਤ ਵੇਦਾਂ ਦਾ ਸਾਰਾ ਗਿਆਨ ਮੋਹ ਮਾਇਆ ਦਾ ਪਸਾਰਾ ਭਾਵ ਮਨ-ਕਲਪਿਤ ਹੈ। ਗੁਰਮਤਿ ਇਹ ਵੀ ਦਸਦੀ ਹੈ ਕਿ ਬ੍ਰਹਮਾ ਆਪਣੇ ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ। ਗੁਰਮਤਿ ਬ੍ਰਹਮ ਦੀ ਹੋਂਦ ਨੂੰ ਹਕੀਕੀ ਮੰਨਦੀ ਹੈ, ਜਦੋਂ ਕਿ ਬ੍ਰਹਮਾ ਦੀ ਸਿਰਜਕ ਹੋਂਦ ਦਾ ਖੰਡਨ ਕਰਦੀ ਹੈ; ਬੇਸ਼ਕ ਬ੍ਰਾਹਮਣ ਮਤਿ ਦਾ ਸਾਰਾ ਢਾਂਚਾ ਹੀ 'ਬ੍ਰਹਮਾ ਬਿਸਨ ਮਹੇਸ਼' ਦੀ ਹੋਂਦ 'ਤੇ ਖੜ੍ਹਾ ਹੈ। ਇਨ੍ਹਾਂ ਤਿੰਨਾਂ ਦੀ ਹੋਂਦ ਤੋਂ ਇਨਕਾਰੀ ਹੋਣ ਨਾਲ ਇਹ ਸਾਰਾ ਕਲਪਿਤ ਢਾਂਚਾ ਹੀ ਚਰਮਰਾ ਜਾਂਦਾ ਹੈ।

***ਬ੍ਰਹਮਾ ਵੱਡਾ ਹੈ ਜਾਂ ਜਿਸ ਬ੍ਰਹਮ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ, ਉਹ ਵੱਡਾ ਹੈ। ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਦੇ ਨਾਂ ਉਤੇ ਦਿੱਤਾ ਜਾਂਦਾ ਕਥਿਤ ਵੇਦਾਂ ਦਾ ਸਾਰਾ ਗਿਆਨ ਮੋਹ ਮਾਇਆ ਦਾ ਪਸਾਰਾ ਭਾਵ ਮਨ-ਕਲਪਿਤ ਹੈ। ਗੁਰਮਤਿ ਇਹ ਵੀ ਦਸਦੀ ਹੈ ਕਿ ਬ੍ਰਹਮਾ ਆਪਣੇ ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ। ਗੁਰਮਤਿ ਬ੍ਰਹਮ ਦੀ ਹੋਂਦ ਨੂੰ ਹਕੀਕੀ ਮੰਨਦੀ ਹੈ, ਜਦੋਂ ਕਿ ਬ੍ਰਹਮਾ ਦੀ ਸਿਰਜਕ ਹੋਂਦ ਦਾ ਖੰਡਨ ਕਰਦੀ ਹੈ; ਬੇਸ਼ਕ ਬ੍ਰਾਹਮਣ ਮਤਿ ਦਾ ਸਾਰਾ ਢਾਂਚਾ ਹੀ 'ਬ੍ਰਹਮਾ ਬਿਸਨ ਮਹੇਸ਼' ਦੀ ਹੋਂਦ 'ਤੇ ਖੜ੍ਹਾ ਹੈ।***

ਫਿਲਾਸਫੀ ਦੇ ਵਿਕਾਸ ਦੀਆਂ ਦੋ ਧਾਰਾਵਾਂ ਹਨ-ਪਹਿਲੀ ਧਰਮ ਦੀ ਧਾਰਾ ਹੈ ਅਤੇ ਦੂਜੀ ਭੌਤਿਕਵਾਦੀ ਗਿਆਨ ਦੀ। ਇਹ ਦੋਵੇਂ ਧਾਰਾਵਾਂ ਇਕ-ਦੂਜੀ ਨੂੰ ਪ੍ਰਭਾਵਿਤ ਤੇ ਇਕ ਦੂਜੇ ਨੂੰ ਵਿਕਸਿਤ ਕਰਦੀਆਂ ਆ ਰਹੀਆਂ ਹਨ। ਧਰਮ ਦੇ ਤਿੰਨ ਪੱਖ ਹਨ। ਮਨੁੱਖ ਦਾ ਕੁਦਰਤ ਨਾਲ ਰਿਸ਼ਤਾ ਭਾਵ ਫਿਲਾਸਫੀ, ਮਨੁੱਖੀ ਸਦਾਚਾਰ ਤੇ ਕਰਮਕਾਂਡ। ਹਰੇਕ ਧਰਮ ਦਾ ਕਰਮਕਾਂਡ ਵਖ-ਵਖ ਹੈ, ਪਰ ਸਾਰੇ ਧਰਮਾਂ ਵਿਚ ਫਿਲਾਸਫੀ ਤੇ ਸਦਾਚਾਰ ਦੀ ਸਾਂਝ ਹੈ। ਕਿਉਂਕਿ ਫਿਲਾਸਫੀ ਦਾ ਗਿਆਨ ਨਿਰੰਤਰਤਾ ਵਿਚ ਵਿਕਸਿਤ ਹੋਇਆ ਹੈ, ਇਸ ਲਈ ਸਾਰੇ ਧਰਮ ਇਕ-ਦੂਜੇ ਤੋਂ ਟੁੱਟ ਕੇ ਨਹੀਂ, ਸਗੋਂ ਇਕ-ਦੂਜੇ ਦੀ ਨਿਰੰਤਰਤਾ ਵਿਚ ਵਿਕਸਿਤ ਹੋਏ ਹਨ। ਧਰਮਾਂ ਦੇ ਕਰਮਕਾਂਡੀ ਪੱਖ ਨੂੰ ਲੈ ਕੇ ਇਨ੍ਹਾਂ ਦੇ ਵਖਰੇਵੇਂ ਲੱਭਣ ਦੀ ਥਾਂ ਇਨ੍ਹਾਂ ਵਿਚਲੀ ਫਿਲਾਸਫੀ ਤੇ ਸਦਾਚਾਰ ਦੀ ਸਾਂਝ ਲੱਭਣ ਦੀ ਲੋੜ ਹੈ।

ਗੁਰਮਤਿ ਦਾ ਤਤ (ਗਿਆਨ) ਸਮਝਣ ਲਈ ਸਾਨੂੰ ਪੱਛਮੀ ਸੋਚ ਦੇ ਚੌਖਟੇ ਵਿਚੋਂ ਬਾਹਰ ਨਿਕਲਣ ਦੀ ਲੋੜ ਹੈ। ਪੱਛਮੀ ਸੋਚ ਦੇ ਚੌਖਟੇ ਵਿਚੋਂ ਬਾਹਰ ਨਿਕਲ ਕੇ ਹੀ ਅਸੀਂ ਬੁਨਿਆਦੀ ਸੱਚ ਦੀ ਥਾਹ ਪਾ ਸਕਦੇ ਹਾਂ। ਮਨੁੱਖੀ ਜੀਵਨ ਇਕ ਸਾਲਮ ਹਸਤੀ ਹੈ। ਇਕ ਮਨੁੱਖ ਆਪਣਾ ਸਹਿਜ ਜੀਵਨ ਜਿਉਂਦਿਆਂ ਇਕੋ ਵੇਲੇ ਧਾਰਮਿਕ, ਸਮਾਜੀ ਤੇ ਰਾਜਸੀ ਕਰਮ ਵਿਚ ਹਿੱਸਾ ਲੈ ਰਿਹਾ ਹੁੰਦਾ ਹੈ। ਮਨੁੱਖੀ ਹਸਤੀ ਦੇ ਪੂਰਨ ਵਿਕਾਸ ਲਈ ਸਮਾਜੀ ਜ਼ਿੰਦਗੀ ਜਿਉਣੀ ਮਨੁੱਖ ਦੀ ਹੋਣੀ ਹੈ। ਮਨੁੱਖੀ ਤੇ ਸਮਾਜੀ ਜੀਵਨ ਵਿਚੋਂ ਪੈਦਾ ਹੁੰਦੀਆਂ ਸਾਰੀਆਂ ਮੁਸ਼ਕਿਲਾਂ ਤੇ ਚੁਣੌਤੀਆਂ ਦਾ ਟਾਕਰਾ ਕਰਨਾ ਮਨੁੱਖ ਦੀ ਮਜਬੂਰੀ ਹੈ। ਗੁਰਮਤਿ ਸਿਰਫ ਵਿਅਕਤੀ ਦੇ ਨਿਜੀ ਚਰਿਤਰ ਨੂੰ ਬਦਲਣ ਦੀ ਗੱਲ ਨਹੀਂ ਕਰਦੀ, ਸਗੋਂ ਮਨੁੱਖ ਦੇ ਸਮਾਜੀ ਤੇ ਰਾਜਸੀ ਚੌਗਿਰਦੇ ਨੂੰ ਬਦਲਣ ਲਈ ਯਤਨਸ਼ੀਲ ਹੋਣ ਲਈ ਵੀ ਪ੍ਰੇਰਦੀ ਹੈ। ਮਨੁੱਖ ਦਾ ਚੌਗਿਰਦਾ ਉਸ ਦੇ ਕਿਰਦਾਰ ਦੀ ਉਸਾਰੀ ਵਿਚ ਫੈਸਲਾਕੁਨ ਰੋਲ ਨਿਭਾਉਂਦਾ ਹੈ। ਮਨੁੱਖੀ ਤੇ ਸਮਾਜੀ ਚੌਗਿਰਦੇ ਨੂੰ ਬਦਲ ਕੇ ਹੀ ਮਨੁੱਖ ਅਤੇ ਸਮਾਜ ਦੀ ਪੂਰਨ ਕਾਇਆ ਕਲਪ ਕੀਤੀ ਜਾ ਸਕਦੀ ਹੈ।

***ਵੈਦਿਕ ਧਾਰਨਾ ਅਨੁਸਾਰ ਸਮੁੱਚੀ ਸੰਸਾਰ ਫਿਲਾਸਫੀ ਦਾ ਜਨਮ ਓਮ ਤੋਂ ਹੋਇਆ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਆਦਿ ਮਾਨਵ ਨੇ ਜਦੋਂ ਪਸ਼ੂ ਦੀ ਪੱਧਰ ਤੋਂ ਉਪਰ ਉਠ ਕੇ ਮਨੁੱਖੀ ਹੋਂਦ ਧਾਰਨ ਕੀਤੀ ਤੇ ਉਸ ਨੇ ਕਿਸੇ ਦੂਜੇ ਮਨੁੱਖ ਨਾਲ ਆਪਣੀ ਜਜ਼ਬਾਤੀ ਹੋਂਦ ਪ੍ਰਗਟ ਕਰਨ ਲਈ ਖੁਸ਼ੀ, ਗਮੀ ਜਾਂ ਉਸ ਦਾ ਧਿਆਨ ਆਪਣੇ ਵੱਲ ਖਿਚਣ ਲਈ ਜਿਹੜੀ ਪਹਿਲੀ ਹੂਕ, ਕੂਕ ਜਾਂ ਚੀਕ ਮਾਰੀ, ਉਹ 'ਓਮ' ਦੀ ਧੁਨੀ ਸੀ। ਇਸ ਓਮ ਦੀ ਧੁਨੀ ਦਾ ਮਨੁੱਖ ਦੇ ਆਪਣੇ ਸਰੀਰੀ ਮਨ ਵਿਚ ਹੋਇਆ ਪਹਿਲਾ ਅਨੁਭਵ ਅਤੇ ਇਸ ਦਾ ਦਿਮਾਗ ਅੰਦਰ ਪ੍ਰਗਟ ਹੋਇਆ ਅੱਖਰੀ ਰੂਪ ਮੁਢਲਾ ਸ਼ਬਦ ਸੀ, ਜਿਸ ਤੋਂ ਸਾਰੇ ਗਿਆਨ ਦਾ ਪਸਾਰਾ ਹੋਇਆ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਓਮ+ਆਕਾਰ (ਓਅੰਕਾਰ) ਅੱਖਰ ਨਾਲ ਅੰਕ ਗਣਿਤ ਦਾ 'ਇਕ' ਲਾ ਕੇ ਇਸ ਨੂੰ ੴ (ਏਕੋ) ਦੇ ਰੂਪ ਵਿਚ ਚਿੰਨ੍ਹਤ ਕੀਤਾ ਹੈ। ਇਸ ਅੰਤਹੀਣ ਬ੍ਰਹਿਮੰਡੀ ਪਸਾਰੇ ਨੂੰ ਇਕ ਦਾ ਵਿਸਥਾਰ ਦੱਸ ਕੇ ਇਸ ਦੀ ਵਰਤੋਂ ਬ੍ਰਹਮ ਦੇ ਅੰਤਹੀਣ ਆਕਾਰ (ਵਜੂਦ) ਨੂੰ ਪ੍ਰਗਟ ਕਰਨ ਵਾਲੇ ਇਕ ਚਿੰਨ੍ਹ ਵਜੋਂ ਕੀਤੀ ਹੈ।***


## ਸ਼ਮਸ਼ੇਰ ਸੰਧੂ ਦਾ ਸਮਾਂ-2

# ਸ਼ਮਸ਼ੇਰ ਸੰਧੂ ਦਾ ਸੰਜਮ ਅਤੇ ਮਿੱਤਰ-ਬੇਲੀ

**ਸ਼ਮਸ਼ੇਰ ਸੰਧੂ ਨੂੰ ਬਹੁਤੇ ਲੋਕ, ਗੀਤਕਾਰ ਵਜੋਂ ਹੀ ਜਾਣਦੇ ਹਨ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਸ ਨੇ ਕਮਾਲ ਦੀਆਂ ਕਹਾਣੀਆਂ ਵੀ ਲਿਖੀਆਂ ਹਨ ਅਤੇ ਉਸ ਦਾ ਰੁਜ਼ਗਾਰ ਮੂਲ ਰੂਪ ਵਿਚ ਪੱਤਰਕਾਰੀ ਸੀ। ਉਸ ਦੇ ਕੁਲੀਗ ਅਤੇ ਯਾਰ ਗੁਰਦਿਆਲ ਸਿੰਘ ਬੱਲ ਨੇ ਆਪਣੇ ਇਸ ਲੰਮੇ ਲੇਖ ਵਿਚ ਸ਼ਮਸ਼ੇਰ ਸੰਧੂ ਬਾਰੇ ਜਿਹੜੀ ਕਥਾ ਸੁਣਾਈ ਹੈ, ਉਹ ਨਿਵੇਕਲੀ ਤਾਂ ਹੈ ਹੀ, ਇਸ ਵਿਚ ਜ਼ਿੰਦਗੀ ਨੂੰ ਸਮਝਣ-ਸਮਝਾਉਣ ਲਈ ਖੋਲ੍ਹੀਆਂ ਘੁੰਡੀਆਂ ਬੜਾ ਦਿਲਚਸਪ ਮੰਜ਼ਰ ਬੰਨ੍ਹਦੀਆਂ ਹਨ। ਐਤਕੀਂ ਪੜ੍ਹੋ ਲੇਖ ਦੀ ਦੂਜੀ ਕਿਸ਼ਤ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸਾਲ 1980-81 ਤੋਂ ਲੈ ਕੇ 1990-91 ਤਕ ਪੰਜਾਬ 'ਤੇ ਜੇਕਰ ਸਾੜ੍ਹਸਤੀ ਦਾ ਸਮਾਂ ਸੀ ਤਾਂ ਅੰਦਰੂਨੀ ਤਣਾਓ ਪੱਖੋਂ 'ਪੰਜਾਬੀ ਟ੍ਰਿਬਿਊਨ' ਦਾ ਵੀ ਕਰੀਬ ਇਹੋ ਹਾਲ ਸੀ। 1990 ਖਾੜਕੂ ਲਹਿਰ ਦੇ ਸਿਖਰ ਦਾ ਉਹ ਸਮਾਂ ਸੀ ਜਦੋਂ ਕਰਮਜੀਤ ਸਿੰਘ ਨੇ ਆਜ਼ਾਦੀ ਪ੍ਰਾਪਤੀ ਪਿਛੋਂ ਦੇ ਕਈ ਦਹਾਕਿਆਂ ਦੇ ਸਿੱਖ ਦਰਦ ਨੂੰ ਆਵਾਜ਼ ਦਿੰਦਿਆਂ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਦੀ ਤਰਫੋਂ ਭਾਰਤੀ ਰਾਸ਼ਟਰਪਤੀ ਦੇ ਨਾਂ ਖੁੱਲ੍ਹੀ ਚਿੱਠੀ ਦੀ ਸਿਰਜਣਾ ਕੀਤੀ ਜੋ ਨਿਸਚੇ ਹੀ ਉਨ੍ਹਾਂ ਵਕਤਾਂ ਦਾ ਅਹਿਮ ਇਤਿਹਾਸਕ ਦਸਤਾਵੇਜ਼ ਹੈ। ਇਸ ਤੋਂ ਤਿੰਨ ਕੁ ਵਰ੍ਹੇ ਬਾਅਦ 30 ਅਕਤੂਬਰ 1993 ਨੂੰ ਖਾੜਕੂ ਲਹਿਰ ਦੀ ਲਹਿਤ ਦੇ ਦੌਰ ਵਿਚ ਪੰਜਾਬ ਦੇ 'ਖੱਬੇ ਪੱਖੀ/ਧਰਮ ਨਿਰਪੇਖ ਸੈਂਟੀਮੈਂਟ' ਨੂੰ ਜ਼ਬਾਨ ਦਿੰਦਿਆਂ, ਖਾੜਕੂ ਲਹਿਰ ਦੇ ਤਿੱਖੇ ਕ੍ਰੀਟੀਕ ਵਜੋਂ 'ਜਿੰਦੇ ਸੁੱਖੇ ਨੂੰ ਫਾਂਸੀ' ਸਿਰਲੇਖ ਹੇਠ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਪੰਨੇ ਉਪਰ ਆਪਣਾ ਚਰਚਿਤ ਕਾਲਮ ਲਿਖਿਆ ਸੀ। ਬੇਅੰਤ ਸਿੰਘ ਦੀ ਸਰਕਾਰ ਬਣਨ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਨਾਲ ਖਾੜਕੂ ਲਹਿਰ ਢਾਲੇ ਤਾਂ ਪੈ ਚੁੱਕੀ ਸੀ ਪਰ ਆਏ ਦਿਨ ਇਕਾ-ਦੁੱਕਾ ਕਤਲਾਂ ਦਾ ਸਿਲਸਿਲਾ ਖਤਮ ਨਹੀਂ ਸੀ ਹੋਇਆ। 'ਇਉਂ ਵੀ ਹੁੰਦੈ' ਕਾਲਮ ਵਿਚ ਦਲਬੀਰ ਦਾ ਮਿਡਲ ਬਹੁਤ ਮਕਬੂਲ ਸੀ।

ਇਕ ਦਿਨ ਖਬਰ ਵਿਚ ਕਿਸੇ ਘਾਟ ਵਾਧ ਕਾਰਨ ਮੈਂ ਸੰਪਾਦਕ ਹਰਭਜਨ ਹਲਵਾਰਵੀ ਮੂਹਰੇ ਪੇਸ਼ੀ ਭੁਗਤ ਕੇ ਪਰਤਦਿਆਂ ਸ਼ਮਸ਼ੇਰ ਦੇ ਕੈਬਿਨ ਵਿਚ ਰੁਕ ਗਿਆ। ਸ਼ਮਸ਼ੇਰ ਨੇ ਜਾਂਦਿਆਂ ਹੀ ਬਿਨਾ ਕਿਸੇ ਵੀ ਕਿਸਮ ਦੇ ਹਾਵ ਭਾਵ ਪ੍ਰਗਟਾਏ, ਦਲਬੀਰ ਵਾਲੇ ਕਾਲਮ ਦੇ ਇਕ ਪਹਿਰੇ 'ਤੇ ਲਕੀਰਾਂ ਲਾ ਕੇ ਪੜ੍ਹਨ ਲਈ ਅਖਬਾਰ ਮੇਰੇ ਅੱਗੇ ਕਰ ਦਿਤੀ। ਉਹ ਪਹਿਰਾ ਕੁਝ ਇਸ ਤਰ੍ਹਾਂ ਸੀ:

'ਮੈਂ ਉਨ੍ਹਾਂ ਲੋਕਾਂ ਨਾਲ ਸਹਿਮਤ ਨਹੀਂ ਹਾਂ ਜੋ ਜਿੰਦੇ ਸੁੱਖੇ ਨੂੰ ਸਾਧਾਰਨ ਹਤਿਆਰੇ ਕਹਿੰਦੇ ਹਨ ਪਰ ਮੇਰੀ ਉਨ੍ਹਾਂ ਲੋਕਾਂ ਨਾਲ ਵੀ ਸੰਮਤੀ ਨਹੀਂ ਹੈ ਜੋ ਉਨ੍ਹਾਂ ਨੂੰ ਸ਼ਹੀਦੇ-ਆਜ਼ਮ ਜਾਂ ਭਾਈ ਆਖੀ ਜਾਂਦੇ ਹਨ। ਉਹ ਇਮਾਨਦਾਰ ਨਹੀਂ ਹਨ ਅਤੇ ਅਜਿਹਾ ਮਹਿਜ਼ ਸਿਆਸਤ ਦੇ ਤਹਿਤ ਕਰ ਰਹੇ ਹਨ। ਏਨਾ ਕੁ ਪੱਕਾ ਪਤਾ ਹੈ ਕਿ ਸਿੱਖ ਭਾਈਚਾਰੇ ਅੰਦਰ ਭਾਈ ਦਾ ਰੁਤਬਾ ਬੜਾ ਉਚਾ ਮੰਨਿਆ ਜਾਂਦਾ ਹੈ ਅਤੇ ਪੂਰਾ ਸਿੱਖ ਇਤਿਹਾਸ ਇਸ ਦਾ ਸਾਖਸ਼ੀ ਹੈ ਕਿ ਬਹੁਤ ਪੁੱਜੇ ਹੋਏ, ਗਿਆਨੀ ਧਿਆਨੀ ਅਤੇ ਨਿਮਰ ਵਿਅਕਤੀ ਨੂੰ ਹੀ ਅਜਿਹੇ ਖਿਤਾਬ ਨਾਲ ਨਿਵਾਜਿਆ ਜਾਂਦਾ ਰਿਹਾ ਹੈ। 18ਵੀਂ ਸਦੀ ਦੌਰਾਨ ਲੱਖਾਂ ਸਿੱਖ ਜੋਧਿਆਂ ਨੇ ਸੰਘਰਸ਼ ਵਿਚ ਜਾਨਾਂ ਵਾਰੀਆਂ ਪਰ ਭਾਈ ਦਾ ਰੁਤਬਾ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਵਰਗੇ ਚੰਦ ਵਿਅਕਤੀਆਂ ਨੂੰ ਹੀ ਮਿਲਿਆ।'


ਸ਼ਮਸ਼ੇਰ ਨੇ ਬੜੇ ਹੀ ਸਹਿਜ ਭਾਅ ਨਾਲ ਪੁੱਛਿਆ, "ਬੱਲ ਕੀ ਰਾਏ ਹੈ ਤੇਰੀ?" ਤੇ ਫਿਰ ਜਵਾਬ ਉਡੀਕੇ ਬਿਨਾ ਹੀ ਕਹਿਣਾ ਸ਼ੁਰੂ ਕਰ ਦਿਤਾ, "ਯਾਰ ਦਲਬੀਰ ਨੂੰ ਡਰ ਨਹੀਂ ਲਗਦਾ?" ਨਾ ਮੈਨੂੰ ਉਤਰ ਦੇਣ ਦੀ ਲੋੜ ਸੀ, ਨਾ ਸ਼ਮਸ਼ੇਰ ਨੂੰ ਜਾਣਨ ਦੀ ਤਵੱਕੋ, ਸ਼ਾਇਦ ਅੱਖ ਝਮਕਣ ਦਾ ਸਮਾਂ ਹੀ ਲੱਗਾ ਹੋਵੇਗਾ, ਉਹ ਮੈਨੂੰ ਆਪਣੇ ਪੁਰਾਣੇ ਮਿੱਤਰ ਰਣਧੀਰ ਸਿੰਘ ਚੰਦ ਦੀ ਕਿਸੇ ਗਜ਼ਲ ਦੇ ਕੋਈ ਦਿਲਚਸਪ ਮਿਸਰੇ ਸੁਣਾ ਰਿਹਾ ਸੀ...।

ਦਲਬੀਰ ਦੇ ਗੂੜ੍ਹੇ ਮਿੱਤਰ ਅਤੇ ਪੰਜਾਬ ਦੇ ਆਪਣੀ ਹੀ ਕਿਸਮ ਦੇ ਬੇਬਾਕ ਚਿੰਤਕ ਡਾ. ਸਾਧੂ ਸਿੰਘ ਜੋ ਖਾੜਕੂ ਲਹਿਰ ਦੇ ਸਿਖਰਲੇ ਸਾਲਾਂ ਦੌਰਾਨ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਸੰਚਾਰ ਸਭਿਆਚਾਰ ਵਿਭਾਗ ਦੇ ਮੁਖੀ ਬਣਨ ਵਾਲੇ ਸਨ-ਉਨ੍ਹਾਂ ਵਕਤਾਂ ਦੇ ਮਾਹੌਲ ਤੋਂ ਦਹਿਸ਼ਤਜ਼ਦਾ ਹੋ ਕੇ ਦੇਸ਼ ਛੱਡ ਕੇ ਕੈਨੇਡਾ ਚਲੇ ਗਏ ਸਨ। ਦਰਅਸਲ, ਉਹ 25-30 ਵਰ੍ਹੇ ਪਹਿਲਾਂ, 70ਵਿਆਂ ਦੇ ਅਰੰਭ ਵਿਚ ਉਦੋਂ ਪੱਕੇ ਤੌਰ 'ਤੇ ਇੰਗਲੈਂਡ ਗਏ ਸਨ ਜਦੋਂ ਆਰਥਿਕ ਪੱਖੋਂ ਖੁਸ਼ਹਾਲ ਹੋਣ ਦੀਆਂ ਉਥੇ ਅਸੀਮ ਸੰਭਾਵਨਾਵਾਂ ਸਨ ਪਰ ਉਹ ਵਤਨ ਆਪਣੇ ਦੀ ਸੇਵਾ ਕਰਨ ਲਈ ਦੋ ਕੁ ਵਰ੍ਹਿਆਂ ਪਿਛੋਂ ਹੀ ਵਾਪਸ ਪਰਤ ਆਏ ਸਨ। ਉਨ੍ਹਾਂ ਔਖੇ ਵਕਤਾਂ 'ਚ ਪਹਿਲਾਂ ਆਪਣੇ 'ਰਹਿਨੁਮਾ' ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਅਤੇ ਫਿਰ ਆਪਣੇ ਦੋਸਤ ਰਵਿੰਦਰ ਰਵੀ ਦੇ ਕਤਲਾਂ ਪਿਛੋਂ ਉਸ ਨੇ ਤੌਬਾ ਕਰ ਲਈ ਸੀ। ਉਸ ਦਾ ਕਹਿਣਾ ਸੀ ਕਿ ਆਦਮੀ ਕਿਸੇ ਜ਼ਾਲਮ ਤੋਂ ਜ਼ਾਲਮ ਸਰਕਾਰ ਨਾਲ ਵੀ ਲੜ ਸਕਦੈ, ਟੱਕਰ ਲੈ ਸਕਦਾ ਹੈ, ਪਰ ਰੂਪੋਸ਼ ਵਿਰੋਧੀ ਨਾਲ ਘਰੇ ਬੈਠਾ ਉਨ੍ਹਾਂ ਵਰਗਾ ਆਦਮੀ ਅਜਿਹਾ ਜੋਖਮ ਨਹੀਂ ਉਠਾ ਸਕਦਾ। ਇਹ ਔਖਾ ਕੰਮ ਸੀ। ਇਸੇ ਪ੍ਰਥਾਏ ਦਲਬੀਰ ਵਾਲਾ ਮਿਡਲ, ਜੋ ਪਿਛੋਂ ਕੈਨੇਡਾ ਦੀ ਕਿਸੇ ਅਖਬਾਰ ਵਿਚ ਵੀ ਛਪ ਗਿਆ ਸੀ, ਨੂੰ ਪੜ੍ਹ ਕੇ ਉਸ ਨੇ ਦਲਬੀਰ ਨੂੰ ਹੈਰਾਨੀ ਅਤੇ ਚਿੰਤਾ ਭਰਿਆ ਖਤ ਵੀ ਲਿਖਿਆ ਸੀ।

ਦਰਅਸਲ ਜਿੰਦੇ ਸੁੱਖੇ ਵਾਲਾ ਇਤਿਹਾਸਕ ਪੱਤਰ ਛਪ ਜਾਣ ਦੇ ਆਸ ਪਾਸ ਵਾਲੇ ਸਮੇਂ ਦੌਰਾਨ ਹੀ ਕਿਧਰੇ 'ਪੰਜਾਬੀ ਟ੍ਰਿਬਿਊਨ' ਦੇ ਨਿਊਜ਼ ਐਡੀਟਰ ਜਗਜੀਤ ਸਿੰਘ ਬੀਰ ਅਚਾਨਕ ਚੜ੍ਹਾਈ ਕਰ ਗਏ। ਸੀਨੀਆਰਿਟੀ ਤੇ ਰਵਾਇਤ ਅਨੁਸਾਰ ਉਨ੍ਹਾਂ ਦੀ ਜਗ੍ਹਾ ਤਰੱਕੀ ਦਾ ਹੱਕ ਕਰਮਜੀਤ ਸਿੰਘ ਦਾ ਬਣਦਾ ਸੀ। ਸੰਪਾਦਕ ਹਰਭਜਨ ਹਲਵਾਰਵੀ ਨੇ ਗੜਬੜ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੂੰਹ ਦੀ ਖਾਧੀ। ਇਹ ਘਟਨਾ ਸਾਧਾਰਨ ਸੀ। ਅਦਾਰਿਆਂ ਅੰਦਰ ਇਹੋ ਜਿਹੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ ਪਰ ਉਸ ਦਾ ਜ਼ਿਕਰ ਜ਼ਰੂਰੀ ਹੈ। ਹਾਲਾਤ ਦਾ ਵਿਅੰਗ ਦੇਖੋ, ਇਹੋ ਉਹ ਨਾਜ਼ਕ ਮੋੜ ਸੀ ਜਿਸ ਨਾਲ 'ਪੰਜਾਬੀ ਟ੍ਰਿਬਿਊਨ' ਅੰਦਰ ਪਹਿਲ ਤਾਜ਼ਗੀ ਵਾਲੇ ਦਿਨਾਂ ਦੀ ਮੁੜ ਵਾਪਸੀ ਦੇ ਦੌਰ ਦਾ ਮੁੱਢ ਬੱਝਣਾ ਸ਼ੁਰੂ ਹੋਇਆ।

ਕੁੱਝ ਹੀ ਸਮਾਂ ਪਿਛੋਂ ਸੰਪਾਦਕ ਦੀ ਦਲਬੀਰ ਨਾਲ ਵੀ ਬਿੜ ਪੈ ਗਈ ਅਤੇ ਉਸ ਨੇ 'ਨਿਊਜ਼ ਐਡੀਟਰ' ਦਾ ਅਹਿਮ ਅਹੁਦਾ ਉਸ ਤੋਂ ਖੋਹ ਕੇ ਕਰਮਜੀਤ ਸਿੰਘ ਦੇ ਹਵਾਲੇ ਕਰ ਦਿਤਾ ਪਰ ਇਹ 'ਨਿਸਬਤ' ਵੀ ਰਹਿਣੀ ਨਹੀਂ ਸੀ। ਸਾਲ ਖੰਡ ਦੇ ਅੰਦਰ ਅੰਦਰ ਹੀ ਨਵੀਂ ਰਦੋ-ਬਦਲ ਸ਼ੁਰੂ ਹੋ ਗਈ। ਐਤਕੀਂ ਕੈਟਾਲਿਸਟ ਦੀ ਭੂਮਿਕਾ 'ਪੰਜਾਬੀ ਟ੍ਰਿਬਿਊਨ' ਦੇ ਉਨ੍ਹਾਂ ਵਕਤਾਂ ਦੇ 'ਚੱਕ੍ਰਵਰਤੀ' ਨਾਮਾਨਿਗਾਰ, ਮੋਰਿੰਡੇ ਵਾਲੇ ਹਰੀਸ਼ ਚੰਦਰ ਨੇ ਅਨੰਦਪੁਰ ਸਾਹਿਬ ਤੋਂ ਜਥੇਦਾਰ ਰਣਜੀਤ ਸਿੰਘ ਦੀ ਸੰਭਾਲੀ ਤਾਜਪੋਸ਼ੀ ਬਾਰੇ ਕਿਸੇ ਖਬਰ ਦੇ ਸਬੰਧ ਵਿਚ ਕਰਮਜੀਤ ਸਿੰਘ ਵਿਰੁਧ ਬੇਬੁਨਿਆਦ ਸ਼ਿਕਾਇਤ ਕਰਕੇ ਨਿਭਾਈ। ਉਨ੍ਹਾਂ ਵਕਤਾਂ ਦੇ ਤਕਾਜ਼ੇ ਦੇਖੋ-ਹਰੀਸ਼ ਚੰਦਰ ਉਸ ਵਕਤ ਕਰਮਜੀਤ ਸਿੰਘ, ਦਲਬੀਰ, ਹਰਭਜਨ ਹਲਵਾਰਵੀ, ਏਰੀਏ ਦੀਆਂ ਸਮੁੱਚੀਆਂ ਖਾੜਕੂ ਧਿਰਾਂ ਅਤੇ ਕੇ.ਪੀ.ਐਸ. ਗਿੱਲ-ਸਭਨਾਂ ਦਾ ਹੀ 'ਲਾਡਲਾ' ਸੀ।

ਸੰਪਾਦਕ ਨੇ ਸੀਨੀਅਰ ਸੁਪਰਡੈਂਟ ਪੁਲਿਸ ਸੀਤਾ ਰਾਮ ਨੂੰ ਜਾਂਚ ਅਫਸਰ ਨਿਯੁਕਤ ਕਰਵਾ ਕੇ ਕਰਮਜੀਤ ਸਿੰਘ ਖਿਲਾਫ ਪੜਤਾਲ ਸ਼ੁਰੂ ਕਰਵਾ ਦਿਤੀ। ਕੇਸ ਸਾਰਾ ਹੀ ਝੂਠਾ ਸੀ-ਪੰਡਿਤ ਸੀਤਾ ਰਾਮ, ਸੰਪਾਦਕ ਦੀ ਮਦਦ ਕੀ ਕਰਦਾ?



*ਆਰਿਫ ਲੁਹਾਰ (ਖੱਬੇ) ਨੂੰ ਆਪਣੀ ਪੁਸਤਕ 'ਸੁਰ ਦਰਿਆਓਂ ਪਾਰ ਦੇ' ਭੇਟ ਕਰਦੇ ਹੋਏ ਸ਼ਮਸ਼ੇਰ ਸੰਧੂ*

ਬਸ ਹੋਇਆ ਇਹ ਕਿ ਹਲਵਾਰਵੀ ਦਾ ਤਪ-ਤੇਜ ਤੇਜ਼ੀ ਨਾਲ ਢਿੱਲਾ ਪੈਣਾ ਸ਼ੁਰੂ ਹੋ ਗਿਆ। ਅਖੀਰ ਹੁੰਦੇ ਹੁੰਦੇ ਅਦਾਰੇ ਵਿਚ ਉਸ ਦੀ ਸਲਤਨਤ ਦਾ ਭੋਗ ਬਹੁਤ ਹੀ ਮਾੜੇ ਅੰਦਾਜ਼ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸਭ ਤੋਂ ਜੂਨੀਅਰ ਅਤੇ ਬੇਨਕਸ਼ ਮੈਂਬਰ, ਹਲਵਾਰਵੀ ਦੇ ਪੁਰਾਣੇ ਜਮਾਤੀ ਅਮੋਲਕ ਸਿੰਘ ਦੇ ਭਰਾ ਬਲਵਿੰਦਰ ਸਿੰਘ ਜੰਮੂ ਦੇ ਪੈਰੋਂ ਪਿਆ। ਸੰਪਾਦਕ ਆਪਣੇ ਸੁਭਾਅ ਅਨੁਸਾਰ ਜੰਮੂ ਨੂੰ ਕੁਝ ਚੰਗਾ ਮਾੜਾ ਕਹਿ ਬੈਠਾ। ਉਹ ਆਪਣੀ ਸ਼ਿਕਾਇਤ ਜਗਤਾਰ ਸਿੱਧੂ ਤੋਂ ਪ੍ਰਧਾਨਗੀ ਖੋਹ ਕੇ ਨਵੀਂ ਨਵੀਂ ਤਾਕਤ ਵਿਚ ਆਈ ਯੂਨੀਅਨ ਦੀ ਕਚਹਿਰੀ ਵਿਚ ਲੈ ਗਿਆ। ਦਲਜੀਤ ਸਰਾਂ ਨੇ ਇਸ ਮੁਹਿੰਮ ਨੂੰ ਅੰਤਿਮ ਛੋਹਾਂ ਦਿੰਦਿਆਂ ਬੜੀ ਹੀ ਕਾਰਗਰ ਭੂਮਿਕਾ ਨਿਭਾਈ। ਦਲਜੀਤ ਵਿਰੁਧ ਹਲਵਾਰਵੀ ਨੇ ਅਦਾਰੇ ਅੰਦਰ ਵੜਨ ਵਾਲੇ ਦਿਨ ਤੋਂ ਖਾਹ-ਮਖਾਹ ਕਿੜ ਪਾਲੀ ਹੋਈ ਸੀ।

ਹੋਇਆ ਇਹ ਕਿ ਬਲਵਿੰਦਰ ਵਿਰੁਧ ਕੀਤੀ 'ਬਦਕਲਾਮੀ' ਲਈ ਬਾਬਿਆਂ ਨੂੰ ਬਾਕਾਇਦਾ ਭਰੇ ਦਰਬਾਰ 'ਚ ਹਾਜ਼ਰ ਹੋ ਕੇ ਪਛਤਾਵਾ ਕਰਨਾ ਪਿਆ। ਉਸ ਘਟਨਾ ਬਾਰੇ ਅਮੋਲਕ ਸਿੰਘ ਦੀ ਟਿਪਣੀ ਹੈ: ਇਹ ਦਲਜੀਤ ਸਿੰਘ ਸਰਾਂ ਦੇ 'ਖੇਡ ਜੀਵਨ' ਦਾ 'ਗੋਲਡਨ ਗੋਲ' ਸੀ। ਹਲਵਾਰਵੀ ਦੀ ਤੌਬਾ ਕਰਵਾ ਦਿਤੀ ਗਈ, ਉਸ ਨੂੰ ਅਦਾਰਾ ਛੱਡਣਾ ਪੈ ਗਿਆ। ਉਸ ਦੀ ਜਗ੍ਹਾ ਸ਼ੰਗਾਰਾ ਸਿੰਘ ਭੁੱਲਰ ਦੀ ਸੰਪਾਦਕ ਵਜੋਂ ਤਾਜਪੋਸ਼ੀ ਹੋਈ। ਹੁਣ ਕਰਮਜੀਤ ਸਿੰਘ ਤੇ ਦਲਬੀਰ ਸਿੰਘ, ਦੋਵੇਂ ਅਸਿਸਟੈਂਟ ਐਡੀਟਰ ਉਸ ਉਦਾਰਵਾਦੀ, ਸਹਿਣਸ਼ੀਲਤਾ ਦੇ ਪੁੰਜ ਸੰਪਾਦਕ ਦੇ ਅੰਗ ਸੰਗ ਸਨ।

ਇਹ 'ਪੰਜਾਬੀ ਟ੍ਰਿਬਿਊਨ' ਅੰਦਰ ਕਿਸੇ ਜ਼ਮਾਨੇ ਵਿਚ ਚਰਚਿਤ ਰਹੇ 'ਅੱਠਵੇਂ ਕਾਲਮ' ਦਾ ਦੌਰ ਸੀ। ਅਦਾਰੇ ਅੰਦਰ ਮੁਕੰਮਲ ਜਮਹੂਰੀਅਤ ਦਾ ਆਲਮ ਸੀ। ਪੰਜਾਬ ਭਰ ਵਿਚੋਂ ਨਾਮਾਨਿਗਾਰ ਆਉਂਦੇ ਸਨ। ਸ਼ਾਮ ਨੂੰ ਅਕਸਰ ਚਾਹ ਦੇ ਪਿਆਲੇ 'ਤੇ ਮਹਿਫਲਾਂ ਜੰਮਦੀਆਂ, ਜਿਨ੍ਹਾਂ ਵਿਚ ਜ਼ਾਹਿਰ ਹੈ ਕਿ ਸਾਡੇ ਹਾਲੀਆ ਬਿਰਤਾਂਤ ਦੇ ਨਾਇਕ ਸ਼ਮਸ਼ੇਰ ਸੰਧੂ ਦੀ ਸ਼ਿਰਕਤ ਵੀ ਅਕਸਰ ਹੁੰਦੀ।

ਇਹੋ ਉਹ ਦੌਰ ਸੀ, ਉਹ ਸਾਜ਼ਗਾਰ ਮਾਹੌਲ ਸੀ ਜੋ ਸ਼ਮਸ਼ੇਰ ਨੂੰ ਨਿਸਚੇ ਹੀ ਬੇਹੱਦ ਰਾਸ ਆਇਆ। ਇਹ ਉਸ ਦੀ ਤਬੀਅਤ ਦੇ ਅਨੁਕੂਲ ਸੀ। ਉਸ ਦੀ ਰੂਹ ਅੰਦਰ ਦੱਬੇ ਗੀਤ ਕਿਸੇ ਚਸ਼ਮੇ ਦੇ ਸਾਫ ਸ਼ਫਾਫ ਪਾਣੀ ਦੇ ਹਾਰ ਆਪ ਮੁਹਾਰੇ ਹੀ ਫੁੱਟ ਫੁੱਟ ਕੇ ਬਾਹਰ ਆਉਂਦੇ ਚਲੇ ਗਏ। ਬਕੌਲ ਸੁਖਵਿੰਦਰ ਗੱਜਣਵਾਲਾ, 'ਸਾਡੇ ਸੁਬਕ, ਨਿਰਦਲ, ਨਾਜ਼ੁਕ ਤਬੀਅਤ ਸ਼ਮਸ਼ੇਰ, ਜਿਸ ਦੀ ਆਤਮਾ ਇਕ ਪਾਸੇ ਡੈਸਕ ਉਪਰ ਨੀਰਸ ਖਬਰਾਂ ਘੜਨ ਦੇ ਝੰਜਟ ਅਤੇ ਉਪਰੋਂ ਖਾਹ-ਮਖਾਹ ਕਰਮਜੀਤ ਅਤੇ ਦਲਬੀਰ ਦੇ ਧੜਿਆਂ ਦੀ ਆਪਸੀ ਨਫਰਤ ਦੇ ਧੁਆਂਖੇ ਮਾਹੌਲ ਦੀ ਫੇਟ ਵਿਚ ਫਸੇ ਰਹਿਣ ਕਾਰਨ ਨਿਸਚੇ ਹੀ ਵਿਆਕੁਲ ਹੋਈ ਰਹੀ ਹੋਵੇਗੀ, ਹੁਣ ਪੂਰੇ ਖੇੜੇ ਵਿਚ ਸੀ!'

ਮਹਾਨ ਰੂਸੀ ਲਿਖਾਰੀ ਅਲੈਗਜ਼ੈਂਡਰ ਸੋਲਜ਼ੇਨਿਤਸਿਨ ਕਿਧਰੇ ਆਪਣੇ ਬਚਪਨ ਦੇ ਮਹਿਬੂਬ ਸ਼ਾਇਰ ਸਰਗੇਈ ਯੈਸੇਨਿਨ ਦੀ ਕਿਸੇ ਕਵਿਤਾ ਦੀ ਸਤਰ "ਜੰਗਲ ਦੇ ਮੁਰਗਿਆਂ ਦੀ ਹੂਕ ਸੁਣ, ਹਿੱਲ ਗਏ ਨੇ ਦਰੱਖਤ ਇਹ ਦਿਉਦਾਰ ਦੇ" ਦਾ ਜ਼ਿਕਰ ਕਰਦਿਆਂ ਹੈਰਾਨ ਹੁੰਦਾ ਹੈ ਕਿ ਕਵੀ ਨੇ ਭਲਾ ਕਿਸ ਮਨੋ ਅਵਸਥਾ ਵਿਚ ਇਹ ਅਲੌਕਿਕ ਭਾਵ ਚਿਤਵੇ ਜਾਂ ਲਿਖੇ ਹੋਣਗੇ!



*ਸ਼ਮਸ਼ੇਰ ਸੰਧੂ ਆਪਣੇ ਪੋਤੇ ਹਰਸ਼ਾਨ ਨਾਲ*

## ਸ਼ਖਸੀਅਤਾਂ

ਸੋਲਜ਼ੇਨਿਤਸਿਨ ਨੂੰ ਪਤਾ ਲਗਿਆ ਜਾਂ ਨਾ, ਮੈਨੂੰ ਇਹ ਜ਼ਰੂਰ ਪਤਾ ਹੈ ਕਿ ਸ਼ਮਸ਼ੇਰ ਕੋਲੋਂ ਕਿਵੇਂ 'ਤੇਰੇ ਚੋਂ ਤੇਰਾ ਯਾਰ ਬੋਲਦਾ' ਵਰਗੇ ਟੂਣੇਹਾਰ ਬੋਲਾਂ ਵਾਲਾ ਗੀਤ ਉਪਰ ਦੱਸੇ ਮੁਕਤ ਮਾਹੌਲ ਵਿਚ ਆਪ ਮੁਹਾਰੇ ਸਹਿਜ ਸੁਭਾਅ ਸਿਰਜਿਆ ਗਿਆ ਹੋਵੇਗਾ।

2008-09 ਵਿਚ ਪਹਿਲੀ ਵਾਰ ਕੈਨੇਡਾ ਆਉਣ ਤੋਂ ਮਹੀਨਾ ਕੁ ਬਾਅਦ ਵਿਆਹ ਪਾਰਟੀ 'ਤੇ ਜਾਣ ਦਾ ਮੌਕਾ ਮਿਲਿਆ। 'ਤੇਰੇ ਚੋਂ ਤੇਰਾ ਯਾਰ ਬੋਲਦਾ' ਗੀਤ ਚੱਲ ਰਿਹਾ ਸੀ ਅਤੇ ਨੌਜਵਾਨ ਕੁੜੀਆਂ-ਮੁੰਡੇ ਸਭ ਮਸਤ ਹੋਏ ਝੂਮ ਰਹੇ ਸਨ। ਮੇਰੇ ਬੱਚਿਆਂ ਦੇ ਮਸੇਰ, ਮਨੀ ਨੂੰ ਇਸ ਗੱਲ ਦਾ ਚਾਅ ਚੜ੍ਹਿਆ ਹੋਇਆ ਸੀ ਕਿ ਗੀਤ 'ਬੱਲ ਅੰਕਲ ਦੇ ਮਿੱਤਰ' ਦਾ ਲਿਖਿਆ ਹੋਇਆ ਸੀ। ਇੰਗਲੈਂਡ ਵਾਲੇ ਗਾਇਕ ਮਲਕੀਤ ਨੇ 'ਤੂਤਕ ਤੂਤਕ ਤੂਤੀਆਂ' ਵਾਲਾ ਗੀਤ ਗਾ ਕੇ ਕੌਤਕ ਕੀਤਾ ਸੀ, ਪਰ ਥਰਿੱਲ ਦੇ ਮਾਮਲੇ ਵਿਚ ਸ਼ਮਸ਼ੇਰ ਦਾ ਇਹ ਗੀਤ ਉਸ ਨੂੰ ਵੀ ਮਾਤ ਪਾ ਗਿਆ ਸੀ। ਲੁਧਿਆਣਾ, ਮੁੰਬਈ, ਮੈਲਬਰਨ ਤੋਂ ਲੈ ਕੇ ਵੈਨਕੂਵਰ ਤੱਕ ਇਸ ਗੀਤ ਨੇ ਪੰਜਾਬੀਆਂ ਦੀ ਰੂਹ ਨੂੰ ਲੰਮੇ ਸਮੇਂ ਤੱਕ ਨਸ਼ਿਆਈ ਰਖਿਆ।

ਸ਼ਮਸ਼ੇਰ ਦਾ 'ਗੋਰੀਆਂ ਬਾਹਾਂ ਦੇ ਵਿਚ ਛਣਕਣ ਵੰਗਾਂ, ਇਨ੍ਹਾਂ ਵੰਗਾਂ ਵਿਚ ਲੱਖ ਛੁਪੀਆਂ ਉਮੰਗਾਂ' ਵਾਲਾ ਗੀਤ ਵੀ ਹੈ ਪਰ 'ਤੇਰੇ 'ਚੋਂ ਤੇਰਾ ਯਾਰ ਬੋਲਦਾ' ਪਿਛੋਂ ਸਭ ਤੋਂ ਵੱਧ 'ਦੁਪੱਟਾ ਤੇਰਾ ਸੱਤ ਰੰਗ ਦਾ' ਮੁਖੜੇ ਵਾਲਾ ਗੀਤ ਵੀ ਜ਼ਿਕਰਯੋਗ ਹੈ। ਇਸੇ ਗੀਤ ਦੇ ਕੁਝ ਬੋਲ ਜ਼ਰਾ ਦੇਖੋ:

ਕਹਿੰਦੇ ਨੇ ਜਵਾਨੀ ਹੁੰਦੀ
ਭੁੱਖੀ ਪਿਆਰ ਦੀ,
ਤਾਂਘ ਇਹਨੂੰ ਰਹਿੰਦੀ ਸਦਾ ਦਿਲਦਾਰ ਦੀ,
ਧਾਈਆਂ ਧਾਈਆਂ ਧਾਈਆਂ...
ਦੁਪੱਟੇ ਉਤੇ ਮੋਰਨੀਆਂ,
ਦੱਸ ਕਿਹੜੇ ਨੀ ਸ਼ੌਕ ਨੂੰ ਪਾਈਆਂ।

---

ਮਿਰਗਾਂ ਨੇ ਤੋਰ ਉਧਾਰੀ ਤੈਥੋਂ ਮੰਗੀ ਐ,
ਮਿੱਤਰਾਂ ਦੀ ਜਾਨ ਨੀ ਤੂੰ
ਸੂਲੀ ਉਤੇ ਟੰਗੀ ਐ,
ਟਾਹਣਾ ਟਾਹਣਾ ਟਾਹਣਾ...
ਦੁਪੱਟਿਆ ਸੱਚ ਦੱਸ ਵੇ,
ਮੈਂ ਕਿਹੜੇ ਪਿੰਡ ਮੁਕਲਾਵੇ ਜਾਣਾ।

ਇਹ ਖੇਤਰ ਛੱਡ ਕੇ ਹੁਣ ਮੈਂ ਸ਼ਮਸ਼ੇਰ ਦੀ ਆਪਣੇ ਮਿੱਤਰ ਪਾਸ਼ ਬਾਰੇ 'ਇਕ ਪਾਸ਼ ਇਹ ਵੀ' ਸਿਰਲੇਖ ਹੇਠ ਲਿਖੀ ਯਾਦਾਂ ਦੀ ਕਿਤਾਬ ਦਾ ਜ਼ਰਾ ਸੰਖੇਪ ਜ਼ਿਕਰ ਕਰਨਾ ਚਾਹਾਂਗਾ। ਬਦਕਿਸਮਤੀ ਨਾਲ ਇਹ ਕਿਤਾਬ ਰਜਿੰਦਰ ਸਿੰਘ ਰਾਹੀ ਵਾਲੀ 'ਜਿਥੇ ਪਾਸ਼ ਰਹਿੰਦਾ ਹੈ' ਸਿਰਲੇਖ ਹੇਠਲੀ ਕਿਤਾਬ ਤੋਂ ਬਾਅਦ ਛਪ ਕੇ ਆਈ। ਰਾਹੀ ਦੀ ਕਿਤਾਬ ਵਿਚ ਪਾਸ਼ ਦੀ ਸ਼ਾਨਾਂਮਤੀ ਸਿਮਰਤੀ ਅਤੇ ਮਿਥਕ ਨੂੰ ਬੇਕਿਰਕੀ ਨਾਲ ਮਿਸਮਾਰ ਕਰਨ ਲਈ ਪੂਰਾ ਤਾਣ ਲਾਇਆ ਗਿਆ ਹੈ। ਮੈਂ ਫੋਨ ਉਪਰ ਸੰਧੂ ਨੂੰ ਥੋੜ੍ਹੇ ਸ਼ਿਕਵੇ ਨਾਲ ਆਖ ਬੈਠਾ ਕਿ ਇਹ ਉਹਨੇ ਕੀ ਕੀਤਾ ਸੀ! ਸ਼ਮਸ਼ੇਰ ਨੂੰ ਜ਼ਿਆਦਾ ਕੌੜ ਨਾਲ ਤਾਂ ਕਿਹਾ ਨਹੀਂ ਜਾ ਸਕਦਾ ਸੀ। ਖੈਰ, ਉਹਨੇ ਥੋੜ੍ਹੀ ਤਨਜ਼ ਜਿਹੀ ਨਾਲ ਇਹ ਆਖ ਕੇ ਗੱਲ ਮੁਕਾ ਦਿਤੀ: 'ਪਹਿਲੀ ਗੱਲ ਤਾਂ ਰਾਹੀ ਵਾਲੇ ਬਿਰਤਾਂਤ ਦਾ ਢੁਕਵਾਂ ਉਤਰ ਜਸਵੀਰ ਸਮਰ ਦਾ ਹੈ, ਜੇ ਕੋਈ ਗੱਲ ਰਹਿ ਗਈ ਸੀ ਤਾਂ (ਮੈਂ ਸੋਚਿਆ) ਉਹ ਮੈਂ ਪੂਰੀ ਕਰ ਦੇਵਾਂ।'

ਉਸ ਦੇ ਉਸੇ ਪੁਰਾਣੇ 'ਤਾਅਨੇ' ਦਾ ਸੰਖੇਪ ਜਿਹਾ ਪ੍ਰਤੀਕਰਮ ਮੈਂ 'ਹੁਣ' ਮੈਗਜ਼ੀਨ ਵਿਚ 'ਪਾਸ਼ ਅਤੇ ਲੋਰਕਾ' ਵਾਲੇ ਲੇਖ ਰਾਹੀਂ ਦੇਣ ਦੀ ਕੋਸਿਸ਼ ਕੀਤੀ ਸੀ। ਮੈਨੂੰ ਖਦਸ਼ਾ ਸੀ ਕਿ ਸ਼ਮਸ਼ੇਰ ਲਾਜ਼ਮੀ ਤੌਰ 'ਤੇ ਨਰਾਜ਼ਗੀ ਮੰਨ ਗਿਆ ਹੋਵੇਗਾ ਪਰ ਅਜਿਹਾ 'ਭਾਣਾ' ਵਾਪਰਨੋ ਟਲ ਗਿਆ ਸੀ। ਫਿਰ ਵੀ ਮੇਰਾ ਅੱਜ ਵੀ ਉਹੋ ਮਨ ਹੈ ਕਿ ਰਜਿੰਦਰ ਰਾਹੀ ਵਾਲੀ ਕਿਤਾਬ ਪਿਛੋਂ ਸ਼ਮਸ਼ੇਰ, ਪਾਸ਼ ਬਾਰੇ ਆਪਣੀਆਂ ਯਾਦਾਂ ਨਾ ਲਿਖਦਾ ਤਾਂ ਬਿਹਤਰ ਸੀ ਅਤੇ ਜੇ ਲਿਖਣੀਆਂ ਸਨ ਤਾਂ ਮੇਰੀ ਜਾਚੇ ਆਸਾਨੀ ਨਾਲ ਹੀ ਜ਼ਰਾ ਵੱਧ ਸਾਵਧਾਨੀ ਵਰਤੀ ਜਾ ਸਕਦੀ ਸੀ।

ਪਾਠਕ ਸਹਿਜੇ ਹੀ ਸਵਾਲ ਕਰ ਸਕਦੇ ਹਨ ਕਿ ਪਾਸ਼ ਅਤੇ ਸ਼ਮਸ਼ੇਰ ਦੀ ਯਾਰੀ ਕਿਸ ਧੁਰੇ 'ਤੇ ਪਈ ਹੋਵੇਗੀ। ਆਖਰ ਪਾਸ਼ ਦੇ ਮੂਲ ਸਰੋਕਾਰ ਰਾਜਸੀ-ਸਮਾਜਕ ਸਨ ਜਦੋਂ ਕਿ ਇਨ੍ਹਾਂ ਦੋਵਾਂ ਅਯਾਮਾਂ ਦੀ ਕਿਧਰੇ ਰਤਾ ਮਾਸਾ ਵੀ ਭਿਣਕ ਸ਼ਮਸ਼ੇਰ ਦੇ ਗੀਤਾਂ ਜਾਂ 'ਭੂਆ ਖਤਮ ਕੌਰ' ਵਰਗੀ ਸ਼ਮਸ਼ੇਰ ਦੀ ਜਵਾਨੀ ਵਾਰੇ ਦੀ ਸ਼ਾਹਕਾਰ ਕਹਾਣੀ ਅੰਦਰ ਤਾਂ ਮਲੂਮ ਨਹੀਂ ਹੁੰਦੀ।

*(ਅਗਲੇ ਸਫੇ 'ਤੇ ਜਾਰੀ)*

# ਅਰਬ ਦੇ ਮਾਰੂਥਲ ਅਤੇ ਪੰਜਾਬੀ

**ਅਰਬ ਦੇ ਗਰਮ ਮੁਲਕਾਂ ਵਿਚ ਪੰਜਾਬੀ ਕਾਮਿਆਂ ਨੇ ਬੜੀਆਂ ਕਮਾਈਆਂ ਕੀਤੀਆਂ। ਉਨ੍ਹਾਂ ਉਥੇ ਵੱਸਣ ਬਾਰੇ ਕਦੀ ਨਾ ਸੋਚਿਆ ਸੀ। ਉਹ ਤਾਂ ਕਮਾਈਆਂ ਕਰ ਕਰ ਕੇ ਪਿਛਾਂਹ ਆਪਣੇ ਟੱਬਰ ਪਾਲਦੇ ਰਹੇ। ਇਨ੍ਹਾਂ ਕਾਮਿਆਂ ਬਾਰੇ ਬਹੁਤੀਆਂ ਲਿਖਤਾਂ ਨਹੀਂ ਮਿਲਦੀਆਂ। ਸੁਰਿੰਦਰ ਸਿੰਘ ਮਾਂਗਟ ਨੇ ਇਸ ਲੇਖ ਵਿਚ ਇਨ੍ਹਾਂ ਕਾਮਿਆਂ ਦੇ ਸਿਰੜ, ਮਿਹਨਤ ਅਤੇ ਪਰਦੇਸ ਵਿਚ ਦਰਪੇਸ਼ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਹੈ। -ਸੰਪਾਦਕ**

ਵੇ ਹਉਕਿਆਂ ਦੀ 'ਵਾਜ ਨਾ ਸੁਣੇ,
ਕਿਹੜੀ ਧਰਤੀ ਬੋਲੀ 'ਤੇ ਤੇਰੇ ਡੇਰੇ।
ਸੱਧਰਾਂ ਦੇ ਸਾਹ ਮੁੱਕਗੇ,
ਤੇਰੇ ਵੱਜੇ ਨਾ ਜੋਗੀਆ ਫੇਰੇ।

ਲੋਹੜਿਆਂ ਦਾ ਦਰਦ ਹੁੰਦਾ ਹੈ ਵਿਛੋੜੇ ਦੀ ਚੀਸ ਦਾ, ਪਰ ਰਿਜ਼ਕ ਦੀਆਂ ਰਾਹਾਂ 'ਤੇ ਵਿਛੇ ਕੰਡਿਆਂ ਨੂੰ ਜਜ਼ਬਾਤ ਦੀਆਂ ਹਨੇਰੀਆਂ ਨਹੀਂ ਹੂੰਝ ਸਕਦੀਆਂ। ਇਹ ਸਾਰੀ ਉਮਰ ਬੰਦੇ ਤੋਂ ਅਗਾਂਹ ਈ ਰਹਿੰਦਾ ਏ ਤੇ ਬੰਦਾ ਇਹਦੀ ਥਾਹ ਪਾਉਂਦਾ ਲੇਖੇ ਲੱਗ ਜਾਂਦਾ ਹੈ। ਕਿਹੜੀ ਭੁੱਖ ਹੈ, ਜਿਹੜੀ ਕਦੇ ਵੀ ਨਹੀਂ ਮਰੀ?

ਪਰਦੇਸੀ ਤਾਂ ਘਰੋਂ ਨਿਕਲਿਆ ਹਰ ਇਨਸਾਨ ਹੁੰਦਾ ਹੈ ਪਰ ਜਿਥੇ ਪਰਿਵਾਰ ਨਾਲ ਹੋਵੇ, ਮਿਹਨਤ ਤੋਂ ਅੱਗੇ ਹੱਕ ਹੋਣ, ਆਪਣੇ ਲੋਕ ਹੋਣ, ਉਥੇ ਪਰਦੇਸੀ ਹੋਣ ਦਾ ਦੁੱਖ ਥੋੜ੍ਹਾ ਘਟ ਜ਼ਰੂਰ ਜਾਂਦਾ ਹੈ। ਜਿਥੇ ਸਾਰਾ ਕੁਝ ਹੀ ਓਪਰਾ ਹੋਵੇ, ਉਹ ਪਰਦੇਸ ਪੂਰਨ ਦੇ ਜੋਗ ਵਰਗਾ ਹੁੰਦਾ ਹੈ। ਅਜਿਹਾ ਜੋਗ ਅਰਬ ਮੁਲਕਾਂ ਦੀ ਧਰਤੀ 'ਤੇ ਕੱਕੇ ਮਾਰੂਥਲਾਂ 'ਚ ਪਰਦੇਸੀਆਂ ਨੂੰ ਕੱਟਣਾ ਪੈਂਦਾ ਹੈ।

ਵਤਨੋਂ ਉਡੇ ਜਦ ਅਰਬਾਂ ਦੀ ਧਰਤੀ 'ਤੇ ਉਤਰਦੇ ਹਾਂ ਤਾਂ ਰੋਟੀ ਕਮਾਉਣ ਦੀਆਂ ਸੱਧਰਾਂ

**ਸੁਰਿੰਦਰ ਸਿੰਘ ਮਾਂਗਟ**

ਦਾ ਇਮਤਿਹਾਨ ਇਥੋਂ ਦੀ ਵਗਦੀ ਲੂ ਚਮੜੀ ਲੂਹ ਕੇ ਲੈਂਦੀ ਹੈ। ਇਥੇ ਰੋਟੀ ਲਈ ਆਮ ਵਰਗ ਹੀ ਆਉਂਦਾ ਹੈ, ਜੋ ਪਹਿਲਾਂ ਹੀ ਜ਼ਿੰਦਗੀ ਦੇ ਸੰਘਰਸ਼ 'ਚੋਂ ਨਿਕਲ ਕੇ ਜਹਾਜ 'ਚ ਬੈਠਿਆ ਹੁੰਦਾ ਹੈ। ਘਰ ਤੋਂ ਬਾਹਰ ਬਹਿਰੀਨ, ਯੂ. ਏ. ਈ., ਸਾਊਦੀ ਅਰਬ, ਕਤਰ, ਕੁਵੈਤ ਵਰਗੇ ਅਰਬ ਦੇਸ਼ਾਂ ਵਿਚ ਆਪਣਾ ਆਪ ਲੱਭਣ ਆਇਆਂ ਲਈ ਸਾਰੇ ਪਰਦੇਸੀ ਹੀ ਭਾਈ ਹੁੰਦੇ ਹਨ। ਇਕ ਕਮਰੇ ਵਿਚ ਚਾਰ-ਚਾਰ ਪੰਜ-ਪੰਜ ਜਣਿਆਂ ਦੇ ਗਰੁਪ ਹੀ ਪਰਿਵਾਰ ਤੇ ਦੋਸਤਾਂ ਮਿੱਤਰਾਂ ਦੀ ਰਿਹਾਇਸ਼ ਰਿਸ਼ਤੇਦਾਰੀ। ਰਾਤ ਦੀ ਰੋਟੀ ਖਾਣ ਵੇਲੇ ਦਾਤੀ-ਫਰੇ ਪੱਖਿਆਂ ਮੂਹਰੇ ਬੈਠਾ ਟੱਬਰ ਦਿਸਦਾ ਹੈ, ਜਦੋਂ ਇਕ ਫਰਾਈਪੈਨ 'ਚ ਦਾਲ ਪਾ ਕੇ ਘੇਰਾ ਘੱਤਿਆ ਹੁੰਦਾ ਹੈ। ਘਰ ਦੇ ਕੰਮਾਂ ਦੀਆਂ ਡਿਊਟੀਆਂ ਹੁੰਦੀਆਂ ਨੇ। ਸਵੇਰ ਦੀ ਚਾਹ ਬਣਾਉਣ ਤੋਂ ਆਥਣ ਦੀ ਰੋਟੀ ਤੱਕ। ਅੰਮ੍ਰਿਤ ਵੇਲੇ ਉਠ ਕੇ ਬਾਬਿਆਂ ਦੀ ਫੋਟੋ ਅੱਗੇ ਜੋਤ ਹਰ ਕਮਰੇ 'ਚ ਜਗਦੀ ਹੈ। ਦਸਮੀ ਦੀ ਦੇਗ ਬਣਾਉਣ ਲਈ ਹਰ ਕਮਰੇ 'ਚ ਇਕ ਮਾਹਰ ਹੁੰਦਾ ਹੈ।

ਜਾਤਾਂ ਪਾਤਾਂ, ਅਮੀਰੀ ਗਰੀਬੀ ਸਭ ਕੁਝ ਖਤਮ ਹੁੰਦਾ ਹੈ। ਸਾਰੇ ਚਾਚੇ ਤਾਏ ਹੁੰਦੇ ਹਨ ਜਾਂ ਭਾਈ। ਇਕ ਦਾ ਕੰਮ ਛੁੱਟ ਗਿਆ ਤਾਂ ਬਾਕੀ ਦੇ ਬਾਂਹ ਫੜਨ ਲਈ ਤਿਆਰ। ਜਦੋਂ ਬਹੁਤੇ ਨਵੇਂ ਆਇਆਂ ਨੂੰ ਭੇਤ ਨਹੀਂ ਪਤਾ ਹੁੰਦੇ ਕੰਮ ਦੇ, ਉਦੋਂ ਸੰਗੀਆਂ ਸਾਥੀਆਂ ਤੋਂ ਗਰੇਡਾਂ ਬਾਰੇ ਪੁੱਛਦੇ ਨੇ। ਜ਼ਿਆਦਾਤਰ ਕੰਮ ਕੰਸਟਰੱਕਸ਼ਨ ਲਾਈਨ ਦੇ ਹੀ ਹੁੰਦੇ ਨੇ। ਜਿਨ੍ਹਾਂ ਨੇ ਕਦੇ ਫੱਟੇ 'ਚ ਕਿੱਲ ਸਿੱਧੀ ਨਹੀਂ ਠੋਕੀ ਹੁੰਦੀ, ਉਹ ਸ਼ਟਰਿੰਗ ਕਾਰਪੈਂਟਰ ਬਣੇ ਆਰੀਆਂ, ਗੇਜਾਂ 'ਤੇ ਹੱਥ ਸਿੱਧੇ ਕਰਦੇ ਦੂਜਿਆਂ ਨੂੰ ਮੱਤਾਂ ਦੇਣ ਜੋਗੇ ਹੋ ਜਾਂਦੇ ਹਨ।

ਬਹੁਤੇ ਕੰਮ ਮੈਨਪਾਵਰ ਸਪਲਾਈ ਦੀ ਵਿਚੋਲਗੀ ਨਾਲ ਮਿਲਦੇ ਹਨ। ਈਦ, ਨੈਸ਼ਨਲ ਡੇਅ ਜਾਂ ਕਿਸੇ ਵੀ ਸਰਕਾਰੀ ਛੁੱਟੀ 'ਤੇ ਕਮਰਿਆਂ 'ਚ ਚੱਲਦੀਆਂ ਪਾਰਟੀਆਂ ਚਾਵਾਂ ਨੂੰ ਸੱਦੇ ਦਿੰਦੀਆਂ ਨੇ। ਕਮਰਿਆਂ ਦੇ ਕਿਰਾਏ ਤੇ ਰਾਸ਼ਨ ਦਾ ਖਰਚਾ ਹਰ ਮਹੀਨੇ ਵੰਡੇ ਹੁੰਦੇ ਹਨ ਪਰ ਜੇ ਕੋਈ ਨਵਾਂ ਆਇਆ ਹੋਵੇ ਤਾਂ ਉਹਦਾ ਖਰਚਾ ਬਾਕੀ ਦੇ ਆਪਸ 'ਚ ਵੰਡ ਲੈਂਦੇ ਹਨ। ਸ਼ੁਰੂਆਤੀ ਦੌਰ ਹਮੇਸ਼ਾ ਹੀ ਸਾਰਿਆਂ ਲਈ ਔਖਾ ਹੁੰਦਾ। ਘਰੋਂ ਖਰਚ ਕੇ ਆਂਦੇ ਪੈਸੇ ਪੂਰੇ ਕਰਨ ਦੀ ਦੌੜ ਕਈ ਵਾਰ ਨੀਂਦ ਉਡਾ ਦਿੰਦੀ ਹੈ।

ਅਸੀਂ ਚੋਗਿਆਂ ਲਈ ਭਰੀਆਂ ਉਡਾਰੀਆਂ,
ਤੇ ਦੂਰ ਸਾਡੇ ਰਹਿਗੇ ਆਲ੍ਹਣੇ।
ਅਸੀਂ ਚਾਵਾਂ ਦੀਆਂ ਘੁੱਟ ਲਈਆਂ ਸੰਘੀਆਂ,
ਤੇ ਢਿੱਡ ਸਾਨੂੰ ਪੈਗੇ ਪਾਲਣੇ।

ਮਰ ਖਪ ਕੇ ਕਮਾਈਆਂ ਵੀਹ-ਪੱਚੀ ਹਜ਼ਾਰ ਤੋਂ ਸ਼ੁਰੂ ਹੁੰਦੀਆਂ ਨੇ, ਜਿਨ੍ਹਾਂ ਨਾਲ ਘਰਾਂ ਦੇ ਖਰਚ ਬੰਨ੍ਹੇ ਹੁੰਦੇ ਨੇ। ਢਿੱਡ ਬੰਨ੍ਹਣੇ ਪੈਂਦੇ ਹਨ ਬਹੁਤੀ ਵਾਰ। ਹੌਲੀ-ਹੌਲੀ ਜਦੋਂ ਪੈਰ ਲਗਦੇ ਹਨ ਤਾਂ ਬੰਦਾ ਲੇਬਰ ਤੋਂ ਡਰਾਇਵਰੀ ਵੱਲ ਤੁਰ ਪੈਂਦਾ ਹੈ। ਫਿਰ ਤਨਖਾਹ ਪੰਤਾਲੀ-ਪੰਜਾਹ ਹਜ਼ਾਰ ਤੱਕ ਜਾ ਪਹੁੰਚਦੀ ਹੈ। ਬਹਿਰੀਨ ਤੇ ਦੁੱਬਈ ਵਿਚ ਸੰਗਰਾਂਦ ਨੂੰ ਗੁਰਦੁਆਰਿਆਂ ਵਿਚ ਕੀਰਤਨ ਹੁੰਦਾ, ਲੰਗਰ ਚੱਲਦੇ ਨੇ। ਦੁੱਬਈ ਦਾ ਗੁਰਦੁਆਰਾ ਨਾਨਕ ਦਰਬਾਰ ਉਥੋਂ ਦੀ ਸਰਕਾਰ ਦੀ ਮਦਦ ਨਾਲ ਬਣਾਇਆ ਗਿਆ ਹੈ।

ਸਾਊਦੀ ਅਰਬ ਅਤੇ ਹੋਰ ਮੁਲਕਾਂ ਵਿਚ ਹਾਲੇ ਧਾਰਮਿਕ ਸਥਾਨਾਂ ਦੀ ਐਨੀ ਖੁੱਲ੍ਹ ਨਹੀਂ ਜਿੰਨੀ ਬਹਿਰੀਨ, ਦੁੱਬਈ ਵਿਚ ਹੈ। ਮੰਦਿਰ, ਗੁਰਦੁਆਰੇ ਤੇ ਚਰਚ ਇਨ੍ਹਾਂ ਮੁਲਕਾਂ 'ਚ ਹਰ ਵੇਲੇ ਖੁੱਲ੍ਹੇ ਰਹਿੰਦੇ ਹਨ। ਦੀਵਾਲੀ ਨੂੰ ਦੁਕਾਨਾਂ ਈਦ ਵਾਂਗ ਹੀ ਸਜਦੀਆਂ। ਜ਼ਿਆਦਾਤਰ ਪਾਕਿਸਤਾਨੀ ਜਾਂ ਭਾਰਤੀ ਲੋਕ ਹੋਣ ਕਰਕੇ ਬਹਿਰੀਨ ਤੇ ਦੁੱਬਈ ਦੇ ਲੋਕ ਕਾਫੀ ਹਿੰਦੀ-ਉਰਦੂ ਬੋਲ ਲੈਂਦੇ ਹਨ। ਇੰਗਲਿਸ਼ ਵੀ ਚਲਦੀ ਹੈ ਪਰ ਮੁੱਖ ਭਾਸ਼ਾ ਅਰਬੀ ਹੈ। ਤੰਗੀਆਂ ਤੁਰਸ਼ੀਆਂ, ਹਾਸੇ ਮਖੌਲ ਚਲਦੇ ਰਹਿੰਦੇ ਹਨ। ਜੇ ਗੱਲ ਸਿਰਫ ਇਹ ਹੋਵੇ ਕਿ ਆਪਸੀ ਮਦਦ ਨਾਲ ਮਸਲੇ ਹੱਲ ਹੁੰਦੇ ਹੋਣ ਤਾਂ ਇਹ ਕਮਾਊ ਪੁੱਤ ਕਦੇ ਵੀ ਨਾ ਥੱਕਣ। ਆਪਣੇ ਹੀ ਮਾਸ ਚੂੰਡਣ ਵਾਲੇ ਏਜੰਟ ਵੀਜ਼ੇ ਰੀਨਿਊ ਕਰਵਾਉਣ ਵੇਲੇ ਇਨ੍ਹਾਂ ਦੇ ਹਾਸੇ ਉਦਾਸੀਆਂ 'ਚ ਬਦਲ ਦਿੰਦੇ ਹਨ। ਕਈਆਂ ਦੇ ਪੇਪਰਾਂ ਦੀ ਮਿਆਦ ਖਤਮ ਹੋ ਜਾਂਦੀ ਹੈ ਅਤੇ ਉਹ ਫਿਰ ਗੈਰਕਾਨੂੰਨੀ ਕੰਮ ਲੱਭਦੇ ਮੁਸ਼ਕਿਲਾਂ 'ਚ ਫਸਦੇ ਚਲੇ ਜਾਂਦੇ ਹਨ।

ਕੰਪਨੀਆਂ ਦੇ ਵਰਕ ਪਰਮਿਟਾਂ 'ਤੇ ਕੰਮ ਕਰਦੇ ਤਾਂ ਕਿਸੇ ਵੀ ਵਕਤ ਆਪਣਾ ਇਕਰਾਰ ਖਤਮ ਕਰਕੇ ਆ ਸਕਦੇ ਹਨ ਪਰ ਆਪਣਾ ਕੰਮ ਆਪ ਲੱਭ ਕੇ ਕਰਨ ਵਾਲਿਆਂ ਨੂੰ ਧੱਕੇ ਖਾਣੇ ਪੈਂਦੇ ਹਨ। ਕੋਰਟ-ਕਚਹਿਰੀਆਂ ਦੇ ਕੰਮ-ਢੰਗ ਤੇ ਕਾਨੂੰਨ ਨਹੀਂ ਪਤਾ ਹੁੰਦੇ, ਉਹ ਆਪੇ ਬਣੇ ਏਜੰਟਾਂ ਦੀਆਂ ਜੇਬਾਂ ਭਰਦੇ ਰਹਿੰਦੇ ਹਨ। ਕੰਪਨੀਆਂ ਵਿਚ ਕੰਮ ਕਰਨ ਵਾਲੇ ਤਕਰੀਬਨ ਸਹੀ ਰਹਿੰਦੇ ਹਨ। ਤਨਖਾਹਾਂ ਵਕਤ ਸਿਰ ਮਿਲ ਜਾਂਦੀਆਂ ਤੇ ਆਮ ਸਹੂਲਤਾਂ ਵੀ ਕੰਪਨੀ ਨੂੰ ਦੇਣੀਆਂ ਪੈਂਦੀਆਂ ਹਨ। ਕੰਟਰੈਕਟ ਦੇ ਹਿਸਾਬ ਨਾਲ ਸਾਲ-ਦੋ ਸਾਲ ਬਾਅਦ ਕੰਪਨੀ ਦੇ ਖਰਚੇ 'ਤੇ ਘਰ ਗੇੜਾ ਮਾਰ ਆਉਂਦੇ ਹਨ।

ਕੰਪਨੀਆਂ ਤੋਂ ਬਾਹਰ ਵਾਲਿਆਂ ਦਾ ਕੋਈ ਸ਼ਡਿਊਲ ਨਹੀਂ ਹੁੰਦਾ। ਕਈ ਵਾਰ ਪੰਜ-ਪੰਜ ਸਾਲ ਵੀ ਲੰਘ ਜਾਂਦੇ ਹਨ, ਕਿਉਂਕਿ ਬਾਹਰ ਕੰਮ ਕਰਨ ਵਾਲਿਆਂ ਨੂੰ ਸਭ ਕੁਝ ਆਪ ਕਰਨਾ ਪੈਂਦਾ। ਜਦੋਂ ਭੇਤ ਆ ਜਾਂਦਾ ਤਾਂ ਬੰਦਾ ਆਪ ਆਪਣੇ ਮਸਲੇ ਨਜਿੱਠਣ ਜੋਗਾ ਹੋ ਜਾਂਦਾ; ਜਾਂ ਕਹੋ ਕਿ ਜਿਵੇਂ ਕਿਸੇ ਨੇ ਉਸ ਦੀ ਬਾਂਹ ਫੜੀ ਸੀ, ਉਹ ਕਿਸੇ ਨਵੇਂ ਆਏ ਦੀ ਬਾਂਹ ਫੜਨ ਜੋਗਾ ਹੋ ਜਾਂਦਾ। ਆਪਣੀ ਧਰਤੀ ਦੀ ਤੜਫ ਜ਼ਰੂਰ ਰਹਿੰਦੀ ਹੈ ਪਰ ਇਸ ਮਿੱਟੀ ਦਾ ਪਿਆਰ ਹੱਡੀਂ ਰਚਣ ਲੱਗ ਜਾਂਦਾ ਹੈ। ਰਚੇ ਵੀ ਕਿਉਂ ਨਾ, ਇਹ ਰਿਜ਼ਕ ਦੇਣ ਵਾਲੀ ਮਾਂ ਜੋ ਬਣ ਜਾਂਦੀ ਹੈ। ਇਹਦਾ ਇਨਸਾਫ ਤਕੜੇ ਮਾੜੇ ਨੂੰ ਇਕੋ ਪੱਲੜੇ ਪਾ ਕੇ ਤੋਲਦਾ ਹੈ। ਬਹਿਰੀਨ, ਦੁੱਬਈ ਆਦਿ ਦੀ ਚਕਾਚੌਂਧ ਤੇ ਆਜ਼ਾਦੀ ਮੱਲੋਮੱਲੀ ਕੰਨ ਦੇ ਕੋਲ ਆ ਕੇ ਕਹਿ ਦਿੰਦੀ ਹੈ:

ਜ਼ਿੰਦਗੀ ਨੂੰ ਮਾਣ ਲੈ ਸ਼ੇਰਾ
ਪਰ ਦੇਖੀਂ ਗਵਾਚ ਨਾ ਜਾਈਂ।

ਸਾਡੇ ਆਮ ਲੋਕਾਂ ਦੀ ਸੋਚ ਵਿਚ ਇਹ ਮੁਲਕ ਮਾਰੂਥਲਾਂ ਤੋਂ ਬਿਨਾ ਹੋਰ ਕੁਝ ਨਹੀਂ; ਪਰ ਨਹੀਂ, ਇਹ ਸਿਰਫ ਇਕ ਕਿਆਸ ਹੈ ਦੂਰ ਬੈਠਿਆਂ ਦਾ। ਇਸ ਧਰਤੀ ਨੇ ਆਪਣੇ ਬਾਸ਼ਿੰਦਿਆਂ ਨੂੰ ਬਹੁਤ ਕੁਝ ਦਿੱਤਾ ਹੈ। ਜਿਹੜੇ ਲੋਕ ਪਿਛਲੀਆਂ ਸਦੀਆਂ ਦੇ ਧਾੜਵੀ ਰਹੇ, ਫਿਰ ਊਠਾਂ ਜਾਂ ਖੋਤਿਆਂ 'ਤੇ ਸਮਾਨ ਲੱਦ ਕੇ ਵਪਾਰ ਕਰਦੇ ਰਹੇ, ਉਨ੍ਹਾਂ ਦੀ ਧਰਤੀ ਅੰਦਰਲੇ ਕੁਦਰਤੀ ਤੇਲ ਨੇ ਜ਼ਿੰਦਗੀ ਨੂੰ ਇਕਦਮ ਬਦਲ ਦਿੱਤਾ। ਫਿਰ ਇਨ੍ਹਾਂ ਨੂੰ ਕਾਮਿਆਂ ਦੀ ਲੋੜ ਪਈ, ਪੂਰੀ ਦੁਨੀਆਂ 'ਚੋਂ ਮੱਧ ਵਰਗਾਂ ਦੇ ਪੁੱਤ ਰੋਟੀ ਲੱਭਦੇ ਇਧਰ ਆ ਪਹੁੰਚੇ। ਸਰਮਾਏਦਾਰਾਂ ਲਈ ਨਿਵੇਸ਼ ਦੇ ਰਾਹ ਖੁੱਲ੍ਹੇ ਅਤੇ ਆਮ ਬੰਦੇ ਲਈ ਸੁਨਹਿਰੇ ਭਵਿਖ ਦੇ ਸੁਪਨੇ ਇਨ੍ਹਾਂ ਰੇਤਿਆਂ 'ਚੋਂ ਉਚੇ ਹੋ ਹੋ ਕੇ ਹਾਕਾਂ ਮਾਰਨ ਲੱਗ ਪਏ,

ਭੁੱਜਦਿਆਂ ਰੇਤਿਆਂ ਨੇ
ਸੋਹਲ ਜਿੰਦੜੀ ਸੱਸੀ ਦੀ ਸਾੜੀ।

ਪਰ ਨਹੀਂ, ਹੁਣ ਸ਼ਾਇਦ ਰੇਤਿਆਂ ਦੀ ਇਸ ਜ਼ਿੱਦ ਨੂੰ ਠੱਲ੍ਹ ਪਾਉਣ ਦਾ ਸਮਾਂ ਸੀ। ਜਿਥੇ ਕੋਹਾਂ ਦੂਰ ਤੱਕ ਹਰਿਆਲੀ ਦਾ ਨਾਮੋ-ਨਿਸ਼ਾਨ ਨਹੀਂ ਸੀ ਹੁੰਦਾ, ਉਥੇ ਦਰੱਖਤ ਲੱਗਣ ਲੱਗ ਪਏ। ਪਾਣੀ ਨੂੰ ਸੋਧ ਕੇ ਨਿੱਕੀ ਮੋਟੀ ਖੇਤੀ ਲਈ ਵਰਤਿਆ ਜਾਣ ਲੱਗਾ। ਹੌਲੀ ਹੌਲੀ ਕਣਕ, ਮੱਕੀ, ਬਰਸੀਮ, ਜੈਤੂਨ ਅਤੇ ਸਬਜ਼ੀਆਂ ਉਗਣ ਲੱਗੀਆਂ। ਢਿੱਡ ਭਰਨ ਆਏ ਪਰਦੇਸੀਆਂ ਨੂੰ ਧਰਤੀ ਆਪਣੇ ਪੁੱਤ ਬਣਾ ਕੇ ਰਿਜ਼ਕ ਵੰਡਦੀ ਗਈ। ਉਹ ਤਰੱਕੀਆਂ ਕਰਦੇ ਦਫਤਰਾਂ ਦੀਆਂ ਕੁਰਸੀਆਂ 'ਤੇ ਆ ਬੈਠੇ ਪਰ ਪਿੰਡ ਅਸੀਂ ਛੋਟੇ ਮੁਲਕਾਂ ਜਾਂ ਚੰਗੀਆਂ ਕੰਪਨੀਆਂ ਦੇ ਮਜ਼ਦੂਰ ਹੀ ਗਿਣੇ ਜਾਂਦੇ ਰਹੇ ਕਿਉਂਕਿ ਜਿਨ੍ਹਾਂ ਨੇ ਅਰਬਾਂ ਵਿਚ ਆਉਣ ਦੀ ਸ਼ੁਰੂਆਤ ਕੀਤੀ ਸੀ, ਉਨ੍ਹਾਂ ਉਮਰਾਂ ਗਾਲ ਕੇ ਪਿੱਛੇ ਆਪਣੇ ਪਰਿਵਾਰਾਂ ਦੇ ਢਿੱਡ ਤਾਂ ਭਰੇ ਪਰ ਜਾਣ ਲੱਗਿਆਂ ਕੋਲ ਬਹੁਤਾ ਕੁਝ ਨਹੀਂ ਸੀ ਹੁੰਦਾ। ਉਹ ਮਿਹਨਤੀ ਪੁੱਤ ਆਪਣੀ ਮਿੱਟੀ 'ਤੇ ਪਹੁੰਚ ਕੇ ਵੀ ਉਵੇਂ ਕੰਮ ਕਰਨ ਨੂੰ ਤਰਜੀਹ ਦਿੰਦੇ ਸੀ।





ਅਰਬ ਦੇ ਮਾਰੂਥਲਾਂ ਦੀ ਕੜਕਦੀ ਧੁੱਪ ਵਿਚ ਜੂਝ ਰਹੇ ਕਾਮੇ।

ਉਂਜ, ਜਿਹੜਾ ਅਣਗੌਲਿਆ ਕਾਰਜ ਉਹ ਕਰਦੇ ਸੀ, ਉਹ ਇਹ ਸੀ ਕਿ ਭਵਿਖ 'ਚ ਇਸ ਧਰਤੀ 'ਤੇ ਪਹੁੰਚਣ ਵਾਲੀ ਪੀੜ੍ਹੀ ਦੇ ਮਿਹਨਤਕਸ਼ ਹੋਣ ਦਾ ਸਬੂਤ ਪੱਕਾ ਕਰੀ ਜਾ ਰਹੇ ਸਨ, ਜਿਸ ਨੇ ਤਰੱਕੀਆਂ ਦੇ ਰਾਹ ਖੋਲ੍ਹੇ। ਅੱਜ ਦੀਆਂ ਪ੍ਰਾਪਤੀਆਂ ਉਨ੍ਹਾਂ ਮਿਹਨਤਾਂ ਦੀ ਦੇਣ ਹਨ।

ਦੋ ਟੁੱਕ ਗੱਲ ਕਰਨੀ ਹੋਵੇ ਤਾਂ ਇਸ ਧਰਤੀ ਦੀ ਤਸਵੀਰ ਬਹੁਤ ਬਦਲੀ ਹੈ। ਇਥੋਂ ਦੀ ਸ਼ਾਨੋ ਸ਼ੌਕਤ ਨੇ ਜਿਥੇ ਦੇਖਣ ਵਾਲਿਆਂ ਨੂੰ 'ਵਾਹ ਵਾਹ' ਕਹਿਣ ਲਈ ਮਜਬੂਰ ਕੀਤਾ ਹੈ, ਉਥੇ ਰੋਟੀ ਲਈ ਆਇਆਂ ਨੂੰ ਵੀ ਇਸ ਧਰਤੀ ਨੇ ਬਾਹਾਂ ਖੋਲ੍ਹ ਕੇ ਬੁੱਕਲ 'ਚ ਲਿਆ ਹੈ। ਜੇ ਸੋਚੀਏ ਤਾਂ ਕਿੰਨੇ ਸਮਿਆਂ ਤੋਂ ਜਹਾਜ਼ਾਂ ਦੇ ਜਹਾਜ਼ ਇਨ੍ਹਾਂ ਮਾਰੂਥਲਾਂ 'ਚ ਉਤਰੇ ਹੋਣੇ ਹਨ। ਕਿੰਨਿਆਂ ਨੂੰ ਇਨ੍ਹਾਂ ਟਿੱਬਿਆਂ ਨੇ ਰਿਜ਼ਕ ਦਿੱਤਾ। ਸੋਨੇ ਰੰਗੇ ਰੇਤਿਆਂ ਨਾਲ ਫਿਰ ਮੋਹ ਹੋਣਾ ਕੁਦਰਤੀ ਹੈ। ਅੱਜ ਦੇ ਦਿਨ ਇਹ ਮੁਲਕ, ਇਹ ਧਰਤੀ, ਇਹ ਲੋਕ ਆਪਣੇ ਲਗਦੇ ਹਨ। ਜੰਮਣ ਭੋਇੰ ਦੇ ਨਾਲ-ਨਾਲ ਇਸ ਕਰਮ ਭੋਇੰ ਨੂੰ ਵੀ ਕਰੋੜ ਸਿਜਦਾ। ਹਸਦੀ ਵਸਦੀ ਸਭ ਨੂੰ ਰਿਜ਼ਕ ਵੰਡਦੀ ਰਹੇ।

# ਸ਼ਮਸ਼ੇਰ ਸੰਧੂ

*(ਪਿਛਲੇ ਸਫੇ ਦੀ ਬਾਕੀ)*

'ਭੂਆ ਖਤਮ ਕੌਰ' ਦਾ ਜ਼ਿਕਰ ਆਉਂਦਿਆਂ ਹੀ ਮੈਨੂੰ ਆਪਣੇ ਸਭ ਤੋਂ ਪਿਆਰੇ ਮਰਹੂਮ ਮਿੱਤਰ ਨਰਿੰਦਰ ਭੁੱਲਰ ਦੀ ਯਾਦ ਆ ਗਈ ਹੈ। ਇਹ ਕਹਾਣੀ ਪਾਸ਼ ਨੂੰ ਅਤੇ ਪਿਛੋਂ ਨਰਿੰਦਰ ਭੁੱਲਰ ਨੂੰ ਵੀ ਬੇਹੱਦ ਦਿਲਚਸਪ ਲਗਦੀ ਸੀ। ਅਮੋਲਕ ਸਿੰਘ ਦੀ 'ਪੰਜਾਬੀ ਟ੍ਰਿਬਿਊਨ' ਦੇ ਸਾਥੀਆਂ ਬਾਰੇ ਯਾਦਾਂ ਦੀ ਲੜੀ ਵਿਚ ਨਰਿੰਦਰ ਭੁੱਲਰ ਵਾਲੇ ਲੇਖ ਵਿਚ ਇਸ ਪ੍ਰਥਾਏ ਜ਼ਿਕਰ ਹੈਗਾ। ਸ਼ਿਕਾਗੋ ਵਿਚ ਕਿਣ ਮਿਣ ਦਾ ਰੰਗ ਸੀ। ਨਰਿੰਦਰ ਨੇ ਅਮੋਲਕ ਨੂੰ ਘਰ ਦੇ ਵਿਹੜੇ ਵਿਚ ਸੈਰ ਕਰਵਾਉਂਦਿਆਂ ਆਪਣੇ ਸਨੇਹ ਭਾਵ ਪ੍ਰਗਟਾਉਂਦਿਆਂ ਦਸਿਆ ਸੀ ਕਿ ਸ਼ਮਸ਼ੇਰ 'ਤੇਰੇ ਚੋਂ ਤੇਰਾ ਯਾਰ ਬੋਲਦਾ' ਵਾਲਾ ਕੌਤਕ ਨਾ ਵੀ ਰਚਦਾ ਤਾਂ 'ਭੂਆ ਖਤਮ ਕੌਰ' ਨਾਲ ਪੰਜਾਬੀ ਸਹਿਤ ਜਗਤ ਵਿਚ ਉਸ ਦੇ 'ਵਿਲੱਖਣ ਸਿਗਨੇਚਰ' ਉਸ ਦੇ ਸ਼ੁਰੂਆਤੀ ਦੌਰ ਅੰਦਰ ਹੀ ਹੋ ਚੁਕੇ ਸਨ। ਕਥਾ ਕਹਿਣ ਦੀ ਕੇਹੀ ਜੁਗਤ ਹੈ ਨਮੂਨੇ ਦੀ ਉਸ ਕਹਾਣੀ ਅੰਦਰ! ਇਹ ਗੱਲ ਜੇ ਨਾ ਵੀ ਮੰਨੀਏ, ਤਦ ਵੀ ਨਰਿੰਦਰ ਦੇ ਇਸ ਕਥਨ ਤੋਂ ਸ਼ਮਸ਼ੇਰ ਨਾਲ ਉਸ ਦੇ ਮੋਹ ਦਾ ਪਤਾ ਸਹਿਜੇ ਹੀ ਲਗ ਜਾਂਦਾ ਹੈ।

ਸ਼ਮਸ਼ੇਰ ਨੂੰ ਪਾਸ਼ ਚੰਗਾ ਲਗਦਾ ਸੀ, ਉਸ ਦੀ ਸ਼ਿਦਤ ਕਰਕੇ, ਜ਼ਿੰਦਗੀ ਦੇ ਅਸੀਮ ਸੁਹੱਪਣ ਨਾਲ ਉਸ ਦੇ ਮੋਹ ਕਰਕੇ। ਜ਼ਿੰਦਗੀ ਵਿਚ ਇਨਸਾਫ ਦੀ ਬਹਾਲੀ ਲਈ ਖਫਾ ਖੂਨ ਹੋਏ ਰਹਿਣ ਦਾ ਸ਼ਮਸ਼ੇਰ ਦਾ ਕੋਈ ਏਜੰਡਾ ਨਹੀਂ ਸੀ ਅਤੇ ਮੇਰਾ ਖਿਆਲ ਹੈ ਕਿ ਇਸ ਗੱਲ ਲਈ ਉਸ ਨੂੰ ਤਾਅਨਾ ਵੀ ਨਹੀਂ ਦਿਤਾ ਜਾ ਸਕਦਾ।

'ਪੰਜਾਬੀ ਟ੍ਰਿਬਿਊਨ' ਨਿਊਜ਼ ਡੈਸਕ 'ਤੇ ਸ਼ਮਸ਼ੇਰ ਜਦੋਂ ਮੇਰੇ ਨਾਲ ਸੀ ਤਾਂ ਉਸ ਸਾਰੇ ਸਮੇਂ ਦੌਰਾਨ ਪੰਜਾਬ ਦੁਵੱਲੀ ਹਿੰਸਾ ਦੀ ਮਾਰ ਹੇਠ ਆਇਆ ਹੋਇਆ ਸੀ। ਆਪਣੀ ਯਾਦਾਸ਼ਤ 'ਤੇ ਸਾਰਾ ਜ਼ੋਰ ਪਾਉਣ 'ਤੇ ਵੀ ਮੈਨੂੰ ਯਾਦ ਨਹੀਂ ਹੈ ਕਿ ਸ਼ਮਸ਼ੇਰ ਨੇ ਉਚੀ ਸੁਰ ਵਿਚ ਮਾੜੀ ਜਾਂ ਚੰਗੀ, ਕੋਈ ਵੀ ਸਵੈਘਾਤੀ ਟਿਪਣੀ ਕਿਸੇ ਵੀ ਘਟਨਾ ਉਪਰ ਕਦੀ ਕੀਤੀ ਹੋਵੇ। ਉਹ ਸਹੀ ਅਰਥਾਂ ਵਿਚ ਸਾਰੇ ਰਾਮ ਰੌਲੇ ਤੋਂ ਸਦਾ ਅਟੰਕ ਰਿਹਾ।

ਹਾਂ, ਇਕ ਗੱਲ ਹੋਰ ਮੈਨੂੰ ਜ਼ਰੂਰ ਚੇਤੇ ਹੈ। 35-36 ਸਾਲ ਪਹਿਲਾਂ ਦੀ ਗੱਲ ਹੈ। ਉਦੋਂ ਕਾਰਾਂ ਤਾਂ ਛੱਡੋ, ਸਾਡੇ ਸਾਥੀਆਂ 'ਚੋਂ ਕਿਸੇ ਕੋਲ ਸਕੂਟਰ ਜਾਂ ਮੋਟਰਸਾਈਕਲ ਵੀ ਨਹੀਂ ਸੀ। ਸ਼ਮਸ਼ੇਰ ਦੀ ਧੀ ਦੇ ਪੈਰ 'ਤੇ ਸੱਟ ਲਗ ਗਈ ਅਤੇ ਉਹ ਉਸ ਨੂੰ ਸਾਈਕਲ 'ਤੇ ਬਿਠਾਈ ਡਾਕਟਰ ਕੋਲ ਜਾ ਰਿਹਾ ਸੀ ਕਿ ਅਚਾਨਕ ਮੈਨੂੰ ਟੱਕਰ ਗਿਆ। ਉਸ ਦੇ ਚਿਹਰੇ 'ਤੇ ਇੰਤਹਾਈ ਦਰਦ ਤੇ ਚਿੰਤਾ ਤੋਂ ਲਗਦਾ ਸੀ ਕਿ ਦਰਦ ਉਸ ਦੀ ਧੀ ਨੂੰ ਨਹੀਂ, ਉਸ ਨੂੰ ਹੋ ਰਹੀ ਸੀ। ਉਸ ਦੇ ਚਿਹਰੇ ਦਾ ਉਹ ਰੰਗ ਮੈਨੂੰ ਅੱਜ ਵੀ ਚੇਤੇ ਹੈ ਪਰ ਇਹ ਦਸਣ ਤੋਂ ਮੇਰੀ ਮੁਰਾਦ ਕਤਈ ਇਹ ਨਹੀਂ ਕਿ ਮਾਸਟਰ ਚਰਨ ਦੀ ਹੱਤਿਆ ਜਾਂ ਉਸ ਤਰ੍ਹਾਂ ਦੀਆਂ ਹੋਰ ਖਬਰਾਂ ਤੋਂ ਸ਼ਮਸ਼ੇਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਸੀ ਹੁੰਦੀ।

ਸਿਆਸੀ-ਸਮਾਜਿਕ ਚੇਤਨਾ ਵਾਂਗ ਹੀ ਸਾਹਿਤ ਦੀ ਗੰਭੀਰ ਪੜ੍ਹਾਈ ਲਿਖਾਈ ਵਲੋਂ ਵੀ ਸ਼ਮਸ਼ੇਰ ਦਾ ਹੱਥ ਤੰਗ ਹੀ ਸੀ। ਇਹ ਵੀ ਕੋਈ ਮੈਨੂੰ ਬਾਹਲੀ ਮਾੜੀ ਗੱਲ ਨਹੀਂ ਲਗਦੀ। ਉਸ ਦੇ ਗੋਤੀ ਗੁਲਜ਼ਾਰ ਸਿੰਘ ਸੰਧੂ ਨੇ 'ਮੈਂ ਅਤੇ ਮੇਰੀ ਰਚਨਾਕਾਰੀ' ਵਾਲੇ ਆਪਣੇ ਲੇਖ ਵਿਚ ਸਾਫ ਐਲਾਨ ਕੀਤਾ ਹੋਇਆ ਹੈ:

"ਮੈਂ ਚੰਗਾ ਪਾਠਕ ਨਹੀਂ। ਕੋਈ ਵੀ ਚੀਜ਼ ਪੜ੍ਹਾਂ, ਨੀਂਦ ਆ ਜਾਂਦੀ ਹੈ ਪਰ ਮੈਨੂੰ ਦੇਖਣ ਦਾ ਬੜਾ ਸ਼ੌਕ ਹੈ।"

ਜ਼ਾਹਿਰ ਹੈ, ਸ਼ਮਸ਼ੇਰ ਨੂੰ ਵੀ ਜ਼ਿੰਦਗੀ ਦਾ ਹਰ ਰੰਗ ਦੇਖਣ ਦਾ ਸ਼ੌਕ ਹੈ ਅਤੇ ਉਸ ਦਾ ਇਹ ਸ਼ੌਕ ਪਾਸ਼ ਬਾਰੇ ਉਸ ਦੀ ਯਾਦਾਂ ਦੀ ਪੁਸਤਕ ਤੋਂ ਭਲੀ ਭਾਂਤ ਜ਼ਾਹਿਰ ਹੈ।

ਪਾਸ਼ ਨੂੰ ਆਪਣੇ ਪਿੰਡ ਨਾਲ ਅੰਤਾਂ ਦਾ ਮੋਹ ਸੀ, ਸ਼ਮਸ਼ੇਰ ਨੂੰ ਵੀ ਆਪਣੇ 'ਚਿੜੀ ਦੇ ਪਹੁੰਚੇ' ਜਿੱਡੇ ਪਿੰਡ ਮਦਾਰਪੁਰਾ ਨਾਲ ਓਨਾ ਹੀ ਮੋਹ ਹੈ। ਇਸ ਮੋਹ ਦੀ ਇਬਾਰਤ ਯੂਟਿਊਬ ਉਪਰ ਕੁਮਾਰੀ ਜੱਸੀ ਨੂੰ ਆਪਣੇ ਪਿੰਡ ਦੀ ਕਰਵਾਈ ਸੈਰ ਦੀ ਸਕਰਿਪਟ ਤੋਂ ਭਲੀ ਭਾਂਤ ਪੜ੍ਹੀ ਜਾ ਸਕਦੀ ਹੈ। ਉਹ ਕਿੰਨੇ ਨਿਰਛਲ ਅੰਦਾਜ਼ ਵਿਚ ਦੱਸਦਾ ਹੈ ਕਿ ਬਿੰਦਰਖੀਏ ਦੇ ਗਾਏ ਉਸ ਦੇ100 ਦੇ ਕਰੀਬ ਗੀਤਾਂ ਦੇ ਅੰਤ ਵਿਚ ਪਿੰਡ ਮਦਾਰਾ ਜਾਂ ਮਦਾਰਪੁਰੇ ਦਾ ਜ਼ਿਕਰ ਹੈ।

ਪਾਸ਼ ਜ਼ਿੰਦਗੀ ਭਰ ਖਤਰਿਆਂ ਨਾਲ ਖੇਡਦਾ ਰਿਹਾ, ਸਭ ਨੂੰ ਪਤਾ ਹੈ; ਸ਼ਮਸ਼ੇਰ ਕਿਸੇ ਵੀ ਕਿਸਮ ਦੇ ਖਤਰੇ ਦੇ ਨੇੜਿਓਂ ਲੰਘ ਕੇ ਵੀ ਰਾਜ਼ੀ ਨਹੀਂ। ਇਹੋ ਹਾਲ ਸ਼ਮਸ਼ੇਰ ਦਾ ਦੋਸਤੀਆਂ ਦੇ ਮਾਮਲੇ ਵਿਚ ਰਿਹਾ। ਸਾਨੂੰ ਪਤਾ ਹੈ ਕਿ ਕਿਸੇ ਦੂਜੇ ਇਨਸਾਨ ਨਾਲ ਦੋਸਤੀ ਜਾਂ ਤੀਬਰ ਮੁਹੱਬਤ ਬਹੁਤ ਖਤਰਨਾਕ ਆਤਮਿਕ ਐਡਵੈਂਚਰ ਹੁੰਦਾ ਹੈ। ਬਿਨਾ ਸ਼ੱਕ, ਸ਼ਮਸ਼ੇਰ ਦੇ ਅਨੇਕਾਂ ਦੋਸਤ ਹਨ; ਹੋਰ ਵੀ ਅਨੇਕਾਂ ਜਾਣ ਪਛਾਣ ਵਾਲੇ ਉਸ ਦੀ ਸ਼ਖਸੀਅਤ ਦੇ ਆਸ਼ਕ ਹਨ ਪਰ ਇਸ ਮਾਮਲੇ 'ਚ ਵੀ ਉਹ ਸਾਰੀ ਉਮਰ ਬੋਚ ਬੋਚ ਕੇ ਚੱਲਿਆ ਹੈ। ਇਕ ਵਿਥ, ਪਾਸ਼ ਸਮੇਤ ਹਰ ਯਾਰ ਨਾਲ ਹੀ ਬਰਕਰਾਰ ਰੱਖੀ ਜੋ ਸ਼ਾਇਦ ਉਸ ਦੇ ਆਪਣੇ 'ਮਿਸ਼ਨ' ਦੀ ਪੂਰਤੀ ਲਈ ਜ਼ਰੂਰੀ ਵੀ ਸੀ।

ਇਸ ਮਾਮਲੇ ਵਿਚ ਹੀ, ਜਿਵੇਂ ਮੈਂ ਪਹਿਲਾਂ ਹੀ ਸੰਕੇਤ ਦਿਤਾ ਹੋਇਆ ਕਿ ਅਨੇਕ ਸਾਂਝੀਆਂ ਸੁਰਾਂ ਦੇ ਬਾਵਜੂਦ ਮੇਰਾ ਤੇ ਉਸ ਦਾ ਵੱਡਾ ਵਖਰੇਵਾਂ ਹੈ; ਮਸਲਨ, ਮੁੱਢਲ ਪਹਿਲਾਂ ਆਪਣੀ ਸੰਵੇਦਨਾ ਤੋਂ ਜਮ੍ਹਾਂ ਹੀ ਉਲਟ ਤਬਾਅ ਵਾਲੇ ਕਿਸੇ ਸੱਜਣ ਨੇ ਜ਼ਿੰਦਗੀ ਵਿਚ ਕੋਈ ਨਾਮਾਕੂਲ ਹਾਦਸਾ ਵਾਪਰ ਜਾਣ ਦੀ ਘੜੀ ਵਰ੍ਹਿਆਂ ਪੁਰਾਣੀ ਮਾਮੂਲੀ ਜਾਣ-ਪਛਾਣ ਦੇ ਆਧਾਰ 'ਤੇ ਜ਼ਰਾ ਕੁ ਸਹਾਰੇ ਦੀ ਗੁਜ਼ਾਰਿਸ਼ ਕੀਤੀ ਤਾਂ ਯਾਰਾਂ ਨੇ ਘਰ ਦਰ ਦੇ ਸਭ ਦਰਵਾਜ਼ੇ ਉਸ ਲਈ ਚੌਪਟ ਖੋਲ੍ਹ ਦਿਤੇ। ਸ਼ਮਸ਼ੇਰ ਨਿਰਸੰਦੇਹ ਬੇਹੱਦ ਭਾਵੁਕ ਹੈ ਅਤੇ ਆਪਣੀ ਸ਼ਖਸੀਅਤ ਦੇ ਇਸ ਅਹਿਮ ਅੰਜਾਮ ਦਾ ਜ਼ਿਕਰ ਉਹਨੇ ਅਮਿਤੋਜ ਦੇ ਤੁਰ ਜਾਣ 'ਤੇ ਆਪਣੇ ਵਿਛੜੇ ਮਿੱਤਰਾਂ ਨੂੰ ਯਾਦ ਕਰਦਿਆਂ ਲਿਖੇ ਆਪਣੇ ਲੇਖ ਵਿਚ ਬੜੀ ਸ਼ਿਦਤ ਨਾਲ ਕੀਤਾ ਵੀ ਹੋਇਆ। ਉਸ ਲੇਖ ਤੋਂ ਵੀ ਸ਼ਮਸ਼ੇਰ ਸੰਧੂ ਦਾ ਸੰਜਮ ਪ੍ਰਤੱਖ ਨਜ਼ਰ ਆ ਜਾਂਦਾ ਹੈ।

*(ਚਲਦਾ)*

# ਦਰਦ-ਵੰਝਲੀ ਦੀ ਹੂਕ

ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਇਹ ਹੂਕ ਮੇਰੀ ਹੀ ਨਹੀਂ, ਅਸਾਂ ਸਭ ਪਰਦੇਸੀਆਂ ਦੀ ਹੈ, ਜੋ ਆਪਣੇ ਪਿਆਰਿਆਂ ਨੂੰ ਆਖਰੀ ਵਕਤ ਮਿਲਣ ਲਈ ਵਤਨ ਪਰਤਦੇ ਨੇ ਅਤੇ ਉਨ੍ਹਾਂ ਦੀ ਰਾਖ ਨੂੰ ਵਗਦੇ ਪਾਣੀਆਂ ਦੇ ਨਾਮ ਕਰ, ਖਾਲੀ ਹੱਥ ਪਰਦੇਸੀਂ ਆਲ੍ਹਣਿਆਂ ਨੂੰ ਉਡਾਰੀ ਭਰਦੇ ਨੇ। ਕਈ ਤਾਂ ਅਰਥੀ ਨੂੰ ਮੋਢਾ ਦੇਣ ਤੋਂ ਵੀ ਵਿਰਵੇ ਰਹਿ ਜਾਂਦੇ ਨੇ, ਜਦ ਕਿ ਕੁਝ ਸਿਵਿਆਂ ਦੀ ਰਾਖ ਫਰੋਲਣ ਜਾਂ ਸਿਵਿਆਂ ਦੇ ਰੁੱਖ ਥੱਲੇ ਬੈਠ, ਆਪਣਿਆਂ ਦੇ ਕੀਰਨੇ ਮਨ-ਜੂਹ ਵਿਚ ਪਾਉਂਦੇ, ਦਰਦ-ਵੰਝਲੀ ਵਿਚ ਸਾਹ ਭਰਨ ਜੋਗੇ ਹੀ ਰਹਿ ਜਾਂਦੇ।**

ਨਿੱਤਨੇਮ ਵਾਂਗ ਸਵੇਰ ਦੀ ਚਾਹ ਪੀਂਦਿਆਂ ਬਾਪ ਨਾਲ ਫੋਨ 'ਤੇ ਗੱਲ ਕਰਦਾ ਹਾਂ-ਲਵੇਰੀ ਦੀਆਂ, ਮੌਸਮ ਦੀਆਂ, ਬਾਰਸ਼ ਦੀਆਂ, ਫਸਲ ਦੀਆਂ, ਪਿੰਡ ਦੀਆਂ ਅਤੇ ਆਲੇ-ਦੁਆਲੇ ਦੀਆਂ। ਫਿਕਰਮੰਦੀ ਜਾਹਰ ਕਰਦਾ ਹਾਂ ਕਿ ਸਾਈਕਲ 'ਤੇ ਸਾਝਰੇ ਹੀ ਤਿੰਨ ਕਿਲੋਮੀਟਰ ਦੂਰ ਗੁਰਦੁਆਰੇ ਨਾ ਜਾਇਆ ਕਰੋ। ਟਰੈਫਿਕ ਬਹੁਤ ਹੈ। ਕਾਰਾਂ, ਮੋਟਰਾਂ ਵਾਲੇ ਸਾਈਕਲ ਵਾਲਿਆਂ ਨੂੰ ਤਾਂ ਬੰਦੇ ਹੀ ਨਹੀਂ ਸਮਝਦੇ, ਪਰ ਉਹ ਬਜਿੱਦ ਨੇ, ਸਾਈਕਲ 'ਤੇ ਨਿੱਤਨੇਮ ਵਾਂਗ ਗੁਰਦੁਆਰੇ ਜਾਣ ਲਈ। ਆਖਰ ਮੈਂ ਹਾਰ ਮੰਨ ਵਾਅਦਾ ਲੈਂਦਾ ਹਾਂ ਕਿ ਉਹ ਸਵੇਰੇ ਜਲਦੀ ਨਾ ਜਾਣ। ਵਾਅਦਾ ਕਰਦਾ ਹਾਂ ਕਿ ਮਈ ਵਿਚ ਆਵਾਂਗਾ ਅਤੇ ਤਿੰਨ ਕੁ ਮਹੀਨੇ ਇੰਡੀਆ ਰਹਾਂਗਾ।

ਜ਼ਿੰਦਗੀ ਦੀ ਢਲਦੀ ਸ਼ਾਮ 'ਚ ਬਾਪ ਨਾਲ ਕੁਝ ਪਲ ਬਿਤਾਉਣ ਦੀ ਤਮੰਨਾ ਤਾਂ ਸੀ ਪਰ ਇਸ ਨੂੰ ਪੂਰੀ ਕਰਨ ਵੰਨੀਂ ਪਤਨੀ ਨੇ ਤੋਰਿਆ, ਜਦ ਇਕ ਦਿਨ ਕਹਿਣ ਲੱਗੀ, "ਤੁਸੀਂ 16 ਸਾਲ ਦੀ ਉਮਰੇ ਘਰੋਂ ਨਿਕਲ ਗਏ ਸੀ ਉਚੇਰੀ ਪੜ੍ਹਾਈ ਲਈ। ਗ੍ਰੈਜੂਏਸ਼ਨ ਤੇ ਪੋਸਟ ਗ੍ਰੈਜੂਏਸ਼ਨ ਕੀਤੀ। 30 ਸਾਲ ਤੱਕ ਕਾਲਜਾਂ 'ਚ ਪੜ੍ਹਾ ਕੇ ਰਿਟਾਇਰ ਵੀ ਹੋ ਗਏ। ਤੁਹਾਡਾ ਕਦੇ ਜੀਅ ਨਹੀਂ ਕਰਦਾ ਕਿ ਕੁਝ ਸਮਾਂ ਆਪਣੇ ਬਾਪ ਨਾਲ ਵੀ ਬਿਤਾਇਆ ਜਾਵੇ? ਉਹ ਤਾਂ ਦਰਿਆਵੇਂ ਕੰਢੀਂ ਰੁੱਖੜਾ ਨੇ, ਪਤਾ ਨਹੀਂ ਕਦ ਵਹਿ ਜਾਣ?"


ਮੈਂ ਆਪਣੇ ਆਪ ਨੂੰ ਕੋਸਦਾ, ਪਤਨੀ ਨਾਲ ਵਾਅਦਾ ਕਰਦਾ ਹਾਂ ਕਿ ਇਨ੍ਹਾਂ ਗਰਮੀਆਂ ਵਿਚ ਤਿੰਨ ਮਹੀਨੇ ਬਾਪ ਨਾਲ ਬਿਤਾਉਣੇ ਹਨ। ਜਦ ਇਸ ਬਾਰੇ ਬਾਪ ਨੂੰ ਪਤਾ ਲੱਗਾ ਤਾਂ ਕਹਿਣ ਲੱਗੇ, ਫਿਰ ਤਾਂ ਡੇਢ ਮਹੀਨੇ ਬਾਅਦ ਤੁਸੀਂ ਆ ਹੀ ਜਾਣਾ। ਮਨ ਵਿਚ ਸੀ ਕਿ ਉਨ੍ਹਾਂ ਦੇ ਜੀਵਨ-ਸੰਘਰਸ਼ ਦੀਆਂ ਉਹ ਪਰਤਾਂ ਫਰੋਲਣ ਦੀ ਕੋਸ਼ਿਸ਼ ਕਰਾਂਗਾ, ਜੋ ਮੈਨੂੰ ਨਹੀਂ ਪਤਾ। ਉਨ੍ਹਾਂ ਪਲਾਂ ਨੂੰ ਮੁੜ ਜਿਉਂਦੇ ਕਰਾਂਗਾ, ਜੋ ਬਾਪ ਦੇ ਚੇਤਿਆਂ 'ਚੋਂ ਕਿਰਨ ਲੱਗ ਪਏ ਨੇ। ਆਸ ਸੀ ਕਿ ਬਾਪ ਦੇ ਨੈਣਾਂ ਵਿਚ ਹੁਲਾਸ ਅਤੇ ਆਸ ਦੀ ਕਿਣਮਿਣ ਨੂੰ ਨਿਹਾਰਾਂਗਾ, ਜੋ ਅਕਸਰ ਵਿਦੇਸ਼ ਤੋਂ ਪਰਤਣ 'ਤੇ ਉਨ੍ਹਾਂ ਦੇ ਦੀਦਿਆਂ ਵਿਚ ਤਾਰੀ ਹੁੰਦੀ। ਉਮੀਦ ਸੀ ਕਿ ਮਿਲਣੀ ਵਿਚੋਂ ਬਹੁਤ ਸਾਰੇ ਮਾਣਕ-ਮੋਤੀ ਮੇਰਾ ਹਾਸਲ ਬਣਨਗੇ, ਜਿਨ੍ਹਾਂ ਦੀ ਚਮਕ ਵਿਚ ਜ਼ਿੰਦਗੀ ਦੇ ਹਨੇਰੇ ਰਾਹਾਂ ਨੂੰ ਰੁਸ਼ਨਾਇਆ ਜਾ ਸਕਦਾ ਏ। ਆਪਣਿਆਂ ਦੀ ਖੁਦਗਰਜ਼ੀ ਕਾਰਨ, ਉਨ੍ਹਾਂ ਦੀਆਂ ਅਪੂਰਨ ਆਸਾਂ, ਤਿੜਕੀਆਂ ਰੀਝਾਂ ਅਤੇ ਤੋੜੇ ਵਾਅਦਿਆਂ ਦੀ ਤਫਸੀਲ ਪਤਾ ਕਰਾਂਗਾ।

ਪਰ ਆਸ ਨੂੰ ਚਿਤਵਣ ਅਤੇ ਪੂਰੀ ਹੋਣ ਵਿਚ ਬਹੁਤ ਫਰਕ ਹੁੰਦਾ। ਇਹੋ ਮੇਰੇ ਨਾਲ ਵਾਪਰਿਆ ਜਦ ਦੂਜੇ ਦਿਨ ਸਵੇਰੇ ਛੋਟੇ ਭਰਾ ਦਾ ਫੋਨ ਆਇਆ ਕਿ ਭਾਪਾ ਜੀ ਦੇ ਦਿਮਾਗ ਦੀ ਨਾੜੀ ਫੱਟ ਗਈ ਹੈ। ਉਹ ਬੋਲ ਨਹੀਂ ਸਕਦੇ। ਅੱਖਾਂ ਵੀ ਕਦੇ ਕਦਾਈਂ ਹੀ ਖੋਲ੍ਹਦੇ ਨੇ। ਹੁਣ ਉਨ੍ਹਾਂ ਨੂੰ ਜਲੰਧਰ ਲੈ ਕੇ ਜਾ ਰਹੇ ਹਾਂ। ਕਿਆਮਤ ਟੁੱਟ ਪਈ ਮੇਰੇ 'ਤੇ। ਸੁਪਨਿਆਂ ਦੇ ਤਿੜਕਣ ਦੀ ਆਹਟ। ਇਸ ਆਹਟ ਵਿਚੋਂ ਖੁਦ ਨੂੰ ਸੰਭਾਲਣ ਅਤੇ ਜਲਦੀ ਤੋਂ ਜਲਦੀ ਬਾਪ ਨੂੰ ਮਿਲਣ ਦੀ ਕਾਹਲ। ਸਵੇਰੇ ਸੱਤ ਵਜੇ ਪਤਾ ਲੱਗਾ ਅਤੇ 12 ਵਜੇ ਇੰਡੀਆ ਨੂੰ ਫਲਾਈਟ ਲੈਣ ਲਈ ਏਅਰਪੋਰਟ 'ਤੇ ਪਹੁੰਚ ਗਏ। ਇਕ ਪਲ ਵਿਚ ਹੀ ਸਮਾਂ ਕਿਹੜੀ ਕਰਵਟ ਲੈ ਲਵੇ, ਕੋਈ ਨਹੀਂ ਜਾਣਦਾ। ਇਸ ਅਗਿਆਨ ਵਿਚ ਹੀ ਸਭ ਤੋਂ ਵੱਡੀ ਸੱਚਾਈ ਛੁਪੀ ਹੋਈ ਹੈ ਕਿ ਪਲ ਦਾ ਨਹੀਂ ਵਿਸਾਹ ਕੋਈ। ਜੋ ਕਰਨਾ ਚਾਹੁੰਦੇ ਹੋ, ਹੁਣ ਕਰੋ। ਪਿਛੋਂ ਤਾਂ ਪਛਤਾਵਾ ਹੀ ਪੱਲੇ ਰਹਿ ਜਾਂਦਾ। ਬਹੁਤ ਕੁਝ ਅਣਕਿਹਾ ਹੀ ਰਹਿ ਜਾਂਦਾ, ਜੋ ਅਸੀਂ ਆਪਣੇ ਪਿਆਰਿਆਂ ਨੂੰ ਕਹਿਣਾ, ਸੁਣਨਾ, ਦੇਖਣਾ, ਦੱਸਣਾ ਜਾਂ ਸਮਝਾਉਣਾ ਹੁੰਦਾ। ਆਪਸੀ ਰੋਸੇ/ਰੰਜਿਸ਼ਾਂ ਦੂਰ ਕਰਨ ਲਈ ਉਦਮ ਕਰਨੇ ਹੁੰਦੇ। ਇਸ ਨੂੰ ਉਸੇ ਪਲ ਕਰੋ। ਅੱਜ ਨੂੰ ਕਦੇ ਵੀ ਭਲਕ ਨਾ ਬਣਨ ਦੇਵੋ।

ਕੈਨੇਡਾ ਤੋਂ ਵੀ ਛੋਟੀ ਭੈਣ ਦਾ, ਫਲਾਈਟ ਲੈਣ ਅਤੇ ਦਿਲੀ ਤੋਂ ਇਕੱਠੇ ਜਾਣ ਦਾ ਫੋਨ ਆ ਗਿਆ। ਵੱਡੀ ਬੇਟੀ ਆਪਣੇ ਦਾਦੇ ਨਾਲ ਇੰਨੀ ਜ਼ਿਆਦਾ ਮੋਹ ਦੀਆਂ ਤੰਦਾਂ ਵਿਚ ਬੱਝੀ ਕਿ ਉਹ ਵੀ ਨਾਲ ਜਾਣ ਲਈ ਬਜਿੱਦ। ਸਿਰਫ ਇਕ ਹਫਤੇ ਲਈ ਹੀ ਨਾਲ ਤੁਰ ਪਈ ਜਿਵੇਂ ਕਪੂਰਥਲੇ ਤੋਂ ਚੰਡੀਗੜ੍ਹ ਜਾਣਾ ਹੋਵੇ। ਇਉਂ ਲੱਗੇ ਜਿਉਂ ਸਮਾਂ ਰੁਕ ਗਿਆ ਹੋਵੇ। ਹਜ਼ਾਰ ਕਿਲੋਮੀਟਰ ਪ੍ਰਤੀ ਘੰਟੇ ਦੀ ਸਪੀਡ ਨਾਲ ਚੱਲਣ ਵਾਲਾ ਜਹਾਜ ਵੀ ਖੜੋਤਾ ਨਜ਼ਰ ਆਵੇ।

ਮਨ ਦੀ ਕੇਹੀ ਅਵੱਸਥਾ ਕਿ ਹਵਾਈ ਸਫਰ ਨੂੰ ਮਾਨਣ ਵਾਲੇ ਪਲਾਂ ਵਿਚ ਵੀ ਮਨ ਉਕਤਾਇਆ, ਬਾਹਰ ਨਿਕਲ, ਉਡ ਕੇ ਬਾਪ ਕੋਲ ਪਹੁੰਚਣ ਲਈ ਉਤਾਵਲਾ। ਭਾਣਾ ਵਾਪਰਨ ਦਾ ਡਰ ਕਿ ਸ਼ਾਇਦ ਫੋਨ ਵਿਚ ਕੁਝ ਓਹਲਾ ਰੱਖਿਆ ਹੋਵੇ? ਹੁਣ ਪਤਾ ਨਹੀਂ ਕੀ ਹੋ ਗਿਆ ਹੋਣੈ? ਮਨ, ਮਾੜੇ ਵਿਚਾਰਾਂ ਅਤੇ ਢਹਿੰਦੀਆਂ ਕਲਾਂ ਵਿਚੋਂ ਨਿਕਲਣ ਦੀ ਥਾਂ ਇਸ ਵਿਚ ਹੋਰ ਡੂੰਘਾ ਧੱਸਦਾ ਜਾ ਰਿਹਾ ਸੀ। ਇਸੇ ਉਧੇੜ-ਬੁਣ ਵਾਲੀ ਮਾਨਸਿਕਤਾ ਵਿਚ ਬਹੁਤ ਔਖਾ ਸੀ ਅਮਰੀਕਾ ਤੋਂ ਜਲੰਧਰ ਦੇ ਹਸਪਤਾਲ ਵਿਚ ਪਹੁੰਚਣਾ।

ਹਸਪਤਾਲ ਦੇ ਆਈ. ਸੀ. ਯੂ. ਵਿਚ ਜ਼ਿੰਦਗੀ ਦਾ ਮੁਹਰੈਲ ਤੇ ਸ਼ਾਹ-ਅਸਵਾਰ, ਬੇਸੁੱਧ ਹੋਇਆ ਬੈਡ 'ਤੇ ਲੇਟਿਆ, ਡਾਕਟਰਾਂ ਤੇ ਨਰਸਾਂ ਦੇ ਜੰਮਘਟੇ 'ਚ ਜ਼ਿੰਦਗੀ ਨੂੰ ਜਿਉਣ ਅਤੇ ਮੌਤ ਨੂੰ ਹਰਾਉਣ ਲਈ ਪੂਰੀ ਵਾਹ ਲਾ ਰਿਹਾ ਸੀ। ਆਪਣੇ ਪਰਿਵਾਰ ਦੇ ਪਰਦੇਸ ਤੋਂ ਪਰਤਣ 'ਤੇ ਹਰ ਇਕ ਨੂੰ ਸੀਨੇ ਨਾਲ ਲਾ ਕੇ ਅਸ਼ੀਰਵਾਦ ਦੇਣ, ਚਾਵਾਂ-ਰੱਤਾ ਮਾਹੌਲ ਸਿਰਜਣ ਅਤੇ ਖੁਸ਼ੀ ਵਿਚ ਖੀਵਾ ਹੋਣ ਵਾਲਾ ਬਾਪ, ਇਸ ਗੱਲੋਂ ਬੇਖਬਰ ਕਿ ਉਨ੍ਹਾਂ ਦੇ ਵੱਡੇ ਪੁੱਤ-ਨੂੰਹ, ਧੀ ਅਤੇ ਪਲੇਠੀ ਪੋਤਰੀ ਵਿਦੇਸ਼ ਤੋਂ ਉਡ ਕੇ ਆ ਗਏ ਹਨ। ਖੱਬਾ ਪਾਸਾ ਬਿਲਕੁਲ ਨਿਰਜਿੰਦ। ਆਲੇ-ਦੁਆਲੇ 'ਚ ਪਸਰੀ ਮੂਕ ਚੁੱਪ। ਸਿਸਕੀਆਂ ਦੀ ਰੂਹ ਛਾਲੋ-ਛਾਲੀ। ਬੱਚਿਆਂ ਦੀਆਂ ਭਾਵਨਾਵਾਂ, ਬਾਪ ਦੀ ਰੂਹ



ਤੀਕ ਪਹੁੰਚਣ ਤੋਂ ਅਸਮਰਥ। ਬੇਹੋਸ਼ੀ (ਕੋਮਾ) ਵਿਚ ਪਏ ਬਾਪ ਨੇ ਕਿਵੇਂ ਪੁੱਛਣਾ ਕਿ ਕਿਵੇਂ ਰਿਹਾ ਸਫਰ? ਕਿੰਜ ਅਸੀਸਾਂ ਦੇਣੀਆਂ? ਕਿੰਜ ਪੋਤਰੀ ਦੇ ਬੱਚਿਆਂ ਦੀਆਂ ਤੋਤਲੀਆਂ ਗੱਲਾਂ ਸੁਣ ਕੇ ਖੁਸ਼ ਹੋਣਾ? ਬਹੁਤ ਹਾਕਾਂ ਮਾਰੀਆਂ ਉਨ੍ਹਾਂ ਨੂੰ ਬੁਲਾਉਣ ਲਈ, ਪਰ ਬੇਸੁੱਧ ਬਾਪ ਕਿਵੇਂ ਆਪਣੀਆਂ ਆਂਦਰਾਂ ਤੋਂ ਮਨਫੀ ਹੁੰਦਾ ਏ, ਇਹ ਇਸ ਮੌਕੇ ਸਭ ਤੋਂ ਵੱਡਾ ਸੱਚ ਸੀ। ਅਸੀਂ ਇਸ ਸੱਚਾਈ ਤੋਂ ਮੁਨਕਰ ਹੋ, ਉਸ ਦੀ ਅਵਾਜ਼ ਸੁਣਨ ਲਈ ਹੱਠ ਕਰਦੇ ਰਹੇ। ਦੀਦਿਆਂ ਦੀ ਚਮਕ ਦੇਖਣ ਲਈ ਅੱਖਾਂ ਖੋਲ੍ਹਣ ਲਈ ਲਿਲਕੜੀਆਂ ਕੱਢਦੇ ਰਹੇ। ਸਾਡੀਆਂ ਕੋਸ਼ਿਸ਼ਾਂ ਆਖਰ ਨੂੰ ਬੇਆਸ ਹੋ ਗਈਆਂ।

ਸਾਡੇ ਸਾਹਮਣੇ ਸੀ ਟੀਕੇ ਲਵਾਉਣ ਤੋਂ ਨਾਬਰ ਬਾਪ, ਸੂਈਆਂ ਨਾਲ ਵਿੰਨਿਆ, ਸਾਹਾਂ ਦੀ ਟੁੱਟਦੀ ਤੰਦ ਨੂੰ ਜੋੜਨ ਲਈ ਪੂਰੀ ਵਾਹ ਲਾ ਰਿਹਾ। ਯਾਦ ਆਇਆ ਕਿ 'ਕੇਰਾਂ ਬਾਪ ਦੀ ਖੱਬੀ ਲੱਤ 'ਤੇ ਹਲ ਦਾ ਚੌਅ ਵੱਜਣ ਕਾਰਨ, ਦਸ ਇੰਚ ਲੰਬਾ ਤੇ ਦੋ ਇੰਚ ਡੂੰਘਾ ਜ਼ਖਮ ਹੋ ਗਿਆ। ਸਾਫੇ ਨਾਲ ਲੱਤ ਨੂੰ ਬੰਨ ਜਦ ਡਾਕਟਰ ਕੋਲ ਆਏ ਤਾਂ ਉਹ ਕਹਿੰਦਾ ਟਾਂਕੇ ਲੱਗਣਗੇ। ਬੇਹੋਸ਼ੀ ਦਾ ਟੀਕਾ ਲਾ ਦਿੰਦਾ ਹਾਂ, ਪਰ ਬਾਪ ਨੇ ਟੀਕੇ ਤੋਂ ਮਨ੍ਹਾਂ ਕਰਕੇ, ਬਿਨਾ ਟੀਕੇ ਤੋਂ ਟਾਂਕੇ ਲਵਾਏ ਅਤੇ ਦੋ ਤਿੰਨ ਦਿਨ ਬਾਅਦ ਪਹਿਲਾਂ ਵਾਂਗ ਹੀ ਹਲ ਵਾਹ ਰਹੇ ਸਨ।

ਆਈ. ਸੀ. ਯੂ. ਦਾ ਚੁੱਪ-ਵਾਤਾਵਰਨ। ਮੌਤ ਨਾਲ ਜੂਝ ਰਹੀਆਂ ਜਿੰਦਾਂ ਅਤੇ ਉਨ੍ਹਾਂ ਵਿਚ ਮੇਰਾ ਬਾਪ ਵੀ ਜੀਵਨ-ਮੌਤ ਦੀ ਲੜਾਈ ਲੜ ਰਿਹਾ। ਅੱਖਾਂ ਵਿਚ ਨਮੀ। ਇਸ ਨਮੀ ਵਿਚ ਇਕ ਹਿਰਖ, ਦਰਦ, ਪੀੜਾ ਅਤੇ ਪੀੜਾ ਵਿਚੋਂ ਉਭਰਨ ਦੀ ਨਹੀਂ ਸੀ ਉਘਸੁਘ। ਦਿਮਾਗ ਦੀ ਨਾੜੀ ਫਟਣ ਕਾਰਨ ਬੇਸੁੱਧ ਪਿਆ ਬਾਪ, ਮੇਰੇ ਲਈ ਦੇਖਣਾ, ਖੁਦ ਤੋਂ ਬੇ-ਮੁੱਖਤਾ ਅਤੇ ਬੇ-ਯਕੀਨੀ ਸੀ। ਸਾਰੀ ਉਮਰ ਗੋਲੀ ਖਾਣ ਤੋਂ ਪ੍ਰਹੇਜ਼ ਕਰਨ ਵਾਲੇ ਅਤੇ ਸਾਈਕਲ ਨੂੰ ਆਖਰੀ ਪਲ ਤੀਕ ਹਮਸਫਰ ਸਮਝਣ ਵਾਲੇ ਬਾਪ ਨੂੰ ਇਹ ਬਿਮਾਰੀ ਇੰਜ ਘੇਰ ਲਵੇਗੀ, ਸੋਚ ਕੇ ਹੀ ਮਨ ਦੀ ਉਥਲ-ਪੁਥਲ ਵਿਚ ਗਵਾਚ ਜਾਂਦਾ ਹਾਂ।

ਮਨ ਬੀਤੇ ਦੀਆਂ ਪਰਤਾਂ ਦੇ ਸਫੇ ਉਲੱਥਦਾ, ਬਹੁਤ ਕੁਝ ਇਨ੍ਹਾਂ ਵਿਚੋਂ ਪੜ੍ਹਨ ਅਤੇ ਇਸ 'ਚੋਂ ਖੁਦ ਨੂੰ ਸਮਝਣ ਲਈ ਮਨ-ਬੀਹੀ 'ਤੇ ਦਸਤਕ ਦਿੰਦਾ ਹਾਂ। ਇਕ ਦਮ ਮੇਰੀ ਨਿਗਾਹ ਸੱਜੇ ਹੱਥ ਦੀਆਂ ਦੋਹਾਂ ਉਂਗਲਾਂ 'ਤੇ ਜਾਂਦੀ ਹੈ, ਜੋ ਡਾਕਟਰਾਂ ਨੇ ਪੱਟੀ ਨਾਲ ਬੰਨੀਆਂ ਹੋਈਆਂ ਨੇ। ਸੋਚਦਾਂ ਸ਼ਾਇਦ ਕੋਈ ਜਖਮ ਹੋਵੇ। ਪਤਾ ਲੱਗਾ ਕਿ ਬਾਪ ਦੇ ਹੱਥ ਨੂੰ ਕੰਟਰੋਲ ਕਰਨ ਲਈ ਇਸ ਪੱਟੀ ਰਾਹੀਂ ਇਕ ਰੱਸੀ ਪਾ ਕੇ ਬੈਡ ਨਾਲ ਬੰਨ੍ਹਿਆ ਗਿਆ ਸੀ ਤਾਂ ਕਿ ਉਹ ਲੱਗੀ ਹੋਈ ਆਕਸੀਜਨ ਜਾਂ ਖਾਣੇ ਲਈ ਨੱਕ 'ਚ ਪਾਈ ਨਾਲੀ ਨੂੰ ਬੇਹੋਸ਼ੀ ਵਿਚ ਲਾਹ ਨਾ ਦੇਵੇ।

ਪਰਿਵਾਰ ਨੂੰ ਹੱਥਾਂ ਨਾਲ ਦੁਆਵਾਂ ਤੇ ਅਸੀਸਾਂ ਵੰਡਣ ਵਾਲੇ ਅਤੇ ਛਾਂਵਾਂ ਦਾ ਨਿਉਂਦਾ ਦੇਣ ਵਾਲੇ ਬਾਪ ਦੀਆਂ ਉਂਗਲਾਂ ਦਾ ਬੱਝੇ ਹੋਣਾ, ਮਨ ਨੂੰ ਮਾਯੂਸ ਕਰ ਗਿਆ। ਨਰਸ ਦੀ ਸਲਾਹ ਨਾਲ, ਮੈਂ ਸੱਜੇ ਹੱਥ ਦੀਆਂ ਦੋਹਾਂ ਉਂਗਲਾਂ 'ਤੇ ਬੱਝੀ ਪੱਟੀ ਨੂੰ ਖੋਲ੍ਹਦਾ ਹਾਂ। ਉਂਗਲਾਂ 'ਤੇ ਪਈਆਂ ਚੀਘਾਂ ਨੂੰ ਹੱਥਾਂ ਨਾਲ ਮਿਟਾਉਂਦਾ, ਖੁਦ ਵਿਚੋਂ ਖੁਦ ਹੀ ਮਨਫੀ ਹੋ ਜਾਨਾਂ। ਹੰਝੂਆਂ ਨਾਲ ਭਰ ਜਾਂਦੇ ਨੇ ਨੈਣ।

ਇਨ੍ਹਾਂ ਉਂਗਲਾਂ ਨੂੰ ਫੜ ਕੇ ਮੇਰੇ ਨਿੱਕੇ ਨਿੱਕੇ ਹੱਥਾਂ ਨੇ ਤੁਰਨਾ ਸਿੱਖਿਆ ਸੀ ਅਤੇ ਇਸ ਨੇ ਪੈਰਾਂ ਦੇ ਨਾਂਵੇਂ ਸਫਰ ਦਾ ਸਿਰਨਾਵਾਂ ਖੁਣਿਆ ਸੀ। ਇਨ੍ਹਾਂ ਉਂਗਲਾਂ ਦਾ ਆਸਰਾ, ਹੁਣ ਵੀ ਮੇਰੇ ਰਾਹਾਂ ਵਿਚ ਆਈਆਂ ਮੁਸ਼ਕਿਲਾਂ ਨੂੰ ਹੱਲ ਕਰਨ ਅਤੇ ਮਜਬੂਤੀ ਨਾਲ ਖੜ੍ਹੇ ਰਹਿਣ ਲਈ ਮੂਲ ਆਧਾਰ ਏ। ਇਹ ਉਂਗਲੀ ਫੜ ਕੇ ਪਹਿਲਾ ਕਦਮ ਪੁਟਣ ਲੱਗਿਆਂ ਬਾਪ ਨੇ ਹੱਲਾ-ਸ਼ੇਰੀ ਦਿਤੀ ਸੀ, ਜੋ ਮੇਰਾ ਹਾਸਲ ਬਣ ਮਲੂਕ ਮਨ ਵਿਚ ਸਦਾ ਲਈ ਖੁਣੀ ਗਈ। ਬਾਪ ਦੀ ਹੱਲਾਸ਼ੇਰੀ ਨੂੰ ਨਿਹਾਰਦੀਆਂ ਉਨ੍ਹਾਂ ਮਾਸੂਮ ਅੱਖਾਂ ਨੂੰ ਹੁਣ ਵੀ ਮਹਿਸੂਸ ਕਰਦਾ, ਬਚਪਨੇ ਵਿਚ ਪੁੱਟੇ ਪਹਿਲੇ ਕਦਮ ਨੂੰ ਸਿਜਦਾ ਕਰਦਾਂ। ਇਸ ਉਂਗਲ ਨੂੰ ਘੁੱਟ ਕੇ ਫੜ ਰਿਹਾੜ ਕੀਤੀ ਹੋਵੇਗੀ ਅਤੇ ਬਾਪ ਨੇ ਮੇਰੀ ਜਿੱਦ-ਪੂਰਤੀ ਨੂੰ ਆਪਣਾ ਮਾਣ ਸਮਝਿਆ ਹੋਵੇਗਾ। ਪਰ ਮੇਰੇ ਬਾਪ ਦੀ ਦਿਆਲਤਾ ਦਾ ਬਿਰਖ ਤਾਂ ਹੁਣ ਤੀਕ ਵੀ ਲਹਿਰਾਉਂਦਾ, ਮੇਰੀ ਜੀਵਨ-ਝੋਲੀ ਵਿਚ ਨਿਆਮਤਾਂ ਦੇ ਫਲ ਪਾਉਂਦਾ ਏ। ਇਸ ਉਂਗਲ ਨੂੰ ਫੜ ਕੇ ਮੈਂ ਖੇਤਾਂ ਵੰਨੀਂ ਜਾਂਦੇ ਬਾਪ ਨਾਲ ਜਾਣ ਦੀ ਜਿੱਦ ਜਰੂਰ ਕੀਤੀ ਹੋਵੇਗੀ, ਪਰ ਬਾਪ ਦੀ ਪਲੋਸਣੀ ਨੇ ਮੇਰੀ ਜਿੱਦ ਨੂੰ ਮੋਮ ਵਾਂਗ ਪਿਘਲਾ ਦਿਤਾ ਹੋਵੇਗਾ। ਜ਼ਿੰਦਗੀ ਵਿਚ ਹਾਰ ਨਾ ਮੰਨਣ ਵਾਲਾ ਅਤੇ ਹਰ ਔਕੜ ਨੂੰ ਮੂਹਰੇ ਹੋ ਕੇ ਟੱਕਰਨ ਵਾਲਾ ਬਾਪ ਆਖਰ ਨੂੰ ਸਮੇਂ ਹੱਥੋਂ ਹਾਰ, ਮੇਰੇ ਸਾਹਵੇਂ ਬੇਬਸੀ ਵਿਚ ਬੈਡ 'ਤੇ ਬੈਡ ਬਣਿਆ ਪਿਆ ਏ।

ਇਨ੍ਹਾਂ ਉਂਗਲਾਂ ਨਾਲ ਮੇਰੀ ਉਂਗਲ ਫੜ੍ਹ ਮੇਰਾ ਬਾਪ ਮੈਨੂੰ ਸਕੂਲ ਲੈ ਕੇ ਗਿਆ ਹੋਵੇਗਾ। ਮੇਰਾ ਜਨਮ ਵਾਚੀ ਤੋਂ ਕੁਝ ਦਿਨ ਪਹਿਲਾਂ ਕਹਿ, ਅੱਖਰ-ਰਾਹੇ ਤੋਰਨ ਦਾ ਸਬੱਬ ਬਣਿਆ ਹੋਵੇਗਾ।

ਬਾਪ ਦੀਆਂ ਇਨ੍ਹਾਂ ਉਂਗਲਾਂ ਸਦਕਾ ਹੀ ਮੇਰੀਆਂ ਉਂਗਲਾਂ ਨੇ ਕਲਮ ਨੂੰ ਆਪਣਾ ਅਕੀਦਾ ਬਣਾ, ਕਲਮ-ਕਿਰਤੀ ਬਣਨ ਦਾ ਉਦਮ ਕੀਤਾ, ਜਿਸ ਵਿਚ ਬਾਪ ਦੀ ਹਰ ਮੋੜ 'ਤੇ ਦਿਤੀ ਹੱਲਾਸ਼ੇਰੀ ਮੇਰਾ ਹਾਸਲ ਰਿਹਾ। ਇਹ ਕਲਮ ਹੀ ਪੂਰਨਿਆਂ 'ਤੇ ਲਿਖਦੀ ਲਿਖਦੀ ਹੌਲੀ ਹੌਲੀ ਅੱਖਰਾਂ ਦੀ ਤਾਸੀਰ ਅਤੇ ਤਰਤੀਬ ਨੂੰ ਪਛਾਣ ਕੇ, ਪੂਰਨੇ ਪਾਉਣ ਜੋਗੀ ਹੋ ਗਈ। ਹਰਫਾਂ ਰਾਹੀਂ ਗਿਆਨ-ਜੋਤ ਨੂੰ ਮਸਤਕ ਵਿਚ ਉਤਾਰਨਾ ਅਤੇ ਫਿਰ ਇਸ ਗਿਆਨ-ਚਾਨਣ ਨੂੰ ਵੰਡਣ ਦਾ ਧਰਮ ਤਾਂ ਬਾਪ ਦੀ ਉਂਗਲੀ ਦਾ ਕਰਜ਼ਾ ਮੋੜਨ ਦਾ ਨਿਗੂਣਾ ਜਿਹਾ ਉਦਮ ਏ, ਜੋ ਹੁਣ ਤੀਕ ਨਿਭਾ ਰਿਹਾ ਹਾਂ।

ਸੱਜੇ ਹੱਥ ਦੀਆਂ ਇਨ੍ਹਾਂ ਉਂਗਲਾਂ ਨੇ ਹੀ ਕਣਕ/ਮੱਕੀ ਨੂੰ ਕੇਰਨ ਦਾ ਗੁਣ ਦੱਸਦਿਆਂ, ਹਲ ਵਾਹੁੰਦਿਆਂ, ਪੈਰ ਨਾਲ ਬੀਜ ਕੇਰਨ ਦਾ ਮੀਰੀ ਗੁਣ ਮੇਰੇ ਜ਼ਿਹਨ ਵਿਚ ਧਰਿਆ। ਬਾਪ ਦੀਆਂ ਪੈੜਾਂ ਵਿਚ ਨਿੱਕੇ ਨਿੱਕੇ ਪੈਰ ਧਰਨ ਵਾਲੇ, ਹੌਲੀ ਹੌਲੀ ਆਪ ਬਾਪ ਬਣ ਕੇ ਨਵੀਆਂ ਪੈੜਾਂ ਸਿਰਜਣ ਜੋਗੇ ਹੋ ਜਾਂਦੇ ਨੇ, ਪਰ ਬੱਚੇ ਦੀਆਂ ਪੈੜਾਂ ਹਮੇਸ਼ਾ ਆਪਣੇ ਬਾਪ ਤੋਂ ਨਿਗੂਣੀਆਂ ਹੁੰਦੀਆਂ ਨੇ। ਦਰਅਸਲ ਕੋਈ ਵੀ ਬੱਚਾ, ਬਾਪ ਦੀਆਂ ਪੈੜਾਂ ਦੇ ਮੇਚ ਆ ਹੀ ਨਹੀਂ ਸਕਦਾ।

ਇਹ ਉਂਗਲਾਂ ਅਜਿਹੀਆਂ ਉਂਗਲਾਂ ਸਨ, ਜੋ ਜੀਵਨ-ਦਾਤੀਆਂ ਬਣ ਕੇ ਬਖਸ਼ਿਸ਼ਾਂ ਕਰਦੀਆਂ ਸਨ। ਜਦ ਇਨ੍ਹਾਂ ਨੂੰ ਅਹਿਲ ਪਈਆਂ ਦੇਖਦਾ ਹਾਂ ਤਾਂ ਉਂਗਲਾਂ ਦੇ ਸਫਰ ਦੀ ਸੰਪੂਰਨਤਾ 'ਤੇ ਜਿਥੇ ਹੁਲਾਸ ਹੈ, ਉਥੇ ਮਾਣ ਭਰਿਆ ਅਹਿਸਾਸ ਵੀ ਮਨ ਵਿਚ ਪੈਦਾ ਹੁੰਦਾ ਕਿ ਇਨ੍ਹਾਂ ਉਂਗਲਾਂ ਨੇ ਕਰਾਮਾਤੀ ਸਮਿਆਂ ਦੀ ਸਿਰਜਣਾ ਕੀਤੀ।

ਇਹ ਉਂਗਲਾਂ ਰਾਹ-ਦਸੇਰਾ, ਮੰਜ਼ਿਲਾਂ ਦਾ ਸਿਰਨਾਵਾਂ। ਬਾਪ ਨਾਲ ਮੇਲੇ ਵਿਚ ਜਾਣ ਸਮੇਂ ਇਨ੍ਹਾਂ ਉਂਗਲਾਂ ਨੂੰ ਘੁਟ ਕੇ ਫੜਨ ਦਾ ਚੇਤਾ ਅਜਿਹੀ ਅਮਿਟ ਛਾਪ ਹੈ ਕਿ ਕਪਟੀ ਦੁਨੀਆਂ ਦੀ ਬੇਇਤਬਾਰੀ, ਬਦ-ਇਖਲਾਕੀ, ਬੇਈਮਾਨੀ ਅਤੇ ਰਿਸ਼ਤਿਆਂ ਵਿਚਲੇ ਗੰਧਲੇਪਣ ਦੇ ਦੌਰ ਵਿਚ ਵੀ ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਉਂਗਲ ਛੱਡਣ ਦੀ ਕਦੇ ਵੀ ਕੁਤਾਹੀ ਨਹੀਂ ਕੀਤੀ। ਬਾਪ ਦੀਆਂ ਇਹ ਉਂਗਲਾਂ ਸਰਬੱਤ ਦੇ ਭਲੇ ਦਾ ਮੀਰੀ ਗੁਣ ਬਣ ਕੇ ਮੇਰੇ ਰਾਹਾਂ ਨੂੰ ਰੁਸ਼ਨਾ ਰਹੀਆਂ ਨੇ।

ਇਨ੍ਹਾਂ ਉਂਗਲਾਂ ਨੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਅਤੇ ਅਗਾਂਹ ਉਨ੍ਹਾਂ ਦੇ ਬੱਚਿਆਂ ਦੀ ਛੋਹ ਮਾਣੀ। ਇਸ ਛੋਹ ਵਿਚਲੇ ਅਹਿਸਾਸ ਅਤੇ ਘੁੱਟਣ ਦੀ ਨਿੱਘ-ਮਿਲਣੀ ਦਾ ਅਜਿਹਾ ਆਲਮ ਸੀ ਕਿ ਬਾਪ, ਵੱਡੇ ਪਰਿਵਾਰ ਦਾ ਹਰਦਿਲ ਅਜੀਜ਼ ਸੀ। ਇਨ੍ਹਾਂ ਉਂਗਲਾਂ ਨਾਲ ਹੀ ਉਹ ਬੱਚਿਆਂ ਦੇ ਸਿਰਾਂ ਨੂੰ ਪਲੋਸਦਾ ਰਿਹਾ! ਦੁਆਵਾਂ ਦਿੰਦਿਆਂ ਲੰਮੇਰੀ, ਸਿਹਤਮੰਦ ਅਤੇ ਚੰਗੇਰੀ ਉਮਰ ਦੀ ਅਸੀਸ ਨਾਲ ਨਿਵਾਜ਼ਦਾ ਰਿਹਾ।

ਉਮਰ ਦੇ ਆਖਰੀ ਪੜਾਅ 'ਤੇ ਉਸ ਨੇ ਆਪਣਾ ਸਾਰਥਕ ਰੁਝੇਵਾਂ ਪੈਦਾ ਕਰ ਲਿਆ ਸੀ। ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹਰ ਰੋਜ਼ ਗੁਰਦੁਆਰੇ ਸਾਈਕਲ 'ਤੇ ਜਾਣਾ, ਕੁਝ ਸਮਾਂ ਪ੍ਰਸ਼ਾਦ ਦੀ ਸੇਵਾ ਕਰਨੀ ਅਤੇ ਫਿਰ ਵਾਪਸ ਪਿੰਡ ਨੂੰ ਪਰਤ ਆਉਣਾ। ਦਿਮਾਗ ਦੀ ਨਾਲੀ ਫੱਟਣ ਵਾਲੇ ਦਿਨ ਵੀ ਉਸ ਨੇ ਆਪਣਾ ਇਹ ਨਿਤਨੇਮ ਨਿਭਾਇਆ। ਉਨ੍ਹਾਂ ਦੀਆਂ ਇਹ ਉਂਗਲਾਂ ਪ੍ਰਸ਼ਾਦ ਵੰਡ ਕੇ, ਗੁਰੂ ਰੂਪੀ ਅਸੀਸ ਤੇ ਮਿਹਰ, ਹਰ ਅਭਿਲਾਸ਼ੀ ਨੂੰ ਦਿੰਦੀਆਂ ਰਹੀਆਂ।

ਬਾਪ ਦੀਆਂ ਇਨ੍ਹਾਂ ਉਂਗਲਾਂ ਦੇ ਗੱਲ੍ਹਾਂ 'ਤੇ ਪਏ ਨਿਸ਼ਾਨ ਵੀ ਯਾਦ ਆਉਂਦੇ ਨੇ, ਜਦ ਗਲਤੀਆਂ ਤੇ ਕੁਤਾਹੀਆਂ ਨੂੰ ਨਾ-ਮਨਜ਼ੂਰ ਕਰਨ ਵਾਲੇ ਬਾਪ ਦੀ ਵਾਰ ਵਾਰ ਅਵੱਗਿਆ, ਉਂਗਲਾਂ ਦੇ ਨਿਸ਼ਾਨ ਉਕਰਨ ਤੀਕ ਫੈਲ ਗਈ। ਭਾਵੇਂ ਉਨ੍ਹਾਂ ਦੇ ਦੀਦਿਆਂ ਵਿਚ ਪਛਤਾਵੇ ਦੀ ਨਮੀ ਬਹੁਤ ਜਲਦੀ ਤਰਦੀ ਸੀ, ਪਰ ਉਹ ਆਪਣੇ ਬੱਚਿਆਂ ਨੂੰ ਦੁਨਿਆਵੀ ਅਲਾਮਤਾਂ ਤੋਂ ਦੂਰ ਰੱਖ, ਮਿਹਨਤੀ, ਮਾਣ-ਮੱਤੇ, ਮੁੜ੍ਹਕੇ ਦੇ ਮੋਤੀ ਅਤੇ ਮੁਸ਼ੱਕਤ ਦਾ ਮਾਣ ਬਣਾਉਣ ਲਈ ਫਿਕਰਮੰਦ ਸਨ।

ਯਾਦ ਆਉਂਦਾ ਹੈ, ਪ੍ਰੈਪ ਵਿਚੋਂ ਫੇਲ੍ਹ ਹੋਣਾ। ਬਾਪ ਦੇ ਸੁਪਨੇ ਦੇ ਤਿੜਕਣ ਦੀ ਅਵਾਜ਼ ਹੁਣ ਵੀ ਕੰਨੀਂ ਗੂੰਜਦੀ ਏ। ਦਿਸਦਾ ਏ, ਉਸ ਦੀ ਅੱਖ ਵਿਚ ਲਟਕਿਆ ਹੰਝੂ, ਜੋ ਗੱਲ੍ਹਾਂ 'ਤੇ ਪਈਆਂ ਲਾਸਾਂ ਨਾਲੋਂ ਵੀ ਡੂੰਘਾ ਨਿਸ਼ਾਨ ਮੇਰੇ ਮਨ ਵਿਚ ਉਕਰ ਗਿਆ ਸੀ। ਬਾਪ ਦੇ ਨੈਣੀਂ ਲਟਕਦਾ ਉਹ ਹੰਝੂ ਮੇਰੇ ਦੀਦਿਆਂ ਵਿਚ ਉਚੇਰੇ ਦਿਸਹੱਦਿਆਂ ਦਾ ਸਿਰਨਾਵਾਂ ਖੁਣਦਾ ਰਿਹਾ ਅਤੇ ਬਾਪ ਦੀ ਹੱਲਾਸ਼ੇਰੀ ਸੁਪਨ-ਪੂਰਤੀ ਲਈ ਪ੍ਰੇਰਦੀ ਰਹੀ।

ਬਾਪ ਦੀਆਂ ਇਹ ਉਂਗਲਾਂ ਭਾਵੇਂ ਕਲਮ ਤੋਂ ਵਿਰਵੀਆਂ ਰਹਿ ਗਈਆਂ, ਪਰ ਕਰਮ ਦੀਆਂ ਧਨੀ, ਕਿਰਤ ਦਾ ਮਾਣ ਅਤੇ ਸੁੱਚਜ ਦਾ ਸਿਖਰ ਉਨ੍ਹਾਂ ਦਾ ਹਾਸਲ ਸੀ। ਇਨ੍ਹਾਂ ਉਂਗਲਾਂ ਨੇ ਸਾਰੇ ਬੱਚਿਆਂ ਨੂੰ ਕਲਮ ਦੇ ਰਾਹੀਂ ਤੋਰਿਆ। ਉਹ ਜਾਣਦੇ ਸਨ ਕਿ ਕਲਮ-ਜੋਤ ਹੀ ਜੀਵਨ-ਨਾਦ ਦਾ ਆਧਾਰ ਏ।

ਇਨ੍ਹਾਂ ਉਂਗਲਾਂ ਰਾਹੀਂ ਜਦ ਹੱਥ ਨੇ ਪਰਾਣੀ ਫੜੀ ਤਾਂ ਹਲ ਨੇ ਬੰਜਰ ਧਰਤ ਨੂੰ ਭਾਗ ਲਾਏ। ਚੋਅ ਸਾਹਮਣੇ ਆਈਆਂ ਢੀਮਾਂ ਨੂੰ ਪਰਾਣੀ ਨਾਲ ਹਟਾ, ਬਲਦਾਂ ਦੀ ਤੋਰ ਨੂੰ ਸੁਖਾਵਾਂ ਬਣਾ, ਹਲ ਵਾਹੁੰਦਿਆਂ ਅੱਡੀਆਂ ਨਾਲ ਢੀਮਾਂ ਵੀ ਫੇਂਹਦਾ ਰਿਹਾ। ਉਹ ਇਕੋ ਵੇਲੇ ਕਈ ਕੰਮ ਕਰਦਾ। ਇਕੱਲਾ ਹੁੰਦਿਆਂ ਵੀ ਬਹੁਲਤਾ ਦਾ ਬਿੰਬ ਬਣ ਮਨੁੱਖੀ ਸਮਰੱਥਾ ਨੂੰ ਨਵੀਆਂ ਤਰਜ਼ੀਹਾਂ ਅਤੇ ਤਰਤੀਬਾਂ ਦੇਣ ਦੇ ਕਾਬਲ ਹੋਇਆ।

ਹਰ ਕੰਮ ਨੂੰ ਤੁੱਛ ਸਮਝਣ ਵਾਲੀਆਂ ਇਹ ਉਂਗਲਾਂ ਹੁਣ ਹਿੱਲਣ ਤੋਂ ਵੀ ਮੁਥਾਜ। ਮੂੰਹ ਵਿਚ ਪਾਈ ਹੋਈ ਨਾਲੀ ਰਾਹੀਂ ਤਰਲ ਖੁਰਾਕ ਵਿਚੋਂ ਜਿਉਣ-ਸ਼ਕਤੀ ਪ੍ਰਾਪਤ ਕਰਨ ਵਾਲੇ ਬਾਪ ਦੀਆਂ ਇਹ ਉਂਗਲਾਂ ਆਪਣੀ ਅਬੋਲਤਾ 'ਤੇ ਝੂਰ ਰਹੀਆਂ। ਜਦ ਉਂਗਲਾਂ ਬੁਰਕੀ ਤੋੜਨ ਤੋਂ ਲਾਚਾਰ ਹੋ ਜਾਣ ਤਾਂ ਮੂੰਹ ਵਿਚ ਬੁਰਕੀ ਪਾਉਣ ਦੀ ਕਿਵੇਂ ਆਸ

(ਬਾਕੀ ਅਗਲੇ ਸਫੇ 'ਤੇ)

ਲਾਈ ਜਾ ਸਕਦੀ ਹੈ? ਅਜਿਹੇ ਮੌਕੇ 'ਤੇ ਬੱਚਿਆਂ ਦੀਆਂ ਉਂਗਲਾਂ, ਬਾਪ ਦੀਆਂ ਉਂਗਲਾਂ ਦਾ ਰੂਪ ਵਟਾ, ਉਸ ਦੀ ਹਰ ਕ੍ਰਿਆ ਦਾ ਸੁਰ ਤਾਲ ਅਤੇ ਸੁਚੱਜ ਦਾ ਸੁੱਚਮ ਹੁੰਦੀਆਂ। ਬੱਚਿਆਂ ਦੀ ਨਿਗਰਾਨੀ ਹੇਠ, ਬਾਪ ਪਿੱਛਲ-ਖੁਰੀ ਤੁਰਨ ਲਈ ਕਾਹਲਾ ਅਤੇ ਮਜ਼ਬੂਰ।

ਬਾਪ ਦੀਆਂ ਉਂਗਲਾਂ ਨੂੰ ਆਪਣੇ ਸੋਹਲ ਹੱਥਾਂ ਵਿਚ ਪਲੋਸਦਾ, ਇਨ੍ਹਾਂ ਦੇ ਖੁਰਦਰੇਪਣ ਵਿਚੋਂ ਉਸ ਮੁਲਾਇਮੀ ਨੂੰ ਚੇਤੇ ਕਰਦਾ ਹਾਂ ਜੋ ਬਾਪ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਂ ਕਰਦਾ ਸੀ। ਉਨ੍ਹਾਂ ਲਈ ਦੁਆਵਾਂ ਕਰਦਾ ਸੀ। ਉਨ੍ਹਾਂ ਦੀਆਂ ਆਸਾਂ ਦੀ ਪੂਰਤੀ 'ਚੋਂ ਆਪਣੀ ਪੂਰਨਤਾ ਕਿਆਸਦਾ ਸੀ। ਕਈ ਵਾਰ ਬਾਪ ਆਪਣਿਆਂ ਦੀ ਬੇਖੁਦੀ 'ਤੇ ਤਿਲ ਤਿਲ ਵੀ ਮਰਦਾ ਸੀ। ਉਂਗਲਾਂ ਦਾ ਇਹ ਖੁਰਦਰਾਪਣ, ਅਜਿਹੀ ਇਬਾਦਤ ਜੋ ਕਰਤਾਰੀ ਝਲਕਾਰਾ ਬਣ, ਜੀਵਨ ਰੁਸ਼ਨਾਉਂਦੀ ਅਤੇ ਮਨੁੱਖ ਨੂੰ ਜਿਉਣਾ ਸਿੱਖਾਉਂਦੀ। ਕੰਪਿਊਟਰ ਯੁੱਗ ਦੇ ਵਾਸੀ ਇਸ ਖੁਰਦਰੇਪਣ ਦੀ ਖੁਦਦਾਰੀ ਨੂੰ ਕਿੰਜ ਸਮਝਣਗੇ ਕਿ ਖੁਰਦਰਾਪਣ ਹੀ ਅਕਸਰ ਹੱਥਾਂ ਦੀਆਂ ਲਕੀਰਾਂ ਹੁੰਦੀਆਂ, ਜਿਨ੍ਹਾਂ ਵਿਚੋਂ ਜੀਵਨ ਦੀ ਅਮੀਰੀ ਦ੍ਰਿਸ਼ਟਮਾਨ ਹੁੰਦੀ।

ਉਂਗਲਾਂ ਦਾ ਸਫਰ, ਕੀਰਤੀਆਂ, ਕਾਰਨਾਮਿਆਂ ਅਤੇ ਕਾਮਯਾਬੀਆਂ ਤੋਂ ਬਾਅਦ ਹੁਣ ਕਬਰ ਬਣਨ ਲਈ ਕਾਹਲਾ। ਪਰ ਇਨ੍ਹਾਂ ਦੀ ਮਿਕਨਾਤੀਸੀ ਛੋਹ ਅਤੇ ਅਹਿਸਾਸ, ਜੀਵਨ ਦੀ ਅਨੰਤ ਸੰਭਾਵਨਾ ਅਤੇ ਸਮਰੱਥਾ ਦੀ ਨਿਸ਼ਾਨਦੇਹੀ। ਇਹ ਹੀ ਹੈ ਮੇਰੇ ਜੀਵਨ ਦਾ ਸ਼ਰਫ।

ਬਾਪ ਦੀਆਂ ਇਨ੍ਹਾਂ ਉਂਗਲਾਂ 'ਚੋਂ ਬੀਤੇ ਦੀਆਂ ਪਰਤਾਂ ਫਰੋਲਦਾ, ਆਪਣੇ ਆਪ ਵਿਚ ਗੁੰਮ, ਹੰਝੂਆਂ ਦੀ ਇਨਾਇਤ, ਬਿਮਾਰ ਬਾਪ ਨੂੰ ਅਕੀਦਤ ਵਜੋਂ ਭੇਟ ਕਰ ਜਦ ਆਈ. ਸੀ. ਯੂ. ਵਿਚੋਂ ਬਾਹਰ ਨਿਕਲਦਾ ਹਾਂ ਤਾਂ ਅੱਖਾਂ ਵਿਚ ਹੰਝੂਆਂ ਦੀ ਨੈਂਅ ਬੇਕਾਬੂ ਹੋ ਕੇ ਯਾਦਾਂ ਨੂੰ ਆਪਣੇ ਵਿਚ ਸਮੇਟਣ ਲਈ ਕਾਹਲੀ। ਪਰ ਹੰਝੂਆਂ ਨੂੰ ਕਿਵੇਂ ਸਮਝਾਵਾਂ ਕਿ ਦਿਲ 'ਤੇ ਉਕਰੀਆਂ ਯਾਦਾਂ ਆਖਰੀ ਸਾਹ ਤੀਕ ਸਾਥ ਨਿਭਾਉਣ ਦਾ ਧਰਮ ਨਿਭਾਉਂਦੀਆਂ ਨੇ। ਬਾਪ ਦੀ ਬੁਲੰਦੀ ਨੂੰ ਆਪਣੇ ਦੀਦਿਆਂ ਵਿਚ ਪੜ੍ਹਨ ਅਤੇ ਇਨ੍ਹਾਂ ਦੇ ਹਾਣ ਦਾ ਹੋਣ ਦੀ ਤਮੰਨਾ ਵਿਚੋਂ ਜਦ ਤੁਸੀਂ ਜ਼ਿੰਦਗੀ ਨੂੰ ਨਵੇਂ ਅਰਥ ਦੇਣ ਅਤੇ ਇਸ ਦੀ ਤਾਮੀਰਦਾਰੀ ਕਰਨ ਲਈ ਉਦਮ ਦਾ ਸਬੱਬ ਬਣਦੇ ਹੋ ਤਾਂ ਅਚੇਤ ਰੂਪ ਵਿਚ ਤੁਸੀਂ ਬਾਪ ਦੇ ਸਫਰ ਦਾ ਅਗਲਾ ਪੜਾਅ ਹੀ ਹੁੰਦੇ ਹੋ। ਇਸ ਅਗਲੇ ਪੜਾਅ ਲਈ ਮੈਂ ਨਿੰਸਲ ਤੇ ਜਿੰਦਹੀਣ ਹੋਏ ਆਪੇ ਨੂੰ ਸੰਭਾਲਦਾ, ਭਵਿੱਖ ਦੀ ਕੁੱਖ ਵਿਚ ਉਗਮ ਰਹੇ ਸੂਰਜ ਨੂੰ ਨਿਹਾਰਦਾ ਹਾਂ, ਜੋ ਹੌਲੀ ਹੌਲੀ ਬਾਪ ਦਾ ਰੂਪ ਧਾਰ, ਮੇਰੇ ਚੌਫੇਰੇ ਫੈਲ ਜਾਂਦਾ ਹੈ।

ਕਦੇ ਵੀ ਟਿੱਕ ਨਾ ਬਹਿਣ ਵਾਲਾ, ਸਦਾ ਬੇ-ਅਰਾਮਾ ਅਤੇ ਕੁਝ ਨਾ ਕੁਝ ਕਰਦੇ ਰਹਿਣ ਵਾਲਾ ਬਾਪ, ਸਮਾਂ-ਸਾਰਥਕਤਾ ਦਾ ਸੁਗਮ ਸੁਨੇਹਾ, ਅਚਨਚੇਤੀ ਦਿਮਾਗ ਦੀ ਨਾੜੀ ਫਟਣ ਕਾਰਨ ਅਹਿਲ ਪਿਆ ਹੈ। ਉਸ ਵੰਨੀਂ ਦੇਖਦਿਆਂ ਹਰਫ-ਤੜਫਣੀ ਬੇਕਾਬੂ ਹੋ ਕੇ ਵਰਕਿਆਂ 'ਤੇ ਫੈਲਦੀ ਏ,

ਬਾਪ, ਬੈਡ 'ਤੇ ਅਹਿਲ ਪਿਆ
ਬੇਸੁਰਤੀ ਤੇ ਬੇ-ਹਰਕਤਾ 'ਚ ਸਿਮਟੀ
ਉਸ ਦੇ ਮਨ ਦੀ ਇਬਾਰਤ
ਮੇਰੀ ਇਬਾਦਤ ਬਣ ਰਹੀ ਹੈ
ਬੰਦ ਅੱਖਾਂ, ਹੁੰਗਾਰੇ ਰਹਿਤ ਚਿਹਰਾ
ਖਿੱਚ ਕੇ ਲਏ ਜਾ ਰਹੇ ਸਾਹ
ਮੇਰੀ ਪੀੜਾ ਬਣ
ਹਰਫਾਂ ਨੂੰ ਸਿੰਮਣ ਲਾਉਂਦੇ
ਮੂਕ-ਵੇਦਨਾ ਦਾ ਵਹਿਣ
ਅਤੇ ਨੈਣਾਂ 'ਚ ਤਰਦਾ ਖਲਾਅ

ਬੱਚਿਆਂ ਦੀ ਉਂਗਲ ਫੜ ਕੇ
ਮਾਰਗ-ਦਰਸ਼ਨ ਕਰਨ ਵਾਲੇ ਹੱਥ
ਹਿੱਲਣ ਤੋਂ ਮੁਥਾਜ
ਮੰਨਤਾਂ ਪੂਰੀਆਂ ਕਰਨ ਵਾਲੀਆਂ
ਹੱਥ ਦੀਆਂ ਲਕੀਰਾਂ
ਮਿਟਣ ਲਈ ਕਾਹਲੀਆਂ
ਇਨ੍ਹਾਂ 'ਚੋਂ ਉਗੀ ਕਿਸਮਤ ਵੀ
ਬੇਬਸੀ ਦੇ ਆਲਮ ਦਾ ਸ਼ਿਕਾਰ
ਬੋਰੀ ਦਾ ਕਲਾਵਾ ਭਰ ਕੇ ਪਿੱਠ 'ਤੇ ਧਰ
ਚੁਬਾਰੇ ਦੀਆਂ ਪੌੜੀਆਂ ਉਤਰਨ ਵਾਲਾ ਬਾਪ
ਮੰਜੇ ਤੋਂ ਹੇਠਾਂ ਪੈਰ ਧਰਨ ਲਈ ਲਾਚਾਰ
ਹੁਣ ਤਾਂ ਸਿਰਫ ਮੰਜੇ ਨਾਲ ਮੰਜਾ ਹੈ ਬਾਪ
ਬਾਪ ਦੀਆਂ ਬਾਹਾਂ ਤੇ ਲੱਤਾਂ ਦੀ ਬੇਜੋੜ ਤਾਕਤ
ਦੇ ਗਈ ਹੈ ਬੇਦਾਵਾ
ਉਹ ਸਾਹਾਂ ਦੀ ਧੌਂਕਣੀ 'ਚੋਂ
ਸਾਹਾਂ ਦੀ ਖਿਸਕਦੀ ਕੰਨੀ ਫੜਨ ਲਈ
ਸਾਹੋ-ਸਾਹੀ ਹੋਇਆ
ਮੇਰੇ ਅੰਤਰੀਵ ਨੂੰ ਛਿੱਲਦਾ
ਮੈਨੂੰ ਹਲੂਣਦਾ ਏ,
"ਤੇਰੇ ਲਈ ਛਾਂ ਬਣ ਰਾਹਾਂ 'ਚੋਂ ਕੰਡੇ ਚੁੱਗ
ਕਾਲੀਆਂ ਰਾਤਾਂ 'ਚ ਜੁਗਨ-ਜੋਤ ਬਣ
ਰਾਹਾਂ ਦੀ ਨਿਸ਼ਾਨਦੇਹੀ ਕਰਦਾ
ਤੈਨੂੰ ਸੁਪਨਿਆਂ ਦੀ ਸਿਰਜਣਾ,
ਸਫਲਤਾ ਤੇ ਸਲਾਮਤੀ ਦੇ
ਮਾਰਗੀਂ ਤੋਰਦਾ ਰਿਹਾ
ਮੇਰੇ ਸੁਪਨੇ ਦਾ ਸੱਚ ਬਣਨ ਵਾਲਿਆ!
ਮੇਰੀ ਪੀੜਾ ਹਰਨ ਦੀ ਦਵਾ ਤਾਂ ਬਣ।"
ਪਰ, ਮੈਂ ਲਾਚਾਰ, ਬੇਬੱਸ, ਹੀਣਾ
ਬਾਪ ਦੀ ਪੈਂਦੇ ਬੈਠਾ
ਦੁਆ ਕਰਨ ਜੋਗਾ ਹੀ ਰਹਿ ਗਿਆ ਹਾਂ
ਮੈਂ ਸਭ ਕੁਝ ਹੁੰਦਿਆਂ ਵੀ
ਕੁਝ ਨਹੀਂ ਕਰ ਸਕਦਾ
ਅਤੇ ਬਾਪ ਕੁਝ ਨਾ ਵੀ ਹੁੰਦਿਆਂ
ਸਭ ਕੁਝ ਕਰਨ ਦੇ ਸਮਰੱਥ ਸੀ
ਬਾਪ ਦੀ ਅਸੀਮ ਸਮਰੱਥਾ
ਮੈਨੂੰ ਮੇਰੀ ਔਕਾਤ ਦਿਖਾ
ਹੀਣ-ਭਾਵਨਾ ਨਾਲ ਭਰ ਗਈ
ਤੇ ਮੈਂ ਮੁਆਫੀ ਮੰਗਦਿਆਂ ਕੂਕਦਾ ਹਾਂ,
"ਐ ਬਾਪ! ਮੁਆਫ ਕਰੀਂ
ਮੇਰੀਆਂ ਕੁਤਾਹੀਆਂ, ਕਮੀਨਗੀਆਂ,
ਕਰਤੂਤਾਂ ਅਤੇ ਕੋਝੀਆਂ ਹਰਕਤਾਂ ਨੂੰ
ਬਖਸ਼ ਦੇਵੀਂ
ਮੇਰੀ ਨਲਾਇਕੀ ਤੇ ਨਾ-ਅਹਿਲੀਅਤ ਨੂੰ
ਗਲਤੀਆਂ, ਗੁਨਾਹਾਂ
ਤੇ ਗੈਰ-ਜ਼ਿੰਮੇਵਾਰੀਆਂ ਨੂੰ
ਰੋਸਿਆਂ ਅਤੇ ਰੰਜਿਸ਼ਾਂ ਨੂੰ
ਅਸੀਸ ਦੇਵੀਂ ਕਿ ਜੀਵਨ-ਸਫਰ 'ਤੇ
ਥਿੜਕਣ ਨਾ ਪੈਰ, ਡੋਲੇ ਨਾ ਤਰਲ-ਮਨ
ਸਿਮਟੇ ਨਾ ਸੁਗਮ-ਸੋਚ
ਅਤੇ ਤੇਰੇ ਰਾਹਾਂ ਦੀ ਧੂੜ
ਮੇਰੇ ਧੰਨਭਾਗ ਬਣੀ ਰਹੇ।

ਬਾਪ ਦੇ ਕੋਲ ਬੈਠਾ ਹਰ ਦਮ ਬਾਪ ਵੰਨੀਂ ਦੇਖਦਾ ਰਹਿੰਦਾ ਹਾਂ। ਉਸ ਦੀ ਲਾਚਾਰਗੀ ਦੇਖ ਕੇ ਕਈ ਵਾਰ ਸੋਚਦਾਂ, ਪਤਾ ਨਹੀਂ ਬਾਪ ਕਿਹੜੀ ਸਮਾਧੀ ਵਿਚ ਹੈ? ਮਨ ਬਹੁਤ ਕੁਝ ਸੋਚਦਾ ਹੈ;

ਅੰਤਰੀਵ 'ਚ ਉਤਰਿਆ ਬਾਪ
ਦੁਨੀਆਂ ਦੇ ਸ਼ੋਰਗੁਲ ਤੋਂ ਦੂਰ
ਮਨ-ਵਹਿਣਾਂ 'ਚ ਵਹਿੰਦਾ
ਅਚੇਤ ਰੂਪ 'ਚ ਸੋਚਦਾ ਤਾਂ ਜਰੂਰ ਹੋਵੇਗਾ
ਕਿ ਪਾਪ ਤਾਂ ਕੀਤਾ ਨਹੀਂ, ਪਰ
ਕਿਰਤ-ਕਮਾਈ ਦੀ ਕੀਰਤੀ
ਕਰੁਣਾ ਕਿਉਂ ਬਣ ਗਈ?
ਨੰਗੇ ਪੈਰਾਂ ਦੇ ਸਫਰ 'ਚ
ਕੰਡੇ ਕਿਉਂ ਉਗ ਆਏ?
ਸੋਚ-ਪਾਕੀਜ਼ਗੀ ਦੀ ਜੂਹੇ
ਗੰਧਲਾਪਣ ਕਿਥੋਂ ਅਇਆ?
ਸਰਬੱਤ ਦੇ ਭਲੇ ਦੀ ਲੋਚਾ
ਖੁਦਗਰਜੀ ਦੀ ਕਾਂਗਿਆਰੀ
ਕਿਵੇਂ ਬਣ ਗਈ?
ਚੋਰੀ ਪੱਠੇ ਨਾ ਵੱਢਣ ਵਾਲਾ ਕਰਮ-ਧਰਮ
ਕੂੜ-ਅੰਧਿਆਰ 'ਚ ਕਿਸ ਨੇ ਲਪੇਟਿਆ?
ਫੁੱਲ-ਪੱਤੀਆਂ ਦੀ ਛੋਹ 'ਚੋਂ
ਦਰਦ ਕਿਆਸਣ ਵਾਲਾ
ਪੀੜ-ਕੰਡਿਆਂ 'ਚ
ਕਿਉਂ ਪਰੋਇਆ ਗਿਆ?

ਪੀੜ ਦਾ ਦਰਿਆ ਪੀਂਦਿਆਂ
ਸੋਚਦਾ ਤਾਂ ਜਰੂਰ ਹੋਊ ਕਿ
ਇਹ ਦਰਿਆ ਬਰੇਤਾ ਕਦੋਂ ਬਣੂ?
ਕਦ ਇਸ ਦੇ ਕੰਢਿਆਂ 'ਚ
ਸੁਖ-ਰੂਪੀ ਅੰਮ੍ਰਿਤਧਾਰਾ ਵਹੇਗੀ?
ਇਸ ਦਰਦ, ਬੇਬਸੀ, ਲਾਚਾਰਗੀ
ਅਤੇ ਨਿਰਭਰਤਾ ਤੋਂ ਕਦ ਮਿਲੇਗੀ ਨਿਜ਼ਾਤ?
ਤੇ ਮਸਤਕ-ਬਨੇਰੇ 'ਤੇ ਉਤਰੇਗੀ
ਤ੍ਰੇਲ ਭਿਜੀ ਪ੍ਰਭਾਤ?
ਕਦ ਮਿਲੇਗਾ ਪੈਰਾਂ ਨੂੰ ਸਫਰ
ਬਾਹਾਂ ਨੂੰ ਹੁਲਾਰ, ਦੀਦਿਆਂ ਨੂੰ ਦੀਦਾਰ
ਬੁੱਲਾਂ ਨੂੰ ਬੋਲ, ਅਹਿਸਾਸਾਂ 'ਚ ਕੰਬਣੀ
ਭਾਵਾਂ 'ਚ ਖੁਸ਼ਬੋ, ਸੁਪਨਿਆਂ ਨੂੰ ਪਰਵਾਜ਼
ਅਤੇ ਗੁੰਮਨਾਮੀ ਨੂੰ ਧਰਵਾਸ?
ਮੁਕੇਗਾ ਕਦ ਇਹ ਕਾਲੀ ਰੁੱਤ ਦਾ ਬਨਵਾਸ?
ਲੋੜਾਂ, ਥੋੜਾਂ ਨੂੰ ਪੁਗਾਉਣ ਤੋਂ ਅਸਮਰਥ
ਕਦ ਮਨਪਸੰਦੀ ਨੂੰ ਜਾਹਰ ਕਰੇਗਾ?
ਬਲਹੀਣਤਾ 'ਚੋਂ ਉਡਾਣ ਭਰੇਗਾ?
ਅੰਬਰ ਦਾ ਕਲਾਵਾ ਭਰੇਗਾ?
ਅਤੇ ਫਿਰ ਪਹਿਲਾਂ ਵਾਂਗ ਹੀ
ਜੀਵਨ-ਨਿਆਮਤਾਂ ਨੂੰ ਮਾਣਦਾ
ਜ਼ਿੰਦਗੀ ਨੂੰ ਜ਼ਿੰਦਾਬਾਦ ਕਹੇਗਾ।

ਬਾਪ ਕੋਲ ਬੈਠਿਆਂ, ਬਹੁਤ ਕੁਝ ਯਾਦ-ਸਰਵਰ ਵਿਚ ਤਾਰੀਆਂ ਲਾਉਂਦਾ। ਯਾਦਾਂ ਦੇ ਨਿਰੰਤਰ ਪ੍ਰਵਾਹ ਵਿਚ ਜ਼ਿੰਦਗੀ ਨੂੰ ਨਵੀਆਂ ਤਰਕੀਬਾਂ ਅਤੇ ਤਰਜ਼ੀਹਾਂ ਨਾਲ ਨਵੀਨਤਮ ਬੁਲੰਦੀਆਂ ਦੇਣ ਤੋਂ ਪਹਿਲਾਂ ਦੇ ਪਲ, ਬਾਪ ਨਾਲ ਬੀਤੇ ਨਿੱਘੇ ਪਲਾਂ ਦੀ ਪਟਾਰੀ ਹਰਫ ਸਾਧਨਾ ਬਣ ਜਾਂਦੀ,

ਬਾਪ ਦੇ ਸਿਰ੍ਹਾਣੇ ਬੈਠਿਆਂ
ਯਾਦ ਆਉਂਦਾ ਹੈ
ਬਾਪ ਦੀਆਂ ਲੱਤਾਂ ਨਾਲ ਪਾਈ ਕੁਰੰਗੜੀ
ਖੂਹ ਨੂੰ ਜਾਣ ਦੀ ਜਿੱਦ
ਬਾਪ ਦਾ ਲਾਡ ਨਾਲ ਵਰਚਾਉਣਾ
ਅਤੇ ਹੌਲੀ ਜਿਹੇ ਲੱਤਾਂ ਨੂੰ ਛੁਡਾ
ਪੱਠੇ ਲੈਣ ਲਈ ਖੇਤਾਂ ਨੂੰ ਤੁਰ ਜਾਣਾ।

ਚੇਤੇ ਆਉਂਦਾ ਹੈ ਬਾਪ ਦੀ ਉਂਗਲ ਪਕੜਨਾ
ਪਹਿਲਾ ਪੱਬ ਧਰਨਾ
ਤੇ ਪਹਿਲਾ ਸਾਬਤ ਕਦਮ ਧਰਨ 'ਤੇ
ਖੁਸ਼ੀ 'ਚ ਮਾਰੀ ਕਿਲਕਾਰੀ
ਅਤੇ ਬਾਪ ਦੇ ਚਿਹਰੇ ਦਾ ਜਲਾਲ

ਸਿਮਰਤੀਆਂ 'ਚ ਵੱਸਦਾ ਹੈ
ਬਾਪ ਦੀ ਛਾਂ 'ਚ ਤੁਰਦਿਆਂ
ਪੈੜਾਂ 'ਤੇ ਪੈਰ ਧਰਨ ਦੀ
ਅਧੂਰੀ ਕੋਸ਼ਿਸ਼ 'ਚ
ਕੋਮਲ ਸਾਹਾਂ ਦਾ ਹਫ ਜਾਣਾ
ਬਾਪ ਦਾ ਰੁਕਣਾ
ਅਤੇ ਨਾਲ ਤੁਰੇ ਆਉਣ ਦੀ ਤਾਕੀਦ ਕਰਨਾ
ਪਰ, ਉਮਰਾਂ ਹੀ ਤਾਂ ਬੀਤ ਜਾਂਦੀਆਂ ਨੇ
ਬਾਪ ਦੀ ਪੈੜ ਬਣਦਿਆਂ।

ਬੜਾ ਚੇਤਾ ਆਉਂਦਾ,
ਨਿਕੜੇ ਜਿਹੇ ਪੈਰਾਂ 'ਚ
ਬਾਪ ਦੀ ਜੁੱਤੀ ਨੂੰ ਅੜਾਉਣਾ
ਤੁਰਨ ਦੀ ਕੋਸ਼ਿਸ਼ 'ਚ ਡਿੱਗ ਪੈਣਾ
ਬਾਪ ਵਲੋਂ ਮਿੱਟੀ ਝਾੜ
ਦੁਬਾਰਾ ਤੁਰਨ ਦੀ ਹੱਲਾਸ਼ੇਰੀ ਦੇਣਾ
ਪਰ ਸਮਾਂ ਤਾਂ ਲੱਗਦਾ ਹੀ ਹੈ
ਬੇਟੇ ਦੇ ਪੈਰਾਂ ਨੂੰ
ਬਾਪ ਦੀ ਜੁੱਤੀ ਦੇ ਮੇਚ ਆਉਂਦਿਆਂ।

ਕੱਲ ਦੀ ਤਾਂ ਗੱਲ ਹੈ
ਜਦ ਦੁਪਹਿਰ ਨੂੰ ਖੂਹ 'ਤੇ ਜਾਂਦਿਆਂ
ਧੁੱਦਲ ਉਡਾਉਂਦੇ ਨੂੰ ਝਿੜਕਿਆ ਸੀ
ਤੇ ਗਿੱਲੇ ਪਰਨੇ ਦੀ ਛਾਂ ਕਰਕੇ
ਵਗਦੀ ਲੂਅ ਤੋਂ ਬਚਾਇਆ ਸੀ।

ਯਾਦ ਹੈ, ਬਾਪ ਦਾ ਬਲੂੰਗੜੇ ਜਿਹੇ ਨੂੰ
ਗੱਡੇ 'ਤੇ ਬਿਠਾਉਣਾ
ਖੂਹ/ਖਰਾਸ ਦੀ ਗਾਡੀ 'ਤੇ ਬੈਠਾ ਕੇ
ਜੋਗ ਨੂੰ ਹਿੱਕਣ ਲਾਉਣਾ, ਫਲ੍ਹੇ ਵਾਹੁਣਾ
ਅਤੇ ਬਾਪ ਦੇ ਨੈਣਾਂ ਵਿਚ ਸੂਰਜ ਉਗਾਉਣਾ।

ਅੱਜ ਵੀ ਯਾਦ ਹੈ ਬਾਪ ਦਾ ਸਿਖਾਇਆ
ਆੜ੍ਹ ਨੂੰ ਘੜਨਾ, ਖੇਤ-ਖੂੰਜਿਆਂ ਨੂੰ ਗੁੱਡਣਾ
ਤੱਤੇ ਪਾਣੀਆਂ 'ਚ ਝੋਨਾ ਲਾਉਣਾ
ਰੁੱਖ ਛਾਂਗਣੇ
ਤੂਤ ਦੀਆਂ ਛਿੱਟੀਆਂ ਦੀ ਟੋਕਰੀ ਬਣਾਉਣਾ
ਮੁੰਜ/ਸਨੂਕੜੇ ਦੇ ਰੱਸੇ ਵੱਟਣਾ
ਅਤੇ ਖੇਤੀ ਦੀਆਂ ਬਾਰੀਕੀਆਂ
ਜੋ ਜੀਵਨ-ਖੇਤੀ ਲਈ
ਬਹੁਤ ਕਾਰਗਰ ਰਹੀਆਂ।

ਯਾਦ ਹੀ ਤਾਂ ਹੈ, ਬਾਪ ਨਾਲ ਕੱਦ ਮੇਚਦਿਆਂ
ਉਸ ਦੇ ਦੀਦਿਆਂ 'ਚ ਛਲਕਦੀ
ਅਸੀਮਤ ਖੁਸ਼ੀ ਨੂੰ ਨਿਹਾਰਨਾ
ਔਲਾਦ ਦੀ ਖੁਸ਼ੀ ਲਈ
ਬਾਪ ਦਾ ਆਪਾ ਵਾਰਨਾ
ਅਤੇ ਬੱਚਿਆਂ ਦੀਆਂ ਬਲਾਵਾਂ ਉਤਾਰਨਾ।

ਯਾਦਾਂ ਦੀ ਬੀਹੀ 'ਚ ਘੁੰਮਦਿਆਂ ਵੀ
ਹਰ ਵੇਲੇ ਧਿਆਨ
ਬਾਪ ਦੀ ਸਾਹ ਵਰੋਲਦੀ
ਜਿੰਦ ਦੁਆਲੇ ਹੀ ਰਹਿੰਦਾ
ਜੋ ਜ਼ਿੰਦਗੀ ਭਰ, ਹਰ ਮੈਦਾਨ ਜਿੱਤਦਾ ਰਿਹਾ
ਮੈਨੂੰ ਯਕੀਨ ਹੈ ਕਿ
ਉਸ ਨੇ ਮੌਤ ਨੂੰ ਹਰਾ ਕੇ
ਜੀਵਨ ਦੀ ਬਾਜ਼ੀ
ਆਖਰ ਨੂੰ ਜਿੱਤਣੀ ਹੀ ਹੈ।

ਬਾਪ ਦਾ ਚਿਹਰਾ ਨਿਹਾਰਦਾ ਰਹਿੰਦਾ ਹਾਂ ਅਤੇ ਉਸ ਦੇ ਭਾਵਨਾਵਾਂ ਰਹਿਤ ਚਿਹਰੇ 'ਤੇ ਕਦੇ ਕਦਾਈਂ ਭਾਵਨਾਵਾਂ ਦੀ ਕਰੁੰਬਲ ਫੁੱਟਦੀ ਏ। ਇਸ ਕਰੁੰਬਲ ਵਿਚੋਂ ਹੀ ਹਰਫਾਂ ਨੂੰ ਆਪਣੀ ਨਿਗੂਣਤਾ ਦਾ ਅਹਿਸਾਸ ਹੋਰ ਵੀ ਸ਼ਿਦਤ ਨਾਲ ਮਹਿਸੂਸ ਹੁੰਦਾ,

ਕਦੇ ਕਦਾਈਂ ਬਾਪ ਦੀ ਅੱਖ ਸਿੰਮਦੀ
ਹੱਥ 'ਚ ਫੜਿਆ ਉਸ ਦਾ ਸੱਜਾ ਹੱਥ
ਹਰਕਤ ਵਿਚ ਆਉਂਦਾ
ਛੋਹ ਦਾ ਅਹਿਸਾਸ ਉਪਜਾਉਂਦਾ
ਮਨ-ਰੂਹ 'ਚ ਕੰਬਣੀ ਪੈਦਾ ਕਰਦਾ
ਪਤਾ ਨਹੀਂ
ਉਹ ਅਚੇਤ/ਸੁਚੇਤ ਰੂਪ ਵਿਚ ਕੀ ਸੋਚਦਾ
ਆਪਣੇ ਬਾਰੇ, ਆਰ-ਪਰਿਵਾਰ ਬਾਰੇ
ਜਾਂ ਭਰਮ-ਭੁਲੇਖੇ 'ਚ ਉਲਝੇ ਸੰਸਾਰ ਬਾਰੇ
ਅਚਿੰਤੇ ਪਈ ਦੁੱਖਾਂ ਦੀ ਮਾਰ ਬਾਰੇ
ਆਪਣੀ ਬੇ-ਹਰਕਤ
ਖੱਬੀ ਬਾਂਹ ਤੇ ਲੱਤ ਬਾਰੇ
ਜਾਂ ਨੱਕ 'ਚ ਪਾਈ ਅੱਖਰਦੀ ਨਾਲੀ ਬਾਰੇ
ਬਾਂਹ 'ਤੇ ਲੱਗੀ ਸਰਿੰਜ ਬਾਰੇ
ਸੂਈਆਂ ਨਾਲ ਵਿੰਨੀਆਂ ਬਾਹਾਂ ਬਾਰੇ
ਉਂਗਲਾਂ ਬੰਨ੍ਹ ਕੇ
ਹਿੱਲਣੋਂ ਹੀਣੀ ਕੀਤੀ ਸੱਜੀ ਬਾਂਹ ਬਾਰੇ
ਮੀਲਾਂ ਬੱਧੀ ਸਾਈਕਲ ਚਲਾ ਕੇ ਵੀ
ਅਣਥੱਕ ਰਹਿਣ ਵਾਲੀਆਂ
ਨਿਸਲ ਹੋ ਗਈਆਂ ਨਿੱਗਰ ਲੱਤਾਂ ਬਾਰੇ
ਜਿਨ੍ਹਾਂ ਲਈ ਕੋਹਾਂ ਦਾ ਪੈਂਡਾ
ਘੜੀ ਕੁ ਦਾ ਹੀ ਹੁੰਦਾ ਸੀ।

ਮਨ ਵਿਚ ਪਤਾ ਨਹੀਂ ਕੀ ਆਉਂਦਾ ਹੋਊ
ਧੀਆਂ ਵਰਗੀਆਂ ਨੂੰਹਾਂ ਬਾਰੇ
ਪੁੱਤਾਂ ਵਰਗੇ ਨਾਮ ਲੈ ਕੇ
ਬੁਲਾਉਣ ਵਾਲੀਆਂ ਪੋਤੀਆਂ ਬਾਰੇ
ਪੁੱਤਰਾਂ ਦੀ ਪ੍ਰਤੀਬੱਧਤਾ ਬਾਰੇ
ਸੁਖੀ ਵੱਸਦੇ ਪਰਿਵਾਰ ਦੀ
ਸ਼ੁਕਰਗੁਜਾਰੀ ਬਾਰੇ
ਆਪਣੇ ਲੰਮੇਰੇ ਜੀਵਨ ਦੀ ਭਰਪੂਰਤਾ ਬਾਰੇ
ਸਰਬ-ਸੁਖਨ ਪ੍ਰਾਪਤੀ ਬਾਰੇ
ਰੱਬ ਦੇ ਦਰ ਨਤਮਸਤਕ ਹੋਣ ਤੋਂ
ਖੁੰਝਣ ਬਾਰੇ
ਲਵੇਰੀ ਗਾਂ ਦੇ ਪੱਠੇ ਤੇ ਪਾਣੀ ਬਾਰੇ
ਬੀਜੇ ਹੋਏ ਗੰਢੇ ਤੇ ਲਸਣ ਬਾਰੇ
ਜਾਂ ਹਵੇਲੀ 'ਚ ਪਾਣੀ ਖੁਣੋਂ
ਸੁੱਕ ਰਹੀ ਸਬਜ਼ੀ ਬਾਰੇ।

ਪਤਾ ਨਹੀਂ, ਉਹ ਕੀ ਤੋਂ ਕੀ ਸੋਚਦਾ
ਕਿਹੜੇ ਅੰਬਰ ਤੇ ਪਤਾਲ
ਗਾਹ ਆਉਂਦਾ ਹੋਵੇਗਾ
ਮੈਂ ਤਾਂ ਸਿਰਫ ਅੱਖਾਂ ਵਿਚ ਤਰਲਤਾ
ਅਤੇ ਉਸ ਦੇ ਹੱਥਾਂ ਵਿਚਲੀ
ਅਸਾਵੀਂ ਹਰਕਤ 'ਚੋਂ
ਕਿਆਸ ਹੀ ਲਾਉਣ ਜੋਗਾ ਹਾਂ
ਮਨ ਦੀਆਂ ਅਸੀਮਤ ਪਰਤਾਂ
ਇਨ੍ਹਾਂ ਪਰਤਾਂ ਦੀ ਨਿਸ਼ਾਨਦੇਹੀ ਕਿੰਜ ਕਰਾਂ?

ਖਾਸ ਕਰਕੇ ਜਦ ਇਹ ਬੇਸੁੱਧ ਬਾਪ ਦੇ ਮਨ ਦੀਆਂ ਪਰਤਾਂ ਹੋਣ। ਸਾਹ ਹੀ ਚੱਲ ਰਹੇ ਨੇ। ਬਾਪ ਨੂੰ ਨਹੀਂ ਪਤਾ ਕਿ ਮੇਰਾ ਪਰਦੇਸੀ ਪੁੱਤ, ਨੂੰਹ, ਧੀ ਅਤੇ ਪਲੇਠੀ ਪੋਤੀ ਉਡ ਕੇ ਪ੍ਰਦੇਸ ਤੋਂ ਪਹੁੰਚ ਗਏ ਨੇ। ਅੱਖਾਂ ਨਹੀਂ ਖੋਲ੍ਹਦਾ। ਫਿਰ ਕੌਣ ਪਛਾਣੇ ਤੇ ਕਿਹੜਾ ਹੁੰਗਾਰਾ ਦੇਵੇ? ਜਿਸ ਆਸ ਵਿਚ ਪਰਦੇਸ ਦਾ ਸਫਰ ਸਦੀਆਂ ਲੰਮੇਰਾ ਹੋ ਗਿਆ ਸੀ, ਉਸ ਸਫਰ ਦੀ ਥਕਾਨ ਮਣਾਂ-ਮੂੰਹੀਂ ਹੋ ਗਈ ਪਰ ਬਾਪ ਦਾ ਜੀਅ ਭਰ ਕੇ ਆਪਣੀ ਔਲਾਦ ਨੂੰ ਨਿਹਾਰਨਾ ਵੀ ਨਸੀਬ ਨਾ ਹੋਇਆ। ਹਰਫ, ਸਿਸਕੀਆਂ ਬਣ ਕੇ ਕਾਗਜ ਨੂੰ ਭਿਉਣ ਲੱਗੇ,

ਨਬਜ਼ ਦਾ ਚਲਣਾ
ਸਾਹਾਂ ਦਾ ਨਿਰੰਤਰ ਆਣਾ-ਜਾਣਾ
ਨੱਕ ਰਾਹੀਂ ਜਾਂਦੀ ਤਰਲ ਖੁਰਾਕ
ਗੁਲੂਕੋਜ਼ ਦੀ ਤਿੱਪ ਤਿੱਪ
ਸੱਜੇ ਹੱਥ ਦਾ ਹਿੱਲਣਾ
ਕਦੇ ਕਦਾਈਂ ਅੱਖ ਦਾ ਝਪਕਣਾ
ਜੀਵਨ ਨਹੀਂ ਹੁੰਦਾ।

ਜੀਵਨ 'ਚ ਤਾਂ ਸਾਹ ਧੜਕਦੇ ਨੇ
ਅੱਖਾਂ ਸੁਪਨੇ ਲੈਂਦੀਆਂ
ਬਾਤਾਂ ਪਾਈਆਂ ਜਾਂਦੀਆਂ
ਹਾਕ ਤੇ ਹੁੰਗਾਰਾ ਸੁਣਦੇ
ਸਾਹਮਣਿਆਂ ਦੇ ਬਿੰਬ
ਅੰਤਰੀਵ 'ਚ ਉਤਰਦੇ
ਬੋਲਾਂ ਨਾਲ ਹਵਾ ਰੁਮਕਦੀ
ਹਰਫ ਪਰਵਾਜ਼ ਭਰਦੇ
ਲਫਜ਼ਾਂ ਵਿਚ ਮਿਠਾਸ ਘੁਲਦੀ
ਦਿਲ ਦੀਆਂ ਗੱਲਾਂ ਸਾਂਝੀਆਂ ਹੁੰਦੀਆਂ
ਅਤੇ ਰੂਹ-ਰੱਜ ਨੂੰ
ਨਵੀਂ ਦਸ਼ਾ ਤੇ ਦਿਸ਼ਾ ਮਿਲਦੀ।
ਜਾਗਦੀ ਜਿੰਦ 'ਚ
ਜ਼ਿੰਦਗੀ ਦੇ ਅਰਥਾਂ ਦੀ ਨਿਸ਼ਾਨਦੇਹੀ
ਹੋਠਾਂ 'ਚ ਬੋਲ-ਪੁੰਗਾਰੇ
ਜਿਨ੍ਹਾਂ ਦੀ ਕੋਮਲ ਛੋਹ ਬਣਦੀ
ਜੀਵਨੀ-ਕੋਮਲਤਾ ਦੀ ਧਰਾਤਲ
ਹੱਥ-ਕੁਰੰਗੜੀ
ਰਿਸ਼ਤਿਆਂ ਦੀ ਪਕੜ
ਸਬੰਧ-ਸਦੀਵਤਾ
ਤੇ ਸਪਰਸ਼-ਸੰਗੀਤ
ਸਾਹਾਂ ਨੂੰ ਸਮਤੋਰ ਬਖਸ਼
ਜੀਵਨ-ਮੀਰੀ ਦਾ ਗੁਣ ਬਣਦੇ
ਹੱਥ ਫੜ ਕੇ ਤੁਰਨ ਦੀ ਜਾਚ
ਅਦਾ-ਅਦਾਇਗੀ ਬਣਦੀ
ਹੱਥ, ਹੱਥਾਂ ਨਾਲ ਮਿਲ ਕੇ
ਹਲੀਮੀ ਤੇ ਅਸੀਸ ਦਿੰਦੇ
ਅਰਦਾਸ ਕਰਦੇ
ਤੇ ਊਣੀ ਜ਼ਿੰਦਗੀ 'ਚ ਧਰਵਾਸ ਧਰਦੇ।

ਹੱਥ 'ਚੋਂ ਹੱਥ ਛੁਟਦਾ ਤਾਂ
ਜੀਵਨ-ਨੀਰਸਤਾ, ਵਿਛੋੜਾ-ਵਿਗੋਚਾ
ਵਕਤ ਨੂੰ ਵਖਤ ਬਣਾਉਂਦਾ
ਜੀਵਨ ਤਾਂ ਹੁੰਦਾ, ਭਾਵਾਂ ਦਾ ਤੇਜ-ਤੱਪ
ਅਹਿਸਾਸਾਂ ਦੀ ਅਰਾਧਨਾ
ਪਿਆਰ-ਗੁਲਜ਼ਾਰ, ਮੋਹ-ਅੰਜ਼ਾਨ
ਜੋ ਆਲੇ-ਦੁਆਲੇ 'ਚ ਤਾਰੀ ਹੋ
ਸਾਹਾਂ ਨੂੰ ਔਂਤਰ ਜਾਣ ਤੋਂ ਹੋੜਦੀ।

ਜ਼ਿੰਦਗੀ ਦੀ ਖੂਬਸੂਰਤੀ
ਖੂਬਸੂਰਤ ਜੀਣ-ਥੀਣ 'ਚ ਹੁੰਦੀ
ਜੋ ਬਾਪ ਕੋਲੋਂ ਰੁੱਸ ਕੇ
ਕਰੂਪਤਾ ਦਾ ਕਹਿਰ ਬਣ ਚੁਕੀ ਏ
ਇਹ ਜਿਉਣਾ, ਜਿਉਣਾ ਨਹੀਂ
ਸਾਹ-ਸੰਤਾਪ ਹੁੰਦਾ।

ਬਾਪ, ਅਜਿਹਾ ਤਾਂ ਨਹੀਂ ਸੀ ਜਿਉਣਾ ਚਾਹੁੰਦਾ
ਜਿਸ ਤਰ੍ਹਾਂ ਦਾ ਅੱਜ
ਜਿਉਣ ਲਈ ਮਜਬੂਰ ਏ।

ਐ ਖੁਦਾ! ਬਾਪ ਦੀ ਪੀੜਾਂ ਸਾਹਵੇਂ
ਪੁੱਤ ਦੀ ਬੇਬੱਸੀ ਨੂੰ ਅਰਥਹੀਣ ਨਾ ਕਰ।

ਜੀਅ ਕਰਦਾ ਕੁਝ ਤਾਂ ਅਜਿਹਾ ਕਰਾਂ
ਬਾਪ ਦੇ ਅਹਿਸਾਨਾਂ ਦਾ ਕਰਜ਼ ਉਤਾਰਾਂ
ਉਸ ਦੀਆਂ ਦੁਆਵਾਂ ਦਾ ਮੁੱਲ ਮੋੜਾਂ
ਉਸ ਦੇ ਹਿੱਸੇ ਦਾ ਪੀੜ-ਸਾਗਰ ਪੀਵਾਂ
ਅਤੇ ਉਸ ਦੀ ਤਲੀ 'ਤੇ
ਸੁੱਚੇ ਸਾਹਾਂ ਦੀ ਰੁਮਕਣੀ ਧਰਾਂ।

ਪਰ, ਮੈਂ ਬੇਬੱਸ, ਬੇਸੁੱਧ ਪਏ
ਬਾਪ ਦੇ ਸਾਹਾਂ ਦੀ ਗਿਣਤੀ ਕਰਦਾ
ਆਪਣੇ ਸਾਹ ਵੀ ਭੁੱਲਣ ਲੱਗ ਪਿਆਂ।

ਸੱਚੀਂ! ਕਿੰਨਾ ਨਿਕੰਮਾ ਤੇ ਅਰਥਹੀਣ ਹਾਂ
ਬਾਪ ਕੋਲ ਬੈਠਾ ਮੈਂ।

ਮੇਰੇ ਲਈ ਬਹੁਤ ਔਖਾ ਹੈ, ਬਾਪ ਦੀ ਅੱਖ ਖੁੱਲ੍ਹਣ ਤੇ ਬੋਲਣ ਲਈ ਉਸ ਦੇ ਮੂੰਹ ਵਿਚੋਂ ਹੁੰਦੀ ਹਰਕਤ ਨੂੰ ਉਲਥਾਉਣਾ। ਕਿਹੜੇ ਬੋਲਾਂ ਕਿਆਸਾਂ, ਕਿਹੜੀਆਂ ਬੰਨਾਂ ਧਰਵਾਸਾਂ ਅਤੇ ਡਿਗਦੇ ਮਨ ਨੂੰ ਕਿਹੜੀਆ ਬੰਨ੍ਹਾਵਾਂ ਆਸਾਂ ਕਿ ਬਾਪ ਦੀ ਸਿਹਤਮੰਦੀ ਦਾ ਸੱਚ, ਮੇਰੀ ਸੋਚ ਦਾ ਹਾਸਲ ਬਣ ਜਾਵੇ। ਪਰ ਭਵਿੱਖੀ ਡਰ ਪ੍ਰਤੱਖ ਨਜ਼ਰ ਆਉਂਦਾ ਹੈ। ਅੱਖਾਂ ਦੀਆਂ ਪਲਕਾਂ ਦਾ ਹਿੱਲਣਾ, ਮੇਰੇ ਮਨ ਵਿਚ ਘਬਰਾਹਟ ਪੈਦਾ ਕਰਦਾ ਕਿ ਉਹ ਕੀ ਦੇਖਣਾ ਚਾਹੁੰਦਾ ਏ? ਉਸ ਦੀਆਂ ਅੱਖਾਂ ਵਿਚ ਕਿਹੜੇ ਬਿੰਬਾਂ ਨੂੰ ਵਾਰ ਵਾਰ ਦੇਖਣ ਦੀ ਤਮੰਨਾ ਏ?


ਬਹੁਤ ਕੋਸ਼ਿਸ਼ ਕਰਦਾ ਹਾਂ ਬਾਪ ਦੀ ਮਾਨਸਿਕਤਾ ਪੜ੍ਹਨ ਦੀ। ਪਰ ਜਦ ਕਦੇ-ਕਦਾਈਂ ਉਸ ਦੀ ਅੱਖ ਸਿੰਮਦੀ ਹੈ ਤਾਂ ਬਾਪ ਦੇ ਮਨ ਵਿਚ ਪੈਦਾ ਹੋਈ ਭਾਵੁਕਤਾ ਮੇਰੇ ਦੀਦਿਆਂ ਨੂੰ ਸਿਸਕਣ ਲਾ ਦਿੰਦੀ ਹੈ। ਪਤਾ ਨਹੀਂ ਬਾਪ ਦੇ ਮਨ ਵਿਚ ਕੀ ਆਇਆ ਹੋਵੇਗਾ ਕਿ ਉਹ ਬੇ-ਹਰਕਤ ਤੇ ਬੇ-ਜ਼ੁਬਾਨ, ਅੱਥਰੂਆਂ ਰਾਹੀਂ ਆਪਣੀ ਵੇਦਨਾ ਪ੍ਰਗਟਾ ਰਿਹਾ ਏ ਅਤੇ ਇਹ ਵੇਦਨਾ ਮੇਰੇ ਮਨ ਨੂੰ ਪਿਘਲਾਉਂਦੀ, ਜਿਸਮ ਨੂੰ ਤਰਲ ਕਰਦੀ ਏ। ਤ੍ਰਾਸਦੀ ਦਾ ਸਾਹਮਣਾ ਕਰਦਿਆਂ, ਬਹੁਤ ਹੀ ਬੇਬੱਸ ਤੇ ਕਰਮਹੀਣ ਹੈ ਕਿਉਂਕਿ ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ। ਸਿਰਫ ਬੇਬਸੀ ਵਿਚ ਆਪਣੇ ਆਪ ਨੂੰ ਕੋਸਦਾ, ਕੁਝ ਚੰਗੇਰਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਰਾਤ-ਦਿਨ ਬਾਪ ਦੀ ਤੰਦਰੁਸਤੀ ਦੀ ਆਸ ਨੂੰ ਬੇਆਸ ਹੋਣ ਤੋਂ ਬਚਾਈ ਰੱਖਦਾ ਹਾਂ। ਦੇਖੋ! ਇਹ ਆਸ ਪੂਰੀ ਕਦੋਂ ਹੁੰਦੀ ਆ ਜਾਂ ਨਹੀਂ।

**(ਚਲਦਾ)**

## ਕਹਾਣੀ

# ਲੰਗੜਾ ਬਲਦ ਅਤੇ ਮਾਂਹ ਦੀ ਦਾਲ

***ਪੰਜਾਬੀ ਨਾਵਲ ਅਤੇ ਕਹਾਣੀ ਵਿਚ ਸ਼ਹਿਰੀ ਮਾਹੌਲ ਦਾ ਜ਼ਿਕਰ ਕੁਝ ਕੁ ਲਿਖਾਰੀਆਂ ਨੇ ਹੀ ਕੀਤਾ ਹੈ। ਇਨ੍ਹਾਂ ਵਿਚੋਂ ਗੁਲ ਚੌਹਾਨ ਅਜਿਹਾ ਕਹਾਣੀਕਾਰ ਹੈ, ਜੋ ਸ਼ਹਿਰੀ ਜੀਵਨ ਦੀਆਂ ਗੁੰਝਲਾਂ ਨੂੰ ਸੂਖਮ ਢੰਗ ਨਾਲ ਖੋਲ੍ਹਦਾ ਹੈ। ਜੀਵਨ ਦੀਆਂ ਇਨ੍ਹਾਂ ਤੰਦਾਂ ਦੀ ਤਾਣੀ ਤਣਦਾ ਉਹ ਪਾਠਕ ਨੂੰ ਆਪਣੇ ਨਾਲ ਹੀ ਲੈ ਤੁਰਦਾ ਹੈ। 'ਲੰਗੜਾ ਬਲਦ ਅਤੇ ਮਾਂਹ ਦੀ ਦਾਲ' ਨਾਂ ਦੀ ਇਸ ਕਹਾਣੀ ਵਿਚ ਉਸ ਨੇ ਪਿਉ-ਪੁੱਤ, ਨੂੰਹ-ਸਹੁਰੇ ਅਤੇ ਪਤੀ-ਪਤਨੀ ਦੇ ਰਿਸ਼ਤੇ ਨੂੰ ਬਾਖੂਬੀ ਪੇਸ਼ ਕੀਤਾ ਹੈ। ਹਰ ਪਾਤਰ ਦੀ ਬੇਵਸੀ ਨੂੰ ਉਸ ਨੇ ਬਾਰੀਕੀ ਨਾਲ ਫੜਿਆ ਹੈ। -ਸੰਪਾਦਕ***



ਗੁਲ ਚੌਹਾਨ

ਸਾਰੀ ਰਾਤ ਬਾਰਸ਼ ਹੁੰਦੀ ਰਹੀ ਹੈ।

"ਪਿਤਾ ਜੀ ਸੱਚੀਂ ਕੀ ਕਰਦੇ ਨੇ, ਸਾਰਾ ਬਿਸਤਰ ਭਿੱਜ ਗਿਐ। ਤੁਸੀਂ ਅਵਾਜ਼ ਹੀ ਦੇ ਦੇਵੋ। ਬੰਦਾ ਏਨਾ ਕੁ ਤਾਂ ਖਿਆਲ ਕਰੇ। ਅੱਜ ਕੱਲ੍ਹ ਕੱਪੜਾ ਸੁੱਕਦਾ ਵੀ ਹੈ?" ਰੀਟਾ ਨੇ ਕਿਹਾ ਹੈ।

ਬੰਸੀ ਨੂੰ ਲੱਗਾ ਕਿ ਉਸ ਦੀ ਪਤਨੀ ਦੀ ਅਵਾਜ਼ ਜ਼ਿਆਦਾ ਉਚੀ ਹੈ। ਉਸ ਵਿਚ ਇਕ ਸੁਚੇਤ ਯਤਨ ਹੈ ਕਿ ਪਿਤਾ ਜੀ ਵੀ ਸੁਣ ਲੈਣ।

"ਬੰਸੀ ਮੇਰਾ ਮੱਥਾ ਤਾਂ ਵੇਖ ਹੱਥ ਲਾ ਕੇ, ਲੱਗਦੈ ਬੁਖਾਰ ਹੈ।" ਪਿਤਾ ਜੀ ਨੇ ਕਿਹਾ ਹੈ।

"ਸਾਰੀ ਰਾਤ ਤਾਂ ਭਿੱਜਦੇ ਰਹੇ ਹੋ, ਬੁਖਾਰ ਨਹੀਂ ਹੋਵੇਗਾ ਤਾਂ ਕੀ ਹੋਵੇਗਾ।"

"ਬਾਰਸ਼ ਸਹੁਰੀ ਵੀ ਸਾਰੀ ਰਾਤ ਹੁੰਦੀ ਰਹੀ ਹੈ। ਇਕ ਮਿੰਟ ਵੀ ਮੱਠੀ ਨਹੀਂ ਪਈ।"

"ਅੰਦਰ ਨਹੀਂ ਸਉ ਆ ਸਕਦੇ?" ਬੰਸੀ ਨੇ ਕਿਹਾ ਹੈ।

ਪਿਤਾ ਜੀ ਨੇ ਰਾਤ ਇਕ ਦੋ ਵਾਰ ਦਰਵਾਜਾ ਖੜਕਾਇਆ। ਬਾਰਸ਼ 'ਚ ਸੁਣਿਆ ਨਹੀਂ। ਜ਼ਿਆਦਾ ਉਚੀ ਖੜਕਾਉਣ ਦੀ ਹਿੰਮਤ ਨਹੀਂ ਸੀ ਪਈ। ਨੂੰਹ ਪੁੱਤਰ ਨੇ ਸਵੇਰੇ ਉਠਣਾ ਹੈ। ਨੌਕਰੀ 'ਤੇ ਜਾਣਾ ਹੈ। ਪਹਿਲਾਂ ਪੈਂਦ ਵਾਲੇ ਪਾਸਿਓਂ ਦਰੀ ਚੁੱਕ ਕੇ ਉਪਰ ਕਰ ਲਈ ਸੀ। ਵਾਛੜ ਹੋਰ ਤੇਜ਼ ਹੋਈ ਸੀ ਤਾਂ ਉਠ ਕੇ ਬੈਠ ਗਏ ਸਨ। ਬਿਸਤਰ ਵਲ੍ਹੇਟ ਕੇ ਸਿਰਹਾਣੇ ਰੱਖ ਲਿਆ ਸੀ। ਇਕ ਵਾਰ ਮੰਜੀ ਨੂੰ ਖਿਸਕਾਉਣ ਲਈ ਉਠੇ ਤਾਂ ਮੰਜੀ ਦੋ ਤਿੰਨ ਇੰਚ ਹੀ ਖਿਸਕ ਸਕੀ ਸੀ। ਅੱਗੇ ਉਪਰ ਵਾਲਿਆਂ ਦਾ ਸਕੂਟਰ ਪਿਆ ਸੀ। ਬੈਠੇ ਬੈਠੇ ਉਡੀਕਦੇ ਸਨ ਕਿ ਸ਼ਾਇਦ ਬੰਸੀ ਉਠੇਗਾ, ਜਾਂ ਰੀਟਾ। ਕੋਈ ਆਪ ਹੀ ਵੇਖ ਲਵੇ, ਜਾਣ ਜਾਵੇ ਤਾਂ ਗੱਲ ਦੂਸਰੀ ਹੈ। ਆਪ ਕਹਿਣਾ ਤੇ ਉਹ ਵੀ ਇਸ ਵਕਤ। ਨਹੀਂ। ਫਿਰ ਬਾਹਰ ਬਰਾਮਦੇ ਵਿਚ ਸੌਣ ਦੀ ਜ਼ਿੱਦ ਵੀ ਤਾਂ ਉਨ੍ਹਾਂ ਦੀ ਹੀ ਹੈ। ਨਹੀਂ ਤਾਂ ਬੰਸੀ ਨੇ ਤਾਂ ਕਿਹਾ ਹੈ ਕਿ ਅੰਦਰ ਸੌਂ ਜਾਇਆ ਕਰੋ। ਬਾਹਰ ਚੰਗਾ ਲੱਗਦਾ ਹੈ। ਕਮ-ਜ਼-ਕਮ ਕੱਛੇ ਬਨੈਣ ਵਿਚ ਤਾਂ ਨਾ। ਕੁੜਤਾ ਪਜਾਮਾ ਪਾ ਲਿਆ ਕਰੋ। ਇਹ ਸ਼ਹਿਰ ਹੈ। ਬੁਰਾ ਲੱਗਦਾ ਹੈ। ਪਰ ਅੰਦਰ ਬੰਸੀ ਹੁੰਦਾ ਹੈ। ਰੀਟਾ ਹੁੰਦੀ ਹੈ। ਚੰਗਾ ਨਹੀਂ ਲੱਗਦਾ ਉਨ੍ਹਾਂ ਨੂੰ ਅੰਦਰ ਸੌਣਾ। ਕਈ ਵਾਰ ਪ੍ਰਿੰਸੀ ਵੀ ਉਨ੍ਹਾਂ ਨਾਲ ਬਾਹਰ ਪੈ ਜਾਂਦੀ ਹੈ।

ਕਿੰਨੀ ਕਿੰਨੀ ਦੇਰ ਦਾਦਾ ਪੋਤੀ ਉਘ ਪਤਾਲ ਦੀਆਂ ਮਾਰਦੇ ਰਹਿਣਗੇ।

ਪਰ੍ਹੇ ਪਾਰਕ ਵਿਚ ਉਹ ਲੰਗੜਾ ਬਲਦ ਖੜ੍ਹਾ ਹੈ। ਤਿੰਨ ਲੱਤਾਂ 'ਤੇ। ਉਸ ਦੀ ਖੱਬੀ ਲੱਤ ਗੋਡੇ ਤੋਂ ਸੱਠ-ਸੱਤਰ ਦੇ ਕੋਣ 'ਤੇ ਮੁੜੀ ਪਈ ਹੈ। ਜਮੀਨ ਤੋਂ ਫੁੱਟ ਕੁ ਉਪਰ। ਹਵਾ ਵਿਚ ਲਟਕ ਰਹੀ।

ਸਾਰੀ ਰਾਤ ਭਿੱਜਦਾ ਰਿਹਾ ਹੈ ਲੰਗੜਾ ਬਲਦ। ਭਿੱਜਣ ਨਾਲ ਜਿਥੋਂ ਕਾਲਾ ਹੈ, ਉਥੋਂ ਹੋਰ ਕਾਲਾ ਤੇ ਜਿਥੋਂ ਚਿੱਟਾ ਹੈ, ਉਥੋਂ ਹੋਰ ਚਿੱਟਾ ਵਿਖਾਈ ਦਿੰਦਾ ਹੈ। ਕੁਝ ਚਿਰ ਬਾਅਦ ਢੀਚਕ ਮਾਰਦਾ ਮਾਰਦਾ ਕੂੜੇ ਵਾਲੇ ਢੋਲ ਕੋਲ ਜਾਏਗਾ ਤੇ ਗੰਦ ਮੰਦ ਵਿਚ ਮੂੰਹ ਮਾਰਨ ਲੱਗੇਗਾ। ਸਬਜ਼ੀਆਂ ਦੇ ਛਿੱਲੜ, ਫਲਾਂ ਦੀ ਰਹਿੰਦ-ਖੂੰਹਦ, ਮਕੱਈ ਦੇ ਪੱਤੇ, ਕਾਗਜ਼ ਦੇ ਟੁੱਕੜੇ...।

ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਦੀਮ ਤੋਂ ਇਥੇ ਹੋਵੇ। ਕਿਤੋਂ ਨਾ ਆਇਆ। ਪਾਰਕ ਵਿਚ ਉਗੇ ਬੱਦ-ਬਲਾਅ ਵਾਂਗ ਇਥੋਂ ਕਿਧਰੋਂ ਹੀ ਪੈਦਾ ਹੋਇਆ ਹੋਵੇ ਜਿਵੇਂ।

ਪਿਤਾ ਜੀ ਨੂੰ ਦੋ ਮਹੀਨੇ ਹੋ ਗਏ ਹਨ ਆਇਆਂ। ਪਿਤਾ ਜੀ ਆਉਣ ਤਾਂ ਚੰਗਾ ਲੱਗਦਾ ਹੈ। ਇਕ ਤਰਤੀਬ ਬਦਲਦੀ ਹੈ। ਪ੍ਰਿੰਸੀ ਨੂੰ ਸਾਥ ਮਿਲ ਜਾਂਦਾ ਹੈ। ਬੰਸੀ ਅਤੇ ਰੀਟਾ ਦੀ ਜ਼ਿੰਮੇਵਾਰੀ ਘਟ ਜਾਂਦੀ ਹੈ। ਨਹੀਂ ਤਾਂ ਕਿੰਨਾ ਸਮਾਂ ਮੰਗਦੀ ਹੈ ਪ੍ਰਿੰਸੀ। ਹਰ ਵਕਤ ਹਿਲਦੀ ਰਹੇਗੀ। ਏਨਾ ਕਿ ਖਿੱਝ ਆ ਜਾਏ। ਪ੍ਰਸ਼ਨ ਪੁੱਛ ਪੁੱਛ ਕੇ ਬੁਰਾ ਹਾਲ ਕਰ ਸੁੱਟੇਗੀ। ਹੋਰ ਨਹੀਂ ਤਾਂ ਚੀਜ਼ਾਂ ਉਥਲਦੀ ਪੁਥਲਦੀ ਰਹੇਗੀ। ਦਿਨ ਦੇ ਥੱਕੇ ਹਾਰੇ ਮਾਂ-ਬਾਪ ਲਈ ਇਹ ਮੁਸ਼ਕਿਲ ਹੁੰਦਾ ਹੈ।

ਪਿਤਾ ਜੀ ਆਏ ਸਨ ਤਾਂ ਉਨ੍ਹਾਂ ਪ੍ਰਿੰਸੀ ਦਾ 'ਡੇ ਕੇਅਰ ਸੈਂਟਰ' ਛੁਡਵਾ ਦਿੱਤਾ ਸੀ। ਮੈਂ ਸਾਰਾ ਦਿਨ ਕੀ ਕਰਾਂਗਾ। ਜਦੋਂ ਦੀ 'ਡੇ ਕੇਅਰ ਸੈਂਟਰ' ਜਾਣ ਲੱਗੀ ਹੈ, ਪ੍ਰਿੰਸੀ ਬੜੀ ਡਾਵਾਂਡੋਲ ਤੇ ਜ਼ਿੱਦੀ ਹੋ ਗਈ ਹੈ। ਗੱਲ ਗੱਲ 'ਤੇ ਛਿੱਥੀ ਪੈ ਜਾਂਦੀ ਹੈ। ਰੋਜ਼ ਜਾਣ ਲੱਗੇ ਚੀਖ ਚਿਹਾੜਾ। ਪਿਤਾ ਜੀ ਕੋਲੋਂ ਇਹ ਵੇਖਿਆ ਨਹੀਂ ਸੀ ਗਿਆ।

"ਪਿਤਾ ਜੀ ਹੁਣ ਤੁਸੀਂ ਕਦੀ ਵੀ ਨਾ ਜਾਣਾ।"

"ਨਹੀਂ ਜਾਵਾਂਗਾ ਪ੍ਰਿੰਸੀ ਪੁੱਤਰ।"

"ਪ੍ਰਿੰਸੀ ਪੁੱਤਰ ਨਹੀਂ, ਪ੍ਰਿੰਸੀ ਵਰਮਾ ਪਿਤਾ ਜੀ।"

ਰੀਟਾ ਨੂੰ ਹਾਸਾ ਆਇਆ ਪਰ ਉਹ ਹੱਸ ਨਹੀਂ ਸਕੀ। ਬੱਚੇ ਅਤੇ ਬੁੱਢੇ ਕਿਵੇਂ ਇਕ ਦੂਜੇ ਨਾਲ ਮਿਲਦੇ ਹਨ। ਉਸ ਦਿਨ ਪਿਤਾ ਜੀ ਦੀ ਦਵਾਈ ਖਤਮ ਸੀ। ਰੀਟਾ ਵਾਪਸੀ ਤੇ ਪਿਤਾ ਜੀ ਦੇ ਕਹਿਣ ਤੋਂ ਪਹਿਲਾਂ ਹੀ ਦਵਾਈ ਲੈਂਦੀ ਆਈ ਸੀ।

"ਪੁੱਤਰ ਅੱਜ ਮੈਂ ਤੈਨੂੰ ਕਹਿਣਾ ਭੁੱਲ ਗਿਆਂ ਮੇਰੀ ਦਵਾਈ...।"

"ਪਿਤਾ ਜੀ ਮੈਂ ਲੈ ਆਈ ਹਾਂ।" ਰੀਟਾ ਨੇ ਕਿਹਾ ਸੀ ਤਾਂ ਅੱਗੋਂ ਪਿਤਾ ਜੀ ਦੇ ਚਿਹਰੇ 'ਤੇ ਅਜਿਹੇ ਮਾਸੂਮ ਜਿਹੇ ਹਾਵ-ਭਾਵ ਵੇਖਣ ਨੂੰ ਮਿਲੇ ਸਨ ਜਿਹੋ ਜਿਹੇ ਪ੍ਰਿੰਸੀ ਦੇ ਚਿਹਰੇ 'ਤੇ ਵੇਖਣ ਨੂੰ ਮਿਲਦੇ ਹਨ। ਜਦੋਂ ਕਦੀ ਰੀਟਾ ਦਫਤਰੋਂ ਆਈ, ਪ੍ਰਿੰਸੀ ਦੇ ਹੱਥ ਕਦੀ ਚਾਕਲੇਟ ਪਕੜਾ ਦਏ ਜਾਂ ਕੋਈ ਦੂਸਰੀ ਫਰਮਾਇਸ਼ੀ ਵਸਤ। ਪਿਤਾ ਜੀ ਨਵੇਂ ਨਵੇਂ ਆਏ ਸਨ ਤਾਂ ਦੋ ਦਿਨ ਅਸਾਂ ਉਚੇਚ ਕੀਤਾ ਸੀ। ਕਿੰਨਾ ਕੁਝ ਜਿਹੜਾ ਖਾਸ ਹੁੰਦਾ ਹੈ। ਜਿਹੜਾ ਆਉਣ ਵਾਲੇ ਨੂੰ ਪਸੰਦ ਹੁੰਦਾ ਹੈ। ਜੇ ਆਉਣ ਵਾਲਾ ਉਸ ਉਚੇਚ, ਉਸ ਖਾਸ ਦੀ ਮਿਆਦ ਮੁੱਕਣ ਤੋਂ ਪਹਿਲਾਂ ਹੀ ਚਲਿਆ ਜਾਵੇ ਤਾਂ ਕਿੰਨਾ ਚੰਗਾ ਹੋਵੇ। ਪਰ ਪਿਤਾ ਜੀ...।

"ਕਿਧਰੇ ਪਿਤਾ ਜੀ ਪੱਕਾ ਹੀ ਏਥੇ ਰਹਿਣ ਤਾਂ ਨਹੀਂ ਆ ਗਏ?" ਰੀਟਾ ਸੋਚਦੀ ਹੈ ਪਰ ਬੰਸੀ ਨਾਲ ਗੱਲ ਨਹੀਂ ਕਰਦੀ।

"ਕੁਝ ਦਿਨ ਤਾਂ ਹੋਇਆ ਪਰ ਦੋ ਮਹੀਨੇ...?" ਬੰਸੀ ਸੋਚਦਾ ਹੈ ਪਰ ਰੀਟਾ ਨਾਲ ਇਸ ਦਾ ਜ਼ਿਕਰ ਕਰਨਾ ਜਾਇਜ਼ ਨਹੀਂ ਸਮਝਦਾ।

ਇਕ ਤਾਂ ਕਮਰਾ ਹੈ। ਫਿਰ ਕੋਈ ਯਾਰ ਦੋਸਤ ਹੀ ਆ ਜਾਂਦਾ ਹੈ। ਕੁਝ ਦਿਨ ਤਾਂ ਉਹ ਕਈਆਂ ਨੂੰ ਇਹ ਕਹਿ ਕੇ ਟਾਲ ਚੁਕਾ ਹੈ ਕਿ ਪਿਤਾ ਜੀ ਆਏ ਹੋਏ ਹਨ।

"ਪਿਤਾ ਜੀ ਤਾਂ ਕਿਧਰੇ ਘੁੰਮਣ ਫਿਰਨ ਵੀ ਨਹੀਂ ਜਾਂਦੇ। ਸਾਰਾ ਦਿਨ ਘਰ ਪਏ ਰਹਿਣਗੇ।" ਰੀਟਾ ਆਖਦੀ ਹੈ।

ਅੱਗੇ ਪਿਤਾ ਜੀ ਆਉਂਦੇ ਪਿੱਛੋਂ ਸਨ; ਰਵੀ, ਰਵੀ ਦੇ ਬੱਚੇ, ਰਵੀ ਦਾ ਮੁਰਗੀਖਾਨਾ ਉਨ੍ਹਾਂ ਨੂੰ ਪਹਿਲਾਂ ਯਾਦ ਆਉਣ ਲੱਗ ਪੈਂਦੇ ਸਨ। ਅਜੇ ਚਾਰ ਦਿਨ ਪਿਆ ਕਰਦੇ ਸਨ ਕਿ ਰਵੀ ਦਾ ਫੋਨ ਆ ਜਾਇਆ ਕਰਦਾ ਸੀ। ਰੀਟਾ ਗਿਲਾ ਕਰਦੀ, "ਪਿਤਾ ਜੀ ਤੁਸੀਂ ਉਨ੍ਹਾਂ ਨੂੰ ਜ਼ਿਆਦਾ ਪਿਆਰ ਕਰਦੇ ਹੋ।" ਪਿਤਾ ਜੀ ਹੱਸ ਪੈਂਦੇ ਸਨ।

ਪਿਤਾ ਜੀ ਦਾ ਆਉਣਾ ਬੜਾ ਸਕੂਨ ਭਰਿਆ ਹੁੰਦਾ ਸੀ। ਦੋਵੇਂ ਪਤੀ ਪਤਨੀ ਜਿਵੇਂ ਪਿਤਾ ਜੀ ਦੇ ਆਉਣ ਨਾਲ ਇਕ ਦੂਸਰੇ ਦੇ, ਇਕ ਦੂਸਰੇ ਦੀ ਖੂਬਸੂਰਤੀ ਦੇ ਹੋਰ ਨੇੜੇ ਆ ਜਾਇਆ ਕਰਦੇ ਸਨ। ਪਿਤਾ ਜੀ ਦੇ ਜਾਣ 'ਤੇ ਇਕ ਖੁਸ਼ਬੂ ਕਿੰਨੇ ਕਿੰਨੇ ਦਿਨ ਘਰ ਨੂੰ ਭਰੀ ਰੱਖਿਆ ਕਰਦੀ ਸੀ। ਖੁੱਸ ਗਈ ਆਜ਼ਾਦੀ ਦਾ ਮੁੜ ਮਿਲ ਜਾਣਾ ਆਜ਼ਾਦੀ ਦੇ ਅਹਿਸਾਸ ਨੂੰ ਹਰਾ-ਭਰਾ ਕਰ ਦਿੰਦਾ ਸੀ।

"ਰੀਟਾ ਪੁੱਤਰ ਮੈਂ ਸਵੇਰੇ ਚਲੇ ਜਾਣਾ ਹੈ। ਬੜੇ ਦਿਨ ਹੋ ਗਏ ਨੇ ਆਇਆਂ।"

ਅੱਗੋਂ ਉਹ ਝੂਠ ਮੂਠ ਦੀ ਜ਼ਿੱਦ ਕਰੇ।

"ਪਿਤਾ ਜੀ ਤੁਸੀਂ ਤਾਂ ਦਿਨ ਗਿਣਦੇ ਹੋ। ਪ੍ਰਿੰਸੀ, ਪਿਤਾ ਜੀ ਨੂੰ ਕਹਿ ਅਸੀਂ ਤੁਹਾਨੂੰ ਹੁਣ ਜਾਣ ਨਹੀਂ ਦੇਣਾ।"

ਪਿਤਾ ਜੀ ਨੂੰ ਆਇਆਂ ਦੋ ਕੁ ਦਿਨ ਹੋਏ ਸਨ। ਬੰਸੀ ਇਕ ਵਾਰ ਉਨ੍ਹਾਂ ਨੂੰ ਤੇ ਪ੍ਰਿੰਸੀ ਨੂੰ ਘੁਮਾਉਣ ਲੈ ਕੇ ਗਿਆ ਸੀ।

"ਘਰ ਕੀ ਬੈਠੇ ਰਹਿੰਦੇ ਹੋ। ਚਲੋ ਬਾਜ਼ਾਰ ਚਲਦੇ ਆਂ।" ਵਾਪਸੀ 'ਤੇ ਪਿਤਾ ਜੀ ਖੁਸ਼ ਸਨ। ਪ੍ਰਿੰਸੀ ਖੁਸ਼ ਸੀ।

ਇਕ ਵਾਰ ਉਹ ਬਾਅਦ ਵਿਚ ਵੀ ਪਿਤਾ ਜੀ ਨੂੰ ਲੈ ਗਿਆ ਸੀ।

ਹੁਣ ਕਈ ਵਾਰ ਰੀਟਾ ਆਖਦੀ ਹੈ, "ਪਿਤਾ ਜੀ ਨੂੰ ਜਾਓ ਘੁਮਾ ਹੀ ਲਿਆਓ। ਨਾਲੇ ਮੈਂ ਘਰ ਦੀ ਸਫਾਈ ਕਰ ਲਵਾਂ।"

"ਪਿਤਾ ਜੀ ਦੇ ਹੁੰਦਿਆਂ ਨਹੀਂ ਹੋ ਸਕਦੀ ਸਫਾਈ?" ਬੰਸੀ ਦੀ ਅਵਾਜ਼ ਵਿਚ ਖਿੱਝ ਹੁੰਦੀ ਹੈ, ਜਿਹੋ ਜਿਹੀ ਸਾਰੇ ਦਿਨ ਦੇ ਥੱਕੇ, ਖਰਚ ਹੋਏ ਬੰਦੇ ਵਿਚ ਹੁੰਦੀ ਹੈ। ਬੰਸੀ ਦੀ ਖਿੱਝ ਦੇ ਜਵਾਬ ਵਿਚ ਪੈਦਾ ਹੋਈ ਖਿੱਝ ਨੂੰ ਰੀਟਾ ਅੱਗੇ ਪਾ ਦਿੰਦੀ ਹੈ। ਉਨ੍ਹਾਂ ਗੱਲਾਂ, ਉਨ੍ਹਾਂ ਪ੍ਰਤੀਕ੍ਰਿਆਵਾਂ ਵਾਂਗ ਜਿਹੜੀਆਂ ਉਹ ਪਿਤਾ ਜੀ ਦੇ ਸਾਹਮਣੇ ਨਹੀਂ ਕਰਦੇ, ਜਾਂ ਜ਼ਾਹਰ ਨਹੀਂ ਕਰਦੇ। ਉਸ ਸਮੇਂ ਲਈ ਰੱਖ ਲੈਂਦੇ ਹਨ, ਜਦੋਂ ਪਿਤਾ ਜੀ ਪ੍ਰਿੰਸੀ ਨੂੰ ਲੈ ਕੇ ਬਾਹਰ ਘੁਮਾ ਰਹੇ ਹੋਣਗੇ। ਜਾਂ ਬਾਜ਼ਾਰ ਨਿਕਲ ਜਾਣਗੇ ਥੋੜ੍ਹੀ ਦੂਰ। ਕਿਸੇ ਰੇਹੜੀ ਵਾਲੇ ਨੂੰ ਰੋਕ ਕੇ ਖੜ੍ਹੇ ਹੋਣਗੇ। ਜਾਂ ਪਿਤਾ ਜੀ ਜਦੋਂ ਚਲੇ ਜਾਣਗੇ ਵਾਪਸ ਪਿੰਡ।

ਪਾਰਕ ਵਿਚੋਂ ਮਿੱਟੀ ਪੁੱਟ ਪੁੱਟ ਕੇ ਲੋਕ ਆਪਣੇ ਵਿਹੜਿਆਂ ਵਿਚ ਭਰਤੀ ਪਾ ਲੈਂਦੇ ਹਨ। ਟੋਏ ਪੈ ਜਾਂਦੇ ਹਨ। ਟੋਇਆਂ ਵਿਚ ਅੱਜ ਕੱਲ੍ਹ ਬਰਸਾਤ ਦਾ ਪਾਣੀ ਭਰ ਗਿਆ ਹੈ। ਖੜ੍ਹੇ ਪਾਣੀ ਵਿਚ ਮੱਛਰ ਪੈਦਾ ਹੋ ਰਹੇ ਹਨ। ਘਾਹ-ਪਤਾਣ



ਗੋਡੇ ਗੋਡੇ ਉਚਾ ਹੋ ਗਿਆ ਹੈ। ਕੂੜੇ ਵਾਲੇ ਢੋਲ ਕੋਲ ਕਾਂ ਗੰਦ ਫਰੋਲ ਰਹੇ ਹਨ।

ਲੰਗੜਾ ਬਲਦ ਆਪਣੇ ਉਪਰ ਬੈਠੇ ਤੇ ਚੁੰਝਾਂ ਪੂੰਝ ਰਹੇ ਕਾਂਵਾਂ ਨੂੰ ਉਡਾਉਣ ਦੀ ਅਸਫਲ ਕੋਸ਼ਿਸ਼ ਕਰ ਰਿਹਾ ਹੈ।

"ਰੀਟਾ ਬੇਟੇ ਆਟੇ ਦਾ ਇਕ ਪੇੜਾ ਹੋਵੇਗਾ, ਬਲਦ ਨੂੰ ਦੇਣਾ ਹੈ। ਮੰਗਲਵਾਰ ਏ ਨਾ ਅੱਜ।"

"ਅੱਜ ਤਾਂ ਵੀਰਵਾਰ ਏ ਪਿਤਾ ਜੀ।"

"ਵੀਰਵਾਰ ਵੀ ਚੰਗਾ ਏ। ਗੋਕੇ ਨੂੰ ਪੇੜਾ ਦਿੱਤਾ ਚੰਗਾ ਹੁੰਦਾ ਏ।"

ਬੰਸੀ ਉਦੋਂ ਨਿੱਕਾ ਹੁੰਦਾ ਸੀ। ਮਸਾਂ ਸੱਤ-ਅੱਠ ਸਾਲ ਦਾ। ਉਨ੍ਹਾਂ ਦੀ ਦਾਦੀ ਪਿੰਡੋਂ ਆਈ ਹੁੰਦੀ ਸੀ। ਕੁਝ ਦਿਨ ਹੀ ਉਸ ਨੂੰ ਆਇਆਂ ਹੁੰਦੇ ਸਨ ਕਿ ਮਾਂ ਦਾਦੀ ਦਾ ਜੀਣਾ ਹਰਾਮ ਕਰ ਦਿਆ ਕਰਦੀ ਸੀ। ਲਾਚਾਰ ਹੋਈ ਦਾਦੀ ਪਿਤਾ ਜੀ ਨੂੰ ਦੱਸਦੀ। ਪਿਤਾ ਜੀ ਊਧਮ ਮਚਾ ਦਿੰਦੇ। ਇਕ ਯੁੱਧ ਸ਼ੁਰੂ ਹੋ ਜਾਂਦਾ ਘਰ ਵਿਚ। ਅੱਗੇ ਅੱਗੇ ਮਾਂ ਹੁੰਦੀ, ਪਿੱਛੇ ਪਿੱਛੇ ਪਿਤਾ ਜੀ। ਦਾਦੀ ਹਾਲ ਪਾਹਰਿਆ ਕਰਦੀ ਚਲੀ ਜਾਂਦੀ।

ਅੰਤ ਮਾਂ ਆਪਣੇ ਆਪ 'ਤੇ ਤੇਲ ਪਾ ਕੇ ਸੜ ਜਾਣ ਦੀ ਧਮਕੀ ਦਿੰਦੀ। ਘਬਰਾਈ ਹੋਈ ਦਾਦੀ ਪਿੰਡ ਪਰਤ ਜਾਂਦੀ।

ਕਿੰਨਾ ਰੋਹਬ ਹੁੰਦਾ ਸੀ ਪਿਤਾ ਜੀ ਦਾ। ਜਿੰਨਾ ਘਰ, ਓਨਾ ਬਾਹਰ। ਕਦੀ ਪਤੰਗ ਉਡਾਉਂਦੇ ਕਾਬੂ ਆ ਜਾਓ ਤਾਂ ਸਮਝੋ ਮਾਰੇ ਗਏ, ਉਹ ਛਿੱਤਰ-ਪੌਲਾ ਹੁੰਦਾ ਕਿ ਰਹੇ ਰੱਬ ਦਾ ਨਾਂ। ਉਪਰ ਹੱਥ ਕਰਕੇ ਦੋਵੇਂ ਭਰਾ ਧੁੱਪ 'ਚ ਖੜ੍ਹੇ ਰਹੋ, ਘੰਟਿਆਂਬੱਧੀ। ਮਾਂ ਛੁਡਾਉਣ ਦੀ ਥਾਂ ਖੁਸ਼ ਹੁੰਦੀ।

"ਤੁਸੀਂ ਇਸੇ ਵਾਹ ਜੋਗੇ ਹੋ। ਹੁਣ ਬੋਲੋ। ਮੇਰੇ ਅੱਗੇ ਤਾਂ ਚਬੜ-ਚਬੜ ਕਰਦੇ ਨਹੀਂ ਹਟਦੇ।"

ਕਦੀ ਕੋਈ ਪਿਤਾ ਜੀ ਨੂੰ ਸਖਤੀ ਤੋਂ ਵਰਜਦਾ ਤਾਂ ਉਤਰ ਮਿਲਦਾ, "ਰੰਬਾ ਤੇ ਪੁੱਤ ਚੰਡੇ ਹੀ ਕੰਮ ਆਉਂਦੇ ਹਨ।" ਬੰਸੀ ਸੋਚਦਾ ਹੈ ਬੱਸ ਇਹੀ ਕਿਉਂ ਯਾਦ ਹੈ, ਜਾਂ ਉਸ ਨੂੰ ਬਾਰ-ਬਾਰ ਯਾਦ ਆਉਂਦਾ ਹੈ ਆਪਣੇ ਬਚਪਨ ਬਾਰੇ। ਕਿੰਨਾ ਕੁਝ ਅਜਿਹਾ ਵੀ ਤਾਂ ਹੋਵੇਗਾ ਜੋ ਸੁਖਦਾਈ ਰਿਹਾ ਹੋਵੇਗਾ।

ਤਿੰਨ ਮਹੀਨੇ ਪਹਿਲਾਂ ਮਾਂ ਮਰ ਗਈ ਹੈ।

ਮਾਂ ਦੇ ਜਾਣ ਪਿੱਛੋਂ ਪਹਿਲੀ ਵਾਰ ਆਏ ਹਨ ਪਿਤਾ ਜੀ। ਮਾਂ ਨਾਲ ਪਿਤਾ ਜੀ ਦੀ ਕਦੀ ਨਹੀਂ ਬਣੀ। ਸ਼ਾਇਦ ਪਿਤਾ ਜੀ ਇਸੇ ਕਾਰਨ ਦੋ ਮਹੀਨੇ ਤੋਂ ਇਥੇ ਟਿਕੇ ਹੋਏ ਹਨ।

ਪਿਤਾ ਜੀ ਦੀ ਮਾਂ ਨਾਲ ਕਦੀ ਨਾ ਬਣੀ ਹੋਵੇ ਪਰ ਪਿਤਾ ਜੀ ਮਾਂ ਦੀ ਗੈਰ-ਹਾਜ਼ਰੀ ਵਿਚ ਮਾਂ ਬਾਰੇ ਹਮੇਸ਼ਾ ਚੰਗਾ ਬੋਲੇ ਹਨ। ਮਾਂ ਦੀ, ਮਾਂ ਦੇ ਬਣਾਏ ਖਾਣੇ ਦੀ, ਮਾਂ ਦੀ ਸਫਾਈ ਦੀ, ਹਮੇਸ਼ਾ ਤਾਰੀਫ ਕੀਤੀ ਹੈ।

ਜਦੋਂ ਮਾਂ ਸੀ ਪਿਤਾ ਜੀ ਤੀਸਰੇ ਦਿਨ ਵਾਪਸ ਜਾਣ ਦੀਆਂ ਗੱਲਾਂ ਕਰਨ ਲੱਗ ਪਿਆ ਕਰਦੇ ਸਨ। ਬਹਾਨਾ ਚਾਹੇ ਰਵੀ ਦੇ ਬੱਚੇ ਹੁੰਦੇ ਸਨ, ਚਾਹੇ ਰਵੀ ਦਾ ਮੁਰਗੀਖਾਨਾ।

ਪਿਤਾ ਜੀ ਇਸ ਵਕਤ ਬਾਹਰ ਪ੍ਰਿੰਸੀ ਨੂੰ ਲਈ ਖੜ੍ਹੇ ਹਨ। ਉਨ੍ਹਾਂ ਕੋਲ ਮਕਾਨ ਮਾਲਕਣ ਖੜ੍ਹੀ ਹੈ।

ਪਿਤਾ ਜੀ ਦੀ ਅਵਾਜ਼ ਵਿਚ ਇਕ ਚਮਕ ਹੈ। ਇਕ ਉਚੇਚਾਪਨ ਹੈ। ਰੀਟਾ ਸ਼ਰਾਰਤ ਕਰਦੀ ਹੈ, "ਪਿਤਾ ਜੀ ਨੂੰ ਕਿਧਰੇ ਇਸ਼ਕ ਤੇ ਨਹੀਂ ਹੋ ਗਿਆ?"

"ਸ਼ਰਮ ਕਰ ਕੁਝ। ਸਿੱਧਾ ਕਿਉਂ ਨਹੀਂ ਆਖਦੀ ਕਿ ਪਿਤਾ ਜੀ ਤੋਂ ਅੱਕ ਗਈ ਏਂ।"

ਪਿਤਾ ਜੀ ਏਥੇ ਬਸ ਕਦੀ ਕਦਾਈਂ ਹੀ ਆਉਂਦੇ ਹਨ। ਉਹ ਵੀ ਕਈ ਕਈ ਚਿੱਠੀਆਂ, ਸੁਨੇਹਿਆਂ ਤੋਂ ਪਿੱਛੋਂ। ਆਉਂਦੇ ਹਨ ਤਾਂ ਕੁਝ ਦਿਨ ਬਾਅਦ ਚਲੇ ਜਾਂਦੇ ਹਨ।

"ਏਥੇ ਮੇਰਾ ਜੀਅ ਨਹੀਂ ਲੱਗਦਾ। ਸਾਰਾ ਦਿਨ ਬੰਦਾ ਸੌਂ-ਬੈਠ ਕੇ ਵੀ ਕੀ ਕਰੇ। ਫਿਰ ਇਕ ਤਾਂ ਕਮਰਾ ਹੈ। ਮੈਨੂੰ ਇਹ ਚੰਗਾ ਨਹੀਂ ਲੱਗਦਾ। ਮੈਨੂੰ ਥੈਲੀਆਂ ਦੇ ਦੁੱਧ ਦੀ ਚਾਹ ਵੀ ਚੰਗੀ ਨਹੀਂ ਲੱਗਦੀ। ਉਥੇ ਰਵੀ ਹੈ, ਰਵੀ ਦੀ ਬੀਵੀ ਸਾਰਾ ਦਿਨ ਘਰ ਹੁੰਦੀ ਹੈ। ਫਿਰ ਉਸ ਦਾ ਮੁਰਗੀਖਾਨਾ ਹੈ। ਛੋਟੇ-ਛੋਟੇ ਕੰਮ ਪਿਤਾ ਜੀ ਨੇ ਆਪਣੇ ਜ਼ਿੰਮੇ ਲਏ ਹੋਏ ਹਨ। ਆਉਣਗੇ ਤਾਂ ਉਨ੍ਹਾਂ ਕੋਲ ਕਰਨ ਵਾਲੇ ਬਕਾਇਆ ਕੰਮਾਂ ਦੀ ਸੂਚੀ ਹੋਵੇਗੀ। ਜਿਹੜੇ ਉਨ੍ਹਾਂ ਦੇ ਬਿਨਾ ਵੀ ਹੋ ਜਾਣੇ ਹੁੰਦੇ ਹਨ, ਪਰ ਉਨ੍ਹਾਂ ਨੂੰ ਫਿਕਰ ਹੁੰਦਾ ਹੈ। ਰਵੀ ਲਾਪ੍ਰਵਾਹ ਹੈ। ਉਸ ਦੀ ਬੀਵੀ ਮੂਰਖ ਹੈ। ਰੱਬ ਆਸਰੇ ਹੀ ਤੁਰੀ ਜਾਂਦੀ ਹੈ ਉਸ ਦੀ ਗੱਡੀ। ਸਭ ਰੱਬ ਦੀਆਂ ਦਿੱਤੀਆਂ ਖਾਣ ਵਾਲੇ ਨੇ। ਅੱਗੋਂ ਬੋਲ ਪੈਂਦਾ ਹੈ ਕਦੀ ਕਦੀ ਪਰ ਦਿਲ ਦਾ ਬੁਰਾ ਨਹੀਂ ਹੈ ਰਵੀ। ਉਸ ਦੇ ਮਨ ਵਿਚ ਕੁਝ ਨਹੀਂ। ਮੁਰਗੀਖਾਨੇ ਦਾ ਧੰਦਾ ਵੀ ਹੁਣ...। ਕੰਪੀਟੀਸ਼ਨ ਬੜਾ ਵਧ ਗਿਐ। ਫੀਡ ਦਾ ਹੀ ਰੇਟ ਮਾਣ ਨਹੀਂ। ਮੈਂ ਤਾਂ ਕਈ ਵਾਰ ਕਿਹੈ ਬਰਾਇਲਰ ਰੱਖ ਲਵੇ। ਫਿਰ ਉਸ ਦੀਆਂ ਦੋ ਕੁੜੀਆਂ ਨੇ। ਤੇਰੇ ਚਾਚੇ ਦਾ ਝਗੜਾ ਅਜੇ ਵੀ ਚੱਲ ਰਿਹੈ। ਦਸ ਕੁ ਦਿਨ ਪਹਿਲਾਂ ਗਵਾਹੀਆਂ ਹੋ ਗਈਆਂ ਨੇ...।

ਬੰਸੀ ਲਈ ਇਨ੍ਹਾਂ ਗੱਲਾਂ ਦੀ ਅਹਿਮੀਅਤ ਬੱਸ ਏਨੀ ਕੁ ਹੁੰਦੀ ਹੈ ਕਿ ਕੋਲ ਕੋਲ ਬੈਠੇ ਸ਼ਖਸ ਚੁੱਪ ਤੋਂ ਬਚ ਜਾਂਦੇ ਹਨ। ਇਕ ਸਿਲਸਿਲਾ ਬਣਿਆ ਰਹਿੰਦਾ ਹੈ। ਨਹੀਂ ਤਾਂ ਚਾਰ ਪੰਜ ਦਿਨ ਬਾਅਦ ਲੱਗਣ ਲੱਗਦਾ ਹੈ ਕਿ ਕਿਹੜੀ ਗੱਲ ਕੀਤੀ ਜਾਵੇ। ਸਾਰੀ ਸ਼ਕਤੀ ਚੋਣ ਕਰਦਿਆਂ ਲੱਗ ਜਾਂਦੀ ਹੈ।

ਰੀਟਾ ਆਖਦੀ ਹੈ, "ਪਿਤਾ ਜੀ ਦੀ ਕੋਈ ਹਾਬੀ ਵੀ ਨਹੀਂ, ਬੱਸ ਲੈ ਦੇ ਕੇ ਅਖਬਾਰ ਹੈ।"

ਬੰਸੀ ਨੂੰ ਚੰਗਾ ਲੱਗਦਾ ਹੈ ਜੋ ਇਸ ਵਾਰ ਪਿਤਾ ਜੀ ਮਕਾਨ ਮਾਲਕਣ ਨਾਲ ਗੱਲਬਾਤ ਕਰ ਲੈਂਦੇ ਹਨ। ਨਹੀਂ ਤਾਂ ਪਹਿਲਾਂ ਕਦੀ ਦੁਆ ਸਲਾਮ ਤੋਂ ਅੱਗੇ ਨਹੀਂ ਸਨ ਗਏ। ਮਕਾਨ ਮਾਲਕਣ ਨੂੰ ਵੀ ਸ਼ੂਗਰ ਹੈ। ਗੋਡਿਆਂ ਦੇ ਦਰਦ ਲਈ ਮੇਥਰਿਆਂ ਦੀ ਚਟਣੀ ਬੜੀ ਲਾਭਕਾਰੀ ਹੁੰਦੀ ਹੈ। ਸ਼ਹਿਦ ਵਿਚ ਅਦਰਕ ਦਾ ਪਾਣੀ ਮਿਲਾ ਕੇ ਲਿਆ ਜਾਵੇ ਤਾਂ ਖਾਂਸੀ ਘਟ ਜਾਂ ਹਟ ਜਾਂਦੀ ਹੈ। ਐਲੋਪੈਥਿਕ ਦਵਾਈਆਂ ਦੇ ਫਾਇਦੇ ਓਨੇ ਨਹੀਂ, ਜਿੰਨੇ ਨੁਕਸਾਨ ਹਨ।

"ਕੁਸ਼ੱਲਿਆ ਜੀ ਤੁਸੀਂ ਆਪਣੇ ਆਪ ਦਾ ਧਿਆਨ ਰੱਖਿਆ ਹੋਇਆ ਹੈ। ਬੜੀ ਅੱਛੀ ਸਿਹਤ ਹੈ ਤੁਹਾਡੀ। ਦੋਵੇਂ ਖੜ੍ਹੇ ਹੋਣ ਤਾਂ ਸੁਣਨ ਨੂੰ ਮਿਲਦਾ ਹੈ।

"ਇਨ੍ਹਾਂ ਕੋਲ ਵੀ ਰਿਹਾ ਕਰੋ ਨਾ, ਇਹ ਵੀ ਤਾਂ ਤੁਹਾਡੇ ਨੂੰਹ-ਪੁੱਤਰ ਨੇ। ਆਪਣੀ ਪੋਤੀ ਤਾਂ ਵੇਖੋ ਹਰ ਵੇਲੇ ਪਿਤਾ ਜੀ, ਪਿਤਾ ਜੀ ਕਰਦੀ ਨਹੀਂ ਥੱਕਦੀ।

"ਕੁਸ਼ੱਲਿਆ ਜੀ ਬੱਚਾ ਤਾਂ ਹੁੰਦਾ ਹੀ ਪਿਆਰ ਦਾ ਹੈ।"

ਰੀਟਾ ਕੁਝ ਕਰ ਰਹੀ ਹੋਵੇਗੀ, ਪਰ ਉਸ ਦੇ ਕੰਨ ਉਨ੍ਹਾਂ ਦੋਹਾਂ ਵੱਲ ਹੋਣਗੇ। ਕਹੇਗੀ, "ਸੱਚੀਂ ਬੁਢਾਪਾ ਬੜੀ ਬੁਰੀ ਚੀਜ਼ ਹੈ। ਕਦੀ ਸਾਡੇ ਨਾਲ ਵੀ ਇੰਜ ਹੀ ਹੋਵੇਗਾ? ਅਸੀਂ ਤਾਂ ਚੰਗੇ ਹਾਂ। ਕੋਈ ਜ਼ਿੰਮੇਵਾਰੀ ਨਹੀਂ ਹੈ। ਮੇਰੀ ਇਕ ਸਹੇਲੀ ਦੀਆਂ ਤਿੰਨ ਨਨਾਣਾਂ ਨੇ ਵਿਆਹੁਣ ਵਾਲੀਆਂ। ਤੇ ਸਹੁਰੇ ਦੀ ਪੈਨਸ਼ਨ ਅੱਠ ਨੌਂ ਸੌ ਹੈ। ਸਾਰੀ ਉਮਰ ਉਨ੍ਹਾਂ ਦੇ ਵਿਆਹ ਕਰਦੇ ਰਹੋ, ਜ਼ਿੰਮੇਵਾਰੀਆਂ ਨਿਭਾਉਂਦੇ ਰਹੋ। ਆਪਣੀ ਜ਼ਿੰਦਗੀ ਕਦੋਂ ਜੀਣੀ ਹੈ।"

ਕੱਲ੍ਹ ਸ਼ਾਮ ਬੰਸੀ ਦੇ ਦੋਸਤ ਆ ਗਏ ਸਨ। ਬੀਅਰ ਸੀ। ਡਰ ਸੀ ਕਿ ਪਿਤਾ ਜੀ ਬੁਰਾ ਮੰਨ ਜਾਣਗੇ। ਘਰ ਤੇ ਸ਼ਰਾਬ? ਦੋਸਤਾਂ ਦੇ ਚਲੇ ਜਾਣ ਬਾਅਦ ਪਿਤਾ ਜੀ ਜ਼ਰੂਰ ਬੁਰਾ ਭਲਾ ਕਹਿਣਗੇ। ਇਹ ਕੀ ਕੰਮ ਫੜ ਰੱਖਿਐ ਤੂੰ। ਇਕ ਕਮਰਾ ਹੈ। ਜੇ ਖੇਹ ਖਾਣੀ ਹੀ ਹੈ ਤਾਂ ਬਾਹਰ ਖਾ ਮਰ ਆਇਆ ਕਰ। ਰੀਟਾ ਨੂੰ ਕਹਿਣਗੇ, "ਕੁੜੀਏ ਤੂੰ ਨਹੀਂ ਰੋਕ ਸਕਦੀ ਇਸ ਨੂੰ?" ਪਰ ਪਿਤਾ ਜੀ ਨੇ ਕੁਝ ਨਹੀਂ ਸੀ ਕਿਹਾ। ਬੰਸੀ ਉਡੀਕਦਾ ਰਿਹਾ ਸੀ ਪਿਤਾ ਜੀ ਕੁਝ ਕਹਿਣ। ਸਵੇਰੇ ਇਕ ਦੋਸਤ ਨੇ ਕਿਹਾ ਸੀ, ਬੜੇ ਜ਼ਿੰਦਾ-ਦਿਲ ਹਨ ਤੇਰੇ ਫਾਦਰ ਬੌਸ। ਤਾਂ ਬੰਸੀ ਨੂੰ ਲੱਗਾ ਸੀ ਜਿਵੇਂ ਉਹ ਮਜ਼ਾਕ ਕਰ ਰਿਹਾ ਸੀ।

"ਯਾਰ ਬੁਢਾਪੇ ਵਿਚ ਬੰਦੇ ਨੂੰ ਇਹ ਸੈਂਸ ਨਹੀਂ ਰਹਿੰਦੀ ਕਿ ਅਗਲਾ ਉਸ ਦੀ ਗੱਲ ਸੁਣ ਵੀ ਰਿਹਾ ਹੈ ਕਿ ਨਹੀਂ। ਬੱਸ ਆਪਣੀਆਂ ਮਾਰੀ ਜਾਂਦਾ ਹੈ ਬੰਦਾ।"

"ਮੇਰੇ ਡੈਡੀ ਦਾ ਵੀ ਇਹੀ ਹਾਲ ਹੈ। ਕਈ ਵਾਰ ਤਾਂ ਸ਼ਰਮਸਾਰ ਹੋਣਾ ਪੈਂਦਾ ਹੈ। ਕੀਤਾ ਕੀ ਜਾ ਸਕਦਾ ਹੈ। ਤੂੰ ਤਾਂ ਫਿਰ ਵੀ ਲੱਕੀ ਹੈਂ। ਤੇਰੇ ਫਾਦਰ ਤਾਂ ਕੁਝ ਦਿਨਾਂ ਬਾਅਦ ਚਲੇ ਜਾਣਗੇ।"

ਮਕਾਨ ਮਾਲਕਣ ਦਾਲ ਦਾ ਕੌਲ ਲੈ ਕੇ ਆਈ ਹੈ। "ਰੀਟਾ ਅਹਿ ਪਕੜਨਾ, ਤੁਹਾਡੇ ਪਿਤਾ ਜੀ ਨੂੰ ਮਾਂਹ ਬਹੁਤ ਪਸੰਦ ਨੇ। ਮੈਂ ਉਚੇਚੇ ਬਣਾਏ ਨੇ ਅੱਜ।"

ਮਕਾਨ ਮਾਲਕਣ ਨੇ ਕਮਰੇ ਵਿਚ ਝਾਕਿਆ ਹੈ, "ਕਿਧਰ ਗਏ ਨੇ?"

*(ਬਾਕੀ ਅਗਲੇ ਸਫੇ 'ਤੇ)*

# ਕਾਠ ਕਫਨ



ਕਿਰਪਾਲ ਕੌਰ
ਫੋਨ: 815-356-9535

ਕੁਝ ਸਮਾਂ ਪਹਿਲਾਂ ਇਸ ਸ਼ਮਸ਼ਾਨਘਾਟ ਤੋਂ ਅੱਗੇ ਕੁਝ ਨਹੀਂ ਸੀ ਹੁੰਦਾ, ਹੁਣ ਤਾਂ ਪੂਰਾ ਸ਼ਹਿਰ ਵੱਸ ਗਿਆ ਹੈ। ਦਰਿਆ ਦੇ ਕੰਢੇ ਤੱਕ ਕਾਰਖਾਨੇ ਲੱਗ ਗਏ ਹਨ। ਸ਼ਮਸ਼ਾਨ ਦੇ ਬਿਲਕੁਲ ਸਾਹਮਣੇ ਬਹੁਤ ਵੱਡਾ ਪਲਾਟ ਖਾਲੀ ਪਿਆ ਹੈ। ਪਲਾਟ ਨਹੀਂ, ਇਹ ਤਾਂ ਕਿਸੇ ਨੇ ਕੋਈ ਕਾਲੋਨੀ ਬਣਾਉਣ ਲਈ ਜਮੀਨ ਲਈ ਸੀ। ਕੋਈ ਅੜਿਕਾ ਪੈਣ ਕਰਕੇ ਹੁਣ ਇਹ ਖਾਲੀ ਪਈ ਹੈ। ਕੰਡਿਆਲੀ ਤਾਰ ਇਸ ਦੇ ਚਾਰ-ਚੁਫੇਰੇ ਲਾਈ ਹੋਈ ਹੈ।

ਉਹ ਤਾਰ ਇਥੋਂ ਕੱਟ ਕੇ ਲੋਕਾਂ ਨੇ ਰਾਹ ਬਣਾ ਲਿਆ ਹੈ। ਸਫਾਈ ਸੇਵਾਦਾਰ ਘਰਾਂ ਦਾ ਕੂੜਾ ਇਕੱਠਾ ਕਰਕੇ ਅੰਦਰ ਆਪਣਾ ਰਿਕਸ਼ਾ ਲੰਘਾ ਸੁੱਟ ਜਾਂਦੇ ਹਨ। ਕਮੇਟੀ ਵਲੋਂ ਦੱਸੀ ਹੋਈ ਥਾਂ ਦੂਰ ਪੈਂਦੀ ਹੈ। ਕਈਆਂ ਨੇ ਇਥੇ ਝੌਂਪੜੀਆਂ ਵੀ ਬਣਾ ਲਈਆਂ ਹਨ। ਇਨ੍ਹਾਂ ਝੌਂਪੜੀਆਂ ਵਿਚੋਂ ਇਕ ਵਿਚ ਰਾਜੂ ਵੀ ਕੁਝ ਦਿਨਾਂ ਤੋਂ ਰਹਿੰਦਾ ਹੈ।

ਰਾਜੂ ਜਦੋਂ ਆਪਣੀ ਸਵਿਤਰੀ ਨੂੰ ਲੈਣ ਗਿਆ ਸੀ, ਜਾਣ ਤੋਂ ਪਹਿਲਾਂ ਪੱਕੇ ਸਾਫ-ਸੁਥਰੇ ਕਮਰੇ ਦੀ ਚਾਬੀ ਜੇਬ ਵਿਚ ਪਾ ਕੇ ਤੁਰਿਆ ਸੀ। ਨਾਲ ਛੋਟੀ ਜਿਹੀ ਰਸੋਈ ਤੇ ਬਾਥਰੂਮ ਵੀ ਸੀ। ਜੇਬ ਵਿਚ ਦੋ ਹਜ਼ਾਰ ਤੋਂ ਵੱਧ ਨਗਦੀ ਵੀ। ਹਫਤੇ ਦੀ ਛੁੱਟੀ ਲੈ ਕੇ ਗਿਆ ਸੀ। ਬਾਪੂ ਦੀ ਬਿਮਾਰੀ ਕਾਰਨ ਦੋ ਮਹੀਨੇ ਲੱਗ ਗਏ। ਵਾਪਸ ਆਏ ਨੂੰ ਨੌਕਰੀ ਤੋਂ ਵੀ ਜਵਾਬ ਮਿਲ ਗਿਆ, ਕਮਰਾ ਕਿਥੋਂ ਮਿਲਣਾ ਸੀ! ਨੀਲੇ ਅਸਮਾਨ ਹੇਠ ਖਾਲੀ ਜੇਬ ਰਾਤ ਨੂੰ ਇਥੇ ਟਿਕਾਣਾ ਮਿਲਿਆ।

ਇਕ ਮਾਈ ਕੋਲ ਇਹ ਟੁੱਟਾ ਰਿਕਸ਼ਾ ਸੀ। ਉਸ ਦਾ ਚਲਾਉਣ ਵਾਲਾ ਮਰ ਗਿਆ ਸੀ। ਇਹ ਰਿਕਸ਼ਾ ਰਾਜੂ ਨੇ ਲੈ ਲਿਆ। ਰਿਕਸ਼ੇ ਦੀ ਹਾਲਤ ਦੇਖ ਕੇ ਕੋਈ ਸਵਾਰੀ ਨਾ ਆਉਂਦੀ। ਸਵਿਤਰੀ ਨੂੰ ਅਪੈਂਡਿਕਸ ਦਾ ਦਰਦ ਸ਼ੁਰੂ ਹੋ ਗਿਆ। ਉਹ ਤਾਂ ਸਵਿਤਰੀ ਦੀ ਸਰਜਰੀ ਕਰਾਉਣ ਲਈ ਲੈ ਕੇ ਆਇਆ ਸੀ। ਅੱਜ ਖਾਲੀ ਜੇਬ। ਚਾਹ ਦੇ ਕੱਪ ਲਈ ਵੀ ਪੈਸੇ ਨਹੀਂ। ਜਿਸ ਹੋਣੀ ਦਾ ਡਰ ਸੀ, ਉਹੀ ਵਾਪਰ ਗਈ। ਸਵਿਤਰੀ ਦਾ ਅਪੈਂਡਿਕਸ ਫਟ ਗਿਆ ਅਤੇ ਉਹ ਚੜ੍ਹਾਈ ਕਰ ਗਈ।

ਰਾਜੂ ਕੋਲ ਨਾ ਕਾਠ ਕਫਨ ਲਈ ਮਾਇਆ, ਨਾ ਰੋਣ ਲਈ ਕੰਧ ਜਾਂ ਕੰਧਾ। ਨਾਲ ਦੀਆਂ ਝੁੱਗੀਆਂ ਵਾਲਿਆਂ ਤੋਂ ਮਦਦ ਮੰਗੀ। ਕੋਰਾ ਜਵਾਬ! ਛੁੱਟੀ ਤਾਂ ਕਰ ਨਹੀਂ ਸਕਦੇ। ਮੁੜ ਕੇ ਆ ਕੇ ਦੇਖਾਂਗੇ।

ਰਾਜੂ ਨੇ ਰਾਤ ਰੋ ਕੇ ਕੱਟੀ। ਸਵੇਰੇ ਝੌਂਪੜੀ ਦੇ ਬਾਹਰ ਖੜ੍ਹ ਕੇ ਰੋ-ਰੋ ਕੇ ਦੁਹਾਈ ਦਿੱਤੀ। ਕੋਈ ਦਰਦੀ ਨਾ ਮਿਲਿਆ। ਰਾਜੂ ਨੇ ਆਪਣਾ ਰਿਕਸ਼ਾ ਖਿੱਚ ਕੇ ਨੇੜੇ ਕੀਤਾ। ਆਪਣੀ ਜੁੱਲੀ ਤੇ ਕੰਬਲੀ ਵਿਚ ਸਵਿਤਰੀ ਨੂੰ ਬਿਸਤਰੇ ਵਾਂਗ ਬਣਾ ਕੇ ਰਿਕਸ਼ੇ ਦੀ ਸੀਟ 'ਤੇ ਰੱਖ ਕੇ ਉਪਰ ਜੋ ਹੋਰ ਕੱਪੜੇ ਸੀ, ਉਹ ਪਾ ਕੇ ਸਵਿਤਰੀ ਦੀ ਸਾੜੀ ਨਾਲ ਉਸ ਨੂੰ ਸੀਟ 'ਤੇ ਬੰਨ ਕੇ ਰਿਕਸ਼ਾ ਲੈ ਕੇ ਤੁਰ ਪਿਆ।

ਹੁਣ ਉਹ ਤਾਰ ਕੱਟ ਕੇ ਬਣਾਏ ਰਾਹ 'ਤੇ ਖੜ੍ਹਾ ਹੈ। ਸੜਕ 'ਤੇ ਕਾਰਾਂ, ਸਕੂਟਰਾਂ ਤੇ ਪੈਦਲ ਚਲਣ ਵਾਲਿਆਂ ਦਾ ਹਜੂਮ ਹੈ। ਪੁਲਿਸ ਵਾਲੇ ਟ੍ਰੈਫਿਕ ਕੰਟਰੋਲ ਕਰ ਰਹੇ ਸਨ। ਇਕ ਪੁਲਿਸ ਵਾਲੇ ਨੇ ਰਾਜੂ ਨੂੰ ਦੇਖਿਆ। ਉਸ ਨੇ ਹਵਾ ਵਿਚ ਆਪਣੀ ਸੋਟੀ ਘੁਮਾ ਕੇ ਕਿਹਾ, "ਇਹ ਸ਼ਾਹੀ ਸਵਾਰੀ ਕਿਧਰ ਜਾ ਰਹੀ ਹੈ।"

ਰਾਜੂ ਡਰ ਗਿਆ ਤੇ ਹੱਥ ਜੋੜ ਕੇ ਬੋਲਿਆ, "ਜਨਾਬ ਮੈਂ ਤਾਂ ਖੜ੍ਹਾ ਹੋ ਗਿਆ ਹਾਂ।" ਪੁਲਿਸ ਵਾਲੇ ਨੇ ਰਾਜੂ ਦਾ ਰੋਣਾ ਮੂੰਹ ਦੇਖਿਆ ਤੇ ਕੁਝ ਨਰਮ ਪੈ ਗਿਆ, ਪੁੱਛਿਆ, "ਜਾਣਾ ਕਿਥੇ ਹੈ?"

"ਜਨਾਬ ਸ਼ਮਸ਼ਾਨ।" ਹੱਥ ਜੋੜ ਕੇ ਰਾਜੂ ਨੇ ਉਤਰ ਦਿੱਤਾ।

"ਤੇਰੇ ਕਿਸੇ ਰਿਸ਼ਤੇਦਾਰ ਦੀ ਅਰਥੀ ਆਉਣੀ ਹੈ?" ਪੁਲਿਸ ਵਾਲੇ ਪੁੱਛਿਆ।

"ਜੀ।" ਰਾਜੂ ਨੇ ਹੌਲੀ ਜਿਹੀ ਕਿਹਾ।

ਦੂਸਰੇ ਪੁਲਿਸ ਵਾਲੇ ਦੀ ਅਵਾਜ਼ ਆਈ। ਸਾਹਿਬ ਆ ਰਹੇ ਹਨ।

ਪਹਿਲੇ ਪੁਲਿਸ ਵਾਲੇ ਦੇ ਦਿਲ ਵਿਚ ਡਾਢਾ ਤਰਸ ਆ ਗਿਆ। ਉਸ ਨੇ ਰਾਜੂ ਨੂੰ ਕਿਹਾ, "ਤੂੰ ਜਲਦੀ ਆਪਣਾ ਰਿਕਸ਼ਾ ਸਾਹਮਣੇ ਵਾਲੀ ਗਲੀ ਵਿਚ ਲੈ ਜਾ। ਗੇਟ 'ਤੇ ਅਜੇ ਨਹੀਂ ਜਾ ਹੋਣਾ।" ਰਾਜੂ 'ਜੀ ਜਨਾਬ' ਕਹਿ ਕੇ ਰਿਕਸ਼ਾ ਧੂਹ ਕੇ ਸੜਕ ਪਾਰ ਕਰ ਗਿਆ। ਰਾਜੂ ਨੂੰ ਇਸ ਤਰ੍ਹਾਂ ਜਾਪਿਆ, ਜਿਵੇਂ ਰਿਕਸ਼ੇ ਨੂੰ ਸਵਿਤਰੀ ਨੇ ਧੱਕਾ ਲਾ ਕੇ ਝੱਟ ਸੜਕ ਪਾਰ ਕਰਵਾ ਦਿੱਤੀ ਹੋਵੇ।

ਗਲੀ ਵਿਚ ਰਿਕਸ਼ਾ ਕੰਧ ਨਾਲ ਲਾ ਕੇ ਖੜ੍ਹਾ ਕਰ ਦਿੱਤਾ। ਆਪ ਉਸ ਦੇ ਪਾਇਦਾਨ 'ਤੇ ਬੈਠ ਗਿਆ। ਮੂੰਹ 'ਤੇ ਪਰਨਾ ਰੱਖ ਕੇ ਬਹੁਤ ਰੋਇਆ। ਮਨ ਅੰਦਰ ਭਿਆਨਕ ਤੂਫਾਨ ਸੀ। ਰੱਬ ਦੇ ਘਰ ਬਿਲਕੁਲ ਨਿਆਂ ਨਹੀਂ ਹੈ। ਸਵਿਤਰੀ ਨੇ ਕੀ ਪਾਪ ਕੀਤਾ? ਪੰਜਾਂ ਸਾਲਾਂ ਦੀ ਉਮਰ ਵਿਚ ਮਾਂ ਮਰ ਗਈ। ਪੰਦਰਾਂ ਦੀ ਹੋਈ ਤਾਂ ਬਾਪ ਵੀ ਮਰ ਗਿਆ। ਮਾਸੀ ਦੇ ਮਨ ਵਿਚ ਦਯਾ ਆਈ। ਉਸ ਨੇ ਆਪਣੇ ਕੋਲ ਰੱਖ ਲਿਆ। ਮੇਰੇ ਜਿਹੇ ਕੰਗਾਲ ਨਾਲ ਵਿਆਹ ਕੀਤਾ। ਉਸ ਨੇ ਮੇਰੀਆਂ ਤਾਰੀਫਾਂ ਕੀਤੀਆਂ ਕਿ ਮੁੰਡਾ ਅੱਠਵੀਂ ਪਾਸ ਹੈ, ਪੰਜਾਬ ਰਹਿੰਦਾ ਹੈ, ਤੇ ਸੱਚ ਵੀ ਸੀ। ਜਦੋਂ ਮੁੜ ਕੇ ਜਾਂਦਾ, ਕਮਾਈ ਕਰਕੇ ਲੈ ਕੇ ਜਾਂਦਾ।

ਪਰ ਮੇਰੀ ਕਿਸਮਤ ਨੂੰ ਮੁੜ ਕੇ ਜਾਂਦੇ ਨੂੰ ਹਰ ਵਾਰ ਘਰ ਦੀਆਂ ਲੋੜਾਂ ਜੂਹ 'ਤੇ ਹੀ ਟੋਭੇ ਜਿੰਨਾ ਮੂੰਹ ਖੋਲ੍ਹ ਖੜ੍ਹੀਆਂ ਮਿਲ ਜਾਂਦੀਆਂ। ਕਦੇ ਘਰ ਦੀ ਛੱਤ ਡਿੱਗ ਪਈ, ਕਦੇ ਬਲਦ ਮਰ ਗਿਆ। ਮੈਂ ਕਦੇ ਵੀ ਸਵਿਤਰੀ ਨੂੰ ਬਾਜ਼ਾਰ ਨਾ ਲਿਜਾ ਸਕਿਆ। ਮੇਰਾ ਦਿਲ ਚਾਹੁੰਦਾ ਸੀ ਕਿ ਕਦੇ ਸਵਿਤਰੀ ਨੂੰ ਕਹਾਂ, 'ਚਲ ਆਪਣੀ ਪਸੰਦ ਦੀ ਸਾੜੀ ਲੈ ਲੈ। ਕਦੇ ਕੋਈ ਆਪਣੀ ਪਸੰਦ ਦੀ ਚੀਜ਼ ਖਾ ਲੈ।' ਇਹ ਦਿਨ ਆਇਆ ਹੀ ਨਹੀਂ।

ਇਸ ਵਾਰ ਮੈਂ ਚੰਗੇ ਪੈਸੇ ਜੋੜ ਕੇ ਲੈ ਗਿਆ ਸੀ। ਦਸ ਦਿਨ ਦੀ ਛੁੱਟੀ ਮਿਲ ਗਈ ਸੀ। ਮੈਂ ਸਵਿਤਰੀ ਨੂੰ ਨਾਲ ਲੈ ਕੇ ਆਉਣਾ ਸੀ।

ਦੋ ਚਾਰ ਦਿਨ ਖੁਸ਼ੀ ਨਾਲ ਬੀਤੇ। ਚੌਥੇ ਦਿਨ ਸਵਿਤਰੀ ਦੇ ਪੇਟ ਵਿਚ ਦਰਦ ਸ਼ੁਰੂ ਹੋ ਗਿਆ। ਮੈਂ ਉਸ ਨੂੰ ਡਾਕਟਰ ਕੋਲ ਲੈ ਗਿਆ। ਉਸ ਨੂੰ ਦਾਖਲ ਕਰ ਲਿਆ। ਦਵਾਈ-ਦਾਰੂ ਤੇ ਟੀਕੇ ਨਾਲ ਦਰਦ ਤੋਂ ਆਰਾਮ ਆ ਗਿਆ। ਡਾਕਟਰ ਨੇ ਦੱਸਿਆ ਕਿ ਹੁਣ ਤਾਂ ਆਰਾਮ ਹੈ ਪਰ ਪਤਾ ਨਹੀਂ ਕਦੋਂ ਫਿਰ ਦਰਦ ਉਠੇ, ਸਰਜਰੀ ਕਰਵਾਉਣੀ ਪਵੇਗੀ। ਇਸ ਬਿਮਾਰੀ ਨੂੰ ਅਪੈਂਡਿਕਸ ਆਖਦੇ ਹਨ। ਜੇ ਅੰਦਰ ਫਟ ਜਾਵੇ ਤਾਂ ਬਿਮਾਰ ਬਚਦਾ ਨਹੀਂ। ਪੰਜਾਬ ਜਾ ਕੇ ਡਾਕਟਰ ਨੂੰ ਮਿਲ ਲਵੀਂ। ਜਿਹੜਾ ਬਿਲ ਡਾਕਟਰ ਨੇ ਤਿੰਨ ਦਿਨਾਂ ਦਾ ਕਿਹਾ, ਉਸ ਨੇ ਮੇਰੀ ਜੇਬ ਦੀ ਸਰਜਰੀ ਕਰ ਦਿੱਤੀ।

ਵਾਪਸੀ ਦੇ ਦੋ ਟਿਕਟ ਲੈ ਕੇ ਕੁਝ ਨਹੀਂ ਬਚਦਾ ਸੀ। ਮਾਂ ਨੇ ਕਿਹਾ ਕਿ ਤੂੰ ਜਲਦੀ ਚਲਾ ਜਾਹ। ਮੈਂ ਸਵੇਰੇ ਉਠ ਕੇ ਸੋਚਿਆ, ਅੱਜ ਜਾ ਕੇ ਮੁੜਨ ਲਈ ਟਿਕਟ ਲੈ ਆਵਾਂ। ਬਾਪੂ ਦੀ ਹਾਇ ਦੀ ਅਵਾਜ਼ ਸੁਣੀ। ਵੇਖਿਆ, ਬਾਪੂ ਵਿਹੜੇ ਦੇ ਇਕ ਪਾਸੇ ਬੈਠਾ ਹੈ। ਮਾਂ ਪਾਣੀ ਲੈ ਕੇ ਕੋਲ ਖੜ੍ਹੀ ਸੀ। ਉਸ ਨੂੰ ਉਲਟੀਆਂ ਆ ਰਹੀਆਂ ਸਨ। ਮੈਂ ਸੰਭਾਲ ਕੇ ਮੰਜੇ 'ਤੇ ਪਾਇਆ।

ਮਾਂ ਨੂੰ ਕਿਹਾ ਕਿ ਮੈਂ ਡਾਕਟਰ ਤੋਂ ਦਵਾ ਲੈ ਕੇ ਆਉਂਦਾ ਹਾਂ, ਪਰ ਮਾਂ ਨੇ ਕਿਹਾ ਕਿ ਕੋਈ ਲੋੜ ਨਹੀਂ, ਇਸ ਤਰ੍ਹਾਂ ਦੇ ਰੋਗ ਦਾ ਇਲਾਜ ਘਰੇਲੂ ਨੁਸਖੇ ਹੁੰਦੇ ਹਨ। ਅਸਲ ਵਿਚ ਮਾਂ ਨੂੰ ਮੇਰੀ ਜੇਬ ਦਾ ਅੰਦਾਜ਼ਾ ਸੀ। ਮਾਂ ਦੇ ਨੁਸਖੇ ਚੱਲੇ। ਬਾਪੂ ਨੂੰ ਅਰਾਮ ਵੀ ਹੋ ਗਿਆ ਪਰ ਇੰਨਾ ਕਮਜ਼ੋਰ ਹੋ ਗਿਆ ਕਿ ਉਠ ਕੇ ਮੰਜੇ 'ਤੇ ਨਹੀਂ ਬੈਠ ਸਕਦਾ ਸੀ। ਇਸ ਤਰ੍ਹਾਂ ਦੀ ਹਾਲਤ ਵਿਚ ਕਿਸ ਦੇ ਸਹਾਰੇ ਛੱਡ ਕੇ ਆਉਂਦਾ? ਹਫਤੇ ਦੀ ਛੁੱਟੀ ਆਇਆ ਸੀ। ਛੇ ਹਫਤੇ ਲੰਘ ਗਏ। ਛੁੱਟੀ ਵਧਾਉਣ ਲਈ ਤਾਰ ਦੇ ਦਿੰਦਾ। ਇਕ ਪੁਰਾਣਾ ਬਚਪਨ ਦਾ ਨੇਕ ਦੋਸਤ ਮਿਲ ਗਿਆ। ਉਸ ਤੋਂ ਕਰਜ਼ਾ ਲੈ ਕੇ ਕੰਮ ਚਲਾਉਂਦਾ ਰਿਹਾ।

ਅੰਤ ਮੈਂ ਖਾਲੀ ਜੇਬ, ਸਵਿਤਰੀ ਨਾਲ ਪਰਤ ਆਇਆ। ਰਾਜੂ ਦੀ ਸੋਚ ਬੈਂਡ ਵਾਜੇ ਦੀ ਅਵਾਜ਼ ਨਾਲ ਪਰਤੀ। ਉਸ ਉਠ ਕੇ ਰਿਕਸ਼ੇ ਦੀ ਸੀਟ 'ਤੇ ਪਈ ਸਵਿਤਰੀ ਨੂੰ ਮੁੜ ਟਟੋਲਿਆ। ਸੜਕ ਵਲ ਦੇਖਿਆ, ਬੈਂਡ ਦੇ ਪਿੱਛੇ ਫੁੱਲਾਂ ਨਾਲ ਲੱਦੀ ਖੁੱਲ੍ਹੀ ਗੱਡੀ ਉਤੇ ਫੁੱਲਾਂ ਨਾਲ ਭਰੀ ਅਰਥੀ ਪਈ ਸੀ। ਰਾਜੂ ਫਿਰ ਫੁੱਟ-ਫੁੱਟ ਕੇ ਰੋ ਪਿਆ। ਮੇਰੀ ਸਵਿਤਰੀ ਦੀ ਲਾਸ਼ ਲਈ ਮੇਰੇ ਕੋਲ ਬਾਂਸ ਦੀ ਅਰਥੀ ਵੀ ਨਹੀਂ। ਕੋਲੋਂ ਲੰਘਦੀ ਅਧੇੜ ਉਮਰ ਦੀ ਔਰਤ ਬੋਲੀ, "ਵੇ ਕਮਲਿਆ! ਕਿਸ ਦੀ ਯਾਦ ਆ ਗਈ, ਕੋਈ ਆਪਣਾ ਪਿਆਰਾ ਤੋਰਿਆ ਹੋਣਾ। ਸੜਕ 'ਤੇ ਨੋਟਾਂ ਦਾ ਮੀਂਹ ਵਰ੍ਹਦਾ ਪਿਆ, ਚੁੱਕ ਲੈ ਦੋ ਚਾਰ ਨੋਟ। ਪੈਸਾ ਬਹੁਤ ਬੜੀ ਚੀਜ਼ ਹੈ।" ਉਸ ਨੇ ਆਪਣੀ ਚੁੰਨੀ ਵਿਚ ਕਾਫੀ ਨੋਟ ਪਾਏ ਹੋਏ ਸਨ।

ਰਾਜੂ ਆਪਣੀ ਦੁਨੀਆਂ ਵਿਚ ਗਵਾਚਿਆ, ਕਦੇ ਬੈਠ ਜਾਂਦਾ, ਕਦੇ ਖਲੋ ਜਾਂਦਾ। ਦੋ ਢਾਈ ਘੰਟੇ ਪਿਛੋਂ ਸਭ ਅਵਾਜ਼ਾਂ ਬੰਦ ਹੋ ਗਈਆਂ। ਸੜਕ 'ਤੇ ਆਮ ਵਰਗੀ ਆਵਾਜਾਈ ਹੋ ਗਈ।

ਰਾਜੂ ਨੇ ਉਠ ਕੇ ਆਪਣਾ ਰਿਕਸ਼ਾ ਫੜਿਆ, ਉਸ ਨੂੰ ਲੈ ਕੇ ਸ਼ਮਸ਼ਾਨ ਦੇ ਗੇਟ ਕੋਲ ਪਹੁੰਚ ਗਿਆ। ਗੇਟ ਦੇ ਅੱਗੇ ਦੋ ਤਿੰਨ ਆਦਮੀ ਖੜ੍ਹੇ ਗੱਲਾਂ ਕਰ ਰਹੇ ਸਨ। ਰਿਕਸ਼ਾ ਦੇਖ ਕੇ ਇਕ ਪਾਸੇ ਹੋ ਗਏ। ਰਿਕਸ਼ਾ ਅੰਦਰ ਕਰਕੇ ਰਾਜੂ ਨੇ ਸਾਹਮਣੇ ਕਿਆਰੀ ਵਿਚ ਕੰਮ ਕਰਦੇ ਮਾਲੀ ਨੂੰ ਇਸ਼ਾਰੇ ਨਾਲ ਬੁਲਾਇਆ। ਉਹ ਆ ਗਿਆ। ਇਕ ਮਿੰਟ ਦੋਹਾਂ ਵਿਚ ਗੱਲ ਹੋਈ। ਮਾਲੀ ਰਿਕਸ਼ੇ ਦੇ ਕੋਲ ਖਲੋ ਗਿਆ। ਰਾਜੂ ਬਾਊ ਜੀ ਕੋਲ ਗਿਆ।

ਹੈਰਾਨੀ ਵਾਲੀ ਗੱਲ ਨਹੀਂ ਕਿ ਸ਼ਮਸ਼ਾਨ ਵਿਚ ਵੀ ਦਫਤਰ ਹੁੰਦਾ ਹੈ। ਵਰਾਂਡੇ ਵਿਚ ਬਾਊ ਜੀ ਬੈਠੇ ਸਨ। ਬਾਊ ਜੀ ਦੀ ਸਾਹਮਣੇ ਕੁਰਸੀ 'ਤੇ ਲਾਲਾ ਭਗਵਾਨ ਦਾਸ ਦਾ ਮੁਨੀਮ ਹੁਣੇ ਜਲੀ ਚਿਤਾ 'ਤੇ ਪਈ ਲੱਕੜ ਦਾ ਹਿਸਾਬ ਕਰ ਰਿਹਾ ਸੀ। ਬਾਕੀ ਹੋਰ ਵੇਰਵੇ ਜਿਹੜੇ ਸ਼ਮਸ਼ਾਨ ਦੇ ਰਜਿਸਟਰ ਵਿਚ ਦਰਜ ਹੋਣੇ ਹੁੰਦੇ ਹਨ, ਉਹ ਦੇਣੇ ਸਨ।

ਰਾਜੂ ਨੇ ਜਾ ਕੇ ਬਾਊ ਜੀ ਦੇ ਪੈਰੀਂ ਹੱਥ ਲਾਇਆ। ਰਾਜੂ ਨੂੰ ਬਾਊ ਜੀ ਪਛਾਣਦੇ ਸਨ। ਜਦ ਵੀ ਕਦੇ ਕਿਸੇ ਮਜ਼ਦੂਰ ਜਾਂ ਉਸ ਦੇ ਘਰ ਦੇ ਜੀਅ ਦਾ ਸਸਕਾਰ ਹੋਵੇ, ਰਾਜੂ ਨਾਲ ਹੁੰਦਾ ਸੀ। ਬਾਊ ਜੀ ਨੇ ਕਿਹਾ, "ਸੁਣਾ ਰਾਜੂ ਕਿਵੇਂ?" ਰਾਜੂ ਉਚੀ-ਉਚੀ ਰੋਣ ਲੱਗ ਪਿਆ।

ਬਾਊ ਜੀ ਉਠ ਕੇ ਖੜ੍ਹੇ ਹੋ ਗਏ। ਰਾਜੂ ਦਾ ਸਿਰ ਆਪਣੀ ਛਾਤੀ ਨਾਲ ਲਾ ਕੇ ਬੋਲੇ, "ਰਾਜੂ ਬੋਲ, ਕੁਝ ਦਸ।" ਰਾਜੂ ਨੇ ਰੋਂਦੇ-ਰੋਂਦੇ ਸਾਰੀ ਕਹਾਣੀ ਦੱਸ ਦਿੱਤੀ। ਬਾਊ ਜੀ ਨੇ ਕਿਹਾ, "ਰਾਜੂ ਜੋ ਹੋਣਾ ਸੀ ਹੋ ਗਿਆ, ਤੂੰ ਆਪਣੇ ਆਪ ਨੂੰ ਸੰਭਾਲ।"

ਬਾਊ ਜੀ ਨੇ ਉਥੇ ਫਿਰਦੇ ਇਕ ਆਦਮੀ ਨੂੰ ਕੁਝ ਸਮਝਾਇਆ। ਆਪ ਰਾਜੂ ਨਾਲ ਚਲ ਪਏ। ਰਿਕਸ਼ਾ ਅੰਦਰ ਲਿਆਂਦਾ। ਅਰਥੀ ਵੀ ਰੱਖੀ, ਉਸ ਉਪਰ ਕੱਪੜਾ ਵਿਛਾ ਕੇ ਸਵਿਤਰੀ ਦੀ ਲਾਸ਼ ਬਾਊ ਜੀ, ਮੁਨੀਮ ਜੀ ਅਤੇ ਮਾਲੀ ਨੇ ਰੱਖ ਦਿੱਤੀ। ਬਾਊ ਜੀ ਗੰਗਾ ਜਲ ਵੀ ਲੈ ਆਏ। ਰਾਜੂ ਨੂੰ ਸਵਿਤਰੀ ਉਪਰ ਛਿੱਟੇ ਦੇਣ ਲਈ ਕਿਹਾ। ਫਿਰ ਸੰਧੂਰ ਦੀ ਡੱਬੀ ਫੜਾਈ, "ਲੈ ਇਸ ਦੇ ਸੰਧੂਰ ਵੀ ਪਾ ਦੇ।"

ਰਾਜੂ ਨੇ ਹੱਥ ਜੋੜ ਕੇ ਕਿਹਾ, "ਨਹੀਂ ਜੀ, ਇਹ ਫਰਜ਼ ਨਹੀਂ, ਇਹ ਤਾਂ ਪਾਪ ਹੋਵੇਗਾ। ਸੰਧੂਰ ਪਾਉਣ ਦਾ ਅਰਥ ਹੋਵੇਗਾ ਕਿ ਅਗਲੇ ਜਨਮ ਵਿਚ ਵੀ ਮੈਂ ਇਸ ਦਾ ਪਤੀ ਬਣਾਂ। ਨਾ ਜੀ, ਮੈਂ ਇਸ ਦੇ ਅਗਲੇ ਜਨਮ ਲਈ ਆਪਣੀ ਕੰਗਾਲੀ ਲੜ ਬੰਨ੍ਹ ਕੇ ਨਹੀਂ ਭੇਜਣੀ।" ਫਿਰ ਬੋਲਿਆ, "ਰੱਬ ਨੇ ਇਸ ਨੂੰ ਮੇਰੇ ਕੋਲੋਂ ਛੇਤੀ ਛੁਟਕਾਰਾ ਦੇ ਦਿੱਤਾ। ਅੱਗੇ ਸੁਖੀ ਜੀਵਨ ਦੇਵੇ। ਕਿਸੇ ਵਸਤ ਦੀ ਘਾਟ ਨਾ ਹੋਵੇ।"

ਰਾਜੂ ਸਵਿਤਰੀ ਦੇ ਪੈਰਾਂ ਵੱਲ ਹੱਥ ਜੋੜ ਕੇ ਖੜ੍ਹਾ ਹੋ ਗਿਆ, "ਸਵਿਤਰੀ ਮੈਨੂੰ ਮਾਫ ਕਰ ਦੇਵੀਂ। ਮੈਂ ਤੈਨੂੰ ਕੋਈ ਸੁੱਖ ਨਹੀਂ ਦਿੱਤਾ। ਅੱਜ ਮੇਰੇ ਕੋਲ ਤੇਰੇ ਲਈ ਕਾਠ ਕਫਨ ਵੀ ਨਹੀਂ।"

###

# ਲੰਗੜਾ ਬਲਦ ਅਤੇ ਮਾਂਹ ਦੀ ਦਾਲ

*(ਪਿਛਲੇ ਸਫੇ ਦੀ ਬਾਕੀ)*

ਰੀਟਾ ਉਸ ਨੂੰ ਕੁੱਦ ਕੇ ਪਈ ਹੈ, "ਉਹ ਬਿਮਾਰ ਨੇ ਤੇ ਉਪਰੋਂ ਤੁਸੀਂ ਮਾਂਹ ਲੈ ਕੇ ਆ ਗਏ ਹੋ?"

ਮਕਾਨ ਮਾਲਕਣ ਹੱਕੀ ਬੱਕੀ ਰਹਿ ਗਈ ਹੈ। ਰੀਟਾ ਦੀ ਅਵਾਜ਼ ਵਿਚ ਤਲਖੀ ਕੁਝ ਇਸ ਤਰ੍ਹਾਂ ਦੀ ਹੈ ਜਿਵੇਂ ਲੰਮੇ ਸਮੇਂ ਤੋਂ ਤਹਿ ਦਰ ਤਹਿ ਇਕੱਠੀ ਹੁੰਦੀ ਰਹੀ ਹੋਵੇ ਤੇ ਅੱਜ ਉਸ ਦੀ ਸਹਿਣ-ਸ਼ਕਤੀ ਨੇ ਜਵਾਬ ਦੇ ਦਿੱਤਾ ਹੋਵੇ।

ਮਕਾਨ ਮਾਲਕਣ ਇਕੱਲੀ ਔਰਤ ਹੈ। ਉਸ ਦੇ ਪਤੀ ਨੂੰ ਪਿਛਲੇ ਕੁਝ ਸਾਲਾਂ ਤੋਂ ਅਧਰੰਗ ਹੈ। ਉਸ ਦਾ ਇਕੋ ਇਕ ਪੁੱਤਰ ਜਰਮਨੀ ਵਿਚ ਹੈ। ਕਦੀ ਵਰ੍ਹੇ ਛਿਮਾਹੀ ਉਸ ਦਾ ਖਤ ਆ ਜਾਂਦਾ ਹੈ। ਇਸ ਸਾਲ ਉਸ ਆਪਣੇ ਮਾਂ-ਬਾਪ ਨੂੰ ਵੈਨ ਲੈ ਦਿੱਤੀ ਹੈ। ਕਈ ਵਾਰ ਰੀਟਾ ਉਨ੍ਹਾਂ ਨਾਲ ਵੈਨ ਵਿਚ ਬਾਜ਼ਾਰ ਗਈ ਹੈ। ਕਦੀ ਮੱਸਿਆ ਸੰਗਰਾਂਦ ਜਾਂ ਗੁਰਪੁਰਬ 'ਤੇ ਗੁਰਦੁਆਰੇ ਵੀ। ਰੀਟਾ ਨਾਲ ਚੰਗੀ ਪਟਦੀ ਹੈ ਉਸ ਦੀ। ਕਿੰਨੇ ਮਕਾਨ ਬਦਲੇ ਹਨ। ਕਿਧਰੇ ਮਾਲਕ ਮਕਾਨ ਬਦ-ਦਿਮਾਗ ਸੀ, ਕਿਤੇ ਮਕਾਨ ਮਾਲਕਣ ਸਿਰਫਿਰੀ। ਕਿਤੇ ਪ੍ਰਿੰਸੀ ਨੂੰ ਲੈ ਕੇ ਬੋਲ ਬੁਲਾਰੇ ਤਕ ਨੌਬਤ ਆਈ ਸੀ, ਕਿਤੇ ਕਿਸੇ ਆਏ ਗਏ ਨੂੰ ਲੈ ਕੇ। ਆਂਟੀ ਵਿਚ ਇਹ ਸਿਫਤ ਹੈ। ਰੱਬ ਦੇ ਨਾਂ ਵਾਲੀ ਤੀਵੀਂ ਹੈ। ਰੀਟਾ ਨੂੰ ਦਿਨ-ਦਿਹਾਰ ਕੁਝ ਨਾ ਕੁਝ ਦਿੰਦੀ ਰਹਿੰਦੀ ਹੈ। ਪ੍ਰਿੰਸੀ ਨੂੰ ਵਰਚਾਈ ਰੱਖੇਗੀ ਤਾਂ ਕਿ ਰੀਟਾ ਘਰ ਦਾ ਕੰਮ ਨਿਪਟਾ ਲਏ। ਸਫਾਈ ਕਰ ਲਏ। ਕੱਪੜੇ ਧੋ ਲਏ ਜਾਂ ਸੁਸਤਾ ਲਏ। ਕਦੀ ਮਾਂ ਦੇ ਫਰਜ਼ ਨਿਭਾ ਰਹੀ ਹੋਵੇਗੀ, ਕਦੀ ਸੱਸ ਦੇ। ਰੀਟਾ ਦਾ ਵੀ ਮੂੰਹ ਸੁਕਦਾ ਹੈ ਆਂਟੀ ਆਂਟੀ ਕਰਦੀ ਦਾ। ਉਸ ਆਪਣੇ ਨੌਕਰ ਨੂੰ ਵੀ ਹਦਾਇਤ ਕਰ ਰੱਖੀ ਹੈ ਰੀਟਾ ਦੇ ਨਿੱਕੇ ਮੋਟੇ ਕੰਮ ਕਰ ਦੇਣ ਦੀ। ਪਿੱਛੋਂ ਉਹ ਵੀ ਲਾਹੌਰ ਦੇ ਹਨ।

ਪਹਿਲਾਂ ਪਹਿਲਾਂ ਰੀਟਾ ਨੂੰ ਇਹ ਦਿਲਚਸਪ ਲੱਗਾ ਸੀ। ਉਹ ਬੰਸੀ ਨੂੰ ਕੁਝ ਨਾ ਕੁਝ ਰੋਜ਼ ਨਵਾਂ ਦੱਸਦੀ। ਬੰਸੀ ਉਸ ਦੀਆਂ ਗੱਲਾਂ ਸੁਣ ਕੇ ਚਿੜ ਜਾਂਦਾ। ਕਈ ਵਾਰ ਚਿੜਦਾ ਨਾ ਪਰ ਰੀਟਾ ਦਾ ਮਾਣ ਰੱਖਣ ਲਈ ਚਿੜ ਜਾਣ ਦਾ ਨਾਟਕ ਕਰਦਾ।

"ਤੂੰ ਪਿਤਾ ਜੀ ਬਾਰੇ ਅਜਿਹਾ ਸੋਚ ਹੀ ਕਿਵੇਂ ਲੈਨੀ ਏਂ। ਬੜੀ ਬਦਤਮੀਜ਼ ਏਂ ਤੂੰ।"

"ਤੁਸੀਂ ਵੇਖਣਾ ਕਿੰਨੀ ਬਦਲੀ ਬਦਲੀ ਹੈ ਅੱਜ ਕੱਲ੍ਹ ਆਂਟੀ। ਕਿੰਨੀ ਟਿਪ ਟਾਪ ਰਹਿਣ ਲੱਗ ਪਈ ਏ।"

ਰੀਟਾ ਲਈ ਇਹ ਨਵਾਂ ਤੇ ਸਨਸਨੀਖੇਜ਼ ਸੀ। ਪਰ ਅੱਜ ਕੱਲ੍ਹ ਇਸ ਨੂੰ ਲੈ ਕੇ ਉਹ ਖਿਝੀ ਖਿਝੀ ਰਹਿੰਦੀ ਹੈ। ਜਿਵੇਂ ਪਿਤਾ ਜੀ ਦੇ ਆ ਕੇ ਟਿਕ ਜਾਣ ਪਿੱਛੇ ਮਕਾਨ ਮਾਲਕਣ ਵੀ ਇਕ ਕਾਰਨ ਹੋਵੇ। ਨਹੀਂ ਤਾਂ ਉਸ ਨੂੰ ਪਤਾ ਹੈ ਆਂਟੀ ਦੇ ਬਣਾਏ ਮਾਂਹ ਬੜੇ ਸੁਆਦ ਹੁੰਦੇ ਹਨ। ਲੰਮੀਆਂ ਲੰਮੀਆਂ ਅਦਰਕ ਦੀਆਂ ਫਾਂਕਾਂ ਅਤੇ ਹਿੰਗ ਦਾ ਤੜਕਾ... ਕਮਾਲ ਹੁੰਦੇ ਹਨ ਆਂਟੀ ਦੇ ਬਣਾਏ ਹੋਏ ਮਾਂਹ। ਮੱਠੀ ਮੱਠੀ ਅੱਗ 'ਤੇ ਰਿੱਝੇ ਤੇ ਰਿੱਝ-ਰਿੱਝ ਕੇ ਲਾਲ ਹੋਏ ਪਏ।

ਰੀਟਾ ਨੂੰ ਕੋਈ ਅਫਸੋਸ ਨਹੀਂ ਹੈ ਜੋ ਉਹ ਆਂਟੀ ਨਾਲ ਇਸ ਤਰ੍ਹਾਂ ਪੇਸ਼ ਆਈ ਹੈ ਅੱਜ।

"ਕੱਲ੍ਹ ਮੇਰੀਆਂ ਕੁਝ ਸਹੇਲੀਆਂ ਆ ਰਹੀਆਂ ਹਨ। ਤੁਸੀਂ ਸ਼ਾਮ ਨੂੰ ਪਿਤਾ ਜੀ ਨੂੰ ਬਾਹਰ ਲੈ ਜਾਣਾ ਘੁਮਾਉਣ ਦੇ ਬਹਾਨੇ।"

"ਕਿਉਂ ਬਾਹਰ ਕਿਉਂ ਜਾਣਗੇ ਪਿਤਾ ਜੀ। ਵੱਢਦੇ ਨੇ ਤੇਰੀਆਂ ਸਹੇਲੀਆਂ ਨੂੰ ਉਹ?"

ਰੀਟਾ ਨੂੰ ਇਸ ਦੀ ਆਸ ਨਹੀਂ ਸੀ। ਬੰਸੀ ਦੇ ਮੂੰਹੋਂ ਅਜਿਹੀ ਭਾਸ਼ਾ ਉਸ ਨੇ ਘੱਟ ਹੀ ਕਦੀ ਸੁਣੀ ਹੈ।

ਨਿੱਕੀ ਨਿੱਕੀ ਤਕਰਾਰ ਤਾਂ ਹੁੰਦੀ ਰਹਿੰਦੀ ਹੈ ਪਰ ਉਸ ਦੀ ਉਮਰ ਬੜੀ ਥੋੜ੍ਹੀ ਹੁੰਦੀ ਹੈ। ਨਾਲ-ਨਾਲ ਹਿਸਾਬ ਕਿਤਾਬ ਹੋ ਜਾਂਦਾ ਹੈ। ਗੱਲ ਨੂੰ ਖਿੱਚਿਆ ਨਹੀਂ ਜਾਂਦਾ। ਪਰ ਇਸ ਵਕਤ ਰੀਟਾ ਨੂੰ ਲਗਦਾ ਹੈ ਕਿ ਕਹਿਣ ਲਈ ਕਿੰਨਾ ਕੁਝ ਇਕੱਠਾ ਹੋਇਆ ਪਿਆ ਹੈ।

"ਕੋਈ ਗੱਲ ਹੋ ਸਕਦੀ ਹੈ ਪਿਤਾ ਜੀ ਦੇ ਹੁੰਦਿਆਂ?"

"ਕਿਉਂ ਕਿਹੜੀਆਂ ਪ੍ਰਾਈਵੇਟ ਗੱਲਾਂ ਕਰਨੀਆਂ ਨੇ ਤੁਸੀਂ?"

"ਉਸ ਦਿਨ ਤੁਸੀਂ ਨਹੀਂ ਸਉ ਕਹਿੰਦੇ ਜਦੋਂ, ਤੁਹਾਡੇ ਦੋਸਤ ਆਏ ਸਨ ਕਿ ਪਿਤਾ ਜੀ ਕਰਕੇ ਮਜ਼ਾ ਕਿਰਕਿਰਾ ਹੋ ਗਿਐ ਸਾਰਾ।"

"ਸ਼ੱਟ ਅੱਪ।"

"ਸ਼ੱਟ ਅੱਪ ਦਾ ਕੀ ਮਤਲਬ ਹੈ।"

ਰੀਟਾ ਨੇ ਬਾਹਰ ਨਿਕਲਣ ਨੂੰ ਹੋਏ ਬੰਸੀ ਦਾ ਰਸਤਾ ਰੋਕ ਲਿਆ ਹੈ।

"ਲੱਗਦੀ ਕੁਝ ਮਤਲਬ ਦੀ!" ਬੰਸੀ ਦੇ ਸ਼ਬਦ ਜਵਾਬ ਦੇ ਗਏ ਸਨ। ਇਕ ਤਲਖੀ ਨੇ ਉਸ ਨੂੰ ਗੂੰਗਾ ਬਣਾ ਦਿੱਤਾ ਹੈ। ਬੰਸੀ ਦੀਆਂ ਅੱਖਾਂ ਵਿਚ ਉਤਰ ਆਈ ਵਹਿਸ਼ਤ ਤੋਂ ਬਿਲਕੁਲ ਨਹੀਂ ਡਰੀ ਰੀਟਾ।

ਤਾਂ ਹੀ ਖਿੜਕੀ 'ਚੋਂ ਪਿਤਾ ਜੀ ਵਿਖਾਈ ਦਿੰਦੇ ਹਨ। ਪ੍ਰਿੰਸੀ ਉਨ੍ਹਾਂ ਕੋਲ ਖੜ੍ਹੀ ਉਪਰ ਤਾਰ 'ਤੇ ਬੈਠ ਨੀਲਕੰਠ ਵੱਲ ਵੇਖ ਰਹੀ ਹੈ। ਪ੍ਰਸ਼ਨ ਕਰ ਰਹੀ ਹੈ। ਪਿਤਾ ਜੀ ਉਸ ਨੂੰ ਪੰਛੀ ਬਾਰੇ ਕੁਝ ਦੱਸ ਰਹੇ ਹਨ।

ਬੰਸੀ ਉਨ੍ਹਾਂ ਕੋਲ ਬਾਹਰ ਆ ਖੜ੍ਹਦਾ ਹੈ।

ਪਰ੍ਹੇ ਲੰਗੜਾ ਬਲਦ ਖੜ੍ਹਾ ਹੈ।

"ਬੰਸੀ ਕੋਈ ਸ਼ਿਕਾਇਤ ਨਹੀਂ ਕਰਦਾ? ਜੇ ਮਿਉਂਸਪਲ ਕਮੇਟੀ ਵਾਲੇ ਕੁਝ ਕਰਨ ਤਾਂ ਇਹ ਪਾਰਕ ਬੱਚਿਆਂ ਦੇ ਖੇਡਣ ਲਈ ਬਣ ਜਾਏ। ਕਿੰਨੀ ਜਗ੍ਹਾ ਹੈ?"

"ਐਸੋਸੀਏਸ਼ਨ ਵਾਲੇ ਮਿਲੇ ਨੇ ਕਈ ਵਾਰ ਪਰ ਹੁੰਦਾ ਕੁਝ ਵੀ ਨਹੀਂ। ਪੰਜ ਛੇ ਮਹੀਨੇ ਤਕ ਇਲੈਕਸ਼ਨ ਹੈ, ਫਿਰ ਭਾਵੇਂ ਕੁਝ ਹੋਵੇ।"

ਬੰਸੀ ਨੂੰ ਲੱਗਦਾ ਹੈ ਜਿਵੇਂ ਹੁਣ ਪਿਤਾ ਜੀ ਇਸ ਬਲਦ ਬਾਰੇ ਕੁਝ ਕਹਿਣਗੇ। ਕਹਿਣਗੇ ਕਿ ਕੀ ਜ਼ਿੰਦਗੀ ਹੈ। ਪਰ ਪਿਤਾ ਜੀ ਚੁੱਪ ਹਨ। ਬੰਸੀ ਉਨ੍ਹਾਂ ਦੀ ਵੀਣੀ ਪਕੜ ਲੈਂਦਾ ਹੈ।

"ਹੁਣ ਤਾਂ ਬੁਖਾਰ ਨਹੀਂ ਹੈ।"

"ਮੈਨੂੰ ਆਪ ਵੀ ਲੱਗਦੈ, ਨਹੀਂ ਹੈ ਬੁਖਾਰ ਹੁਣ।"

ਦੋਵੇਂ ਅੰਦਰ ਆ ਜਾਂਦੇ ਹਨ।

ਬੰਸੀ ਘੜੀ ਵੇਖਦਾ ਹੈ ਤੇ ਟੀ. ਵੀ. ਲਾ ਦਿੰਦਾ ਹੈ। ਰੀਟਾ ਰਸੋਈ ਵਿਚ ਹੈ।

ਕੁਝ ਦੇਰ ਬਾਅਦ ਪਿਤਾ ਜੀ ਪੁੱਛਦੇ ਹਨ, "ਰੀਟਾ ਪੁੱਤਰ ਕੀ ਬਣਾਇਆ ਹੈ ਅੱਜ?"

"ਆਲੂਆਂ ਦੀ ਸਬਜ਼ੀ ਹੈ।" ਰੀਟਾ ਦੀ ਥਾਂ ਬੰਸੀ ਜਵਾਬ ਦਿੰਦਾ ਹੈ ਤੇ ਉਠ ਕੇ ਰਸੋਈ ਵਿਚ ਚਲਾ ਜਾਂਦਾ ਹੈ ਤਾਂ ਕਿ ਵੇਖ ਸਕੇ ਕਿ ਸੱਚ ਹੀ ਆਲੂਆਂ ਦੀ ਸਬਜ਼ੀ ਹੈ?

"ਮੈਨੂੰ ਤਾਂ ਮਾਂਹ ਦੇ ਦੇਣੇ, ਜੋ ਤੁਹਾਡੀ ਮਕਾਨ ਮਾਲਕਣ ਦੇ ਕੇ ਗਈ ਹੈ।" ਪਿਤਾ ਜੀ ਆਖਦੇ ਹਨ ਤੇ ਰੋਟੀ ਦੀ ਉਡੀਕ ਕਰਨ ਲੱਗਦੇ ਹਨ।

## ਪੱਥਰਾਂ ਦਾ ਸ਼ਹਿਰ

"ਬਾਈ ਜੀ ਲਗਦਾ, ਨੇੜੇ ਕੋਈ ਮੌਤ ਹੋ ਗਈ। ਕੁੱਝ ਬੰਦੇ ਬੂਹੇ ਸਾਹਮਣੇ ਸਿੜ੍ਹੀ ਲੈ ਕੇ ਆਏ ਸਨ।" ਨਿਰਮਲ ਨੇ ਕੋਲ ਬਹਿੰਦਿਆਂ ਕਿਹਾ।

"ਹੂੰ!" ਕੰਪਿਊਟਰ 'ਤੇ ਨਿਗ੍ਹਾ ਟਿਕਾਈ ਮੈਂ ਜਵਾਬ ਦਿੱਤਾ।

ਨਿਰਮਲ ਮੇਰੀ ਰਿਸ਼ਤੇਦਾਰੀ ਵਿਚੋਂ ਸੀ, ਜੋ ਪੜ੍ਹ-ਲਿਖ ਕੇ ਬੇਰੁਜ਼ਗਾਰ ਫਿਰਦਾ ਸੀ। ਉਸ ਦੇ ਮਾਪਿਆਂ ਨੇ ਮੈਨੂੰ ਇਸ ਸ਼ਹਿਰ ਵਿਚ ਉਸ ਨੂੰ ਕਿਸੇ ਨੌਕਰੀ ਜਾਂ ਧੰਦੇ ਵਿਚ ਪਾਉਣ ਲਈ ਕਈ ਵਾਰ ਕਿਹਾ। ਮੈਂ ਸੁਭਾਵਿਕ ਹੀ ਕਹਿ ਦਿੱਤਾ, ਮੇਰੇ ਕੋਲ ਭੇਜ ਦਿਓ। ਦੋ-ਤਿੰਨ ਦਿਨ ਹੋ ਗਏ ਸਨ, ਉਸ ਨੂੰ ਮੇਰੇ ਕੋਲ ਆਇਆਂ। ਮੈਂ ਇਸ ਬਹੁਮੰਜ਼ਿਲਾ ਇਮਾਰਤ ਵਿਚ ਇੱਕ ਸੈਟ ਕਿਰਾਏ 'ਤੇ ਲੈ ਕੇ ਰਹਿ ਰਿਹਾ ਹਾਂ। ਉਹ ਪਿੰਡੋਂ ਆਇਆ ਹੋਣ ਕਰਕੇ ਅੰਦਰ ਵੜ ਕੰਪਿਊਟਰ, ਟੀ. ਵੀ. ਵੇਖਣ ਦਾ ਆਦੀ ਨਹੀਂ ਸੀ, ਸਗੋਂ ਬੂਹੇ ਨੇੜੇ ਬੈਠ ਬਾਰੀ ਵਿਚੋਂ ਬਾਹਰ ਦੇਖਦਾ ਰਹਿੰਦਾ।

ਸ਼ਾਮ ਨੂੰ ਜਦੋਂ ਮੈਂ ਵਾਪਿਸ ਆਇਆ ਤਾਂ ਉਹ ਪਾਰਕ ਵਿਚ ਇਕੱਲਾ ਬੈਠਾ ਸੀ। ਮੈਂ ਆਉਂਦਿਆਂ ਹੀ ਕਿਹਾ, ਤੂੰ ਅੰਦਰ ਬੈਠ ਟੀ. ਵੀ. ਲਾ ਲੈਂਦਾ। ਉਸ ਨੇ ਬੜਾ ਹੀ ਭੋਲਾ ਜਿਹਾ ਜਵਾਬ ਦਿੱਤਾ, "ਬਾਈ, ਗੁਆਂਢ 'ਚ ਮਰਗ ਹੋਈ ਆ। ਆਪਾਂ ਟੀ. ਵੀ. ਲਾਉਂਦੇ ਚੰਗੇ ਲਗਦੇ! ਊਂ ਬਾਈ ਜੀ, ਪੌੜੀਆਂ ਵਿਚੋਂ ਲਾਸ਼ ਮਸਾਂ ਉਤਾਰੀ। ਬੰਦੇ ਥੋੜ੍ਹੇ ਸੀ, ਆਸ-ਪਾਸ ਦਾ ਕੋਈ ਵੀ...।" ਕਹਿੰਦਾ ਉਹ ਚੁੱਪ ਕਰ ਗਿਆ।

"ਇੱਥੇ ਇਵੇਂ ਹੀ ਚਲਦਾ, ਸਭ ਨੂੰ ਆਪਣੇ ਤੱਕ ਮਤਲਬ ਐ।" ਕਹਿ ਕੇ ਮੈਂ ਆਪਣੇ ਕੰਮ ਲੱਗ ਗਿਆ।

ਅੱਠ-ਦਸ ਦਿਨਾਂ ਬਾਅਦ ਉਹ ਬਾਹਰੋਂ ਕਾਫੀ ਲੇਟ ਆਇਆ। ਪੁੱਛਣ 'ਤੇ ਦੱਸਿਆ ਕਿ ਕਿਸੇ ਬਜੁਰਗ ਨੂੰ ਕੋਈ ਫੇਟ ਮਾਰ ਕੇ ਸੁੱਟ ਗਿਆ ਸੀ। ਮੈਂ ਉਸ ਨੂੰ ਸੰਭਾਲਦਾ ਰਿਹਾ, ਜਿੰਨਾ ਚਿਰ ਐਂਬੂਲੈਂਸ ਨਾ ਆਈ। ਮੈਂ ਉਸ ਨੂੰ ਫਿਰ ਆਪਣੇ ਕੰਮ ਨਾਲ ਮਤਲਬ ਰੱਖਣ ਲਈ ਕਿਹਾ।

"ਬਾਈ ਜੀ, ਮਰਨ ਵਾਲੇ ਦਾ ਭੋਗ ਕਿੱਥੇ ਪਾਇਆ ਹੋਣਾ?" ਰਾਤ ਦੀ ਰੋਟੀ ਖਾਂਦਿਆਂ ਉਹ ਫਿਰ ਉਹੋ ਗੱਲ ਲੈ ਬੈਠਾ।

"ਕਿਸੇ ਮੰਦਿਰ ਜਾਂ ਗੁਰਦੁਆਰੇ ਪਾਇਆ ਹੋਣਾ। ਦੇਖ, ਵੱਡੇ ਸ਼ਹਿਰਾਂ 'ਚ ਕੋਈ ਕਿਸੇ ਵੱਲ ਧਿਆਨ ਨਹੀਂ ਦਿੰਦਾ। ਆਪਣਾ ਵੇਖਦੇ ਨੇ। ਇੱਥੇ ਰਹਿਣਾ ਤਾਂ ਸਿਰਫ ਆਪਣੇ ਤੱਕ ਮਤਲਬ ਰੱਖ।" ਕਹਿ ਕੇ ਮੈਂ ਉਸ ਨੂੰ ਚੁੱਪ ਕਰਵਾ ਦਿੱਤਾ। ਅਗਲੀ ਸਵੇਰ ਜਦੋਂ ਮੈਂ ਉਠਿਆ ਤਾਂ ਉਹ ਆਪਣਾ ਸਮਾਨ ਬੈਗ ਵਿਚ ਪਾ ਰਿਹਾ ਸੀ।

"ਕੀ ਹੋਇਆ?" ਮੈਂ ਪੁੱਛਿਆ।

"ਮੈਂ ਜਾ ਰਿਹਾ ਹਾਂ, ਮੈਂ ਨਹੀਂ ਰਹਿ ਸਕਦਾ ਇਸ ਪੱਥਰਾਂ ਦੇ ਸ਼ਹਿਰ ਵਿਚ।" ਕਹਿ ਕੇ ਉਹ ਬਿਨਾ ਮੇਰੇ ਵੱਲ ਵੇਖਿਆਂ ਦਰਵਾਜਿਓਂ ਬਾਹਰ ਹੋ ਗਿਆ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

ਮਿਨੀ ਕਹਾਣੀ

ਸਭਿਆਚਾਰ

# ਪੁਸ਼ਪ ਪ੍ਰੇਮੀ ਵੀ ਰਹੇ ਹਨ ਪੰਜਾਬੀ ਲੋਕ

ਕਿਸੇ ਕੌਮ ਦਾ ਬੁਨਿਆਦੀ ਸੁਭਾਅ ਉਸ ਦੇ ਵਸੇਬੇ ਵਾਲੇ ਖਿੱਤੇ ਦੇ ਭੂਗੋਲਿਕ, ਰਾਜਨੀਤਕ ਅਤੇ ਵਾਤਾਵਰਨਕ ਹਾਲਾਤ ਦੀ ਉਪਜ ਹੁੰਦਾ ਹੈ। ਇਨ੍ਹਾਂ ਹਾਲਾਤ ਦੇ ਪ੍ਰਭਾਵ ਸਦਕਾ ਉਸ ਵਿਸ਼ੇਸ਼ ਖਿੱਤੇ ਵਿਚ ਰਹਿਣ ਵਾਲੇ ਲੋਕਾਂ ਵਿਚ ਕੁਝ ਖਾਸ ਰੰਗਤ ਦੇ ਗੁਣ ਏਨੇ ਭਾਰੂ ਹੋ ਜਾਂਦੇ ਹਨ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਅਜਿਹੇ ਸੁਭਾਅ ਦੀ ਉਮੀਦ ਸਹਿਜ ਭਾ ਹੀ ਕਰਨ ਲੱਗਦੀਆਂ ਹਨ। ਕਿਸੇ ਜੱਟ ਦਾ ਤੰਗ ਦਿਲ ਹੋਣਾ ਜਾਂ ਔਛਾ ਮਹਿਮਾਨ ਨਿਵਾਜ਼ ਨਾ ਹੋਣਾ; ਕਿਸੇ ਸਿੰਘ-ਖਾਲਸੇ ਦਾ ਡਰਪੋਕ ਹੋਣਾ; ਕਿਸੇ ਪੇਂਡੂ

ਡਾ. ਆਸਾ ਸਿੰਘ ਘੁੰਮਣ
ਨਡਾਲਾ (ਕਪੂਰਥਲਾ)
ਫੋਨ: 91-97798-53245

ਪੰਜਾਬੀ ਦਾ ਬੇ-ਅਣਖਾ ਹੋਣਾ ਬੜੀ ਮਿਹਣੇ ਵਾਲੀ ਅਤੇ ਅਲੋਕਾਰੀ ਗੱਲ ਮੰਨੀ ਜਾਵੇਗੀ।

ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਰਹੀਆਂ ਹਨ। ਉਨ੍ਹਾਂ ਦਾ ਕਾਰੋਬਾਰ ਵੀ ਮੁੱਖ ਤੌਰ 'ਤੇ ਖੇਤੀ ਬਾੜੀ ਰਿਹਾ ਹੈ, ਜਿਸ ਨੂੰ ਕਾਮਯਾਬੀ ਨਾਲ ਨਿਭਾਉਣ ਲਈ ਸਰੀਰਕ ਬਹੁ-ਬਲ ਦੀ ਲੋੜ ਹੁੰਦੀ ਹੈ। ਬਤੌਰ ਕਿਸਾਨ ਅਤੇ ਜਵਾਨ ਪੂਰਾ ਨਿਭਣ ਲਈ ਵੱਖਰੀ ਕਿਸਮ ਦੀ ਸੂਰਬੀਰਤਾ ਦੀ ਲੋੜ ਹੁੰਦੀ ਹੈ। ਸਤਾਰ੍ਹਵੀਂ ਸਦੀ ਵਿਚ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀਆਂ ਨੂੰ ਬਾਹਰੀ ਧਾੜਵੀਆਂ ਦਾ ਹਿੱਕ ਤਾਣ ਕੇ ਮੁਕਾਬਲਾ ਕਰਨ ਹਿੱਤ ਉਨ੍ਹਾਂ ਨੂੰ ਸ਼ਸਤਰਧਾਰੀ ਬਣਾ ਦਿੱਤਾ ਤਾਂ ਜ਼ਾਹਰਾ ਤੌਰ 'ਤੇ ਇਹ ਗੱਲ ਸਾਹਮਣੇ ਆਉਣ ਲੱਗੀ ਕਿ ਪੰਜਾਬੀ ਇੱਕ ਮਾਰਸ਼ਲ ਕੌਮ ਹਨ। ਇਨ੍ਹਾਂ ਦਾ ਧਰਮ ਵੀ ਅਤੇ ਕਾਰੋਬਾਰ ਵੀ ਕਰੜੀਆਂ ਭਾਵਨਾਵਾਂ ਨਾਲ ਸਬੰਧਿਤ ਹੈ।

ਇਸ ਕਰਕੇ ਇਹ ਸਮਝਿਆ ਜਾਣ ਲੱਗਾ ਕਿ ਜਿਵੇਂ ਇਨ੍ਹਾਂ ਦਾ ਬਾਰੀਕੀ ਅਤੇ ਸੂਖਮਤਾ ਨਾਲ ਕੋਈ ਵਾਹ-ਵਾਸਤਾ ਨਹੀਂ। ਸਗੋਂ ਅਸਲੀਅਤ ਤਾਂ ਇਹ ਹੈ ਕਿ ਇਸ ਕੌਮ ਦੀ ਮਾਨਸਿਕਤਾ ਵਿਚ ਵੀ ਸੂਖਮਤਾ ਅਤੇ ਸੁਹਜ ਵਿਛਿਆ ਪਿਆ ਹੈ। ਜੇ ਲੋਕ-ਸਾਹਿਤ ਜਾਂ ਦੂਸਰੇ ਸਾਹਿਤ ਨੂੰ ਮਾਨਸਿਕ ਦਰਪਣ ਮੰਨ ਲਈਏ ਤਾਂ ਇਹ ਗੱਲ ਭਲੀ-ਭਾਂਤ ਸਥਾਪਤ ਹੋ ਜਾਂਦੀ ਹੈ।

ਪੰਜਾਬੀ ਲੋਕ-ਗੀਤਾਂ ਤੋਂ ਸਾਫ ਜ਼ਾਹਰ ਹੈ ਕਿ ਪੰਜਾਬੀਆਂ, ਖਾਸ ਕਰ ਪੰਜਾਬਣਾਂ ਵਿਚ ਨਾਜ਼ੁਕਤਾ, ਸੂਖਮਤਾ, ਸੁਹਜ, ਕੋਮਲਤਾ ਅਤੇ ਜਵਾਨੀ ਦੇ ਪ੍ਰਤੀਕ ਫੁੱਲਾਂ ਪ੍ਰਤੀ ਅਥਾਹ ਮੋਹ-ਪਿਆਰ ਹੈ। ਇਹ ਸੱਚ ਹੈ ਕਿ ਪੰਜਾਬ ਫੁੱਲਾਂ ਦੀ ਧਰਤੀ ਨਹੀਂ ਸਗੋਂ ਇਹ ਤਾਂ ਹਰੀ ਭਰੀ ਬਨਸਪਤੀ ਦਾ ਜ਼ਰਖੇਜ਼ ਜ਼ਮੀਂ-ਟੋਟਾ ਹੈ। ਇਹ ਤਾਂ ਅਜੋਕੇ ਸਮਿਆਂ ਵਿਚ ਹੀ ਵਿਸ਼ਵੀਕਰਨ ਰਾਹੀਂ ਪੰਜਾਬ ਵਿਚ ਡੇਲੀਆ, ਗੁਲਦਾਉਦੀ, ਗਲੇਡੀਅਸ, ਟਿਊਲਿੱਪ, ਫਾਇਰ ਬਾਲ, ਪੇਂਜੀ ਆਦਿ ਦੇ ਵੱਡੇ ਫੁੱਲ ਸਾਡੇ ਵਿਹੜਿਆਂ ਤੇ ਬਗੀਚਿਆਂ ਦੇ ਸ਼ਿੰਗਾਰ ਬਣੇ ਹਨ।

ਪੰਜਾਬ ਦੀ ਧਰਤੀ ਨੂੰ ਜਿਹੜੇ ਰੁੱਖ ਮਿਲੇ ਹਨ, ਉਨ੍ਹਾਂ ਨੂੰ ਵੱਡ-ਅਕਾਰੀ ਫੁੱਲ ਨਹੀਂ ਲੱਗਦੇ; ਕਈਆਂ ਨੂੰ ਤਾਂ ਬਿਲਕੁਲ ਹੀ ਨਹੀਂ ਲੱਗਦੇ; ਜੋ ਲੱਗਦੇ ਵੀ ਹਨ, ਉਹ ਵੀ ਕੇਵਲ ਤੀਖਣ ਨੀਝ ਵਾਲਿਆਂ ਦੀ ਨਜ਼ਰੇ ਹੀ ਚੜ੍ਹਦੇ ਹਨ। ਰੁੱਖਾਂ ਤੋਂ ਬਿਨਾ ਸਾਲ ਭਰ ਪੈਦਾ ਕੀਤੀਆਂ ਜਾਂਦੀਆਂ ਫਸਲਾਂ ਵਿਚੋਂ ਕੁਝ ਫਸਲਾਂ ਹੀ ਫੁੱਲਾਂ 'ਤੇ ਆਉਂਦੀਆਂ ਹਨ। ਕੁਦਰਤੀ ਪੈਦਾ ਹੁੰਦੀ ਬਨਸਪਤੀ ਦਾ ਵੀ ਇਹੀ ਹਿਸਾਬ ਹੁੰਦਾ ਹੈ। ਇਸ ਵਿਚ ਵੀ ਜੋ ਫੁੱਲ ਨਜ਼ਰੇ ਪੈਂਦੇ ਹਨ, ਛੁਟੇਰੇ ਅਕਾਰ ਦੇ ਹੀ ਮਿਲਦੇ ਹਨ। ਇਸ ਸਭ ਕਾਸੇ ਦੇ ਬਾਵਜੂਦ ਜੇ ਕਿਸੇ ਕੌਮ ਦੇ ਲੋਕ-ਗੀਤਾਂ ਵਿਚ ਫੁੱਲਾਂ ਦਾ ਖਾਸਾ ਜ਼ਿਕਰ ਆ ਜਾਵੇ ਤਾਂ ਮੰਨ ਲੈਣਾ ਚਾਹੀਦਾ ਹੈ ਕਿ ਉਸ ਕੌਮ ਦੇ ਮੁਢਲੇ ਸੁਭਾਅ ਵਿਚ ਕੁਦਰਤ ਦੇ ਸੁਹੱਪਣ ਨਾਲ ਪਿਆਰ ਹੈ, ਮੋਹ ਹੈ।

ਹੋਰ ਭਾਸ਼ਾਵਾਂ ਦੇ ਸਾਹਿਤ ਵਾਂਗ ਹੀ ਪੰਜਾਬੀ ਲੋਕ-ਗੀਤਾਂ ਵਿਚ ਵੀ ਫੁੱਲਾਂ ਨੂੰ ਕੋਮਲ ਭਾਵਨਾਵਾਂ ਅਤੇ ਥੋੜ-ਚਿਰੇ ਜੀਵਨ ਦਾ ਪ੍ਰਤੀਕ ਮੰਨਿਆ ਗਿਆ ਹੈ। ਜੇ ਅੰਗਰੇਜ਼ ਕਵੀ ਰੌਬਰਟ ਹੈਰਿਕ ਡੈਫੋਡਿੱਲ ਫੁੱਲਾਂ ਦੀ ਅਲਪ-ਜ਼ਿੰਦਗੀ ਬਾਰੇ ਅਫਸੋਸ ਕਰਦਾ ਹੈ ਤਾਂ ਪੰਜਾਬੀ ਲੋਕ-ਕਵੀ ਇਸ ਤੋਂ ਵੀ ਅੱਗੇ ਨਿਕਲ ਗਿਆ ਹੈ:

ਧਨ ਮਾਲ ਫੁੱਲਾਂ ਦੀਆਂ ਵਾੜੀਆਂ
ਸਦਾ ਨੀ ਆਬਾਦ ਰਹਿਣੀਆਂ।

ਪੰਜਾਬ ਵਿਚ ਰੁੱਤਾਂ ਦੇ ਚੱਕਰ ਵਿਚ ਗਰਮੀ, ਸਰਦੀ, ਬਸੰਤ, ਬਰਸਾਤ, ਪਤਝੜ ਦੇ ਮੌਸਮ ਆਉਂਦੇ ਹਨ, ਪਰ ਸਭ ਤੋਂ ਪਿਆਰੀ ਰੁੱਤ ਬਸੰਤ ਗਿਣੀ ਜਾਂਦੀ ਹੈ, ਜੋ ਫਲਗੁਣ (ਫੱਗਣ) ਵਿਚ ਵਿਦਮਾਨ ਹੁੰਦੀ ਹੈ। ਚੰਡੀਗੜ੍ਹ ਵਿਚ ਮਨਾਇਆ ਜਾਂਦਾ ਰੋਜ਼ ਫੈਸਟੀਵਲ ਤਾਂ ਅਜੋਕੇ ਸਮੇਂ ਦੀ ਗੱਲ ਹੈ, ਬਸੰਤ ਤਾਂ ਪੰਜਾਬ ਵਿਚ ਸਦੀਆਂ ਤੋਂ ਮਨਾਈ ਜਾਂਦੀ ਰਹੀ ਹੈ।

ਇਸ ਸਬੰਧੀ ਗੁਰੂ-ਕਵੀ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਕਹਿ ਉਠਦੇ ਹਨ:

ਚੇਤ ਬਸੰਤ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰ ਘਰਿ ਬਾਹੁੜੈ॥

ਖੇਤਾਂ ਵਿਚ ਖਿੜੇ ਫੁੱਲਾਂ ਬਾਰੇ ਪੰਜਾਬੀ ਲੋਕ





ਗੀਤਾਂ ਵਿਚ ਵਿਸ਼ੇਸ਼ ਜ਼ਿਕਰ ਹੈ:

ਸਰ੍ਹੋਂ ਨੂੰ ਤਾਂ ਫੁੱਲ ਲੱਗ ਜਾਂਦੇ
ਛੋਲਿਆਂ ਨੂੰ ਪਏ ਪਟਾਕਾ।
ਸ਼ੌਂਕ ਨਾਲ ਜੱਟ ਗਿੱਧਾ ਪਾਉਂਦੇ
ਰੱਬ ਸਭਨਾਂ ਦਾ ਰਾਖਾ।
ਬਸੰਤੀ ਫੁੱਲਾ ਵੇ, ਆ ਕੇ ਦੇ ਜਾ ਝਾਕਾ।

ਪੰਜਾਬ ਵਿਚ ਬਾਗ ਲਾਉਣ ਦਾ ਰਿਵਾਜ ਵੀ ਬਹੁਤ ਪੁਰਾਣਾ ਰਿਹਾ ਹੈ। ਬਾਗ ਜਿੱਥੇ ਵੱਡੇ ਕਿਸਾਨ ਦੀ ਸਰਦਾਰੀ ਦਾ ਪ੍ਰਤੀਕ ਸੀ, ਉਥੇ ਬਾਗ ਗਰਮੀ ਵਿਚ ਛਾਂ ਦੇਣ ਦੀ ਵੱਡੀ ਸਹੂਲਤ ਬਣਦਾ ਸੀ ਅਤੇ ਵਾਤਾਵਰਣ ਦਾ ਸੰਤੁਲਨ ਕਾਇਮ ਰੱਖਣ ਵਿਚ ਵੱਡਾ ਯੋਗਦਾਨ ਪਾਉਂਦਾ ਸੀ। ਇਨ੍ਹਾਂ ਬਾਗਾਂ ਵਿਚ ਫਲ ਵਾਲੇ ਰੁੱਖ ਵੀ ਹੁੰਦੇ ਸਨ, ਪਰ ਯਕੀਨਨ ਫੁੱਲਾਂ ਦੇ ਬੂਟੇ ਵੀ ਹੁੰਦੇ ਸਨ। ਪੰਜਾਬਣ ਨੂੰ ਆਪਣੇ ਮਾਹੀ ਨਾਲੋਂ ਬਾਬਲ ਜਾਂ ਵੀਰੇ ਦੇ ਲੁਆਏ ਬਾਗ ਦਾ ਵਧੇਰੇ ਮਾਣ ਹੁੰਦਾ ਸੀ:

ਬਾਬਲ ਸਾਡੇ ਬਾਗ ਲੁਆਇਆ
ਵਿਚ ਚੰਬਾ ਤੇ ਮਰੂਆ
ਮਾਂ ਮੇਰੀ ਮਾਲਣ ਫੁੱਲ ਪਈ ਚੁਣਦੀ,
ਵੀਰ ਤਾਂ ਬੂਟਾ ਹਰਿਆ।

ਬਹਾਰ ਦਾ ਮੌਸਮ ਆਉਣ ਨਾਲ ਬਾਗ ਦਾ ਖੁਸ਼ੀਆਂ-ਖੇੜਿਆਂ ਭਰਿਆ ਮਾਹੌਲ ਵੇਖਣ ਲਾਇਕ ਹੁੰਦਾ ਸੀ। ਹਰੇ-ਹਰੇ ਪੱਤੇ ਤੇ ਫਿਰ ਉਨ੍ਹਾਂ ਪੱਤਿਆਂ ਵਿਚੋਂ ਨਿਕਲਦੇ ਰੰਗ-ਬਰੰਗੇ ਫੁੱਲ ਅਜਬ ਨਜ਼ਾਰਾ ਪੇਸ਼ ਕਰਦੇ ਸਨ। ਕੋਈ ਪੰਜਾਬਣ ਇਸ ਤੋਂ ਕਿਵੇਂ ਨਿਰਲੇਪ ਰਹਿ ਸਕਦੀ ਹੈ। ਭਾਵੇਂ ਪੰਜਾਬਣਾਂ ਵਿਚ ਜੂੜੇ ਜਾਂ ਵਾਲਾਂ ਵਿਚ ਫੁੱਲ ਸਜਾਉਣ ਦਾ ਰਿਵਾਜ ਨਹੀਂ ਰਿਹਾ, ਪਰ ਕਿਸੇ ਫੁੱਲ ਨੂੰ ਐਵੇਂ ਹੀ ਵਾਲਾਂ ਵਿਚ ਟੁੰਗਣ ਲਈ ਕਿਸੇ ਫੁੱਲਾਂ ਲੱਦੇ ਰੁੱਖ ਜਾਂ ਟਾਹਣੀ ਨਾਲ ਸੰਵਾਦ ਰਚਾ ਲੈਣ ਵਿਚ ਕੀ ਹਰਜ ਹੈ?

ਹਰੀਏ ਹਰੀਏ ਡੇਕੇ ਨੀ ਫੁੱਲ ਦੇ ਦੇ,
ਅੱਜ ਮੈਂ ਜਾਣਾ ਪੇਕੇ ਨੀ ਫੁੱਲ ਦੇ ਦੇ।

ਦੁਨੀਆਂ ਦੀਆਂ ਹੋਰ ਕੌਮਾਂ ਵਾਂਗ ਪੰਜਾਬੀਆਂ ਵਿਚ ਫੁੱਲਾਂ ਦਾ ਸਬੰਧ ਸੇਜ ਨਾਲ ਵੀ ਰਿਹਾ ਹੈ। ਸ਼ਾਦੀ ਮੌਕੇ ਫੁੱਲਾਂ ਦੀ ਮਹਾਨਤਾ ਰਹੀ ਹੈ। ਇਸ ਮੌਕੇ ਫੁੱਲ ਵੀ ਅਜਿਹੇ ਚੁਣੇ ਜਾਂਦੇ ਹਨ, ਜੋ ਮਹਿਕਾਂ ਛੱਡਦੇ ਹੋਣ; ਮਾਹੌਲ ਨੂੰ ਵਿਸਮਾਦੀ ਕਰ ਦੇਣ ਅਤੇ ਕਿਸੇ ਨਿਵੇਕਲੇ ਆਲਮ ਵਿਚ ਲੈ ਜਾਣ। ਹੈਰਾਨੀ ਹੁੰਦੀ ਹੈ ਕਿ ਸਾਇੰਸ ਦੀ ਇੱਕ ਆਧੁਨਿਕ ਖੋਜ ਅਨੁਸਾਰ ਖੁਸ਼ਬੂ ਆਦਮੀ ਦੀ ਤੰਤਰ-ਪ੍ਰਣਾਲੀ 'ਤੇ ਅਜਿਹਾ ਅਸਰ ਕਰਦੀ ਹੈ ਕਿ ਆਦਮੀ ਦੀ ਔਰਤ ਦੀ ਸੁੰਦਰਤਾ ਪਰਖਣ ਦੀ ਸ਼ਕਤੀ ਘੱਟ ਜਾਂਦੀ ਹੈ। ਖੈਰ! ਸਿਹਰੇ ਦੇ ਫੁੱਲ ਸਜਾਉਣ ਲਈ ਮਾਲਣ ਬੁਲਾਈ ਜਾਂਦੀ ਹੈ। ਸਿਹਰੇ ਲਈ ਆਮ ਤੌਰ 'ਤੇ ਖੁਸ਼ਬੂ ਵੰਡਦੀਆਂ ਕਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਵਿਦੇਸ਼ੀ ਫੁੱਲ ਡੇਲੀਆ, ਗੁਲਸ਼ਰਫੀ, ਗੁਲਦੌਦੀ ਵਗੈਰਾ ਸਾਰੇ ਮਹਿਕ-ਰਹਿਤ ਫੁੱਲ ਹਨ, ਜਦੋਂ ਕਿ ਪਰੰਪਰਾਗਤ ਪੰਜਾਬੀ ਫੁੱਲ ਮਹਿਕਾਂ ਮੱਤੇ ਹਨ। ਪੁਰਾਤਨ ਸਮੇਂ ਤੋਂ ਹੀ ਪੰਜਾਬ ਵਿਚ ਬਰਾਤੀ ਗਲ ਵਿਚ ਹਾਰ ਪਾਉਂਦੇ ਰਹੇ ਹਨ:

ਚਲੋ ਭਰਾਵੋ ਜੰਜ ਚੜ੍ਹ ਚੱਲੀਏ
ਮੈਂ ਬੰਨ੍ਹ ਲਾਂ ਸ਼ਗਨਾਂ ਦੇ ਸਿਹਰੇ।
ਗਲ 'ਚ ਪਾ ਲਓ ਹਾਰ ਭਰਾਵੋ
ਬਾਗਾਂ 'ਚ ਫੁੱਲ ਬਥੇਰੇ।

ਵਾਰਸ ਸ਼ਾਹ ਦੀ ਹੀਰ ਵਿਚ ਵੀ ਖੇੜਿਆਂ ਦੀ ਬਰਾਤ ਵਿਚ ਵੀ ਅਜਿਹਾ ਹੀ ਜ਼ਿਕਰ ਹੈ:

ਕੇਸਰ ਭਿੰਨੜੇ ਪੱਗਾਂ ਦੇ ਪੇਚ ਬੱਧੇ,
ਵਿਚ ਕਲਗੀਆ ਜਗਾਂ ਲਗਾਇ ਕੇ ਜੀ।
ਸਿਹਰੇ ਫੁੱਲਾਂ ਦੇ ਤੁਰਿਆਂ ਨਾਲ ਲਟਕਣ
ਟਕੇ ਦਿੱਤੇ ਨੀ ਲੱਖ ਲੁਟਾਇਕੇ ਜੀ।

ਪਲੰਘੇ ਬੈਠਾ ਲਾੜਾ ਵੀ ਆਪਣੇ ਨਵੇਂ ਬਣੇ ਸੱਸ-ਸਹੁਰੇ ਦੀ ਤਸ਼ਬੀਹ ਫੁੱਲਾਂ ਨਾਲ ਹੀ ਕਰਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਬੂਟੀ
ਸਹੁਰਾ ਫੁੱਲ ਗੁਲਾਬ ਦਾ,
ਸੱਸ ਚੰਬੇ ਦੀ ਬੂਟੀ।

ਉਧਰੋਂ ਕਿਸੇ ਵਿਯੋਗੀ ਨੂੰ ਡੋਲੇ ਪੈ ਕੇ ਜਾਣ ਵਾਲੀ ਲਈ ਸੁੰਦਰਤਾ ਦੀ ਤਸ਼ਬੀਹ ਲਈ ਨਰਮੇ ਜਾਂ ਸਰ੍ਹੋਂ ਦੇ ਫੁੱਲ ਤੋਂ ਵੱਡੀ ਕੋਈ ਹੋਰ ਚੀਜ਼ ਨਹੀਂ ਲੱਭਦੀ:

ਹੀਰਿਆ ਹਰਨਾਂ ਬਾਗੀਂ ਚਰਨਾਂ
ਬਾਗੀਂ ਪੱਤਰ ਸਾਵੇ
ਸਰਸੋਂ (ਨਰਮੇ) ਦੇ ਫੁੱਲ ਵਰਗੀ
ਤੁਰ ਗਈ ਅੱਜ ਮੁਕਲਾਵੇ।

ਜਿੱਥੇ ਫੁੱਲ ਪਿਆਰ ਦਾ ਇਜ਼ਹਾਰ ਕਰਨ ਲਈ ਸਦੀਆਂ ਤੋਂ ਭਾਵਨਾਵਾਂ ਦਾ ਵਾਹਕ ਰਿਹਾ ਹੈ, ਉਥੇ ਮੰਦਿਰਾਂ-ਗੁਰਦੁਆਰਿਆਂ ਵਿਚ ਆਪਣੇ ਇਸ਼ਟ ਅੱਗੇ ਫੁੱਲ ਚੜ੍ਹਾਉਣ ਦਾ ਰਿਵਾਜ ਵੀ ਸਦੀਆਂ ਪੁਰਾਣਾ ਹੈ। ਹੋਰ ਤਾਂ ਹੋਰ ਮਰਨ ਉਪਰੰਤ ਵੀ ਵੱਡੇ ਲੋਕਾਂ ਨੂੰ ਆਖਰੀ ਸਲਾਮ ਦੇਣ ਮੌਕੇ ਪੁਸ਼ਪ-ਮਾਲਾ ਚੜ੍ਹਾਉਣ ਦਾ ਰਿਵਾਜ ਵੀ ਬਹੁਤ ਪੁਰਾਣਾ ਹੈ।

# ਲੋਕਧਾਰਾ ਦੀ ਗੁੜ੍ਹਤੀ: ਲੋਰੀਆਂ

ਮਨੁੱਖ ਮਾਤਰ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿਚ ਲੋਕਧਾਰਾ ਦੀ ਅਹਿਮ ਭੂਮਿਕਾ ਹੈ। ਇਹ ਮਨੋਰੰਜਨ ਦਾ ਮੁੱਖ ਸਾਧਨ ਹੀ ਨਹੀਂ, ਸਗੋਂ ਇਸ ਰਾਹੀਂ ਸਦਾਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ ਅਤੇ ਜੀਵਨ ਜਾਚ ਵੀ ਆਉਂਦੀ ਹੈ। ਲੋਰੀਆਂ ਪੰਜਾਬੀ ਲੋਕਧਾਰਾ ਦਾ ਅਨਿੱਖੜਵਾਂ ਅੰਗ ਹਨ, ਜੋ ਬੱਚੇ ਨੂੰ ਬਚਪਨ ਸਮੇਂ ਦਿੱਤੀਆਂ ਜਾਂਦੀਆਂ ਹਨ। ਲੋਰੀਆਂ ਨੂੰ ਲੋਕਧਾਰਾ ਦੀ ਗੁੜ੍ਹਤੀ ਵੀ ਕਹਿ ਸਕਦੇ ਹਾਂ। ਜਨਮ ਸਮੇਂ ਬਾਲਕ ਨੂੰ ਵੱਡੀ ਹਰੜ, ਸਨਾਂ, ਇੰਦੂ, ਜੌਂ, ਅਮਲਤਾਸ ਦੀ ਗੁੱਦ, ਅਜਵਾਇਣ, ਸੌਂਫ ਅਤੇ ਮੁਨੱਕਾ ਦਾਖ ਦੇ ਮੇਲ ਨਾਲ ਬਣਾਏ ਘੋਲ ਦੀ ਜੋ ਘੁੱਟ ਪਿਲਾਈ ਜਾਂਦੀ



ਸੁਖਦੇਵ ਮਾਦਪੁਰੀ
ਫੋਨ: 91-94630-34472

ਹੈ, ਉਸ ਨੂੰ ਜੰਮਣ ਘੁੱਟੀ ਅਥਵਾ ਗੁੜ੍ਹਤੀ ਆਖਦੇ ਹਨ। ਇਸ ਨਾਲ ਬਾਲਕ ਦੀਆਂ ਅੰਤੜੀਆਂ ਦੀ ਸਫਾਈ ਹੋ ਜਾਂਦੀ ਹੈ। ਬਚਪਨ ਵਿਚ ਲੋਰੀਆਂ ਦੀ ਪੀਤੀ ਘੁੱਟ ਸਦਕਾ ਬੱਚਾ ਵੱਡਾ ਹੋ ਕੇ ਲੋਕਧਾਰਾ ਦਾ ਰਸ ਚੱਖਣ ਲੱਗ ਜਾਂਦਾ ਹੈ।

ਮਾਂਵਾਂ ਆਪਣੇ ਬੱਚਿਆਂ ਨੂੰ ਪਰਚਾਉਣ ਲਈ ਮਧੁਰ ਸੁਰ ਅਤੇ ਲੈਅ ਵਿਚ ਜੋ ਗੀਤ ਗਾਉਂਦੀਆਂ ਹਨ, ਉਨ੍ਹਾਂ ਨੂੰ ਲੋਰੀਆਂ ਆਖਦੇ ਹਨ। ਲੋਰੀਆਂ ਪੰਜਾਬੀ ਲੋਕ ਗੀਤਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਵਿਚ ਉਪਲਬਧ ਹਨ। ਹਰ ਦੇਸ਼ ਦੀਆਂ ਮਾਂਵਾਂ ਆਪਣੇ ਛੋਟੇ ਬੱਚਿਆਂ ਨੂੰ ਲੋਰੀਆਂ ਦੇ ਕੇ ਦੁਲਾਰਦੀਆਂ ਤੇ ਪੁਚਕਾਰਦੀਆਂ ਹਨ।

ਬੱਚਿਆਂ ਬਿਨਾ ਕਾਹਦਾ ਘਰ? ਬੱਚੇ ਤਾਂ ਘਰਾਂ ਦੀਆਂ ਰੌਣਕਾਂ ਹੁੰਦੀਆਂ ਹਨ। ਜਿਸ ਘਰ ਵਿਚੋਂ ਬੱਚਿਆਂ ਦੀਆਂ ਕਿਲਕਾਰੀਆਂ ਸੁਣਾਈ ਨਹੀਂ ਦਿੰਦੀਆਂ, ਉਹ ਘਰ ਇੱਟਾਂ ਦੀ ਚਾਰ ਦੀਵਾਰੀ ਤੋਂ ਵੱਧ ਕੁਝ ਨਹੀਂ ਹੁੰਦਾ। ਬੱਚਿਆਂ ਵਿਚ ਮਾਪਿਆਂ ਦੇ ਭਵਿੱਖ ਦੀਆਂ ਕਾਮਨਾਵਾਂ ਤੇ ਰੀਝਾਂ ਸਮੋਈਆਂ ਹੁੰਦੀਆਂ ਹਨ। ਇਹ ਉਹ ਅਮੁੱਲ ਸਰਮਾਇਆ ਹਨ, ਜਿਨ੍ਹਾਂ ਦਾ ਧਨ-ਦੌਲਤ ਨਾਲ ਕੋਈ ਟਾਕਰਾ ਨਹੀਂ। ਬੇਔਲਾਦ ਮਾਪੇ ਔਲਾਦ ਲਈ ਝੂਰਦੇ ਹਨ। ਉਹ ਪੁੱਤਰ ਦੀ ਪ੍ਰਾਪਤੀ ਲਈ ਕੀ ਕੀ ਜ਼ਫਰ ਨਹੀਂ ਜਾਲਦੇ! ਉਹ ਮੰਨਤਾਂ ਮੰਨਦੇ, ਸਾਧਾਂ ਸੰਤਾਂ ਦੇ ਡੇਰਿਆਂ 'ਤੇ ਜਾ ਕੇ ਸੁੱਖਾਂ ਸੁੱਖਦੇ ਅਤੇ ਪੀਰਾਂ ਫਕੀਰਾਂ ਦੀਆਂ ਕਬਰਾਂ 'ਤੇ ਮੱਥੇ ਰਗੜਦੇ ਹਨ।

ਸਾਡੇ ਸਮਾਜ ਵਿਚ ਬਾਂਝ ਔਰਤ ਨੂੰ ਮਾੜੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਔਰਤ ਦੀ ਜ਼ਿੰਦਗੀ ਬੱਚੇ ਨਾਲ ਜੁੜੀ ਹੋਈ ਹੈ। ਉਸ ਨੂੰ ਪਤੀ ਦਾ ਪਿਆਰ ਅਤੇ ਸਹੁਰੇ ਘਰ ਦਾ ਸਤਿਕਾਰ ਤਦ ਹੀ ਮਿਲਦਾ ਹੈ, ਜੇ ਉਹਦੀ ਗੋਦੀ ਵਿਚ ਬਾਲ ਖੇਡਦਾ ਹੋਵੇ। ਵਿਆਹੇ ਜਾਣ 'ਤੇ ਕਈ ਵਰ੍ਹਿਆਂ ਮਗਰੋਂ ਕੁੜੀ ਦੇ ਮੁੰਡਾ ਜੰਮਣ 'ਤੇ ਸਿਆਣੀਆਂ ਬੁੜ੍ਹੀਆਂ ਅਕਸਰ ਕਹਿੰਦੀਆਂ ਹਨ, "ਭਾਈ ਹੁਣ ਕੁੜੀ ਦਾ ਸਹੁਰੇ-ਘਰ ਵਸੇਬਾ ਹੋ ਜੂ?" ਗੋਦ ਹਰੀ ਹੋਣ 'ਤੇ ਔਰਤ ਇਕ ਤਰ੍ਹਾਂ ਦੀ ਵਿਸ਼ੇਸ਼ ਸੰਤੁਸ਼ਟੀ ਪ੍ਰਾਪਤ ਕਰਦੀ ਹੈ। ਇਹੋ ਕਾਰਨ ਹਨ ਕਿ ਮੰਨਤਾਂ ਨਾਲ ਪ੍ਰਾਪਤ ਕੀਤੇ ਲਾਲ ਦਾ ਬੜੀਆਂ ਰੀਝਾਂ ਨਾਲ ਪਾਲਣ ਪੋਸ਼ਣ ਕੀਤਾ ਜਾਂਦਾ ਹੈ। ਉਹਦੀਆਂ ਤੋਤਲੀਆਂ ਗੱਲਾਂ ਅਤੇ ਗੁੱਝੇ ਇਸ਼ਾਰੇ ਮਾਂ ਨੂੰ ਰਿਝਾਈ ਰੱਖਦੇ ਹਨ। ਉਹ ਉਸ ਨੂੰ ਸੁਆਉਣ, ਦੁੱਧ ਚੁੰਘਾਉਣ, ਨੁਹਾਉਣ ਅਤੇ ਜਗਾਉਣ ਸਮੇਂ ਮਧੁਰ ਸੁਰ ਤੇ ਲੈ ਵਿਚ ਅਨੇਕਾਂ ਲੋਰੀਆਂ ਦਿੰਦੀ ਮਾਨਸਿਕ ਰੱਜ ਅਤੇ ਅਨੰਦ ਪ੍ਰਾਪਤ ਕਰਦੀ ਹੈ।

ਕੇਵਲ ਮਾਂ ਹੀ ਆਪਣੇ ਲਾਲ ਨੂੰ ਲੋਰੀਆਂ ਨਹੀਂ ਦਿੰਦੀ, ਸਗੋਂ ਬੱਚੇ ਦੀ ਵੱਡੀ ਭੈਣ, ਦਾਦੀ, ਤਾਈ, ਚਾਚੀ, ਭੂਆ, ਨਾਨੀ, ਮਾਸੀ ਤੇ ਮਾਮੀ ਵੀ ਲਾਲ ਨੂੰ ਲਾਡ ਲਡਾਉਣ ਸਮੇਂ ਕਈ ਤਰ੍ਹਾਂ ਦੀਆਂ ਖੇਡਾਂ ਖਿਡਾਉਂਦੀਆਂ ਲੋਰੀਆਂ ਦਿੰਦੀਆਂ ਹਨ।

ਬੱਚਾ ਕੁਤਕੁਤਾੜੀਆਂ ਕਢਵਾ ਕੇ ਬਹੁਤ ਖੁਸ਼ ਹੁੰਦਾ ਹੈ। ਮਾਂ ਬੱਚੇ ਨੂੰ ਮੰਜੇ ਜਾਂ ਮੰਜੀ 'ਤੇ ਪਿੱਠ ਪਰਨੇ ਪਾ ਕੇ ਉਸ ਨੂੰ ਲਾਡ ਲਡਾਉਂਦਿਆਂ ਉਸ ਦੇ ਸਰੀਰ ਦੇ ਵੱਖ ਵੱਖ ਅੰਗਾਂ ਨੂੰ ਆਪਣੀਆਂ ਉਂਗਲਾਂ ਨਾਲ ਸਹਿਲਾ ਕੇ ਲੋਰੀ ਦਿੰਦੀ ਹੈ,

ਕਾਕੇ ਦੀ ਕੱਛ ਵਿਚ ਗੋਹ ਬੜ'ਗੀ
ਮੈਂ ਲੱਗੀ ਕੱਢਣ ਇੱਕ ਹੋਰ ਬੜ'ਗੀ।

ਨਾਲ ਹੀ ਉਹਦੀਆਂ ਬਗਲਾਂ 'ਚ ਦੋਨੋਂ ਹੱਥ ਪਾ ਕੇ ਕੁਤਕੁਤਾੜੀਆਂ ਕੱਢਦੀ ਹੈ ਤੇ ਬੱਚਾ ਖੂਬ ਖਿੜ-ਖਿੜਾ ਕੇ ਹੱਸਦਾ ਹੈ। ਇਹ ਖੇਡ ਕਈ ਵਾਰ ਦੁਹਰਾਈ ਜਾਂਦੀ ਹੈ। ਇਸ ਖੇਡ ਨਾਲ ਸਬੰਧਿਤ ਹੋਰ ਲੋਰੀਆਂ ਹਨ,

ਏਥੇ ਮੇਰੀ ਖੰਡ ਸੀ
ਏਥੇ ਮੇਰਾ ਘਿਉ ਸੀ
ਏਥੇ ਮੇਰਾ ਦੁੱਧ ਸੀ
ਏਥੇ ਮੇਰੀ ਮਧਾਣੀ ਸੀ
ਕਾਕੇ ਦਾ ਘਰ ਲੱਭਦਿਆਂ
ਲੱਭਦਿਆਂ ਲੱਭ ਗਿਆ।

ਹੋਰ,

ਹਾਲੀਓ ਪਾਲੀਓ
ਸਾਡੇ ਮੱਘਰ ਦੇ ਹੱਥ ਵਿਚ
ਸੋਟੀ ਸੀ
ਪੈਰੀਂ ਮੌਜੇ ਸੀ
ਕਿਤੇ ਸਾਡਾ ਮੱਘਰ
ਮੱਝਾਂ ਚਾਰਦਾ ਵੇਖਿਆ ਹੋਵੇ।

ਐਨੇ ਬੋਲ ਬੋਲਣ ਮਗਰੋਂ ਬੱਚੇ ਦੇ ਵੱਖ-ਵੱਖ ਅੰਗਾਂ ਨੂੰ ਸਹਿਲਾਉਂਦਿਆਂ ਆਖਦੇ ਹਨ, "ਏਥੇ ਸੀ", "ਏਥੇ ਸੀ" ਤੇ ਅੰਤ ਵਿਚ ਉਸ ਦੀਆਂ ਬਗਲਾਂ 'ਚ ਕੁਤਕੁਤਾੜੀਆਂ ਕੱਢ ਕੇ ਆਖਦੇ ਹਨ, "ਲੱਭ ਗਿਆ ਬਈ ਲੱਭ ਗਿਆ।" ਬੱਚਾ ਖੂਬ ਖਿੜ ਖਿੜਾ ਕੇ ਹੱਸਦਾ ਹੋਇਆ ਕਿਲਕਾਰੀਆਂ ਮਾਰਦਾ ਹੈ।

ਛੋਟੇ ਬੱਚੇ ਅਕਸਰ, "ਝੂਟੇ ਮਾਟੇ", ਲੈਣ ਵਿਚ ਖਾਸ ਅਨੰਦ ਤੇ ਖੁਸ਼ੀ ਮਹਿਸੂਸ ਕਰਦੇ ਹਨ। ਮਾਂ ਜਾਂ ਵੱਡੀ ਭੈਣ ਬੱਚੇ ਨੂੰ ਲੈ ਕੇ ਮੰਜੇ 'ਤੇ ਸਿੱਧੀ ਪਿੱਠ ਭਰਨੇ ਲੇਟ ਜਾਂਦੀ ਹੈ। ਇਸ ਪਿਛੋਂ ਉਹ ਆਪਣੇ ਦੋਨੋਂ ਗੋਡੇ ਆਪਣੇ ਢਿੱਡ ਨਾਲ ਲਾ ਲੈਂਦੀ ਹੈ। ਬੱਚਾ ਉਹਦੇ ਪੈਰਾਂ 'ਤੇ ਬਹਿ ਕੇ ਉਹਦੇ ਦੋਵੇਂ ਗੋਡੇ ਫੜ ਲੈਂਦਾ ਹੈ। ਇਸ ਪਿਛੋਂ ਮਾਂ ਜਾਂ ਭੈਣ ਆਪਣੇ ਗੋਡਿਆਂ ਨੂੰ ਅੱਗੇ ਪਿੱਛੇ ਕਰਦੀ ਹੁਲਾਰੇ ਦਿੰਦੀ ਹੈ ਤੇ ਨਾਲ ਹੀ ਇਹ ਲੋਰੀ ਗਾਉਂਦੀ ਹੈ,

ਹੂਟੇ ਮਾਈਆਂ
ਪੀਂਘਾਂ ਚੜ੍ਹਾਈਆਂ।

ਇੰਜ ਕਈ ਵਾਰ ਕਰਨ ਪਿਛੋਂ ਬੱਚੇ ਤੋਂ ਪੁੱਛਿਆ ਜਾਂਦਾ ਹੈ, "ਦਾਦੀ ਵੇਖਣੀ ਏ ਜਾਂ ਨਾਨੀ, ਮਾਮਾ ਕਿ ਮਾਮੀ" ਆਦਿ। ਬੱਚਾ ਕਿਸੇ ਦਾ ਨਾਂ ਲੈਂਦਾ ਏ ਤੇ ਮਾਂ ਜਾਂ ਭੈਣ ਬੱਚੇ ਸਮੇਤ ਆਪਣੀਆਂ ਲੱਤਾਂ ਖੋਲ੍ਹ ਕੇ ਉਚੀਆਂ ਅਸਮਾਨ ਵਲ ਚੁੱਕ ਲੈਂਦੀ ਹੈ ਤੇ ਬੱਚੇ ਦਾ ਮੂੰਹ ਥੱਲੇ ਤੇ ਲੱਤਾਂ ਉਤਾਂਹ ਹੋ ਜਾਂਦੀਆਂ ਹਨ ਤੇ ਉਹ ਖਿੜ ਖਿੜਾ ਕੇ ਹੱਸਣ ਲੱਗ ਜਾਂਦਾ ਹੈ; ਮਾਂ ਪੁੱਛਦੀ ਏ, "ਮਾਮਾ ਦੇਖ ਲਿਆ?" ਬੱਚਾ ਅੱਗੋਂ "ਹਾਂ ਵੇਖ ਲਿਆ" ਆਖਦਾ ਹੈ ਤੇ ਇਸ ਮਗਰੋਂ ਬੱਚੇ ਨੂੰ ਥੱਲੇ ਲਾਹ ਲਿਆ ਜਾਂਦਾ ਹੈ। ਇੰਜ ਇਹ ਖੇਡ ਕਈ ਵਾਰ ਦੁਹਰਾਈ ਜਾਂਦੀ ਹੈ।

ਲੋਰੀਆਂ ਕੇਵਲ ਬੱਚੇ ਨੂੰ ਸੁਆਉਣ ਲਈ ਹੀ ਨਹੀਂ ਗਾਈਆਂ ਜਾਂਦੀਆਂ, ਸਗੋਂ ਉਨ੍ਹਾਂ ਨੂੰ ਜਗਾਉਣ ਲਈ ਵੀ ਗਾਈਆਂ ਜਾਂਦੀਆਂ ਹਨ। ਕਈ ਵਾਰ ਕੱਚਾ ਮਿੱਠਾ ਖਾਣ ਕਰਕੇ ਬੱਚਿਆਂ ਦੀਆਂ ਅੱਖਾਂ ਤੇ ਗਿੱਡ ਜੰਮ ਜਾਂਦੀ ਹੈ ਤੇ ਸਵੇਰੇ ਉਠਣ ਸਮੇਂ ਖੁੱਲ੍ਹਦੀਆਂ ਨਹੀਂ, ਪੀੜ ਹੁੰਦੀ ਹੈ। ਉਹ ਰੋਂਦੇ ਹਨ ਤੇ ਰਿਹਾੜ ਕਰਦੇ ਹਨ। ਮਾਂ ਉਸ ਦੀ ਗਿੱਡ ਲਾਹੁਣ ਲਈ ਆਪਣੀਆਂ ਹਥੇਲੀਆਂ ਨੂੰ ਗਿੱਲਾ ਕਰਕੇ ਬੱਚੇ ਦੀਆਂ ਅੱਖਾਂ ਨੂੰ ਗਿੱਲੀ ਤਲੀ ਨਾਲ ਹੌਲੀ ਹੌਲੀ ਪਲੋਸ ਕੇ ਗਿੱਡ ਲਾਹੁੰਦੀ ਹੈ ਤੇ ਬੱਚੇ ਦਾ ਧਿਆਨ ਪੀੜ ਤੋਂ ਹਟਾਉਣ ਲਈ ਇਹ ਲੋਰੀ ਗਾਉਂਦੀ ਹੈ,

ਚੀਚੀ ਚੀਚੀ ਕੋਕੋ ਖਾਵੇ
ਦੁੱਧ ਮਲਾਈਆਂ ਕਾਕਾ ਖਾਵੇ
ਘੋੜੀ ਦਾ ਵਛੇਰਾ ਖਾਵੇ।

ਪੰਜਾਬ ਦੇ ਪਿੰਡਾਂ ਵਿਚ ਮੁੱਖ ਧੰਦਾ ਖੇਤੀਬਾੜੀ ਹੋਣ ਕਰਕੇ ਘਰ ਦਾ ਤੇ ਬਾਹਰ ਦਾ ਬਹੁਤ ਸਾਰਾ ਕੰਮ ਜਨਾਨੀਆਂ ਨੂੰ ਕਰਨਾ ਪੈਂਦਾ ਹੈ। ਕਈ ਵਾਰ ਬੱਚੇ ਮਾਂਵਾਂ ਨੂੰ ਕੰਮ ਕਰਨ ਵਿਚ ਅਟਕਾਰ ਪਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਜਲਦੀ ਸੁਲਾਉਣ ਲਈ ਲੋਰੀਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਲੋਰੀਆਂ ਵਿਚ ਵਰਤੇ ਸ਼ਬਦਾਂ ਦੀ ਤਰਤੀਬ ਇਸ ਤਰ੍ਹਾਂ ਹੁੰਦੀ ਏ ਕਿ ਗਾਉਣ ਸਮੇਂ ਉਹ ਅਜਿਹੀ ਮਧੁਰ ਸੁਰ ਤੇ ਲੈਅ ਪੈਦਾ ਕਰਦੇ ਨੇ, ਜਿਸ ਨਾਲ ਬੱਚੇ ਦੀਆਂ ਅੱਖਾਂ 'ਤੇ ਨੀਂਦਰ ਭਾਰੂ ਹੋ ਜਾਂਦੀ ਹੈ ਤੇ ਉਹ ਗੂੜ੍ਹੀ ਨੀਂਦ ਦੇ ਹੂਟੇ ਲੈਣ ਲੱਗ ਜਾਂਦਾ ਹੈ। ਇਨ੍ਹਾਂ ਲੋਰੀਆਂ 'ਚ ਪੰਜਾਬ ਦਾ ਜਨ ਜੀਵਨ ਓਤ-ਪੋਤ ਹੈ।

ਮਸ਼ੀਨੀ ਸੱਭਿਅਤਾ ਦੇ ਵਿਕਾਸ ਦਾ ਪ੍ਰਭਾਵ ਜੀਵਨ ਦੇ ਹਰ ਖੇਤਰ 'ਤੇ ਪਿਆ ਹੈ। ਲੋਰੀਆਂ ਦੇਣ ਦੀ ਪਰੰਪਰਾ ਖਤਮ ਹੁੰਦੀ ਜਾ ਰਹੀ ਹੈ, ਜਿਸ ਕਰਕੇ ਲੋਰੀਆਂ ਦੀ ਸਿਰਜਣ ਪ੍ਰਕ੍ਰਿਆ ਵੀ ਖਤਮ ਹੋ ਰਹੀ ਹੈ। ਇਹ ਪੰਜਾਬੀ ਲੋਕ ਸਾਹਿਤ ਦਾ ਵਡਮੁੱਲਾ ਭਾਗ ਹਨ, ਇਨ੍ਹਾਂ ਨੂੰ ਸਾਂਭਣ ਦੀ ਬੇਹਦ ਲੋੜ ਹੈ।

# ਫਿਲਮਾਂ ਵਿਚ ਬਨਾਰਸ

ਬਨਾਰਸ (ਵਾਰਾਣਸੀ) ਭਾਰਤ ਦੀ ਗੰਗਾ-ਯਮੁਨਾ ਤਹਿਜ਼ੀਬ ਦਾ ਮੁੱਖ ਕੇਂਦਰ ਰਿਹਾ ਹੈ। ਇਸ ਸ਼ਹਿਰ ਬਾਰੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬਾਖੂਬੀ ਜ਼ਿਕਰ ਕੀਤਾ ਹੈ। ਬਨਾਰਸ ਸ਼ਹਿਰ ਗੰਗਾ ਨਦੀ ਦੇ ਕੰਢੇ 'ਤੇ ਸਥਿਤ ਹੈ। ਸੰਸਕ੍ਰਿਤ ਭਾਸ਼ਾ ਤੇ ਗਿਆਨ ਪਰੰਪਰਾ ਦੇ ਖੇਤਰ ਵਿਚ ਇਸ ਸ਼ਹਿਰ ਦੀ ਆਪਣੀ ਪ੍ਰਸਿਧੀ ਹੈ। ਇਹ ਸ਼ਹਿਰ ਧਰਮ, ਮੋਕਸ਼ ਤੇ ਸਿਆਸਤ ਦੇ ਪੱਖ ਤੋਂ ਅਹਿਮ ਸਥਾਨ ਰੱਖਦਾ ਹੈ।

ਸਿਨਮਾ ਦੇ ਖੇਤਰ ਵਿਚ ਇਸ ਦਾ ਬਹੁਤ ਜ਼ਿਕਰ ਆਉਂਦਾ ਹੈ। 'ਮਸਾਨ', 'ਮੁਹੱਲਾ ਅੱਸੀ', 'ਬਨਾਰਸ' ਅਤੇ ਤਾਮਿਲ ਫਿਲਮ 'ਨਾਨ ਕਾਦਾਵੂਲ' ਵਿਚ ਇਸ ਸ਼ਹਿਰ ਦਾ ਖੂਬ ਜ਼ਿਕਰ ਹੋਇਆ ਹੈ। 'ਨਾਨ ਕਾਦਾਵੂਲ' ਤਾਮਿਲ ਨਾਵਲ 'ਯਾਮਹਾਮ' ਅਤੇ 'ਮੁਹੱਲਾ ਅੱਸੀ' ਫਿਲਮ ਉਘੇ ਹਿੰਦੀ ਲੇਖਕ ਕਾਸ਼ੀਨਾਥ ਸਿੰਘ ਦੇ ਨਾਵਲ 'ਕਾਸ਼ੀ ਕਾ ਅੱਸੀ' ਉਤੇ ਆਧਾਰਿਤ ਹਨ। 'ਬਨਾਰਸ' ਅਤੇ 'ਨਾਨ ਕਾਦਾਵੂਲ' ਫਿਲਮਾਂ ਧਰਮ ਤੋਂ ਮੋਕਸ਼ ਵੱਲ ਯਾਤਰਾ ਵਿਚ ਸਮਾਏ ਲੋਕਾਂ ਦੀ ਗਾਥਾ ਹਨ ਕਿ ਮੋਕਸ਼ ਦੀ ਪ੍ਰਾਪਤੀ ਕਿਵੇਂ ਪਾਈ ਜਾ ਸਕੇ। ਜਦੋਂ ਸਮਾਜਕ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਬੰਦਾ ਮੋਕਸ਼ ਵੱਲ ਮੂੰਹ ਮੋੜ ਲੈਂਦਾ ਹੈ।

ਦੂਜੇ ਪਾਸੇ 'ਮੁਹੱਲਾ ਅੱਸੀ' ਅਤੇ 'ਮਸਾਨ' ਵਰਗੀਆਂ ਫਿਲਮਾਂ ਹਨ। ਇਹ ਫਿਲਮਾਂ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਦੀਆਂ ਤਸਵੀਰਾਂ ਦੇ ਰੰਗ ਉਘਾੜਦੀਆਂ ਹਨ, ਜਿਨ੍ਹਾਂ ਨੇ ਸ਼ਹਿਰ ਦੇ ਘਾਟਾਂ 'ਤੇ ਵਸੇਬਾ ਰੱਖਿਆ ਅਤੇ ਆਪਣੀ ਰੋਜ਼ੀ-ਰੋਟੀ ਦਾ ਜ਼ਰੀਆ ਵੀ ਬਣਾਇਆ ਹੋਇਆ ਹੈ। 'ਮੁਹੱਲਾ ਅੱਸੀ' ਫਿਲਮ ਵਿਚਲਾ ਬਿਰਤਾਂਤ 1988 ਤੋਂ 1998 ਦੇ ਭਾਰਤ ਦੇ ਹਾਲਾਤ 'ਤੇ ਚਾਨਣਾ ਪਾਉਂਦਾ ਹੈ ਕਿ ਕਿਵੇਂ ਉਸ ਸਮੇਂ ਮੰਦਿਰ ਤੇ ਮਸਜਿਦ ਵਿਚਾਲੇ ਵਿਵਾਦ ਦਾ ਮਾਹੌਲ ਭਖਿਆ ਹੋਇਆ ਸੀ। ਫਿਲਮ ਵਿਚ ਬੜੀ ਸਪਸ਼ਟਤਾ ਨਾਲ ਇਹ ਦਿਖਾਇਆ



ਬਨਾਰਸ ਬਾਰੇ ਫਿਲਮ 'ਮੁਹੱਲਾ ਅੱਸੀ' ਵਿਚ ਸੰਨੀ ਦਿਓਲ।

ਗਿਆ ਹੈ ਕਿ ਭਾਰਤੀ ਮੁਸਲਮਾਨ ਤਾਂ ਉਦੋਂ ਤਕ ਆਪਣੇ ਆਪ ਨੂੰ ਬਹੁਗਿਣਤੀ ਨਾਲੋਂ ਵੱਖਰਾ ਨਹੀਂ ਸਮਝਦੇ ਸਨ, ਜਦੋਂ ਤਕ ਧਰਮਾਂ ਦੇ ਨਾਂ 'ਤੇ ਧਰੁਵੀਕਰਨ ਨਹੀਂ ਹੋਇਆ ਸੀ।

'ਮਸਾਨ' ਅਤੇ 'ਮੁਹੱਲਾ ਅੱਸੀ' ਫਿਲਮਾਂ ਵਿਚਕਾਰ ਆਪਸੀ ਸਾਂਝ ਝਲਕਦੀ ਹੈ। 'ਮੁਹੱਲਾ ਅੱਸੀ' ਬ੍ਰਾਹਮਣ ਸਮਾਜ ਦੇ ਲੋਕਾਂ ਦੀ ਜ਼ਿੰਦਗੀ (ਜੋ ਬਨਾਰਸ ਦੇ ਘਾਟਾਂ 'ਤੇ ਗਿਆਨ, ਧਰਮ ਤੇ ਸੰਸਕ੍ਰਿਤ ਭਾਸ਼ਾ ਦੇ ਪ੍ਰਚਾਰ ਨਾਲ ਜੁੜੀ ਹੋਈ ਹੈ) ਅਤੇ ਵਿਸ਼ਵੀਕਰਨ ਦੇ ਵਰਤਾਰੇ ਕਾਰਨ ਉਨ੍ਹਾਂ ਨੂੰ ਆਪਣੀ ਹੋਂਦ ਬਣਾਈ ਰੱਖਣ ਵਿਚ ਜੋ ਖਤਰਾ ਮਹਿਸੂਸ ਹੋ ਰਿਹਾ ਹੈ, ਉਸ ਬਾਰੇ ਗੱਲ ਕਰਦੀ ਹੈ। ਦੂਜੇ ਪਾਸੇ, 'ਮਸਾਨ' ਵਿਚ ਡੂਮ ਜਾਤੀ ਦੇ ਲੋਕ (ਜੋ ਗੰਗਾ ਦੇ ਘਾਟ 'ਤੇ ਮੁਰਦੇ ਸਾੜਨ ਦਾ ਕੰਮ ਕਰਦੇ ਹਨ) ਆਪਣੀ ਸਮਾਜਕ ਹੋਂਦ ਨੂੰ ਬਣਾਉਣ ਵਿਚ ਜੱਦੋ-ਜਹਿਦ ਕਰਦੇ ਨਜ਼ਰ ਆ ਰਹੇ ਹਨ। ਇਸ ਸ਼ਹਿਰ ਦੇ ਲੋਕਾਂ ਲਈ ਮੋਕਸ਼ ਪ੍ਰਾਪਤੀ ਦੇ ਵੱਖਰੇ-ਵੱਖਰੇ ਰਸਤੇ ਹਨ, ਜਦੋਂ ਕਿ ਸਮਾਜਕ ਪਛਾਣ ਤੇ ਹੋਂਦ ਉਨ੍ਹਾਂ ਦਾ ਮੌਜੂਦਾ ਮਸਲਾ ਹੈ। 'ਮੁਹੱਲਾ ਅੱਸੀ' ਦੇ ਕਿਰਦਾਰ ਵਿਚ ਉਨ੍ਹਾਂ ਦੀ ਸਮਾਜਕ ਹੋਂਦ ਨੂੰ ਖੁਰਨ ਦਾ ਜੋ ਝੋਰਾ ਹੈ, ਉਹ ਉਨ੍ਹਾਂ ਦੀ ਸੰਵਾਦ ਦੀ ਭਾਸ਼ਾ 'ਚੋਂ ਨਜ਼ਰ ਆਉਂਦਾ ਹੈ। ਉਨ੍ਹਾਂ ਦੇ ਸੰਵਾਦ ਦੀ ਭਾਸ਼ਾ ਵਿਚ ਖਿੱਚ ਤੇ ਤਲਖੀ ਹੈ, ਜਿਸ ਨੂੰ ਉਹ ਭੱਦੀ ਭਾਸ਼ਾ ਰਾਹੀਂ ਬਿਆਨ ਕਰਦੇ ਹਨ।

ਇਨ੍ਹਾਂ ਫਿਲਮਾਂ ਦੇ ਬਿਰਤਾਂਤ ਰਾਹੀਂ ਭਾਰਤ ਦੇ ਇਤਿਹਾਸਕ ਸ਼ਹਿਰ ਵਾਰਾਣਸੀ/ਬਨਾਰਸ ਦੇ ਜਨਜੀਵਨ ਨੂੰ ਪੇਸ਼ ਕਰਨ ਦਾ ਸਫਲ ਉਪਰਾਲਾ ਕੀਤਾ ਗਿਆ ਹੈ। ਇਸ ਸ਼ਹਿਰ ਦੀਆਂ ਧਾਰਮਿਕ, ਸਿਆਸੀ, ਸਭਿਆਚਾਰਕ ਅਤੇ ਆਰਥਕ ਪਹਿਲੂਆਂ ਦੀਆਂ ਪਰਤਾਂ ਨੂੰ ਫਰੋਲਿਆ ਜਾਵੇ ਤਾਂ ਮੌਜੂਦਾ ਭਾਰਤ ਦੇ ਹਾਲਾਤ ਨੂੰ ਸਮਝਣਾ ਵਧੇਰੇ ਸੁਖਾਲਾ ਹੋ ਜਾਂਦਾ ਹੈ।

**-ਜਤਿੰਦਰ ਸਿੰਘ**

# ਪੰਜਾਬੀ ਪਰਦੇ ਦੀ ਨਵੀਂ ਅਦਾਕਾਰਾ-ਸ਼ਰਨ ਕੌਰ

ਕਿਸੇ ਵੇਲੇ ਪੰਜਾਬੀ ਫਿਲਮਾਂ 'ਚ ਗੈਰ ਪੰਜਾਬਣ ਹੀਰੋਇਨਾਂ ਦਾ ਵਧੇਰੇ ਬੋਲਬਾਲਾ ਸੀ, ਅੱਜ ਪੰਜਾਬੀ ਸਿਨਮੇ ਨੇ ਐਨੀ ਤਰੱਕੀ ਕਰ ਲਈ ਹੈ ਕਿ ਹਰੇਕ ਨਵੀਂ ਫਿਲਮ ਨਾਲ ਇੱਕ ਨਵੀਂ ਪੰਜਾਬਣ ਅਦਾਕਾਰਾ ਪਰਦੇ 'ਤੇ ਨਜ਼ਰ ਆਉਣ ਲੱਗੀ ਹੈ। ਅਜਿਹੇ ਨਵੇਂ ਚਿਹਰਿਆਂ 'ਚੋਂ ਇੱਕ ਖੂਬਸੂਰਤ ਚਿਹਰਾ ਹੈ ਸ਼ਰਨ ਕੌਰ,



ਜੋ ਇਨ੍ਹੀਂ ਦਿਨੀਂ ਰਿਲੀਜ਼ ਹੋ ਰਹੀ ਪੰਜਾਬੀ ਫਿਲਮ 'ਮੁੰਡਾ ਫਰੀਦਕੋਟੀਆ' ਨਾਲ ਪਹਿਲੀ ਵਾਰ ਪੰਜਾਬੀ ਫਿਲਮ ਪਰਦੇ 'ਤੇ ਨਜ਼ਰ ਆਵੇਗੀ।

ਬਾਕਮਾਲ ਅਦਾਵਾਂ ਤੇ ਹੁਸਨ ਦੀ ਮਲਿਕਾ ਸ਼ਰਨ ਕੌਰ ਜਿਲਾ ਗੁਰਦਾਸਪੁਰ ਦੀ ਜੰਮਪਲ ਹੈ। ਮੁੰਬਈ ਫਿਲਮ ਇੰਡਸਟਰੀ ਵਿਚ ਬਾਕਾਇਦਾ ਅਦਾਕਾਰੀ ਦੀ ਟਰੇਨਿੰਗ ਹਾਸਲ ਕਰ ਆਪਣਾ ਕੈਰੀਅਰ ਸ਼ੁਰੂ ਕਰਨ ਵਾਲੀ ਸ਼ਰਨ ਅਨੇਕਾਂ ਸੀਰੀਅਲ, ਵਿਗਿਆਪਨ ਫਿਲਮਾਂ ਅਤੇ ਨਾਮਵਰ ਗਾਇਕਾਂ ਦੇ ਵੀਡੀਓ ਫਿਲਮਾਂਕਣਾਂ ਵਿਚ ਕੰਮ ਕਰ ਚੁਕੀ ਹੈ।

ਫਿਲਮ 'ਮੁੰਡਾ ਫਰੀਦਕੋਟੀਆ' ਬਾਰੇ ਉਸ ਦਾ ਕਹਿਣਾ ਹੈ ਕਿ ਇਸ ਫਿਲਮ ਤੋਂ ਪਹਿਲਾਂ ਉਸ ਨੂੰ ਸਾਊਥ ਦੀਆਂ ਕਈ ਵੱਡੀਆਂ ਫਿਲਮਾਂ ਦੀ ਪੇਸ਼ਕਸ਼ ਵੀ ਹੋਈ, ਪਰ ਉਸ ਦੀ ਦਿਲੀ ਤਮੰਨਾ ਆਪਣੀ ਮਾਂ ਬੋਲੀ ਦੀ ਫਿਲਮ ਕਰਨ ਦੀ ਸੀ, ਜੋ ਨਿਰਮਾਤਾ ਦਲਜੀਤ ਸਿੰਘ ਥਿੰਦ ਦੀ ਇਸ ਫਿਲਮ ਰਾਹੀ ਪੂਰੀ ਹੋ ਰਹੀ ਹੈ। ਇਸ ਫਿਲਮ ਵਿਚ ਉਹ ਰੌਸ਼ਨ ਪ੍ਰਿੰਸ ਦੀ ਹੀਰੋਇਨ ਹੋਵੇਗੀ। ਫਿਲਮ ਦੀ ਕਹਾਣੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਪਿੱਠਭੂਮੀ ਨਾਲ ਜੁੜੀ ਇੱਕ ਲਵ ਸਟੋਰੀ ਹੈ, ਜਿਸ ਵਿਚ ਦੋ ਹੀਰੋਇਨਾਂ ਦੇ ਪਿਆਰ 'ਚ ਘਿਰਿਆ ਹੀਰੋ ਪੰਜਾਬ ਅਤੇ ਪਾਕਿਸਤਾਨ ਦੇ ਕਲਚਰ ਤੇ ਰੀਤੀ ਰਿਵਾਜ਼ਾਂ ਵਿਚ ਬੱਝਿਆ ਹੋਇਆ ਹੈ। ਫਿਲਮ ਵਿਚ ਸ਼ਰਨ ਨੇ ਮਰੀਅਮ ਨਾਂ ਦੀ ਪਾਕਿਸਤਾਨੀ ਕੁੜੀ ਦਾ ਕਿਰਦਾਰ ਨਿਭਾਇਆ ਹੈ, ਜੋ ਫਿਲਮ ਦੇ ਨਾਇਕ ਨੂੰ ਬੇਪਨਾਹ ਮੁਹੱਬਤ ਕਰਦੀ ਹੈ।

ਪਹਿਲੀ ਵਾਰ ਫਿਲਮ ਵਿਚ ਕੰਮ ਕਰਨ ਦੇ ਤਜਰਬੇ ਬਾਰੇ ਸ਼ਰਨ ਕੌਰ ਨੇ ਦੱਸਿਆ ਕਿ ਪਾਲੀਵੁੱਡ ਦੇ ਦਿੱਗਜ ਕਲਾਕਾਰਾਂ ਨਾਲ ਕੰਮ ਕਰਦਿਆਂ ਉਸ ਨੂੰ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ ਹੈ।

ਦਲਮੋਰਾ ਫਿਲਮਜ਼ ਦੇ ਬੈਨਰ ਦੀ ਇਸ ਫਿਲਮ ਦੇ ਨਿਰਮਾਤਾ ਦਲਜੀਤ ਸਿੰਘ ਥਿੰਦ ਤੇ ਮੌਂਟੀ ਸਿੱਕਾ ਹਨ। ਫਿਲਮ ਦਾ ਨਿਰਦੇਸ਼ਨ ਮਨਦੀਪ ਸਿੰਘ ਚਾਹਲ ਨੇ ਕੀਤਾ ਹੈ।

**-ਸੁਰਜੀਤ ਜੱਸਲ**
**ਫੋਨ: 91-98146-07737**

# 'ਹਜ਼ਾਰੋਂ ਖਵਾਹਿਸ਼ੇਂ ਐਸੀ' ਦਾ ਦੂਜਾ ਹਿੱਸਾ

ਉਘਾ ਫਿਲਮਸਾਜ਼ ਸੁਧੀਰ ਮਿਸ਼ਰਾ ਆਪਣੀ ਚਰਚਿਤ ਫਿਲਮ 'ਹਜ਼ਾਰੋਂ ਖਵਾਹਿਸ਼ੇਂ ਐਸੀ' ਦਾ ਸੀਕੁਅਲ (ਅਗਲਾ ਹਿੱਸਾ) ਬਣਾ ਰਿਹਾ ਹੈ। ਉਸ ਦਾ ਆਖਣਾ ਹੈ ਕਿ ਨਵੀਂ ਫਿਲਮ ਵਿਚ ਪਹਿਲੀ ਫਿਲਮ ਵਾਲੀ ਕਹਾਣੀ ਹੀ ਅੱਗੇ ਨਹੀਂ ਤੋਰੀ ਜਾਵੇਗੀ, ਸਗੋਂ ਕਹਾਣੀ ਨਵੇਂ ਸਿਰਿਓਂ



ਫਿਲਮਸਾਜ਼ ਸੁਧੀਰ ਮਿਸ਼ਰਾ।

ਉਲੀਕੀ ਜਾਵੇਗੀ ਪਰ ਨਵੀਂ ਫਿਲਮ ਦਾ ਰੰਗ ਪਹਿਲੀ ਫਿਲਮ ਵਾਲਾ ਹੀ ਹੋਵੇਗਾ।

ਯਾਦ ਰਹੇ, 2003 ਵਿਚ ਬਣ ਕੇ ਤਿਆਰ ਹੋਈ ਇਹ ਫਿਲਮ 2005 ਵਿਚ ਰਿਲੀਜ਼ ਹੋਈ ਸੀ। ਫਿਲਮ 'ਹਜ਼ਾਰੋਂ ਖਵਾਹਿਸ਼ੇਂ ਐਸੀ' ਵਿਚ ਕੇ.ਕੇ. ਮੈਨਨ, ਸ਼ਾਇਨੀ ਆਹੂਜਾ, ਚਿਤਰਾਂਗਦਾ ਸਿੰਘ, ਸੌਰਭ ਸ਼ੁਕਲਾ ਤੇ ਰਾਮ ਕਪੂਰ ਜਿਹੇ ਅਦਾਕਾਰ ਮੁੱਖ ਭੂਮਿਕਾਵਾਂ ਵਿਚ ਸਨ। ਇਹ ਫਿਲਮ ਭਾਰਤ ਵਿਚ ਲਾਈ ਐਮਰਜੈਂਸੀ ਦੇ ਖਿਲਾਫ ਸੀ। 1970ਵਿਆਂ ਦੇ ਸਮੇਂ 'ਚੋਂ ਲੰਘ ਰਹੇ ਤਿੰਨ ਨੌਜਵਾਨਾਂ ਦੀ ਕਹਾਣੀ ਸੀ। ਉਸ ਵਕਤ ਇਹ ਸੰਸਾਰ ਭਰ ਵਿਚ 12 ਫਿਲਮ ਮੇਲਿਆਂ ਵਿਚ ਦਿਖਾਈ ਗਈ ਸੀ ਅਤੇ ਇਸ ਦੀ ਬਹੁਤ ਚਰਚਾ ਹੋਈ ਸੀ।

ਸੁਧੀਰ ਮਿਸ਼ਰਾ ਦਾ ਫਿਲਮ ਕੈਰੀਅਰ 3 ਦਹਾਕਿਆਂ ਵਿਚ ਫੈਲਿਆ ਹੋਇਆ ਹੈ। ਉਹ ਲਖਨਊ ਦਾ ਜੰਮਪਲ ਹੈ, ਪਰ ਉਚੇਰੀ ਪੜ੍ਹਾਈ ਉਹਨੇ ਦਿੱਲੀ ਤੋਂ ਹਾਸਲ ਕੀਤੀ। ਦਿੱਲੀ 'ਚ ਹੀ ਉਹ ਬਾਦਲ ਸਰਕਾਰ ਨੂੰ ਮਿਲਿਆ ਅਤੇ ਉਨ੍ਹਾਂ ਰਲ ਕੇ 'ਵਰਕਸ਼ਾਪ ਥੀਏਟਰ' ਨਾਂ ਦਾ ਥੀਏਟਰ ਗਰੁਪ ਬਣਾ ਲਿਆ। ਫਿਰ ਉਹ ਪੁਣੇ ਚਲਾ ਗਿਆ ਤੇ ਉਥੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਵਿਚ ਕੁਝ ਸਮਾਂ ਬਿਤਾਇਆ। ਉਹ ਆਪ ਤਾਂ ਇਸ ਨਾਮੀ-ਗਰਾਮੀ ਸੰਸਥਾ ਵਿਚ ਨਹੀਂ ਪੜ੍ਹਿਆ, ਪਰ ਉਸ ਦਾ ਛੋਟਾ ਭਰਾ ਸੁਧਾਂਸ਼ੂ ਮਿਸ਼ਰਾ ਉਥੇ ਪੜ੍ਹਦਾ ਸੀ।

1980 ਵਿਚ ਉਸ ਨੇ ਮੁੰਬਈ ਡੇਰੇ ਲਾ ਲਏ ਅਤੇ ਅਸਿਸਟੈਂਟ ਡਾਇਰੈਕਟਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ। ਉਸ ਨੇ ਕੁੰਦਨ ਸ਼ਾਹ, ਸਈਦ ਅਖਤਰ ਮਿਰਜ਼ਾ ਅਤੇ ਵਿਧੂ ਵਿਨੋਦ ਚੋਪੜਾ ਨਾਲ ਕੰਮ ਕੀਤਾ। 1987 ਵਿਚ ਉਸ ਨੇ ਆਪਣੀ ਪਲੇਠੀ ਫਿਲਮ 'ਯੇ ਵੋਹ ਮੰਜ਼ਿਲ ਤੋ ਨਹੀਂ' ਬਣਾਈ ਅਤੇ ਸਭ ਦਾ ਧਿਆਨ ਖਿਚਿਆ। ਇਸ ਫਿਲਮ ਲਈ ਉਸ ਨੂੰ ਸਰਵੋਤਮ ਡਾਇਰੈਕਟਰ ਦਾ ਕੌਮੀ ਇਨਾਮ ਹਾਸਲ ਹੋਇਆ। ਇਸ ਤੋਂ ਬਾਅਦ ਸੁਧੀਰ ਮਿਸ਼ਰਾ ਨੇ 'ਧਾਰਾਵੀ', 'ਇਸ ਰਾਤ ਕੀ ਸੁਬ੍ਹਾ ਨਹੀਂ', 'ਚਮੇਲੀ', 'ਹਜ਼ਾਰੋਂ ਖਵਾਹਿਸ਼ੇ ਐਸੀ', 'ਖੋਇਆ ਖੋਇਆ ਚਾਂਦ', 'ਯੇਹ ਸਾਲੀ ਜ਼ਿੰਦਗੀ', 'ਦਾਸ ਦੇਵ' ਆਦਿ ਫਿਲਮਾਂ ਬਣਾਈਆਂ।

**-ਗੁਰਜੰਟ ਸਿੰਘ**

# ਪੰਜਾਬੀ ਸਿਨੇਮਾ ਨਾਲ ਜੁੜੀ ਖੂਬਸੂਰਤ ਅਦਾਕਾਰਾ ਮੋਨਿਕਾ ਸ਼ਰਮਾ

ਪੰਜਾਬੀ ਸਿਨੇਮਾ ਨੇ ਜਿਥੇ ਬਹੁਤ ਸਾਰੇ ਨਵੇਂ ਕਲਾਕਾਰਾਂ ਨੂੰ ਹੱਲਾਸ਼ੇਰੀ ਦਿੱਤੀ ਹੈ, ਉਥੇ ਹਿੰਦੀ ਸਿਨੇਮਾ ਤੇ ਟੈਲੀਵਿਜ਼ਨ ਨਾਲ ਜੁੜੇ ਬਹੁਤ ਸਾਰੇ ਪ੍ਰਤਿਭਾਵਾਨ ਚਿਹਰਿਆਂ ਨੂੰ ਵੀ ਪੰਜਾਬੀ ਫਿਲਮਾਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ ਹੈ। ਇਨ੍ਹਾਂ ਵਿਚੋਂ ਹੀ ਇਕ ਹੈ, ਹੋਣਹਾਰ ਅਭਿਨੇਤਰੀ ਮੋਨਿਕਾ ਸ਼ਰਮਾ। ਟੈਲੀਵਿਜ਼ਨ ਦਰਸ਼ਕ ਉਸ ਨੂੰ ਅਤੇ ਉਸ ਦੀ ਪ੍ਰਤਿਭਾ ਨੂੰ ਖੂਬ ਪਛਾਣਦੇ ਹਨ। ਲੰਮੇ ਸਮੇਂ ਤੋਂ ਟੈਲੀਵਿਜ਼ਨ ਇੰਡਸਟਰੀ ਅਤੇ ਫੈਸ਼ਨ ਇੰਡਸਟਰੀ ਵਿਚ ਕੰਮ ਕਰ ਰਹੀ ਮੋਨਿਕਾ ਹੁਣ ਪੰਜਾਬੀ ਫਿਲਮਾਂ ਵਿਚ ਵੀ ਨਜ਼ਰ ਆਵੇਗੀ। ਉਸ ਨੇ ਆਗਾਜ਼ ਨਿਰਦੇਸ਼ਕ ਅਦਿਤਯ ਸੂਦ ਦੀ ਫਿਲਮ 'ਤੇਰੀ ਮੇਰੀ ਜੋੜੀ' ਤੋਂ ਕਰ ਲਿਆ ਹੈ। ਉਸ ਦੀਆਂ ਅਗਲੀਆਂ ਦੋ ਪੰਜਾਬੀ ਫਿਲਮਾਂ ਦੇ ਨਿਰਦੇਸ਼ਕ ਵੀ ਅਦਿਤਯ ਸੂਦ ਹੀ ਹਨ। ਇਨ੍ਹਾਂ 'ਚੋਂ ਇਕ ਫਿਲਮ ਦੀ ਸ਼ੂਟਿੰਗ ਜੁਲਾਈ ਮਹੀਨੇ ਕੈਨੇਡਾ ਵਿਚ ਹੋਵੇਗੀ।



ਮੋਨਿਕਾ ਦੱਸਦੀ ਹੈ ਕਿ ਉਸ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਸਾਲ 2014 ਵਿਚ ਮਾਡਲਿੰਗ ਤੋਂ ਕੀਤੀ ਸੀ। ਇਸੇ ਸਾਲ ਉਹ ਮਿਸ ਗਰੈਂਡ ਇੰਡੀਆ ਬਣੀ ਸੀ। ਸਾਲ 2015 ਵਿਚ ਉਸ ਨੇ ਮਿਸ ਗਰੈਂਡ ਇੰਟਰਨੈਸ਼ਨਲ ਲਈ ਇੰਡੀਆ ਦੀ ਨੁਮਾਇੰਦਗੀ ਕੀਤੀ। ਇਸ ਪਿਛੋਂ ਉਹ ਆਪਣੀ ਜਨਮ ਭੂਮੀ ਦਿੱਲੀ ਤੋਂ ਫਿਲਮ ਨਗਰੀ ਮੁੰਬਈ ਜਾ ਵੱਸੀ, ਜਿਥੇ ਉਸ ਨੇ ਆਪਣੀ ਸ਼ੁਰੂਆਤ ਟੀ. ਵੀ. ਸੀਰੀਅਲ 'ਦਿੱਲੀ ਵਾਲੀ ਠਾਕੁਰ ਗਰਲਸ' ਤੋਂ ਕੀਤੀ। ਟੈਲੀਵਿਜ਼ਨ ਇੰਡਸਟਰੀ ਦਾ ਵੱਡਾ ਨਾਂ 'ਬਾਲਾ ਜੀ ਫਿਲਮਜ਼' ਨੇ ਉਸ ਦੀ ਪ੍ਰਤਿਭਾ ਨੂੰ ਦੇਖਦਿਆਂ ਉਸ ਨੂੰ ਆਪਣੇ ਸ਼ੋਅ 'ਨਾਗਿਨ-2' ਲਈ ਚੁਣਿਆ। ਕਲਰ ਚੈਨਲ 'ਤੇ ਚੱਲੇ ਇਸ ਸ਼ੋਅ ਨੇ ਉਸ ਨੂੰ ਕਾਫੀ ਪਛਾਣ ਦਿੱਤੀ। ਸਭ ਤੋਂ ਲੰਮਾ ਸਮਾਂ ਚੱਲੇ ਸ਼ੋਅ 'ਸੁਸਰਾਲ ਸਿਮਰਨ ਕਾ' ਵਿਚ ਮੋਨਿਕਾ ਨੇ ਮੁੱਖ ਭੂਮਿਕਾ ਨਿਭਾਈ। ਇਸ ਪਿਛੋਂ ਉਸ ਨੇ ਇਕ ਹੋਰ ਸ਼ੋਅ 'ਇੱਛਾਧਾਰੀ ਨਾਗਿਨ ਕੀ ਦਾਸਤਾਨ' ਜ਼ਰੀਏ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ।

ਮੋਨਿਕਾ ਦਾ ਝੁਕਾਅ ਹਮੇਸ਼ਾ ਹੀ ਪੰਜਾਬੀ ਮਨੋਰੰਜਨ ਜਗਤ ਵੱਲ ਰਿਹਾ ਹੈ। ਉਸ ਨੇ ਕਰੀਬ ਦਰਜਨ ਪੰਜਾਬੀ ਗਾਇਕਾਂ ਦੇ ਮਿਊਜ਼ਿਕ ਵੀਡੀਓ ਵਿਚ ਵੀ ਕੰਮ ਕੀਤਾ। ਮੋਨਿਕਾ ਮੁਤਾਬਕ ਪੰਜਾਬੀ ਸਿਨੇਮਾ ਦਾ ਬੋਲਬਾਲਾ ਹੁਣ ਸਮੁੱਚੀ ਦੁਨੀਆਂ 'ਚ ਹੈ। ਅਜਿਹੇ ਵਿਚ ਹਰ ਅਦਾਕਾਰਾ ਚਾਹੁੰਦੀ ਹੈ ਕਿ ਉਹ ਵੀ ਪੰਜਾਬੀ ਫਿਲਮਾਂ ਦਾ ਹਿੱਸਾ ਬਣੇ। ਉਹ ਖੁਦ ਵੀ ਪੰਜਾਬੀ ਫਿਲਮਾਂ ਦੀ ਦਰਸ਼ਕ ਹੈ। ਉਸ ਨੂੰ ਖੁਸ਼ੀ ਹੈ ਕਿ ਉਸ ਦੀ ਸ਼ੁਰੂਆਤ ਉਸ ਦੌਰ ਵਿਚ ਹੋ ਰਹੀ ਹੈ, ਜਦੋਂ ਪੰਜਾਬੀ ਸਿਨੇਮਾ ਸਿਖਰਾਂ 'ਤੇ ਹੈ।

ਮੋਨਿਕਾ ਦੱਸਦੀ ਹੈ ਕਿ ਉਸ ਨੇ ਆਪਣੀ ਪਹਿਲੀ ਪੰਜਾਬੀ ਫਿਲਮ 'ਤੇਰੀ ਮੇਰੀ ਜੋੜੀ' ਵਿਚ ਇਕ ਸਧਾਰਨ ਤੇ ਚੁਲਬੁਲੀ ਕੁੜੀ ਦਾ ਕਿਰਦਾਰ ਨਿਭਾਇਆ ਹੈ। ਇਹ ਫਿਲਮ ਇਕ ਖੂਬਸੂਰਤ ਪ੍ਰੇਮ ਕਹਾਣੀ ਹੈ, ਜਿਸ ਵਿਚ ਦਰਸ਼ਕ ਅਜੋਕੀ ਮੁਹੱਬਤ ਅਤੇ ਕੁਝ ਦਹਾਕੇ ਪਹਿਲਾਂ ਦੀ ਮੁਹੱਬਤ ਨੂੰ ਪਰਦੇ 'ਤੇ ਦੇਖਣਗੇ। ਫਿਲਮ ਵਿਚ ਉਸ ਨਾਲ ਨਾਮਵਰ ਯੂਟਿਊਬ ਕਲਾਕਾਰ ਸੈਮੀ ਗਿੱਲ ਨਜ਼ਰ ਆਵੇਗਾ।

**-ਅਕਸ ਮਹਿਰਾਜ**
**ਫੋਨ: 91-94788-84200**

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ
ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ

550YEARS

# ਮਹਾਨ ਆਤਮ ਰਸ ਕੀਰਤਨ ਦਰਬਾਰ

ਸੈਨ ਹੋਜ਼ੇ ਗੁਰਦੁਆਰਾ ਸਾਹਿਬ, June 14 - 16, 2019

Mahaan Atam Ras Kirtan Darbar

Sikh Gurdwara - San Jose


ਭਾਈ ਨਿਰਮਲ ਸਿੰਘ ਜੀ ਨਾਗਪੁਰੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ


ਭਾਈ ਨਿਰੰਜਨ ਸਿੰਘ ਜੀ
ਜਵੱਦੀ ਕਲਾਂ ਵਾਲੇ


ਭਾਈ ਸਰਬਜੀਤ ਸਿੰਘ ਜੀ ਰੰਗੀਲਾ
ਦੁਰਗ ਵਾਲੇ


ਭਾਈ ਸਰਬਜੀਤ ਸਿੰਘ ਜੀ ਲਾਡੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ


ਭਾਈ ਇੰਦਰਜੀਤ ਸਿੰਘ ਜੀ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ


ਭਾਈ ਹਰਚਰਨ ਸਿੰਘ ਜੀ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ


ਭਾਈ ਅੰਮ੍ਰਿਤਪਾਲ ਸਿੰਘ ਜੀ
ਸੰਗਰੂਰ ਵਾਲੇ

ਇਸ ਤਿੰਨ ਦਿਨਾਂ ਸਮਾਗਮ ਵਿਚ
ਸਾਰੇ ਜਥੇ ਇਕੱਠੇ ਹੀ
ਕੀਰਤਨ ਕਰਨਗੇ।
ਸ਼ਨੀਵਾਰ ਅਤੇ ਐਤਵਾਰ
ਨੂੰ ਆਸਾ ਦੀ ਵਾਰ ਦੇ ਵੀ
ਵਿਸ਼ੇਸ਼ ਕੀਰਤਨ ਹੋਣਗੇ।


ਭਾਈ ਤਾਜਵਿੰਦਰ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ


ਭਾਈ ਆਤਮਜੋਤ ਸਿੰਘ ਜੀ
ਯੂਬਾ ਸਿਟੀ ਵਾਲੇ

ਜੂਨ 14 ਸ਼ੁਕਰਵਾਰ
ਸ਼ਾਮ ਦਾ ਦੀਵਾਨ 6:30-9:30
FRIDAY JUNE 14
EVENING KIRTAN 6:30PM - 9:30PM

ਜੂਨ 15 ਸ਼ਨੀਵਾਰ
ਆਸਾ ਦੀ ਵਾਰ ਸਵੇਰੇ 7:00-9:00
ਸ਼ਾਮ ਦਾ ਦੀਵਾਨ 6:30-9:30
SATURDAY JUNE 15
ASA DI VAAR 7:00AM - 9:00AM
EVENING KIRTAN 6:30PM - 9:30PM

ਜੂਨ 16 ਐਤਵਾਰ
ਆਸਾ ਦੀ ਵਾਰ ਸਵੇਰੇ 7:00-9:00
ਦਿਨ ਦਾ ਦੀਵਾਨ ਸਵੇਰੇ 11:30-2:00
SUNDAY JUNE 16
ASA DI VAAR 7:00AM - 9:00AM
DAY KIRTAN 11:30AM - 2:00PM

SIKH GURDWARA - SAN JOSE | 3636 GURDWARA AVENUE, SAN JOSE CA 95148 | (408) 274-9373